






Eighteenth Year of Publication | ਮਿਡਵੈਸਟ ਐਡੀਸ਼ਨ | Price 50¢

Email:punjabtimes1@gmail.com
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 18, Issue 39, September 30, 2017 | 20451 N Plum Grove Rd., Palatine, IL 60074 | Ph:847-359-0746, Fax:847-705-9388

# ਭਾਰਤੀ ਜਨਤਾ ਪਾਰਟੀ ਦਾ ਸਿੰਘਾਸਣ ਡੋਲਣ ਲੱਗਾ

## ਹਰਿਆਣਾ ਦੇ ਸ਼ਹਿਰ ਗੁਰੂਗ੍ਰਾਮ 'ਚ ਪਾਰਟੀ ਦੇ ਧੁਨੰਤਰ ਆਗੂ ਹਾਰੇ

**ਚੰਡੀਗੜ੍ਹ:** ਹਾਲ ਹੀ ਵਿਚ ਕੁਝ ਸੂਬਿਆਂ ਵਿਚ ਜਿਮਨੀ ਤੇ ਨਗਰ ਨਿਗਮ ਚੋਣਾਂ ਦੇ ਨਤੀਜਿਆਂ ਨੇ ਦੇਸ਼ 'ਤੇ ਲੰਮਾ ਸਮਾਂ ਰਾਜ ਕਰਨ ਦੀਆਂ ਆਸਾਂ ਲਾਈ ਬੈਠੀ ਭਾਜਪਾ ਨੂੰ ਵੱਡਾ ਝਟਕਾ ਦਿੱਤਾ ਹੈ। ਹਰਿਆਣੇ ਦੇ ਗੁਰੂਗ੍ਰਾਮ ਵਿਚ ਨਗਰ ਨਿਗਮ ਚੋਣਾਂ ਦੇ ਨਤੀਜੇ ਵੱਡੇ ਫਿਕਰ ਵਾਲੇ ਹਨ। ਇਥੇ ਭਾਜਪਾ ਦੇ ਸਾਰੇ ਵੱਡੇ ਆਗੂ ਬੁਰੀ ਤਰ੍ਹਾਂ ਹਾਰੇ। ਕੁੱਲ 35 ਵਾਰਡਾਂ ਵਿਚੋਂ ਭਾਜਪਾ ਸਿਰਫ 13 ਵਿਚ ਆਪਣੇ ਉਮੀਦਵਾਰ ਜਿਤਾ ਸਕੀ, ਜਦੋਂ ਕਿ ਦਾਅਵਾ 30 ਸੀਟਾਂ ਜਿੱਤਣ ਦਾ ਸੀ।

ਕੇਂਦਰੀ ਮੰਤਰੀਆਂ ਤੋਂ ਲੈ ਕੇ ਭਾਜਪਾ ਸੰਗਠਨ ਦੀ ਜ਼ਿਲ੍ਹਾ ਤੇ ਸੂਬਾਈ ਕਾਰਜਕਾਰਨੀ ਨੇ ਉਮੀਦਵਾਰਾਂ ਨੂੰ ਜਿਤਾਉਣ ਲਈ ਜ਼ੋਰ ਲਾਇਆ ਸੀ, ਪਰ ਉਹ ਕੰਮ ਨਹੀਂ ਆਇਆ। ਸਭ ਤੋਂ ਜ਼ਿਆਦਾ 21 ਸੀਟਾਂ ਉਤੇ ਆਜ਼ਾਦ ਉਮੀਦਵਾਰ ਜਿੱਤੇ, ਜਿਨ੍ਹਾਂ ਵਿਚ ਪੰਜ ਕਾਂਗਰਸੀ ਹਮਾਇਤ ਪ੍ਰਾਪਤ ਹਨ। ਇਨੈਲੋ ਦੇ ਹਿੱਸੇ ਸਿਰਫ ਇਕ ਸੀਟ ਆਈ। ਆਮ ਕਰ ਕੇ ਇਹੀ ਮੰਨਿਆ ਜਾਂਦਾ ਹੈ ਜਿਸ ਧਿਰ ਦੀ ਸਰਕਾਰ ਹੈ, ਨਿਗਮ ਜਾਂ ਜਿਮਨੀ ਚੋਣ ਦੇ ਨਤੀਜੇ ਉਸੇ ਦੇ ਹੱਕ ਵਿਚ ਆਉਂਦੇ ਹਨ। ਪੰਜਾਬ ਤੇ ਹਰਿਆਣਾ ਵਿਚ ਤਾਂ ਇਹ ਰਣਨੀਤੀ ਹੁਣ ਤੱਕ ਸਫਲ ਹੁੰਦੀ ਆਈ ਹੈ, ਪਰ ਭਾਜਪਾ ਦੀ ਹਾਰ ਨੇ ਵੱਡੇ ਸੰਕੇਤ ਦਿੱਤੇ ਹਨ। ਇਕੱਲੇ ਹਰਿਆਣਾ ਵਿਚ ਹੀ ਨਹੀਂ ਦਿੱਲੀ ਸਮੇਤ ਹੋਰ ਸੂਬਿਆਂ, ਇਥੋਂ ਤੱਕ ਕਿ ਯੂਨੀਵਰਸਿਟੀਆਂ ਦੀਆਂ ਵਿਦਿਆਰਥੀ ਚੋਣਾਂ ਵਿਚ ਵੀ ਇਸ ਭਗਵਾ ਧਿਰ ਨੂੰ ਕਰਾਰੀ ਹਾਰ ਮਿਲੀ ਹੈ। ਦਿੱਲੀ ਦੀ ਬਵਾਨਾ ਵਿਧਾਨ ਸਭਾ ਖੇਤਰ ਦੀ ਉਪ-ਚੋਣ ਵਿਚ ਭਾਜਪਾ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ ਸੀ। ਇਥੇ ਭਾਜਪਾ ਨੇ ਦਲ ਬਦਲੀ ਕਰ ਕੇ ਆਮ ਆਦਮੀ ਪਾਰਟੀ ਦੇ ਇਕ ਉਮੀਦਵਾਰ ਨੂੰ ਆਪਣੀ ਪਾਰਟੀ ਵਿਚ ਸ਼ਾਮਲ ਕੀਤਾ ਅਤੇ ਫਿਰ ਉਸ ਨੂੰ ਇਸ ਚੋਣ ਲਈ ਆਪਣਾ ਉਮੀਦਵਾਰ ਬਣਾਇਆ ਸੀ। ਬਵਾਨਾ ਵਿਚ ਹਾਰ ਤੋਂ ਬਾਅਦ ਭਾਜਪਾ ਨੂੰ ਸਭ ਤੋਂ ਵੱਡਾ ਝਟਕਾ ਦਿੱਲੀ ਯੂਨੀਵਰਸਿਟੀ ਦੀਆਂ ਵਿਦਿਆਰਥੀ ਚੋਣਾਂ ਵਿਚ ਲੱਗਿਆ। ਉਸ ਤੋਂ ਪਹਿਲਾਂ ਦਿੱਲੀ ਅਧਿਆਪਕ ਸੰਘ ਦੀਆਂ ਚੋਣਾਂ ਵਿਚ ਵੀ ਭਾਜਪਾ ਹਾਰ ਗਈ ਸੀ। ਉਸ ਚੋਣ ਵਿਚ ਖੱਬੇ-ਪੱਖੀ ਅਧਿਆਪਕਾਂ ਦੇ ਸੰਗਠਨ ਨੇ ਜਿੱਤ ਦਰਜ ਕੀਤੀ ਸੀ ਅਤੇ ਤਮਾਮ ਕੋਸ਼ਿਸ਼ਾਂ ਅਤੇ ਸੱਤਾ ਦੇ ਲਾਲਚ ਨਾਲ ਅਧਿਆਪਕਾਂ ਨੂੰ ਆਪਣੇ ਵੱਲ ਕਰਨ ਦੇ ਬਾਵਜੂਦ ਵੀ ਭਾਰਤੀ ਜਨਤਾ ਪਾਰਟੀ ਦੀ ਉਥੇ ਹਾਰ ਹੋਈ ਸੀ। ਦਿੱਲੀ ਦੀਆਂ ਇਨ੍ਹਾਂ ਦੋਵਾਂ ਯੂਨੀਵਰਸਿਟੀਆਂ ਤੋਂ ਪਹਿਲਾਂ ਆਸਾਮ, ਰਾਜਸਥਾਨ ਅਤੇ ਪੰਜਾਬ ਦੀਆਂ ਯੂਨੀਵਰਸਿਟੀਆਂ ਵਿਚ ਵੀ ਭਾਜਪਾ ਦੀ ਵਿਦਿਆਰਥੀ ਇਕਾਈ ਨੂੰ ਹਾਰ ਦਾ ਮੂੰਹ ਦੇਖਣਾ ਪਿਆ ਸੀ।



# ਕੈਪਟਨ ਅਮਰਿੰਦਰ ਦੇ ਦਾਅਵੇ ਹੋਏ ਕਾਫੂਰ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਪੰਜਾਬ ਵਿਚ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਵੱਲੋਂ ਆਪਣੇ ਛੇ ਮਹੀਨੇ ਪੂਰੇ ਕਰਨ ਉਤੇ ਖੁੱਲ੍ਹ ਕੇ ਦਾਅਵੇ ਕੀਤੇ ਜਾ ਰਹੇ ਹਨ ਕਿ ਉਨ੍ਹਾਂ ਨੇ ਚੋਣਾਂ ਤੋਂ ਪਹਿਲਾਂ ਜੋ ਵਾਅਦੇ ਕੀਤੇ ਸਨ, ਉਨ੍ਹਾਂ ਵਿਚੋਂ ਬਹੁਤੇ ਪੂਰੇ ਕਰ ਦਿੱਤੇ ਹਨ, ਪਰ ਸਰਕਾਰ ਖਿਲਾਫ ਖੜ੍ਹਾ ਹੋ ਰਿਹਾ ਰੋਹ ਕੁਝ ਹੋਰ ਹੀ ਇਸ਼ਾਰਾ ਕਰ ਰਿਹਾ ਹੈ। ਕਿਸਾਨਾਂ ਤੋਂ ਲੈ ਕੇ ਵਿਦਿਆਰਥੀ, ਸਰਕਾਰੀ ਮੁਲਾਜ਼ਮ ਤੇ ਬੇਰੁਜ਼ਗਾਰ ਨੌਜਵਾਨ ਸਰਕਾਰ ਖਿਲਾਫ ਸੰਘਰਸ਼ ਦਾ ਝੰਡਾ ਲਈ ਖਲੋਤੇ ਹਨ।

ਸਰਕਾਰ ਲਈ ਇਹ ਔਖਾ ਸਮਾਂ ਹੈ, ਕਿਉਂਕਿ 11 ਅਕਤੂਬਰ ਨੂੰ ਗੁਰਦਾਸਪੁਰ ਲੋਕ ਸਭਾ ਜਿਮਨੀ ਚੋਣ ਹੈ। ਚਾਰ ਨਗਰ ਨਿਗਮਾਂ, 28 ਨਗਰ ਕੌਂਸਲਾਂ ਅਤੇ ਨਗਰ ਪੰਚਾਇਤਾਂ ਦੀ ਮਿਆਦ ਪੁੱਗ ਚੁੱਕੀ ਹੈ। ਇਹ ਚੋਣਾਂ ਕੈਪਟਨ ਸਰਕਾਰ ਲਈ ਵੰਗਾਰ ਹਨ। ਪੰਜਾਬ ਦੀਆਂ ਮੁਲਾਜ਼ਮਾਂ ਜਥੇਬੰਦੀਆਂ ਨੇ ਸਰਕਾਰ ਦੀਆਂ ਨਕਾਮੀਆਂ ਗਿਣਾਉਣ ਲਈ ਗੁਰਦਾਸਪੁਰ ਵੱਲ ਚਾਲੇ ਪਾ ਦਿੱਤੇ ਹਨ। ਸੱਤ ਜਥੇਬੰਦੀਆਂ ਦੀ ਅਗਵਾਈ ਵਿਚ ਹਜ਼ਾਰਾਂ ਕਿਸਾਨ ਸੜਕਾਂ ਮੱਲੀ ਬੈਠੇ ਹਨ। ਦਰਅਸਲ, ਕਾਂਗਰਸ ਨੇ ਚੋਣਾਂ ਤੋਂ ਪਹਿਲਾਂ ਹਰ ਵਾਅਦੇ ਨੂੰ ਤੈਅ ਸਮੇਂ ਵਿਚ ਪੂਰਾ ਕਰਨ ਦਾ ਐਲਾਨ ਕੀਤਾ ਸੀ।

ਕੈਪਟਨ ਨੇ ਇਕ ਚੋਣ ਰੈਲੀ ਵਿਚ ਹੱਥ ਵਿਚ ਗੁਟਕਾ ਫੜ ਕੇ ਸਹੁੰ ਖਾਧੀ ਸੀ ਕਿ 40 ਦਿਨਾਂ ਵਿਚ ਪੰਜਾਬ ਵਿਚੋਂ ਨਸ਼ਿਆਂ ਦਾ ਖਾਤਮਾ ਕਰ ਦਿੱਤਾ ਜਾਵੇਗਾ, ਹਰ ਘਰ ਦੇ ਇਕ ਜੀਅ ਨੂੰ ਸਰਕਾਰੀ ਨੌਕਰੀ ਮਿਲੇਗੀ, ਸਾਰੇ ਕਿਸਾਨਾਂ ਦੇ ਕਰਜ਼ਿਆਂ 'ਤੇ ਲੀਕ ਵੱਜੇਗੀ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾ ਦਿੱਤੀ ਜਾਵੇਗੀ, ਵਿਦਿਆਰਥੀਆਂ ਨੂੰ ਮੁਫਤ ਮੋਬਾਇਲ ਫੋਨ ਮਿਲਣਗੇ। ਇਨ੍ਹਾਂ ਵਾਅਦਿਆਂ ਲਈ ਸਮਾਂ ਤੈਅ ਕੀਤਾ ਗਿਆ ਸੀ, ਪਰ ਅਜੇ ਤੱਕ ਇਕ ਵਾਅਦੇ 'ਤੇ ਵੀ ਫੁੱਲ ਨਹੀਂ ਚੜ੍ਹੇ। ਸਰਕਾਰ ਨੇ ਪਿਛਲੇ ਮਹੀਨੇ ਰੁਜ਼ਗਾਰ ਮੇਲੇ ਲਾਏ, ਨੌਜਵਾਨਾਂ ਪੱਲੇ ਉਸ ਵੇਲੇ ਨਿਰਾਸ਼ਾ ਪਈ ਜਦ ਸਾਰਾ ਦਿਨ ਕਤਾਰਾਂ ਵਿਚ ਖੜ੍ਹ ਕੇ ਪਤਾ ਲੱਗਾ ਪ੍ਰਾਈਵੇਟ ਕੰਪਨੀਆਂ ਉਨ੍ਹਾਂ ਨੂੰ ਨੌਕਰੀਆਂ ਦੇਣਗੀਆਂ, ਉਹ ਵੀ 10 ਹਜ਼ਾਰ ਜਾਂ ਇਸ ਤੋਂ ਘੱਟ ਤਨਖਾਹ ਉਤੇ।



ਨਸ਼ਾ ਮੁਹਿੰਮ ਵਿਚ ਵੀ ਸ਼ੁਰੂ ਵਿਚ ਧੜਾ ਧੜਾ ਛੋਟੇ-ਮੋਟੇ ਨਸ਼ੇੜੀਆਂ ਨੂੰ ਫੜਿਆ ਗਿਆ, ਪਰ ਵੱਡੀਆਂ ਮੱਛੀਆਂ ਵੱਲੋਂ ਪਾਸਾ ਹੀ ਵੱਟੀ ਰੱਖਿਆ। ਵਿਦਿਆਰਥੀ ਮੋਬਾਇਲ ਫੋਨ ਵੀ ਬੇਸਬਰੀ ਨਾਲ ਉਡੀਕ ਰਹੇ ਹਨ। ਸਰਕਾਰ ਲਈ ਇਸ ਤੋਂ ਵੀ ਵੱਡੀ ਨਮੋਸ਼ੀ ਵਾਲੀ ਗੱਲ ਇਹ ਹੈ ਕਿ ਕਾਂਗਰਸ ਦੇ ਆਪਣੇ ਜ਼ਿਆਦਾਤਰ ਵਿਧਾਇਕ ਬਾਦਲ ਪਰਿਵਾਰ ਨਾਲ ਲਿਹਾਜ਼ਦਾਰੀ ਤੋਂ ਔਖੇ ਹਨ। ਕਾਂਗਰਸੀਆਂ ਦੇ ਨਾਲ ਆਮ ਲੋਕਾਂ ਨੂੰ ਵੀ ਉਮੀਦ ਸੀ ਕਿ ਕੈਪਟਨ, ਬਾਦਲਾਂ

(ਬਾਕੀ ਸਫਾ 6 'ਤੇ)





# ਅਮੈਰਿਕਨ ਪੰਜਾਬੀ ਚੈਰਿਟੀ ਗੌਲਫ ਐਸੋਸੀਏਸ਼ਨ

American Punjabi Charity Golf Association

## American Punjabi Charity Golf Association



**4th ANNUAL CHARITY GOLF TOURNAMENT**

**Oct 7th, 2017**

**ਚੌਥਾ ਸਾਲਾਨਾ ਚੈਰਿਟੀ ਗੌਲਫ ਟੂਰਨਾਮੈਂਟ – 7 ਅਕਤੂਬਰ 2017**

FRIDAY OCTOBER 6TH, 2017
FORMAL DINNER
COCKTAILS: 7:30 PM
DINNER: 8:30 PM

@

Reveneaux Country Club

REVENEAUX COUNTRY CLUB
9415 Cypresswood Drive • Spring, Texas 77379
Tel: (281) 370-6370

**OCT. 7th, 2017**

APRIL SOUND
COUNTRY CLUB
*A Member of the ClubCorp Family*

1000 APRIL SOUND BLVD • MONTGOMERY, TX 77356
936.588.1101

REGISTRATION: *9:00 am to 10:30 AM*
PUTTING CONTEST: *10:45 AM*
SHOTGUN START: *12:00 NOON*
COCKTAILS: *6:00 PM*
DINNER: *7:00 PM*





**"Supporting Houston community by playing the beautiful game of Golf"**

houston foodbank
Filling pantries. Filling lives

LEUKEMIA & LYMPHOMA SOCIETY®
fighting blood cancers

## For information call


**Pritam Toor, Ph: (281)-684-4692**
**E-mail: Ps1toor@yahoo.com**
**Amardeep Gill, Ph (832) 867-8679**
**Dr. Abrol, Ph: (281) 630-5050**

ਮਨੁੱਖਤਾ, ਵਾਤਾਵਰਣ, ਵਿਦਿਆ ਅਤੇ ਸਮਾਜ ਸੇਵਾ ਨੂੰ ਸਮਰਪਿਤ

# ਭਗਤ ਪੂਰਨ ਸਿੰਘ ਜੀ ਦੀ 25ਵੀਂ ਬਰਸੀ

## BHAGAT PURAN SINGH JI's 25th BARSI

# ਸ਼ਰਧਾਂਜਲੀ ਸਮਾਗਮ



**ਹਰ ਸਾਲ ਵਾਂਗ ਸਮੂਹ ਮਿਡਵੈਸਟ ਦੀ ਸਾਧ ਸੰਗਤ ਵਲੋਂ ਭਗਤ ਪੂਰਨ ਸਿੰਘ ਜੀ ਨੂੰ ਉਨ੍ਹਾਂ ਦੀ ਬਰਸੀ 'ਤੇ ਮਿਡਵੈਸਟ ਦੇ ਵੱਖ ਵੱਖ ਗੁਰਦੁਆਰਿਆਂ ਵਿਖੇ ਸ਼ਰਧਾ ਅਤੇ ਸਤਿਕਾਰ ਨਾਲ ਯਾਦ ਕੀਤਾ ਜਾਵੇਗਾ।**

Sikh community of Midwest commemorating the Barsi (Death anniversary) of Bhagat Puran Singh Ji at various Gurdwara Sahib.





ਪਿੰਗਲਵਾੜਾ ਅੰਮ੍ਰਿਤਸਰ ਤੋਂ ਬੀਬੀ ਪ੍ਰੀਤਇੰਦਰਜੀਤ ਕੌਰ ਅਤੇ ਸ. ਰਾਜਬੀਰ ਸਿੰਘ ਉਚੇਚੇ ਤੌਰ 'ਤੇ ਆ ਰਹੇ ਹਨ।

### MILWAUKEE

**Sunday Oct. 8, 2017, 11:00am**

**Sikh Religious Society of Wisconsin**
3675 N. Calhoun Road Brookfield, WI 53005, Ph: (262) 790-1600

**Sikh Temple of Wisconsin**
7512 South Howell St, Oak Creek WI 53154, Ph: (414) 764-7454

### CHICAGO

**ਐਤਵਾਰ, 15 ਅਕਤੂਬਰ 2017**

**ਗੁਰਦੁਆਰਾ ਸਾਹਿਬ ਪੈਲਾਟਾਈਨ**
1280 Winnetka St., Palatine IL 60067, Ph: (847) 358-1117

**Illinois Sikh Community Center 10:45am**
2131 Creekside Dr., Wheaton IL. 60187, Ph: (630) 655-0307

**Gurdwara Sahib Chicago 12:30pm**
2341 W. Devon Ave. Chicago IL. 60658, Ph: (773) 274-3133

ਨਿਤਨੇਮ, ਆਸਾ ਜੀ ਦੀ ਵਾਰ, ਸਵੇਰੇ 10 ਵਜੇ ਭੋਗ ਸ੍ਰੀ ਸਹਿਜ ਪਾਠ, ਉਪਰੰਤ ਕੀਰਤਨ ਕਥਾ ਅਤੇ ਗੁਰਬਾਣੀ ਵਿਚਾਰ

**ਸਾਧ ਸੰਗਤ ਆਪ ਜੀ ਨੂੰ ਬੇਨਤੀ ਹੈ ਕਿ ਹੁੰਮ ਹੁਮਾ ਕੇ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰਨਾ ਜੀ**

***For More Info. - Chicago:***

Lakhbir Singh Sandhu (847) 975-3877, Mahanbir Singh Brar (630) 217-2478, Narinderpal Singh Marwaha (630) 313-9121
Satnam Singh Aulakh (847) 809-6145, Dr. Balwant Singh Hansra (847) 991-7761, Lakhwant Singh Komal (847) 674-9074
Bikrambir Singh Sidhu (630) 330-8286, Harjit Singh Gill (847) 833-5340, Paramjit Singh Sangha (224) 388-9393
Jairam Singh Kahlon (224) 456-8096

***For More Info. - Milwaukee:***

Brookfield: Joginder Singh Sandhawalia (414) 241-7562, Lali Sidhu (414) 788-9813
Oak Creek: Bilhar Singh Dulai (414) 331-7454, Beant Singh Boparai (414) 349-3449

For more information on PINGALWARA visit: www.pingalwara.org

## ਪੰਜਾਬੀ ਵਿਰਾਸਤ ਸੰਸਥਾ, ਸ਼ਿਕਾਗੋ।

## PUNJABI HERITAGE ORGANIZATION OF CHICAGO

P.O. BOX 2556, PALATINE, IL. 60078 Email:phochicago@hotmail.com

# ਗੁਰਦਾਸਪੁਰ ਉਪ ਚੋਣ: ਸਿਆਸੀ ਧਿਰਾਂ ਨੇ ਸੰਭਾਲ ਲਏ ਮੋਰਚੇ




**ਚੰਡੀਗੜ੍ਹ:** ਗੁਰਦਾਸਪੁਰ ਲੋਕ ਸਭਾ ਜਿਮਨੀ ਚੋਣ ਲਈ ਮੈਦਾਨ ਪੂਰੀ ਤਰ੍ਹਾਂ ਭਖ ਗਿਆ ਹੈ। ਇਨ੍ਹਾਂ ਚੋਣਾਂ ਵਿਚ ਮੁੱਖ ਵਿਰੋਧੀ ਧਿਰਾਂ ਭਾਜਪਾ ਤੇ ਕਾਂਗਰਸ ਤੋਂ ਇਲਾਵਾ ਆਮ ਆਦਮੀ ਪਾਰਟੀ (ਆਪ) ਵੀ ਨਿੱਤਰੀ ਹੋਈ ਹੈ। ਕਾਂਗਰਸ ਨੇ ਇਸ ਹਲਕੇ ਤੋਂ ਆਪਣੇ ਪ੍ਰਦੇਸ਼ ਪ੍ਰਧਾਨ ਸੁਨੀਲ ਜਾਖੜ ਨੂੰ ਉਮੀਦਵਾਰ ਬਣਾਇਆ ਹੈ। ਭਾਰਤੀ ਜਨਤਾ ਪਾਰਟੀ ਨੇ ਜਾਖੜ ਦੇ ਮੁਕਾਬਲੇ ਸਵਰਨ ਸਲਾਰੀਆ ਨੂੰ ਪਿੜ ਵਿਚ ਉਤਾਰਿਆ ਹੈ।

ਆਮ ਆਦਮੀ ਪਾਰਟੀ (ਆਪ) ਨੇ ਮੇਜਰ ਜਨਰਲ ਨਰਿੰਦਰ ਖਜੂਰੀਆ ਨੂੰ ਉਮੀਦਵਾਰ ਬਣਾ ਕੇ ਇਸ ਜ਼ਿਮਨੀ ਚੋਣ ਪ੍ਰਤੀ ਸੰਜੀਦਾ ਹੋਣ ਦਾ ਸੁਨੇਹਾ ਦਿੱਤਾ ਹੈ। ਨਾ ਸਵਰਨ ਸਲਾਰੀਆ ਨੇ ਪਹਿਲਾਂ ਕਦੇ ਚੋਣ ਲੜੀ ਹੈ ਅਤੇ ਨਾ ਹੀ ਜਨਰਲ ਖਜੂਰੀਆ ਨੇ। ਇਸੇ ਤਰ੍ਹਾਂ ਸ੍ਰੀ ਜਾਖੜ ਦਾ ਮੁਕਾਬਲਾ ਚੁਣਾਵੀ ਰਾਜਨੀਤੀ ਦੇ ਗੈਰ-ਅਨੁਭਵੀ ਉਮੀਦਵਾਰਾਂ ਨਾਲ ਹੈ। 11 ਅਕਤੂਬਰ ਨੂੰ ਹੋ ਰਹੀ ਉਪ ਚੋਣ ਜਿਥੇ ਕੇਂਦਰ ਵਿਚ ਸੱਤਾ ਉਤੇ ਕਾਬਜ਼ ਭਾਰਤੀ ਜਨਤਾ ਪਾਰਟੀ ਲਈ ਨੋਟਬੰਦੀ ਤੇ ਜੀ.ਐਸ.ਟੀ. ਤੋਂ ਬਾਅਦ ਅਗਨੀ ਪ੍ਰੀਖਿਆ ਸਮਝੀ ਜਾ ਰਹੀ ਹੈ, ਉਥੇ ਸੂਬੇ ਦੀ ਸੱਤਾਧਾਰੀ ਧਿਰ ਕਾਂਗਰਸ ਦੀ ਪਿਛਲੀ 6 ਮਹੀਨਿਆਂ ਦੀ ਕਾਰਗੁਜ਼ਾਰੀ ਦਾ ਵੀ ਨਿਤਾਰਾ ਕਰੇਗੀ।

ਆਮ ਆਦਮੀ ਪਾਰਟੀ ਲਈ ਵੀ ਗੁਰਦਾਸਪੁਰ ਦੀ ਉਪ ਚੋਣ ਕਾਫੀ ਅਹਿਮ ਹੈ, ਕਿਉਂਕਿ ਪਹਿਲੀ ਵਾਰ ਸੂਬਾਈ ਲੀਡਰਸ਼ਿਪ ਵੱਲੋਂ ਇਹ ਚੋਣ ਕੇਂਦਰੀ ਲੀਡਰਸ਼ਿਪ ਨੂੰ ਲਾਂਭੇ ਕਰ ਕੇ ਆਪਣੇ ਬਲਬੂਤੇ ਉਤੇ ਲੜੀ ਜਾ ਰਹੀ ਹੈ। ਦੱਸਿਆ ਜਾ ਰਿਹਾ ਹੈ ਕਿ ਪਾਰਟੀ ਪ੍ਰਧਾਨ ਤੇ ਸੰਸਦ ਮੈਂਬਰ ਭਗਵੰਤ ਮਾਨ ਅਤੇ ਵਿਰੋਧੀ ਧਿਰ ਦੇ ਆਗੂ ਸੁਖਪਾਲ ਸਿੰਘ ਖਹਿਰਾ ਇਸ ਚੋਣ ਨੂੰ ਵੱਕਾਰ ਦਾ ਸਵਾਲ ਬਣਾ ਕੇ ਲੜ ਰਹੇ ਹਨ ਤੇ ਦੋਵੇਂ ਆਗੂ ਇਹ ਚੋਣ ਜਿੱਤ ਕੇ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਨੂੰ ਇਹ ਸਾਬਤ ਕਰਨ ਦੀ ਕੋਸ਼ਿਸ਼ ਕਰਨਗੇ ਕਿ ਜੇਕਰ ਵਿਧਾਨ ਸਭਾ ਚੋਣਾਂ ਵਿਚ ਵੀ ਪੰਜਾਬ ਮਾਮਲਿਆਂ ਦੇ ਇੰਚਾਰਜ ਰਹੇ ਸੰਜੇ ਸਿੰਘ ਅਤੇ ਦੁਰਗੇਸ਼ ਪਾਠਕ ਦੀ ਥਾਂ ਪਾਰਟੀ ਦੀ ਕਮਾਨ ਸੂਬਾਈ ਆਗੂਆਂ ਦੇ ਹੱਥ ਹੁੰਦੀ ਤਾਂ ਸ਼ਾਇਦ ਨਤੀਜੇ ਕੁਝ ਹੋਰ ਹੁੰਦੇ।

ਉਧਰ, ਕਾਂਗਰਸ ਵੱਲੋਂ ਸਾਫ-ਸੁਥਰੇ ਅਕਸ ਵਾਲੇ ਅਤੇ ਆਪਣੇ ਸਭ ਤੋਂ ਮਜ਼ਬੂਤ ਸਮਝੇ ਜਾਂਦੇ ਆਗੂ ਸੁਨੀਲ ਜਾਖੜ ਨੂੰ ਉਮੀਦਵਾਰ ਐਲਾਨ ਕੇ ਸੰਭਾਵੀ ਧੜੇਬੰਦਕ ਲੜਾਈ ਨੂੰ ਤਾਂ ਕਾਬੂ ਕਰ ਲਿਆ ਹੈ ਪਰ ਇਸ ਦੇ ਬਾਵਜੂਦ ਕਾਂਗਰਸ ਲਈ ਜਿੱਤ ਦਾ ਰਾਹ ਇੰਨਾ ਆਸਾਨ ਨਜ਼ਰ ਨਹੀਂ ਆ ਰਿਹਾ, ਕਿਉਂਕਿ ਕਾਂਗਰਸ ਨਾ ਤਾਂ ਅਜੇ ਤੱਕ ਕਿਸਾਨੀ ਕਰਜ਼ਿਆਂ ਦਾ ਕੋਈ ਠੋਸ ਹੱਲ ਕੱਢ ਸਕੀ ਹੈ ਤੇ ਨਾ ਹੀ ਸੂਬੇ ਦੇ ਲੋਕਾਂ ਨੂੰ ਕੋਈ ਵੱਡੀ ਰਾਹਤ ਦੇਣ ਵਿਚ ਸਫਲ ਰਹੀ ਹੈ। ਨੋਟਬੰਦੀ ਤੇ ਜੀ.ਐਸ.ਟੀ. ਤੋਂ ਬਾਅਦ ਪਹਿਲੀ ਵਾਰ ਲੋਕਾਂ ਦੀ ਕਚਹਿਰੀ ਵਿਚ ਪੇਸ਼ ਹੋ ਰਹੀ ਭਾਜਪਾ ਲਈ ਇਹ ਚੋਣ ਅਹਿਮ ਸਮਝੀ ਜਾ ਰਹੀ ਹੈ। ਉਧਰ, ਆਮ ਆਦਮੀ ਪਾਰਟੀ ਵੱਲੋਂ ਸੇਵਾ ਮੁਕਤ ਜਨਰਲ ਸੁਰੇਸ਼ ਖਜੂਰੀਆ ਨੂੰ ਆਪਣਾ ਉਮੀਦਵਾਰ ਬਣਾ ਕੇ ਮੁਕਾਬਲੇ ਨੂੰ ਤਿਕੋਣਾ ਬਣਾਉਣ ਲਈ ਪੂਰਾ ਜ਼ੋਰ ਲਗਾਏ ਜਾਣ ਦੀ ਸੰਭਾਵਨਾ ਹੈ। ਇਸ ਦੇ ਨਾਲ ਹੀ ਦਿੱਲੀ ਦੇ ਕੇਂਦਰੀ ਆਗੂਆਂ ਨੂੰ ਦੂਰ ਰੱਖਣਾ ਅਤੇ ਸੂਬਾਈ ਲੀਡਰਸ਼ਿਪ ਨੂੰ ਆਪਣਾ ਦਮਖਮ ਦਿਖਾਉਣਾ ਇਸ ਚੋਣ ਵਿਚ ਵੱਡੀ ਚੁਣੌਤੀ ਹੈ।

ਜ਼ਿਮਨੀ ਚੋਣ ਵਿਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਨਾਲ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਅਤੇ ਉਨ੍ਹਾਂ ਦੇ ਹਮਾਇਤੀਆਂ ਦਾ ਵੱਕਾਰ ਦਾਅ 'ਤੇ ਲੱਗਿਆ ਹੋਇਆ ਹੈ। ਭਾਜਪਾ ਇਸ ਚੋਣ ਵਿਚ ਹਲਕੇ ਤੋਂ ਬਾਹਰਲੇ ਉਮੀਦਵਾਰ ਨੂੰ ਮੁੱਦਾ ਬਣਾਉਣ ਦੀ ਤਾਕ ਵਿਚ ਹੈ ਤੇ ਇਸੇ ਤਹਿਤ ਪਾਰਟੀ ਨੇ ਸਵਰਨ ਸਿੰਘ ਸਲਾਰੀਆ ਨੂੰ ਮੈਦਾਨ ਵਿਚ ਉਤਾਰਿਆ ਹੈ। ਸਿਆਸੀ ਹਲਕਿਆਂ ਵਿਚ ਚਰਚਾ ਹੈ ਕਿ ਕਾਂਗਰਸ ਪਾਰਟੀ ਨੂੰ ਜ਼ਿਮਨੀ ਚੋਣ ਜਿੱਤਣ ਵਿਚ ਕੋਈ ਦਿੱਕਤ ਨਹੀਂ ਹੋਵੇਗੀ, ਕਿਉਂਕਿ ਕੈਪਟਨ ਸਰਕਾਰ ਤੋਂ ਲੋਕਾਂ ਨੂੰ ਅਜੇ ਕਾਫੀ ਉਮੀਦਾਂ ਹਨ ਤੇ ਉਹ ਇਸ ਸਰਕਾਰ ਨੂੰ ਕੁਝ ਹੋਰ ਸਮਾਂ ਦੇਣਾ ਚਾਹੁੰਦੇ ਹਨ। ਉਂਜ ਵੀ ਸੂਬੇ ਦੇ ਲੋਕ ਅਕਾਲੀ-ਭਾਜਪਾ ਸਰਕਾਰ ਦੇ ਦਸ ਸਾਲ ਦੇ ਕਾਰਜਕਾਲ ਨੂੰ ਅਜੇ ਤੱਕ ਭੁੱਲੇ ਨਹੀਂ ਹਨ। ਕੈਪਟਨ ਵਜ਼ਾਰਤ ਵੱਲੋਂ ਪੰਜ ਏਕੜ ਤੱਕ ਜ਼ਮੀਨ ਦੀ ਮਾਲਕੀ ਵਾਲੇ ਕਿਸਾਨਾਂ ਦਾ ਦੋ ਲੱਖ ਰੁਪਏ ਤੱਕ ਦਾ ਕਰਜ਼ਾ ਮੁਆਫ ਕਰਨ ਲਈ ਨੋਟੀਫਿਕੇਸ਼ਨ ਜਾਰੀ ਕਰਨ ਦਾ ਫੈਸਲਾ ਵੀ ਸਰਕਾਰ ਨੂੰ ਕੁਝ ਰਾਹਤ ਦੇ ਸਕਦਾ ਹੈ। ਦੂਜੇ ਪਾਸੇ ਕੇਂਦਰ ਸਰਕਾਰ ਵੱਲੋਂ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦੇ ਵਾਅਦੇ ਤੋਂ ਭੱਜਣ ਕਰ ਕੇ ਕੈਪਟਨ ਸਰਕਾਰ ਨੂੰ ਇਕ ਹੋਰ ਵੱਡਾ ਮੁੱਦਾ ਮਿਲ ਗਿਆ ਹੈ। ਕੇਂਦਰੀ ਖੇਤੀਬਾੜੀ ਮੰਤਰੀ ਰਾਧਾ ਮੋਹਨ ਸਿੰਘ ਨੇ ਇਸੇ ਹਫਤੇ ਕਿਹਾ ਸੀ ਕਿ ਰਾਜ ਸਰਕਾਰਾਂ ਨੂੰ ਹੀ ਕਿਸਾਨਾਂ ਦੀ ਆਮਦਨ ਦੁੱਗਣੀ ਕਰਨੀ ਚਾਹੀਦੀ ਹੈ।

ਇਸ ਚੋਣ ਵਿਚ ਟਿਕਟ ਦੇਣ ਦਾ ਮਾਮਲਾ ਵੀ ਅਹਿਮ ਸੁਆਲ ਬਣਿਆ ਰਿਹਾ ਹੈ ਤੇ ਕਾਂਗਰਸ ਦੀ ਗੁਰਦਾਸਪੁਰ ਇਕਾਈ ਦੀ ਅੰਦਰੂਨੀ ਧੜੇਬੰਦੀ ਕਰ ਕੇ ਕਿਸੇ ਸਥਾਨਕ ਆਗੂ ਦੀ ਥਾਂ ਕਾਂਗਰਸ ਵਿਧਾਇਕਾਂ ਦੀ ਮੰਗ ਉਤੇ ਮੁੱਖ ਮੰਤਰੀ ਨੇ ਸ੍ਰੀ ਜਾਖੜ ਨੂੰ ਟਿਕਟ ਦਿਵਾਉਣ ਲਈ ਕਾਂਗਰਸ ਹਾਈਕਮਾਂਡ ਨੂੰ ਸਿਫਾਰਸ਼ ਕੀਤੀ ਸੀ। ਉਨ੍ਹਾਂ ਦੇ ਮੁਕਾਬਲੇ ਅਕਾਲੀ ਦਲ ਨੇ ਸ੍ਰੀ ਸਲਾਰੀਆ ਨੂੰ ਟਿਕਟ ਦਿਵਾਉਣ ਵਿਚ ਮਦਦ ਕੀਤੀ ਹੈ। ਭਾਜਪਾ ਲੀਡਰਸ਼ਿਪ ਨੇ ਬਾਹਰੀ ਉਮੀਦਵਾਰ ਨੂੰ ਮੁੱਦਾ ਬਣਾਉਣ ਖਾਤਰ ਕਵਿਤਾ ਖੰਨਾ ਦੀ ਥਾਂ ਸ੍ਰੀ ਸਲਾਰੀਆ ਨੂੰ ਟਿਕਟ ਦੇਣ ਨੂੰ ਤਰਜੀਹ ਦਿੱਤੀ ਹੈ।

## ਗੁਰਦਾਸਪੁਰ ਲੋਕ ਸਭਾ ਹਲਕੇ ਦਾ ਸਿਆਸੀ ਇਤਿਹਾਸ

**ਚੰਡੀਗੜ੍ਹ:** ਗੁਰਦਾਸਪੁਰ ਲੋਕ ਸਭਾ ਹਲਕੇ ਦੇ ਲੋਕ 16 ਚੋਣਾਂ ਦੇਖ ਚੁੱਕੇ ਹਨ ਤੇ 17ਵੀਂ ਚੋਣ ਨੇੜੇ ਹੈ। ਇਸ ਲੋਕ ਸਭਾ ਹਲਕੇ ਦੀਆਂ 16 ਚੋਣਾਂ ਵਿਚ 11 ਵਾਰ ਕਾਂਗਰਸ ਹੀ ਜਿੱਤੀ ਹੈ। ਐਮਰਜੈਂਸੀ ਤੋਂ ਬਾਅਦ 1977 ਵਿਚ ਹੋਈਆਂ ਲੋਕ ਸਭਾ ਚੋਣਾਂ ਵਿਚ ਵਿਰੋਧੀ ਧਿਰ ਦੇ ਉਮੀਦਵਾਰ ਯੱਗ ਦੱਤ ਸ਼ਰਮਾ ਨੂੰ ਪਹਿਲੀ ਵਾਰ ਜਿੱਤ ਨਸੀਬ ਹੋਈ ਸੀ ਤੇ ਉਸ ਤੋਂ ਅਗਲੀ ਚੋਣ ਵਿਚ ਕਾਂਗਰਸ ਉਮੀਦਵਾਰ ਨੂੰ ਜਿੱਤ ਹਾਸਲ ਹੋਈ ਸੀ। ਉਸ ਤੋਂ ਬਾਅਦ ਭਾਜਪਾ ਨੇ ਫਿਲਮ ਅਦਾਕਾਰ ਵਿਨੋਦ ਖੰਨਾ ਨੂੰ ਚੋਣ ਮੈਦਾਨ ਵਿਚ ਉਤਾਰਿਆ ਤੇ ਉਹ ਲਗਾਤਾਰ ਤਿੰਨ ਵਾਰ ਚੋਣ ਜਿੱਤੇ। ਸਾਲ 2009 ਦੀ ਚੋਣ ਵਿਚ ਉਹ ਕਾਂਗਰਸ ਉਮੀਦਵਾਰ ਪ੍ਰਤਾਪ ਸਿੰਘ ਬਾਜਵਾ ਕੋਲੋਂ ਹਾਰ ਗਏ ਸਨ। ਅਗਲੀ ਚੋਣ 2014 ਵਿਚ ਹੋਈ, ਜਿਸ ਵਿਚ ਉਹ ਸ੍ਰੀ ਬਾਜਵਾ ਨੂੰ ਹਰਾ ਕੇ ਫਿਰ ਜਿੱਤ ਗਏ ਸਨ। ਵਿਨੋਦ ਖੰਨਾ ਦੇ ਦੇਹਾਂਤ ਕਾਰਨ ਇਹ ਜ਼ਿਮਨੀ ਚੋਣ ਹੋਣ ਜਾ ਰਹੀ ਹੈ।

## ਹਲਕੇ ਦੇ ਲੋਕ ਕਾਂਗਰਸ ਦੀ ਜਿੱਤ ਉਤੇ ਮੋਹਰ ਲਾਉਣਗੇ: ਕੈਪਟਨ

**ਗੁਰਦਾਸਪੁਰ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿਚ ਹਲਕੇ ਵਿਚ ਰੈਲੀਆਂ ਕੀਤੀਆਂ ਗਈਆਂ। ਕੈਪਟਨ ਨੇ ਕਿਹਾ ਕਿ ਗੁਰਦਾਸਪੁਰ ਸੰਸਦੀ ਸੀਟ ਜਿੱਤ ਕੇ 2019 ਨੂੰ ਆ ਰਹੀਆਂ ਲੋਕ ਸਭਾ ਚੋਣਾਂ ਦੀ ਜਿੱਤ ਲਈ ਕਾਂਗਰਸ ਨੀਂਹ ਪੱਥਰ ਰੱਖੇਗੀ। ਪਾਰਟੀ ਵੱਲੋਂ ਬਹੁਤ ਹੀ ਸੋਚ ਸਮਝ ਕੇ ਇਕ ਸਾਫ ਅਕਸ ਅਤੇ ਸੂਝਵਾਨ ਨੇਤਾ ਸੁਨੀਲ ਜਾਖੜ ਦੇ ਰੂਪ ਵਿਚ ਚੋਣ ਮੈਦਾਨ 'ਚ ਉਤਾਰਿਆ ਹੈ। ਜਾਖੜ ਸਰਹੱਦੀ ਜ਼ਿਲ੍ਹੇ ਨਾਲ ਸਬੰਧ ਰੱਖਣ ਕਰ ਕੇ ਇਸ ਜ਼ਿਲ੍ਹੇ ਦੀਆਂ ਸਮੱਸਿਆਵਾਂ ਬਹੁਤ ਚੰਗੀ ਤਰ੍ਹਾਂ ਸਮਝਦੇ ਹਨ ਅਤੇ ਇਕ ਲੰਮਾ ਤਜਰਬਾ ਹੋਣ ਕਰ ਕੇ ਗੁਰਦਾਸਪੁਰ, ਪਠਾਨਕੋਟ ਜ਼ਿਲ੍ਹਿਆਂ ਦੀਆਂ ਸਮੱਸਿਆਵਾਂ ਪਹਿਲ ਦੇ ਆਧਾਰ ਉਤੇ ਹੱਲ ਕਰਨਗੇ।



## ਚੋਣ ਜਿੱਤਣ ਲਈ ਅਕਾਲੀ ਦਲ ਸਿਰ ਧੜ ਦੀ ਬਾਜ਼ੀ ਲਗਾ ਦੇਵੇਗਾ: ਸੁਖਬੀਰ

**ਗੁਰਦਾਸਪੁਰ:** ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਨੇ ਸੂਬੇ ਦੀ ਜਨਤਾ ਨੂੰ ਜੋ ਸਬਜ਼ਬਾਗ ਦਿਖਾ ਕੇ ਗੁੰਮਰਾਹ ਕੀਤਾ ਸੀ, ਉਹ ਸਭ ਲਿਫਾਫੇਬਾਜ਼ੀ ਹੀ ਸਾਬਤ ਹੋਈ। ਜ਼ਿਮਨੀ ਚੋਣ ਦੀ ਜੰਗ ਜਿੱਤਣ ਲਈ ਭਾਜਪਾ ਦੀ ਸਹਿਯੋਗੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਸਿਰ ਧੜ ਦੀ ਬਾਜ਼ੀ ਲਗਾ ਦੇਵੇਗਾ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਭਾਵੇਂ ਅਕਾਲੀ ਭਾਜਪਾ ਇਸ ਸਮੇਂ ਸੂਬੇ 'ਚ ਸੱਤਾ ਵਿਚ ਨਹੀਂ ਹਨ, ਪਰ ਵਰਕਰਾਂ ਦੇ ਹੌਸਲੇ ਬੁਲੰਦ ਹਨ। ਸਵਰਨ ਸਲਾਰੀਆ ਮੈਦਾਨ ਵਿਚ ਹਨ ਜੋ ਲੋਕ ਸੇਵਾ ਦਾ ਜਜ਼ਬਾ ਰੱਖਦੇ ਹਨ। ਅਕਾਲੀ ਲੀਡਰਸ਼ਿਪ ਚੋਣਾਂ ਤੱਕ ਗੁਰਦਾਸਪੁਰ ਹਲਕੇ ਵਿਚ ਡੇਰਾ ਲਾ ਕੇ ਰੱਖੇਗੀ।



## ਗੁਰਦਾਸਪੁਰ ਵਿਚ ਧਾਵਾ ਬੋਲਣਗੇ ਪੰਜਾਬ ਦੇ ਸਰਕਾਰੀ ਮੁਲਾਜ਼ਮ



**ਚੰਡੀਗੜ੍ਹ:** ਕੈਪਟਨ ਸਰਕਾਰ ਨੇ ਕਿਸਾਨਾਂ ਦਾ ਦੋ ਲੱਖ ਤੱਕ ਦਾ ਕਰਜ਼ਾ ਮੁਆਫ ਕਰਨ ਨੂੰ ਤਾਂ ਪ੍ਰਵਾਨਗੀ ਦੇ ਦਿੱਤੀ ਹੈ, ਪਰ ਮੁਲਾਜ਼ਮਾਂ ਸਿਰ ਕਰਜ਼ੇ ਦੀ ਪੰਡ ਭਾਰੀ ਹੁੰਦੀ ਜਾ ਰਹੀ ਹੈ।

ਮੁਲਾਜ਼ਮ ਜਥੇਬੰਦੀਆਂ ਨੇ 6 ਤੋਂ 9 ਅਕਤੂਬਰ ਤੱਕ ਗੁਰਦਾਸਪੁਰ ਲੋਕ ਸਭਾ ਹਲਕੇ ਵਿਚ 'ਪੋਲ ਖੋਲ੍ਹੋ' ਮਾਰਚ ਕਰਨ ਦਾ ਫੈਸਲਾ ਕੀਤਾ ਹੈ। ਪੰਜਾਬ ਸਰਕਾਰ ਸਿਰ ਸੂਬੇ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ 22 ਮਹੀਨਿਆਂ ਦੇ ਡੀ.ਏ. ਦੀਆਂ ਕਿਸ਼ਤਾਂ ਦੇ ਬਕਾਇਆਂ ਦੇ ਰੂਪ ਵਿਚ ਕਰੋੜਾਂ ਰੁਪਏ ਦਾ ਕਰਜ਼ਾ ਹੈ। ਇਸ ਤੋਂ ਇਲਾਵਾ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀ ਇਕ ਜਨਵਰੀ 2017 ਤੋਂ 4 ਫੀਸਦੀ ਡੀ.ਏ. ਦੀ ਕਿਸ਼ਤ ਵੀ ਸਰਕਾਰ ਸਿਰ ਖੜ੍ਹੀ ਹੈ ਤੇ ਹੁਣ ਕੇਂਦਰ ਸਰਕਾਰ ਵੱਲੋਂ ਇਕ ਜੁਲਾਈ ਤੋਂ ਆਪਣੇ ਮੁਲਾਜ਼ਮਾਂ ਨੂੰ ਇਕ ਹੋਰ ਡੀ.ਏ. ਦੀ ਕਿਸ਼ਤ ਦੇਣ ਕਾਰਨ ਪੰਜਾਬ ਸਰਕਾਰ ਸਿਰ ਮੁਲਾਜ਼ਮਾਂ ਦੀਆਂ ਡੀ.ਏ. ਦੀਆਂ ਦੋ ਕਿਸ਼ਤਾਂ ਖੜ੍ਹੀਆਂ ਹਨ, ਜਿਸ ਕਾਰਨ ਮੁਲਾਜ਼ਮਾਂ ਨੇ ਗੁਰਦਾਸਪੁਰ ਲੋਕ ਸਭਾ ਚੋਣ ਦੌਰਾਨ ਸਰਕਾਰ ਉਤੇ ਧਾਵਾ ਬੋਲਣ ਦਾ ਫੈਸਲਾ ਕੀਤਾ ਹੈ।

## ਗੁਰਦਾਸਪੁਰ ਲਈ ਸਰਕਾਰੀ ਫਿਰਾਖਦਿਲੀ ਦਿਖਾਈ

**ਬਟਾਲਾ:** ਲੋਕ ਸਭਾ ਜ਼ਿਮਨੀ ਚੋਣ ਨਾਲ ਗੁਰਦਾਸਪੁਰ ਜ਼ਿਲ੍ਹੇ ਦੀਆਂ ਪੰਜੇ ਉਂਗਲਾਂ ਘਿਉ ਵਿਚ ਹਨ। ਸਰਕਾਰ ਵੱਲੋਂ ਜ਼ਿਮਨੀ ਚੋਣ ਨੂੰ ਵੇਖਦਿਆਂ ਪੂਰੀ ਫਿਰਾਖਦਿਲੀ ਵਿਖਾਈ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਕੈਪਟਨ ਅਮਰਿੰਦਰ ਸਿੰਘ ਵੱਲੋਂ ਜ਼ਿਲ੍ਹਾ ਗੁਰਦਾਸਪੁਰ 'ਚ ਪੈਂਦੀਆਂ ਦੋ ਸਹਿਕਾਰੀ ਖੰਡ ਮਿੱਲਾਂ ਬਟਾਲਾ ਤੇ ਪਨਿਆੜ (ਗੁਰਦਾਸਪੁਰ) ਨੂੰ ਗੰਨੇ ਦੀ ਅਦਾਇਗੀ ਲਈ 24 ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਹੈ। ਇਨ੍ਹਾਂ ਦੋ ਖੰਡ ਮਿੱਲਾਂ ਨਾਲ ਸਬੰਧਤ ਤਕਰੀਬਨ 3 ਹਜ਼ਾਰ ਕਿਸਾਨਾਂ ਨੂੰ ਗੰਨੇ ਦੀ ਪੂਰੀ ਅਦਾਇਗੀ (24 ਕਰੋੜ) ਕਰ ਦਿੱਤੀ ਗਈ ਹੈ, ਜਦਕਿ ਬਾਕੀ 7 ਸਹਿਕਾਰੀ ਖੰਡ ਮਿੱਲਾਂ ਨਾਲ ਸਬੰਧਤ 10 ਹਜ਼ਾਰ ਕਿਸਾਨਾਂ ਨੂੰ 90 ਕਰੋੜ ਬਕਾਇਆ ਅਦਾਇਗੀ ਦੇਣੀ ਬਾਕੀ ਹੈ।


ਸੱਤਾਧਾਰੀ ਪਾਰਟੀ ਵੱਲੋਂ ਆਪਣੇ ਸੂਬਾ ਪ੍ਰਧਾਨ ਸੁਨੀਲ ਜਾਖੜ ਨੂੰ ਚੋਣ ਮੈਦਾਨ 'ਚ ਉਤਾਰਿਆ ਗਿਆ ਹੈ, ਉਥੇ ਕੇਂਦਰ ਸਰਕਾਰ ਵਾਲੀ ਪਾਰਟੀ ਭਾਜਪਾ ਵੱਲੋਂ ਕਈ ਉਦਯੋਗਪਤੀ ਸਵਰਨ ਸਲਾਰੀਆ ਨੂੰ ਟਿਕਟ ਦੇ ਦਿੱਤੀ ਗਈ ਹੈ, ਜਿਸ ਨਾਲ ਮੁਕਾਬਲਾ ਹੁਣ ਕਾਫੀ ਰੋਚਕ ਬਣ ਗਿਆ ਹੈ।

## 'ਆਪ' ਉਮੀਦਵਾਰ ਖਜੂਰੀਆ ਦੇ ਗੰਨਮੈਨ ਵੱਲੋਂ ਅੰਨ੍ਹੇਵਾਹ ਫਾਇਰਿੰਗ

**ਪਠਾਨਕੋਟ**: ਗੁਰਦਾਸਪੁਰ ਜ਼ਿਮਨੀ ਚੋਣ ਦੇ ਆਮ ਆਦਮੀ ਪਾਰਟੀ (ਆਪ) ਉਮੀਦਵਾਰ ਸੇਵਾ ਮੁਕਤ ਮੇਜਰ ਜਨਰਲ ਸੁਰੇਸ਼ ਖਜੂਰੀਆ ਦੇ ਗੰਨਮੈਨ ਕਮਾਂਡੋ ਲਖਵਿੰਦਰ ਸਿੰਘ ਨੇ ਪਠਾਨਕੋਟ ਵਿਚ ਵਿਕਟੋਰੀਆ ਅਸਟੇਟ ਸਥਿਤ ਸ੍ਰੀ ਖਜੂਰੀਆ ਦੇ ਘਰ ਅੱਗੇ ਆਪਣੀ ਐਸ.ਐਲ.ਆਰ. ਨਾਲ ਅੰਨ੍ਹੇਵਾਹ ਫਾਇਰਿੰਗ ਕੀਤੀ।

ਫਾਇਰਿੰਗ ਦੀ ਆਵਾਜ਼ ਸੁਣ ਕੇ ਫੌਜ ਦੀ ਕਿਊ.ਆਰ. ਟੀਮ ਮੌਕੇ 'ਤੇ ਪੁੱਜ ਗਈ ਤੇ ਅਤਿਵਾਦੀ ਹਮਲਾ ਸਮਝ ਕੇ ਪੁਜ਼ੀਸ਼ਨਾਂ ਲੈ ਲਈਆਂ। ਪੁਲਿਸ ਨੇ ਲਖਵਿੰਦਰ ਸਿੰਘ ਨੂੰ ਹਿਰਾਸਤ ਵਿਚ ਲੈ ਲਿਆ। ਕਮਾਂਡੋ ਲਖਵਿੰਦਰ ਸਿੰਘ ਨੇ ਸਵੇਰੇ ਸਾਢੇ ਚਾਰ ਵਜੇ ਅੱਧਾ ਦਰਜਨ ਘਰਾਂ ਦੇ ਬਾਹਰ ਖੜ੍ਹੀਆਂ ਗੱਡੀਆਂ 'ਤੇ ਆਪਣੀ ਫਾਇਰਿੰਗ ਕੀਤੀ ਅਤੇ ਕੁਝ ਘਰਾਂ ਵਿਚ ਵੀ ਗੋਲੀਆਂ ਦਾਗੀਆਂ। ਗੋਲੀਆਂ ਲੱਗਣ ਨਾਲ ਚਾਰ ਗੱਡੀਆਂ ਦੇ ਸ਼ੀਸ਼ੇ ਟੁੱਟ ਗਏ। ਉਧਰ, ਆਮ ਆਦਮੀ ਪਾਰਟੀ ਦੇ ਆਗੂਆਂ ਨੇ ਦੋਸ਼ ਲਾਇਆ ਹੈ ਕਿ ਇਹ ਕਾਂਗਰਸ ਸਰਕਾਰ ਦੀ ਚਾਲ ਹੈ। ਪਾਰਟੀ ਦੇ ਸੰਸਦ ਮੈਂਬਰ ਭਗਵੰਤ ਮਾਨ ਨੇ ਕਿਹਾ ਕਿ ਸਰਕਾਰ ਕੋਈ ਵੱਡਾ ਨੁਕਸਾਨ ਕਰਵਾ ਕੇ ਦੋਸ਼ ਆਮ ਆਦਮੀ ਪਾਰਟੀ ਸਿਰ ਮੜ੍ਹਨਾ ਚਾਹੁੰਦੀ ਸੀ, ਪਰ ਉਸ ਦੀ ਚਾਲ ਕਾਮਯਾਬ ਨਹੀਂ ਹੋ ਸਕੀ। ਪਾਰਟੀ ਇਸ ਬਾਰੇ ਸੋਘੀ ਹੋ ਕੇ ਚੱਲੇਗੀ। ਇਸ ਫਾਇਰਿੰਗ ਕਾਰਨ ਇਲਾਕੇ ਵਿਚ ਦਹਿਸ਼ਤ ਵਾਲਾ ਮਾਹੌਲ ਬਣ ਗਿਆ ਸੀ।


## ਭਾਜਪਾ ਵੱਲੋਂ ਸਵਰਨ ਸਲਾਰੀਆ




ਭਾਜਪਾ ਨੇ ਸਵਰਨ ਸਲਾਰੀਆ ਨੂੰ ਚੋਣ ਮੈਦਾਨ ਵਿਚ ਉਤਾਰਿਆ ਹੈ। ਸਵਰਨ ਸਲਾਰੀਆ ਦਾ ਜਨਮ 27 ਜਨਵਰੀ 1954 ਨੂੰ ਪਿੰਡ ਚੌਹਾਨ (ਪਠਾਨਕੋਟ) ਵਿਖੇ ਹੋਇਆ। ਉਨ੍ਹਾਂ ਦਾ ਸਾਰਾ ਪਰਿਵਾਰ ਮੁੰਬਈ ਵਿਚ ਰਹਿੰਦਾ ਹੈ। ਉਨ੍ਹਾਂ ਨੇ ਆਪਣੀ ਰਾਜਨੀਤਕ ਜੀਵਨ ਦੀ ਸ਼ੁਰੂਆਤ ਕਾਂਗਰਸ ਪਾਰਟੀ ਵਿਚ ਸ਼ਾਮਲ ਹੋ ਕੇ ਕੀਤੀ, ਪਰ ਵਾਅਦੇ ਅਨੁਸਾਰ ਲੋਕ ਸਭਾ ਚੋਣ ਲਈ ਟਿਕਟ ਨਾ ਮਿਲਣ ਕਾਰਨ ਉਹ ਭਾਜਪਾ ਵਿਚ ਸ਼ਾਮਲ ਹੋ ਗਏ ਤੇ ਪਿਛਲੇ 14 ਸਾਲਾਂ ਤੋਂ ਭਾਜਪਾ ਨਾਲ ਜੁੜੇ ਹੋਏ ਹਨ। ਉਨ੍ਹਾਂ ਵੱਲੋਂ ਹਲਕੇ ਅੰਦਰ ਪਿਛਲੀਆਂ ਲੋਕ ਸਭਾ ਚੋਣਾਂ ਦੌਰਾਨ ਵੀ ਕਾਫੀ ਸਰਗਰਮੀ ਦਿਖਾਈ ਗਈ ਸੀ ਤੇ ਵਿਨੋਦ ਖੰਨਾ ਦੇ ਬਿਮਾਰ ਹੋਣ ਕਾਰਨ ਉਨ੍ਹਾਂ ਨੂੰ ਟਿਕਟ ਦੇਣ ਲਈ ਦਾਅਵੇਦਾਰੀ ਠੋਕੀ ਸੀ ਪਰ ਉਸ ਸਮੇਂ ਵਿਨੋਦ ਖੰਨਾ ਨੂੰ ਟਿਕਟ ਦਿੱਤੇ ਜਾਣ ਪਿੱਛੋਂ ਉਨ੍ਹਾਂ ਵੱਲੋਂ ਆਜ਼ਾਦ ਉਮੀਦਵਾਰ ਵਜੋਂ ਚੋਣ ਲੜਨ ਦਾ ਐਲਾਨ ਕਰ ਦਿੱਤਾ ਸੀ, ਪਰ ਬਾਅਦ ਵਿਚ ਸੀਨੀਅਰ ਆਗੂਆਂ ਦੇ ਸਮਝਾਉਣ ਦੇ ਬਾਅਦ ਉਹ ਸ਼ਾਂਤ ਹੋ ਗਏ। ਇਸ ਸਾਲ ਦੇ ਸ਼ੁਰੂ ਵਿਚ ਹੀ ਵਿਨੋਦ ਖੰਨਾ ਦੇ ਬਿਮਾਰ ਹੋ ਜਾਣ ਕਾਰਨ ਪਾਰਟੀ ਹਾਈ ਕਮਾਨ ਵੱਲੋਂ ਉਨ੍ਹਾਂ ਨੂੰ ਗੁਰਦਾਸਪੁਰ ਲੋਕ ਸਭਾ ਹਲਕੇ ਦਾ ਇੰਚਾਰਜ ਲਗਾ ਦਿੱਤਾ ਗਿਆ।

## ਕਾਂਗਰਸ ਵੱਲੋਂ ਸੁਨੀਲ ਜਾਖੜ

**ਬਟਾਲਾ:** ਜ਼ਿਮਨੀ ਚੋਣ ਲਈ ਕਾਂਗਰਸ ਵੱਲੋਂ ਸੁਨੀਲ ਜਾਖੜ ਨੂੰ ਉਮੀਦਵਾਰ ਐਲਾਨਿਆ ਗਿਆ ਹੈ। ਜਾਖੜ 2002 ਤੋਂ 2017 ਤੱਕ ਤਿੰਨ ਵਾਰ ਲਗਾਤਾਰ ਹਲਕਾ ਅਬੋਹਰ ਤੋਂ ਵਿਧਾਇਕ ਰਹੇ ਅਤੇ 2017 ਦੀਆਂ ਵਿਧਾਨ ਸਭਾ ਚੋਣਾਂ 'ਚ ਚੋਣ ਹਾਰ ਗਏ। ਉਹ 2012 ਤੋਂ 2017 ਦੀ ਅਕਾਲੀ-ਭਾਜਪਾ ਗੱਠਜੋੜ ਸਰਕਾਰ ਦਰਮਿਆਨ ਵਿਰੋਧੀ ਧਿਰ ਦੇ ਨੇਤਾ ਰਹੇ, ਉਥੇ ਹੁਣ ਉਹ ਪੰਜਾਬ ਪ੍ਰਦੇਸ਼ ਕਾਂਗਰਸ ਦੇ ਮੌਜੂਦਾ ਪ੍ਰਧਾਨ ਵੀ ਹਨ। ਉਨ੍ਹਾਂ ਦੇ ਪਿਤਾ ਬਲਰਾਮ ਜਾਖੜ 1980 ਤੋਂ 1984 ਤੱਕ ਫਿਰੋਜ਼ਪੁਰ ਤੋਂ ਮੈਂਬਰ ਲੋਕ ਸਭਾ, ਫਿਰ 1984 ਤੋਂ 1989 ਤੱਕ ਹਲਕਾ ਸ਼ਿਕਾਰ ਤੋਂ ਲੋਕ ਸਭਾ ਮੈਂਬਰ ਅਤੇ ਫਿਰ ਇਸੇ ਹਲਕੇ ਤੋਂ 1991 ਤੋਂ 1996 ਤੱਕ ਮੁੜ ਮੈਂਬਰ ਪਾਰਲੀਮੈਂਟ ਰਹੇ। ਹੁਣ ਕਾਂਗਰਸ ਵੱਲੋਂ ਜਿਥੇ ਜਾਖੜ ਨੂੰ ਪੰਜਾਬ ਪ੍ਰਦੇਸ਼ ਕਾਂਗਰਸ ਦਾ ਪ੍ਰਧਾਨ ਬਣਾਇਆ ਗਿਆ ਸੀ, ਉਥੇ ਹੁਣ ਕਾਫੀ ਵਿਚਾਰ ਤੋਂ ਬਾਅਦ ਜ਼ਿਮਨੀ ਚੋਣ ਲਈ ਉਮੀਦਵਾਰ ਵਜੋਂ ਚੋਣ ਮੈਦਾਨ 'ਚ ਉਤਾਰਿਆ ਗਿਆ ਹੈ।



## 'ਆਪ' ਦਾ ਨਰਿੰਦਰ ਖਜੂਰੀਆ



ਆਮ ਆਦਮੀ ਪਾਰਟੀ (ਆਪ) ਨੇ ਮੇਜਰ ਜਨਰਲ ਨਰਿੰਦਰ ਖਜੂਰੀਆ ਨੂੰ ਉਮੀਦਵਾਰ ਬਣਾਇਆ ਹੈ। ਜਨਰਲ ਖਜੂਰੀਆ ਸਮੁੱਚੇ ਹਲਕੇ ਦੇ ਸਾਬਕਾ ਫੌਜੀਆਂ ਵਿਚ ਕਾਫੀ ਮਕਬੂਲ ਮੰਨੇ ਜਾਂਦੇ ਹਨ। ਉਨ੍ਹਾਂ ਨੇ ਪਹਿਲਾਂ ਕਦੇ ਕਈ ਚੋਣ ਨਹੀਂ ਲੜੀ ਪਰ 'ਆਪ' ਸਾਬਕਾ ਫੌਜੀਆਂ ਦੇ ਮਸਲਿਆਂ ਦੇ ਆਧਾਰ 'ਤੇ ਵੀ ਸਿਆਸੀ ਲਾਹਾ ਲੈਣ ਦੀ ਤਿਆਰੀ ਵਿਚ ਹੈ।

# ਸੰਯੁਕਤ ਰਾਸ਼ਟਰ ਮਹਾਂ ਸਭਾ ਵਿਚ ਭਿੜੇ ਪਾਕਿਸਤਾਨ ਅਤੇ ਭਾਰਤ

**ਸੰਯੁਕਤ ਰਾਸ਼ਟਰ:** ਸੰਯੁਕਤ ਰਾਸ਼ਟਰ ਮਹਾਂ ਸਭਾ ਵਿਚ ਭਾਰਤ ਤੇ ਪਾਕਿਸਤਾਨ ਰਵਾਇਤੀ ਦੁਸ਼ਮਣਾਂ ਵਾਂਗ ਪੇਸ਼ ਆਏ। ਦੋਵਾਂ ਦੇਸ਼ਾਂ ਨੇ ਇਕ-ਦੂਜੇ 'ਤੇ ਖੁੱਲ੍ਹੇ ਕੇ ਸ਼ਬਦੀ ਹਮਲੇ ਕੀਤੇ। ਭਾਰਤ ਨੇ ਪਾਕਿਸਤਾਨ ਨੂੰ 'ਟੈਰਰਿਸਤਾਨ' ਗਰਦਾਨਿਆਂ ਆਖ ਦਿੱਤਾ ਕਿ ਇਹ ਪੱਕੇ ਤੌਰ 'ਤੇ ਦਹਿਸ਼ਤਗਰਦਾਂ ਦੀ ਧਰਤੀ ਹੈ ਜੋ ਲਗਾਤਾਰ ਸਨਅਤ ਵਾਂਗ ਵੱਧ-ਫੁਲ ਰਹੀ ਹੈ ਅਤੇ ਆਲਮੀ ਪੱਧਰ ਉਤੇ ਉਨ੍ਹਾਂ ਦੀ ਬਰਾਮਦ ਕਰਦੀ ਹੈ। ਸੰਯੁਕਤ ਰਾਸ਼ਟਰ ਮਹਾਂ ਸਭਾ 'ਚ ਦੋ-ਟੁੱਕ ਸ਼ਬਦਾਂ ਵਿਚ ਭਾਰਤੀ ਨੁਮਾਇੰਦੇ ਨੇ ਕਿਹਾ ਕਿ ਅਨੋਖੀ ਗੱਲ ਹੈ ਕਿ ਜਿਹੜੇ ਮੁਲਕ ਨੇ ਓਸਾਮਾ ਬਿਨ ਲਾਦਿਨ ਦਾ ਬਚਾਅ ਕੀਤਾ ਅਤੇ ਮੁੱਲ੍ਹਾ ਉਮਰ ਨੂੰ ਪਨਾਹ ਦਿੱਤੀ, ਉਹ ਖੁਦ ਨੂੰ ਪੀੜਤ ਹੋਣ ਦਾ ਰੌਲਾ-ਰੱਪਾ ਪਾ ਰਿਹਾ ਹੈ।

ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਿਦ ਖਾਕਾਨ ਅੱਬਾਸੀ ਵੱਲੋਂ ਸੰਯੁਕਤ ਰਾਸ਼ਟਰ ਆਮ ਸਭਾ ਵਿਚ ਕਸ਼ਮੀਰ ਦਾ ਮੁੱਦਾ ਉਠਾਏ ਜਾਣ ਮਗਰੋਂ ਭਾਰਤ ਨੇ ਉਸ ਨੂੰ ਜਵਾਬ ਦੇਣ ਦੇ ਆਪਣੇ ਹੱਕ ਦੀ ਵਰਤੋਂ ਦੌਰਾਨ ਇਹ ਟਿੱਪਣੀ ਕੀਤੀ। ਸੰਯੁਕਤ ਰਾਸ਼ਟਰ ਵਿਚ ਭਾਰਤ ਦੇ ਸਥਾਈ ਮਿਸ਼ਨ ਵਿਚ ਪ੍ਰਥਮ ਸਕੱਤਰ ਏਨਮ ਗੰਭੀਰ ਨੇ ਕਿਹਾ ਕਿ ਹੁਣ ਤੱਕ ਪਾਕਿਸਤਾਨ ਦੇ ਸਾਰੇ ਗੁਆਂਢੀ ਉਸ ਦੇ ਤੱਥਾਂ ਨੂੰ ਤੋੜਨ-ਮਰੋੜਨ, ਚਲਾਕੀ ਅਤੇ ਬੇਈਮਾਨੀ 'ਤੇ ਆਧਾਰਿਤ ਕਹਾਣੀਆਂ ਤਿਆਰ ਕਰਨ ਦੀਆਂ ਚਾਲਾਂ ਤੋਂ ਚੰਗੀ ਤਰ੍ਹਾਂ ਨਾਲ ਜਾਣੂ ਹੋ ਗਏ ਹਨ। ਭਾਰਤੀ ਰਾਜਦੂਤ ਨੇ ਕਿਹਾ ਕਿ ਆਪਣੇ ਛੋਟੇ ਜਿਹੇ ਇਤਿਹਾਸ ਦੌਰਾਨ ਪਾਕਿਸਤਾਨ ਅਤਿਵਾਦ ਦਾ ਸਮਾਨਅਰਥੀ ਬਣ ਗਿਆ ਹੈ। 'ਪਾਕਿਸਤਾਨ ਦਾ ਮਤਲਬ ਹੈ 'ਪਾਕਿ-ਪਵਿੱਤਰ ਜ਼ਮੀਨ' ਪਰ ਅਸਲੀਅਤ ਵਿਚ ਇਹ ਸ਼ੁੱਧ ਅਤਿਵਾਦ ਦੀ ਜ਼ਮੀਨ ਬਣ ਗਈ ਹੈ।'

ਗੰਭੀਰ ਨੇ ਕਿਹਾ ਕਿ ਪਾਕਿਸਤਾਨ ਦੇ ਮੌਜੂਦਾ ਹਾਲਾਤ ਦਾ ਇਥੋਂ ਪਤਾ ਲੱਗ ਜਾਂਦਾ ਹੈ ਕਿ ਹਾਫ਼ਿਜ਼ ਮੁਹੰਮਦ ਸਈਦ, ਜਿਸ ਦੀ ਦਹਿਸ਼ਤੀ ਜਥੇਬੰਦੀ ਲਸ਼ਕਰ-ਏ-ਤੋਇਬਾ ਨੂੰ ਸੰਯੁਕਤ ਰਾਸ਼ਟਰ ਨੇ ਨਾਮਜ਼ਦ ਕੀਤਾ ਹੋਇਆ ਹੈ, ਨੂੰ ਹੁਣ ਸਿਆਸੀ ਪਾਰਟੀ ਦੇ ਆਗੂ ਵਜੋਂ ਮਾਨਤਾ ਦਿੱਤੀ ਜਾ ਰਹੀ ਹੈ।

ਇਸ ਤੋਂ ਪਹਿਲਾਂ ਅੱਬਾਸੀ ਨੇ ਭਾਰਤ ਉਤੇ ਦੋਸ਼ ਲਾਇਆ ਸੀ ਕਿ ਉਹ ਉਨ੍ਹਾਂ ਦੇ ਮੁਲਕ ਖਿਲਾਫ਼ ਦਹਿਸ਼ਤੀ ਕਾਰਵਾਈਆਂ ਚਲਾ ਰਿਹਾ ਹੈ ਅਤੇ ਚਿਤਾਵਨੀ ਦਿੱਤੀ ਕਿ ਜੇਕਰ ਉਸ ਨੇ ਕੰਟਰੋਲ ਰੇਖਾ ਦੇ ਪਾਰ ਕੋਈ ਹਰਕਤ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਸ ਦਾ ਜਵਾਬ ਉਸੇ ਭਾਸ਼ਾ ਵਿਚ ਦਿੱਤਾ ਜਾਵੇਗਾ। ਉਨ੍ਹਾਂ ਸੰਯੁਕਤ ਰਾਸ਼ਟਰ ਨੂੰ ਬੇਨਤੀ ਕੀਤੀ ਕਿ ਉਹ ਕਸ਼ਮੀਰ ਵਿਚ ਵਿਸ਼ੇਸ਼ ਦੂਤ ਨਿਯੁਕਤ ਕਰੇ ਅਤੇ ਦਾਅਵਾ ਕੀਤਾ ਕਿ ਉਥੋਂ ਦੇ ਲੋਕਾਂ ਦੇ ਸੰਘਰਸ਼ ਨੂੰ ਭਾਰਤ ਜਬਰੀ ਦਬਾਅ ਰਿਹਾ ਹੈ। ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ ਪਾਕਿਸਤਾਨ 'ਚ ਤਾਲਿਬਾਨ ਦੇ ਕੋਈ ਸੁਰੱਖਿਅਤ ਟਿਕਾਣੇ ਨਹੀਂ ਹਨ।

## ਪਾਕਿ ਅਤਿਵਾਦ ਬਰਾਮਦ ਕਰਨ ਵਾਲੀ ਫੈਕਟਰੀ: ਸੁਸ਼ਮਾ



**ਸੰਯੁਕਤ ਰਾਸ਼ਟਰ:** ਪਾਕਿਸਤਾਨ ਉਤੇ ਤਨਜ਼ ਕਸਦਿਆਂ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਕਿਹਾ ਕਿ ਉਸ ਦੇ ਆਗੂਆਂ ਨੂੰ ਅੰਤਰਝਾਤ ਮਾਰਨੀ ਚਾਹੀਦੀ ਹੈ ਕਿ ਕਿਉਂ ਭਾਰਤ ਨੂੰ ਆਈ.ਟੀ. ਸੁਪਰਪਾਵਰ ਵਜੋਂ ਮਾਨਤਾ ਮਿਲੀ, ਜਦੋਂ ਕਿ ਪਾਕਿਸਤਾਨ ਅਤਿਵਾਦ ਦਰਾਮਦ ਕਰਨ ਦੀ ਫੈਕਟਰੀ ਵਜੋਂ ਬਦਨਾਮ ਹੋਇਆ। ਸੰਯੁਕਤ ਰਾਸ਼ਟਰ ਦੇ 72ਵੇਂ ਜਨਰਲ ਅਸੈਂਬਲੀ ਸੈਸ਼ਨ ਨੂੰ ਸੰਬੋਧਨ ਕਰਦਿਆਂ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਪਾਕਿਸਤਾਨ ਉਤੇ ਭਾਰਤ ਖਿਲਾਫ਼ ਜੰਗ ਛੇੜਨ ਦਾ ਦੋਸ਼ ਲਾਇਆ ਅਤੇ ਕਿਹਾ ਕਿ ਵਿਸ਼ਵ ਵਿਚ ਤਬਾਹੀ, ਮੌਤ ਤੇ ਕਰੂਰਤਾ ਦਾ ਸਭ ਤੋਂ ਵੱਡਾ ਦਰਾਮਦਕਾਰ ਮੁਲਕ ਇਸ ਮੰਚ ਉਤੇ ਸਾਨੂੰ ਮਨੁੱਖਤਾ ਬਾਰੇ ਪਾਠ ਪੜ੍ਹਾਉਣ ਦਾ ਦੰਭ ਨਾ ਰਚੇ। ਉਹ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਿਦ ਖਾਕਾਨ ਅੱਬਾਸੀ ਦੇ ਉਸ ਭਾਸ਼ਣ ਦਾ ਹਵਾਲਾ ਦੇ ਰਹੇ ਸਨ, ਜਿਸ ਵਿਚ ਉਨ੍ਹਾਂ ਭਾਰਤ ਉਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਅਤੇ ਰਾਜਕੀ ਅਤਿਵਾਦ ਦਾ ਦੋਸ਼ ਲਾਇਆ ਸੀ।


## ਭਾਰਤ ਨੇ ਅਤਿਵਾਦ ਨੂੰ ਹੱਲਾਸ਼ੇਰੀ ਦਿੱਤੀ: ਪਾਕਿਸਤਾਨ



**ਸੰਯੁਕਤ ਰਾਸ਼ਟਰ:** ਪਾਕਿਸਤਾਨ ਨੇ ਕਿਹਾ ਕਿ ਜੇ ਕੌਮਾਂਤਰੀ ਭਾਈਚਾਰਾ ਦੋਵਾਂ ਗੁਆਂਢੀਆਂ ਵਿਚਾਲੇ ਵਧਦੇ ਤਣਾਅ ਨੂੰ ਟਾਲਣ ਦਾ ਇੱਛੁਕ ਹੈ ਤਾਂ ਉਸ ਨੂੰ ਭਾਰਤ ਨੂੰ ਭੜਕਾਊ ਤੇ ਹਮਲਾਵਰ ਕਾਰਵਾਈਆਂ ਰੋਕਣ ਲਈ ਕਹਿਣਾ ਪਵੇਗਾ। ਦੱਖਣੀ ਏਸ਼ੀਆ ਵਿਚ ਭਾਰਤ ਨੂੰ 'ਅਤਿਵਾਦ ਦੀ ਮਾਂ' ਗਰਦਾਨਦਿਆਂ ਸੰਯੁਕਤ ਰਾਸ਼ਟਰ ਵਿਚ ਪਾਕਿਸਤਾਨ ਦੀ ਸਥਾਈ ਪ੍ਰਤੀਨਿਧੀ ਮਲੀਹਾ ਲੋਧੀ ਨੇ ਕਿਹਾ ਕਿ ਭਾਰਤ ਉਨ੍ਹਾਂ ਦੇ ਮੁਲਕ ਦੇ ਵੱਖ-ਵੱਖ ਹਿੱਸਿਆਂ ਵਿਚ ਅਤਿਵਾਦ ਨੂੰ ਹੱਲਾਸ਼ੇਰੀ ਦੇ ਰਿਹਾ ਹੈ। ਭਾਰਤੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਵੱਲੋਂ ਪਾਕਿਸਤਾਨ ਉਤੇ ਅਤਿਵਾਦੀ ਨੈੱਟਵਰਕ ਕਾਇਮ ਕਰਨ ਦਾ ਦੋਸ਼ ਲਾਉਣ ਮਗਰੋਂ ਆਪਣੇ ਜਵਾਬ ਦੇ ਹੱਕ ਦੀ ਵਰਤੋਂ ਕਰਦਿਆਂ ਲੋਧੀ ਨੇ ਦੋਸ਼ ਲਾਇਆ ਕਿ ਆਪਣੀਆਂ ਤਲਖ ਟਿੱਪਣੀਆਂ ਵਿਚ ਉਨ੍ਹਾਂ (ਸੁਸ਼ਮਾ ਸਵਰਾਜ) ਨੇ ਜਾਣ-ਬੁੱਝ ਕੇ ਕਸ਼ਮੀਰ ਵਰਗੇ ਕੇਂਦਰੀ ਮੁੱਦੇ ਨੂੰ ਨਜ਼ਰ ਅੰਦਾਜ਼ ਕੀਤਾ।

## ਕਸ਼ਮੀਰ ਦੇ ਹਾਲਾਤ ਦੱਸਣ ਲਈ ਗਾਜ਼ਾ ਦੀ ਤਸਵੀਰ ਵਿਖਾਈ

**ਸੰਯੁਕਤ ਰਾਸ਼ਟਰ:** ਸੰਯੁਕਤ ਰਾਸ਼ਟਰ ਵਿਚ ਪਾਕਿਸਤਾਨ ਦੀ ਸਥਾਈ ਪ੍ਰਤੀਨਿਧੀ ਮਲੀਹਾ ਲੋਧੀ ਨੇ ਵੱਡੀ ਗਲਤੀ ਕਰਦਿਆਂ ਗਾਜ਼ਾ ਦੀ ਇਕ ਜ਼ਖਮੀ ਲੜਕੀ ਦੀ ਤਸਵੀਰ ਦਿਖਾਉਂਦਿਆਂ ਉਸ ਨੂੰ ਕਸ਼ਮੀਰ ਵਿਚ ਪੈਲੇਟ ਗੰਨ ਦੀ ਪੀੜਤ ਦੱਸਿਆ। ਭਾਰਤੀ ਵਿਦੇਸ਼ ਮੰਤਰੀ ਦੀਆਂ ਟਿੱਪਣੀਆਂ ਮਗਰੋਂ ਜਵਾਬ ਦੇ ਆਪਣੇ ਹੱਕ ਦੀ ਵਰਤੋਂ ਕਰਦਿਆਂ ਲੋਧੀ ਨੇ ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ ਦੌਰਾਨ



ਇਕ ਲੜਕੀ ਦੀ ਤਸਵੀਰ ਦਿਖਾਈ, ਜਿਸ ਦਾ ਚਿਹਰਾ ਪੈਲੇਟ ਗੰਨ ਦੇ ਜ਼ਖਮਾਂ ਨਾਲ ਭਰਿਆ ਹੋਇਆ ਸੀ। ਅਸਲ ਵਿਚ ਇਹ ਤਸਵੀਰ ਗਾਜ਼ਾ ਦੀ 17 ਸਾਲਾ ਲੜਕੀ ਰਾਵਿਆ ਅਬੂ ਜੋਮਾ ਦੀ ਹੈ, ਜੋ ਇਜ਼ਰਾਈਲ ਦੇ ਹਮਲੇ ਦੀ ਪੀੜਤ ਹੈ।

# ਮੁਹਾਲੀ 'ਚ ਪੱਤਰਕਾਰ ਕੇ.ਜੇ. ਸਿੰਘ ਤੇ ਮਾਂ ਦਾ ਕਤਲ

**ਮੁਹਾਲੀ:** ਫੇਜ਼-3ਬੀ2 ਵਿਚ ਰਹਿੰਦੇ ਸੀਨੀਅਰ ਪੱਤਰਕਾਰ ਕੇ.ਜੇ. ਸਿੰਘ (65) ਅਤੇ ਉਨ੍ਹਾਂ ਦੀ ਮਾਂ ਗੁਰਚਰਨ ਕੌਰ (90) ਦੀ ਘਰ ਵਿਚ ਹੀ ਹੱਤਿਆ ਕਰ ਦਿੱਤੀ ਗਈ। ਘਰ ਵਿਚੋਂ ਕੁਝ ਸਾਮਾਨ ਵੀ ਗਾਇਬ ਹੈ। ਜਾਪਦਾ ਹੈ ਕਿ ਹਮਲਾਵਰਾਂ ਦੀ ਪੱਤਰਕਾਰ ਨਾਲ ਹੱਥੋਪਾਈ ਹੋਈ ਸੀ। ਸਾਰਾ ਸਾਮਾਨ ਖਿੰਡਿਆ ਪਿਆ ਸੀ ਅਤੇ ਦਰਵਾਜ਼ੇ ਤੇ ਖਿੜਕੀਆਂ ਨੂੰ ਵੀ ਖੂਨ ਲੱਗਿਆ ਹੋਇਆ ਸੀ। ਉਨ੍ਹਾਂ ਦੇ ਘਰ ਬਾਹਰੋਂ ਫੋਰਡ ਆਈਕਨ ਕਾਰ ਵੀ ਗਾਇਬ ਹੈ। ਕੇ.ਜੇ. ਸਿੰਘ 'ਦਿ ਟ੍ਰਿਬਿਊਨ' ਵਿਚੋਂ ਸਮਾਚਾਰ ਸੰਪਾਦਕ ਦੇ ਅਹੁਦੇ ਤੋਂ ਸੇਵਾ ਮੁਕਤ ਹੋਣ ਮਗਰੋਂ ਫ਼ੇਜ਼-3ਬੀ2 ਦੀ ਕੋਠੀ ਨੰਬਰ 1796 ਵਿਚ ਆਪਣੀ ਬਜ਼ੁਰਗ ਮਾਂ ਗੁਰਚਰਨ ਕੌਰ ਨਾਲ ਰਹਿ ਰਹੇ ਸਨ।






ਉਂਜ ਉਨ੍ਹਾਂ ਪੱਤਰਕਾਰੀ ਦਾ ਸਫਰ ਇੰਡੀਅਨ ਐਕਸਪ੍ਰੈੱਸ ਤੋਂ ਸ਼ੁਰੂ ਕੀਤਾ ਸੀ। ਘਰ ਅੰਦਰ ਵਰਤੇ ਦੀ ਫਰਸ਼ ਉਤੇ ਕਾਫੀ ਖੂਨ ਡੁੱਲ੍ਹਿਆ ਹੋਇਆ ਸੀ ਅਤੇ ਅੰਦਾਜ਼ਾ ਲਾਇਆ ਜਾ ਰਿਹਾ ਹੈ ਕਿ ਹਮਲਾਵਰ ਨੇ ਮਕਾਨ ਵਿਚ ਦਾਖਲ ਹੋਣ ਸਾਰ ਕੇ.ਜੇ. ਸਿੰਘ 'ਤੇ ਚਾਕੂ ਜਾਂ ਕਿਸੇ ਹੋਰ ਤੇਜ਼ਧਾਰ ਹਥਿਆਰ ਨਾਲ ਹਮਲਾ ਕੀਤਾ ਹੋਵੇਗਾ। ਬਾਅਦ ਵਿਚ ਹੱਥੋਪਾਈ ਹੋ ਕੇ ਹਮਲਾਵਰ ਪੱਤਰਕਾਰ ਨੂੰ ਉਨ੍ਹਾਂ ਦੇ ਬੈਡਰੂਮ ਤੱਕ ਲੈ ਗਏ। ਜਿਥੇ ਉਨ੍ਹਾਂ ਦਾ ਗਲਾ ਵੱਢ ਦਿੱਤਾ। ਉਨ੍ਹਾਂ ਦੀ ਬਜ਼ੁਰਗ ਮਾਂ ਦੇ ਸਰੀਰ 'ਤੇ ਬਾਹਰੀ ਜ਼ਖ਼ਮ ਦਾ ਕੋਈ ਨਿਸ਼ਾਨ ਨਹੀਂ ਸੀ।

ਅੰਦਾਜ਼ਾ ਲਾਇਆ ਜਾ ਰਿਹਾ ਹੈ ਕਿ ਹਮਲਾਵਰਾਂ ਨੇ ਉਨ੍ਹਾਂ ਨੂੰ ਗਲਾ ਘੁੱਟ ਕੇ ਮਾਰਿਆ ਹੋਵੇਗਾ। ਘਰ ਵਿਚ ਇਕ ਬਿਸਤਰੇ ਉਤੇ ਕੇ.ਜੇ. ਸਿੰਘ ਦੀ ਲਾਸ਼ ਖੂਨ ਨਾਲ ਲਥਪਥ ਪਈ ਸੀ ਅਤੇ ਚਾਰ ਚੁਫੇਰੇ ਖੂਨ ਸੀ। ਉਨ੍ਹਾਂ ਦੇ ਗਲੇ, ਚਿਹਰੇ ਅਤੇ ਛਾਤੀ ਉਤੇ ਤੇਜ਼ਧਾਰ ਹਥਿਆਰ ਨਾਲ ਕੀਤੇ ਜ਼ਖਮ ਦਿਖਾਈ ਦੇ ਰਹੇ ਸਨ। ਨਾਲ ਦੇ ਕਮਰੇ ਵਿਚ ਉਨ੍ਹਾਂ ਦੀ ਮਾਂ ਦੀ ਲਾਸ਼ ਬੈੱਡ 'ਤੇ ਪਈ ਸੀ। ਮਕਾਨ ਵਿਚ ਥਾਂ-ਥਾਂ ਖੂਨ ਡੁੱਲ੍ਹਿਆ ਹੋਇਆ ਸੀ ਅਤੇ ਮੁੱਖ ਦਰਵਾਜ਼ੇ ਦੇ ਹੈਂਡਲ ਉਤੇ ਵੀ ਖੂਨ ਦੀਆਂ ਧਾਰਾਂ ਸਨ। ਇਸ ਘਟਨਾ ਦੀ ਜਾਣਕਾਰੀ ਦੁਪਹਿਰੇ 12 ਕੁ ਵਜੇ ਉਦੋਂ ਮਿਲੀ, ਜਦੋਂ ਕੇ.ਜੇ. ਸਿੰਘ ਦੀ ਭੈਣ (ਜੋ ਫ਼ੇਜ਼-3ਬੀ2 ਵਿਚ ਨੇੜੇ ਹੀ ਰਹਿੰਦੀ ਹੈ) ਆਪਣੇ ਭਰਾ ਅਤੇ ਮਾਂ ਨੂੰ ਮਿਲਣ ਆਈ। ਉਸ ਨੇ ਤੁਰਤ ਪੁਲਿਸ ਨੂੰ ਸੂਚਿਤ ਕੀਤਾ।

# ਰੋਹਿੰਗਿਆ ਸ਼ਰਨਾਰਥੀਆਂ ਨੂੰ ਸ਼ਰਨ ਦੇਣ ਉਤੇ ਭਾਰਤ ਦਾ ਦੋ ਟੁਕ ਜਵਾਬ

**ਨਵੀਂ ਦਿੱਲੀ:** ਭਾਰਤ ਨੇ ਰੋਹਿੰਗਿਆ ਮੁਸਲਮਾਨ ਸ਼ਰਨਾਰਥੀਆਂ ਨੂੰ ਸ਼ਰਨ ਦੇਣ ਤੋਂ ਕੋਰੀ ਨਾਂਹ ਕਰ ਦਿੱਤੀ ਹੈ। ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਆਖਿਆ ਹੈ ਕਿ ਰੋਹਿੰਗਿਆ ਮੁਸਲਮਾਨ ਸ਼ਰਨਾਰਥੀ ਨਹੀਂ ਬਲਕਿ ਗੈਰਕਾਨੂੰਨੀ ਪਰਵਾਸੀ ਹਨ ਜਿਨ੍ਹਾਂ ਨੂੰ ਵਾਪਸ ਭੇਜਿਆ ਜਾਵੇਗਾ। ਕੌਮੀ ਮਨੁੱਖੀ ਅਧਿਕਾਰ ਕਮਿਸ਼ਨ (ਐਨ.ਐਚ. ਆਰ.ਸੀ.) ਵੱਲੋਂ ਕਰਵਾਏ ਸੈਮੀਨਾਰ ਦੌਰਾਨ ਗ੍ਰਹਿ ਮੰਤਰੀ ਨੇ ਕਿਹਾ ਸਰਕਾਰ ਸੁਪਰੀਮ ਕੋਰਟ ਵਿਚ ਹਲਫਨਾਮਾ ਦਾਖਲ ਕਰ ਕੇ ਰੋਹਿੰਗਿਆ ਮੁੱਦੇ ਉਤੇ ਆਪਣਾ ਪੱਖ ਸਪਸ਼ਟ ਕਰ ਚੁੱਕੀ ਹੈ ਤੇ ਇਨ੍ਹਾਂ ਗੈਰਕਾਨੂੰਨੀ ਪਰਵਾਸੀਆਂ ਨੂੰ ਵਾਪਸ ਭੇਜਿਆ ਜਾਵੇਗਾ।



ਰੋਹਿੰਗਿਆਂ ਨੂੰ ਵਾਪਸ ਭੇਜਣ ਦਾ ਵਿਰੋਧ ਕਰਨ ਵਾਲਿਆਂ ਨੂੰ ਲੰਮੇ ਹੱਥੀਂ ਲੈਂਦਿਆਂ ਸ੍ਰੀ ਰਾਜਨਾਥ ਨੇ ਕਿਹਾ ਕਿ ਜਦੋਂ ਮਿਆਂਮਾਰ ਇਨ੍ਹਾਂ ਨੂੰ ਵਾਪਸ ਗਲ ਲਾਉਣ ਲਈ ਤਿਆਰ ਹੈ ਤਾਂ ਇਸ ਵਿਰੋਧ ਦੀ ਕੋਈ ਤੁਕ ਨਹੀਂ। ਸ਼ਰਨਾਰਥੀ ਵਾਲਾ ਰੁਤਬਾ ਹਾਸਲ ਕਰਨ ਲਈ ਇਕ ਕਾਰਜ ਪ੍ਰਣਾਲੀ ਬਣੀ ਹੋਈ ਹੈ, ਪਰ ਇਨ੍ਹਾਂ ਵਿਚੋਂ ਕਿਸੇ ਨੇ ਇਸ ਦੀ ਪਾਲਣਾ ਨਹੀਂ ਕੀਤੀ। ਬਾਹਰਲੇ ਲੋਕਾਂ ਦੇ ਮਨੁੱਖੀ ਅਧਿਕਾਰਾਂ ਬਾਰੇ ਸੋਚਣ ਤੋਂ ਪਹਿਲਾਂ ਸਾਨੂੰ ਆਪਣੇ ਲੋਕਾਂ ਦੇ ਅਧਿਕਾਰਾਂ ਬਾਰੇ ਸੋਚਣਾ ਹੋਵੇਗਾ।

**ਸੰਯੁਕਤ ਰਾਸ਼ਟਰ:** ਮਿਆਂਮਾਰ ਨੇ ਸੰਯੁਕਤ ਰਾਸ਼ਟਰ ਵਿਚ ਜ਼ੋਰ ਦੇ ਕਿਹਾ ਕਿ ਹਿੰਸਾ ਦੀ ਮਾਰ ਹੇਠ ਆਏ ਰਖਾਇਨ ਸੂਬੇ 'ਚ ਬਣਿਆ ਸੰਕਟ ਹੌਲੀ-ਹੌਲੀ ਘਟਣ ਲੱਗਾ ਹੈ। ਮਿਆਂਮਾਰ ਦੇ ਦੂਜੇ ਉਪ ਰਾਸ਼ਟਰਪਤੀ ਹੈਨਰੀ ਵਾਨ ਥੀਓ ਨੇ ਆਮ ਸਭਾ ਨੂੰ ਸੰਬੋਧਨ ਕਰਦਿਆਂ ਕਿਹਾ ਕਿ 5 ਸਤੰਬਰ ਤੋਂ ਬਾਅਦ ਰਖਾਇਨ ਸੂਬੇ 'ਚ ਕੋਈ ਝੜਪ ਨਹੀਂ ਹੋਈ ਤੇ ਹਾਲਾਤ ਪਹਿਲਾਂ ਨਾਲੋਂ ਸੁਧਰੇ ਹਨ।


## ਡਿਸ਼ਵਾਸ਼ਰ, ਕਿਚਨ ਹੈਲਪਰ ਅਤੇ ਤੰਦੂਰੀਏ ਕੁੱਕ ਦੀ ਫੌਰੀ ਲੋੜ ਹੈ

ਮਿਲਵਾਕੀ (ਵਿਸਕਾਨਸਿਨ) ਵਿਚ ਬਾਲੀਵੁੱਡ ਗਰਿਲ ਅਤੇ ਟੇਸਟ ਆਫ ਇੰਡੀਆ ਰੈਸਟੋਰੈਂਟ ਲਈ ਡਿਸ਼ਵਾਸ਼ਰ, ਕਿਚਨ ਹੈਲਪਰ ਅਤੇ ਤੰਦੂਰੀਏ ਕੁੱਕ ਦੀ ਫੌਰੀ ਲੋੜ ਹੈ।

ਰਿਹਾਇਸ਼, ਟਰਾਂਸਪੋਰਟੇਸ਼ਨ ਤੇ ਖਾਣਾ ਮੁਫਤ

*ਸੰਪਰਕ ਕਰੋ, ਮਨਜੀਤ ਸਿੰਘ*

ਫੋਨ: 262-894-0913

39-40


# ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਸਵਾਲਾਂ 'ਚ ਘਿਰੀ

**ਚੰਡੀਗੜ੍ਹ:** ਪੰਜਾਬ ਵਿਜੀਲੈਂਸ ਦੀ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਸਵਾਲਾਂ ਵਿਚ ਘਿਰ ਗਈ ਹੈ। ਵਿਜੀਲੈਂਸ ਬਿਊਰੋ ਵੱਲੋਂ ਭ੍ਰਿਸ਼ਟਾਚਾਰ ਦੇ ਕੇਸ ਰੱਦ ਕਰਨ ਦੀਆਂ ਸਿਫਾਰਸ਼ਾਂ ਉਤੇ .ਜੀ.ਪੀ. ਸੁਰੇਸ਼ ਅਰੋੜਾ ਨੇ ਵਿਜੀਲੈਂਸ ਮੁਖੀ ਬੀ.ਕੇ. ਉਪਲ ਨਾਲ ਨਾਖੁਸ਼ੀ ਪ੍ਰਗਟਾਈ ਹੈ। ਦੋਵੇਂ ਅਧਿਕਾਰੀਆਂ 'ਚ ਵਿਵਾਦ ਦਾ ਕਾਰਨ ਹਾਊਸਫੈੱਡ ਦੇ ਸੇਵਾ ਮੁਕਤ ਇੰਜੀਨੀਅਰ ਅਮਰਜੀਤ ਗੁਪਤਾ ਵਿਰੁੱਧ ਦਰਜ ਭ੍ਰਿਸ਼ਟਾਚਾਰ ਦੇ ਸਰੋਤਾਂ ਤੋਂ ਜ਼ਿਆਦਾ ਆਮਦਨ ਦੇ ਮਾਮਲੇ ਨੂੰ ਅਦਾਲਤ ਵਿਚੋਂ ਵਾਪਸ ਲੈਣਾ ਬਣਿਆ ਹੈ।

ਸੂਤਰਾਂ ਮੁਤਾਬਕ ਇਸ ਮਾਮਲੇ ਨੂੰ ਲੈ ਕੇ ਸ੍ਰੀ ਅਰੋੜਾ ਨੇ ਵਿਜੀਲੈਂਸ ਮੁਖੀ ਨਾਲ ਸਖਤ ਨਾਰਾਜ਼ਗੀ ਹੀ ਨਹੀਂ ਪ੍ਰਗਟਾਈ ਸਗੋਂ ਇਹ ਮਾਮਲਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਕੋਲ ਉਠਾਉਣ ਦੀ ਗੱਲ ਵੀ ਕਹੀ ਹੈ। ਚਰਚਾ ਹੈ ਕਿ ਵਿਜੀਲੈਂਸ ਦੇ ਹੀ ਕੁਝ



ਅਧਿਕਾਰੀਆਂ ਨੇ ਇਹ ਮਾਮਲਾ ਡੀ.ਜੀ.ਪੀ. ਦੇ ਧਿਆਨ 'ਚ ਲਿਆ ਕੇ ਵਿਜੀਲੈਂਸ ਦੇ ਕਾਰ-ਵਿਹਾਰ ਉਤੇ ਤਿੱਖੀਆਂ ਟਿੱਪਣੀਆਂ ਕੀਤੀਆਂ ਹਨ। ਵਿਜੀਲੈਂਸ ਨੇ ਹਾਊਸਫੈੱਡ ਦੇ ਸੇਵਾ ਮੁਕਤ ਇੰਜੀਨੀਅਰ ਦਾ ਮਾਮਲਾ ਵਾਪਸ ਲੈ ਕੇ ਇਕ ਤਰ੍ਹਾਂ ਨਾਲ ਪੁਲਿਸ ਮੁਖੀ ਦੇ ਕੰਮ 'ਤੇ ਵੀ ਸਵਾਲੀਆ ਨਿਸ਼ਾਨ ਲਗਾ ਦਿੱਤਾ ਹੈ ਕਿਉਂਕਿ ਸ੍ਰੀ ਅਰੋੜਾ ਦੇ ਵਿਜੀਲੈਂਸ ਬਿਊਰੋ ਦਾ ਮੁਖੀ ਹੁੰਦਿਆਂ ਇਹ ਮਾਮਲਾ ਦਰਜ ਕੀਤਾ ਗਿਆ ਸੀ।

ਪੰਜਾਬ ਵਿਜੀਲੈਂਸ ਬਿਊਰੋ ਨੇ ਸਾਲ 2012 ਵਿਚ ਅਮਰਜੀਤ ਗੁਪਤਾ ਖਿਲਾਫ਼ ਮਾਮਲਾ ਦਰਜ ਕੀਤਾ ਸੀ ਅਤੇ ਸੁਰੇਸ਼ ਅਰੋੜਾ ਵੱਲੋਂ ਅਕਸਰ ਇਸ ਮਾਮਲੇ ਨੂੰ 'ਟੈਸਟ ਕੇਸ' ਵਜੋਂ ਪੇਸ਼ ਕੀਤਾ ਜਾਂਦਾ ਸੀ। ਕੁਝ ਵਿਜੀਲੈਂਸ ਅਧਿਕਾਰੀਆਂ ਦਾ ਦਾਅਵਾ ਹੈ ਕਿ ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਵੀ ਸ੍ਰੀ ਅਰੋੜਾ ਉਪਰ ਦਬਾਅ ਪਾਇਆ ਸੀ, ਪਰ ਮਾਰਚ 2017 ਵਿਚ ਵੋਟਾਂ ਦੀ ਗਿਣਤੀ ਤੋਂ ਕੁਝ ਦਿਨ ਪਹਿਲਾਂ ਹੀ ਚਲਾਨ ਪੇਸ਼ ਕਰ ਦਿੱਤਾ ਗਿਆ ਸੀ। ਹਾਊਸਫੈੱਡ ਦੇ ਇੰਜੀਨੀਅਰ 'ਤੇ ਸਰੋਤਾਂ ਤੋਂ ਤਕਰੀਬਨ 200 ਫੀਸਦੀ ਜ਼ਿਆਦਾ ਖਰਚ ਕਰਨ ਦੇ ਤੱਥ ਵਿਜੀਲੈਂਸ ਨੇ ਸਾਹਮਣੇ ਲਿਆਂਦੇ ਸਨ।

**Punjab Times**
**Established in 2000**
**18th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Photographer**
Kamaljit Singh Virdi
Ph. 847-502-2703

**Our Columnists**
Ashok Bhaura
Tarlochan Singh Dupalpur
Baljit Basi
Major Kular
**Corrspondents**
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਗਊ ਰੱਖਿਆਂ ਨੂੰ ਨੱਥ ਪਾਉਣ ਲਈ ਸੁਪਰੀਮ ਕੋਰਟ ਸਖਤ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਦੇਸ਼ ਦੇ 22 ਸੂਬਿਆਂ ਨੂੰ ਨਿਰਦੇਸ਼ ਦਿੱਤੇ ਹਨ ਕਿ 'ਗਊ ਰੱਖਿਅਕਾਂ' ਦੀਆਂ ਹਿੰਸਕ ਕਾਰਵਾਈਆਂ ਬੰਦ ਕਰਵਾਉਣ ਸਬੰਧੀ ਸਰਬਉਚ ਅਦਾਲਤ ਵੱਲੋਂ ਦਿੱਤੇ ਹੁਕਮਾਂ ਉਤੇ ਅਮਲ ਬਾਰੇ ਰਿਪੋਰਟਾਂ 13 ਅਕਤੂਬਰ ਤੱਕ ਦਾਇਰ ਕੀਤੀਆਂ ਜਾਣ। ਇਸੇ ਦੌਰਾਨ ਅਦਾਲਤ ਨੇ ਕਿਹਾ ਕਿ ਕੋਈ ਵੀ ਆਪਣੀ ਜ਼ਿੰਮੇਵਾਰੀ ਤੋਂ ਪਿੱਛੇ ਨਹੀਂ ਹਟ ਸਕਦਾ।

ਸੁਪਰੀਮ ਕੋਰਟ ਨੇ ਬੀਤੀ ਛੇ ਸਤੰਬਰ ਨੂੰ ਸਾਰੇ 29 ਰਾਜਾਂ ਤੇ ਸੱਤ ਕੇਂਦਰੀ ਸ਼ਾਸਤ ਪ੍ਰਦੇਸ਼ਾਂ ਨੂੰ ਨਿਰਦੇਸ਼ ਦਿੱਤੇ ਸਨ ਕਿ ਗਊ ਰੱਖਿਅਕਾਂ ਦੀਆਂ ਹਿੰਸਕ ਕਾਰਵਾਈਆਂ ਨੂੰ ਰੋਕਣ ਲਈ ਕਦਮ ਚੁੱਕੇ ਜਾਣ ਤੇ ਅਜਿਹੇ ਗੁੱਟਾਂ ਨੂੰ ਠੱਲ੍ਹਣ ਲਈ ਇਕ ਹਫਤੇ ਦੇ ਅੰਦਰ-ਅੰਦਰ ਹਰ ਜ਼ਿਲ੍ਹੇ ਵਿਚ ਇਕ ਸੀਨੀਅਰ ਪੁਲਿਸ ਅਧਿਕਾਰੀ ਨੂੰ



ਨੋਡਲ ਅਫਸਰ ਲਾਇਆ ਜਾਵੇ। ਯੂ.ਪੀ., ਕਰਨਾਟਕ, ਝਾਰਖੰਡ, ਰਾਜਸਥਾਨ, ਗੁਜਰਾਤ, ਬਿਹਾਰ ਤੇ ਮਹਾਰਾਸ਼ਟਰ ਵੱਲੋਂ ਰਿਪੋਰਟਾਂ ਦਾਇਰ ਕਰ ਦਿੱਤੀਆਂ ਗਈਆਂ ਹਨ। ਅਦਾਲਤ ਵੱਲੋਂ ਇਸ ਮਾਮਲੇ ਸਬੰਧੀ ਹੋਰਨਾਂ ਜਨ ਹਿੱਤ ਪਟੀਸ਼ਨਾਂ ਸਮੇਤ ਮਹਾਤਮਾ ਗਾਂਧੀ ਦੇ ਪੋਤੇ ਤੁਸ਼ਾਰ ਗਾਂਧੀ ਵੱਲੋਂ ਦਾਇਰ ਪਟੀਸ਼ਨ ਉਤੇ ਸੁਣਵਾਈ 31 ਅਕਤੂਬਰ ਨੂੰ ਰੱਖੀ ਗਈ ਹੈ।

## 'ਜਾਨਵਰਾਂ ਦੀਆਂ ਵੋਟਾਂ ਹੁੰਦੀਆਂ ਤਾਂ ਕਦਰ ਪੈਂਦੀ'

**ਸ਼ਹਿਨਸ਼ਾਹਪੁਰ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਆਪਣੇ ਰਾਜਸੀ ਵਿਰੋਧੀਆਂ 'ਤੇ ਵਰ੍ਹਦਿਆਂ ਕਿਹਾ ਕਿ ਭਾਜਪਾ ਰਾਜਨੀਤੀ ਲਈ ਨਹੀਂ ਸਗੋਂ ਵਿਕਾਸ ਲਈ ਬਣੀ ਹੈ ਕਿਉਂਕਿ ਇਹ ਦੇਸ਼ ਦੇ ਵਿਕਾਸ ਨੂੰ ਸਭ ਤੋਂ ਵੱਧ ਤਰਜੀਹ ਦਿੰਦੀ ਹੈ। ਕੁਝ ਸਿਆਸਤਦਾਨ ਉਸ ਵੇਲੇ ਕੰਮ ਕਰਦੇ ਹਨ ਜਦੋਂ ਉਨ੍ਹਾਂ ਨੇ ਵੋਟਾਂ ਲੈਣੀਆਂ ਹੁੰਦੀਆਂ ਹਨ। ਉਨ੍ਹਾਂ ਕਿਹਾ ਕਿ ਇਹ ਜਾਨਵਰ ਆਪਣੀ ਵੋਟ ਪਾਉਣ ਲਈ ਨਹੀਂ ਜਾਂਦੇ। ਇਹ ਕਿਸੇ ਦੇ ਵੋਟਰ ਨਹੀਂ। ਇਸੇ ਲਈ ਸਿਆਸੀ ਪਾਰਟੀਆਂ ਇਨ੍ਹਾਂ ਨੂੰ ਨਜ਼ਰਅੰਦਾਜ ਕਰਦੀਆਂ ਰਹੀਆਂ ਹਨ।

# ਵਜੂਦ ਲਈ ਜੰਗ ਲੜ ਰਿਹਾ ਹੈ ਇੰਡੀਆ ਕਲੱਬ

**ਲੰਡਨ:** ਮਸ਼ਹੂਰ ਇੰਡੀਆ ਕਲੱਬ, ਜੋ ਆਜ਼ਾਦੀ ਦੇ ਅੰਦੋਲਨ ਦੌਰਾਨ 1930 ਅਤੇ 40ਵਿਆਂ ਵਿਚ ਭਾਰਤੀ ਰਾਸ਼ਟਰਵਾਦੀਆਂ ਦਾ ਕੇਂਦਰ ਬਣਿਆ ਸੀ, ਹੁਣ ਆਪਣੇ ਵਜੂਦ ਦੀ ਜੰਗ ਲੜ ਰਿਹਾ ਹੈ। ਇਸ ਇਮਾਰਤ ਨੂੰ ਅੰਦਰੋਂ ਤੋੜ ਕੇ ਨਵੇਂ ਸਿਰੇ ਤੋਂ ਉਸਾਰਨ ਦੀ ਯੋਜਨਾ ਹੈ। ਕਲੱਬ ਦੀਆਂ ਜੜ੍ਹਾਂ ਇੰਡੀਆ ਲੀਗ ਨਾਲ ਜੁੜੀਆਂ ਹੋਈਆਂ ਹਨ ਜਿਨ੍ਹਾਂ ਬ੍ਰਿਟੇਨ ਵਿਚ ਭਾਰਤ ਦੀ ਆਜ਼ਾਦੀ ਲਈ ਮੁਹਿੰਮ ਵਿੱਢੀ ਸੀ ਅਤੇ ਇਹ ਭਾਰਤੀ ਹਾਈ ਕਮਿਸ਼ਨ ਦੇ ਇੰਡੀਆ ਹਾਊਸ ਨੇੜੇ ਸਥਿਤ ਹੈ। ਇਹ ਭਾਰਤੀ ਰੈਸਟੋਰੈਂਟ ਵਜੋਂ ਕੰਮ ਕਰਦਾ ਰਿਹਾ ਜਿਥੇ 1946 ਤੋਂ ਪੱਤਰਕਾਰ ਅਤੇ ਬੁੱਧੀਜੀਵੀ ਵਿਚਰਦੇ ਰਹੇ ਜਿਨ੍ਹਾਂ ਦੇ ਮਹਿਮਾਨਾਂ ਵਿਚ ਸਾਬਕਾ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਅਤੇ ਇੰਦਰਾ ਗਾਂਧੀ ਵੀ ਸ਼ਾਮਲ ਰਹੇ। ਛੇ ਮੰਜ਼ਿਲਾ ਐਡਵਰਡਿਅਨ ਇਮਾਰਤ ਲੰਡਨ ਦੇ ਵਿਚਾਲੇ ਪੈਂਦੇ ਦਿ ਸਟਰੈਂਡ ਮੁਹੱਲੇ ਦੇ 143 ਤੋਂ 145 ਨੰਬਰ 'ਚ ਪੈਂਦੀ ਹੈ ਅਤੇ ਮਾਲਕਾਂ ਨੇ ਵੈਸਟਮਿਨਸਟਰ ਕੌਂਸਲ ਵਿਚ ਅਰਜ਼ੀ ਪਾ ਕੇ ਇਸ ਦੇ ਅੰਦਰੂਨੀ ਹਿੱਸੇ ਨੂੰ ਆਧੁਨਿਕ ਹੋਟਲ ਦਾ ਰੂਪ ਦੇਣ ਦੀ ਮੰਗ ਕੀਤੀ ਹੈ। ਗੋਲਡਸਐਂਡ ਹੋਟਲਸ ਲਿਮਟਿਡ ਦੇ ਡਾਇਰੈਕਟਰ ਯੈਡਗਰ ਮਾਰਕਰ ਨੇ ਇਸ ਨੂੰ ਵਿਰਾਸਤੀ ਦਰਜਾ ਦਿਵਾਉਣ ਲਈ ਮੁਹਿੰਮ ਛੇੜੀ ਹੋਈ ਹੈ। ਉਨ੍ਹਾਂ ਦੀ ਇਸ ਮੁਹਿੰਮ ਨੂੰ ਕਾਂਗਰਸ ਦੇ ਸੰਸਦ ਮੈਂਬਰ ਅਤੇ ਲੇਖਕ ਸ਼ਸ਼ੀ ਥਰੂਰ ਦੀ ਹਮਾਇਤ ਮਿਲ ਚੁੱਕੀ ਹੈ। ਇਸ ਕਲੱਬ ਦੀ ਸਥਾਪਨਾ ਵਿਚ ਉਨ੍ਹਾਂ ਦੇ ਸਵਰਗੀ ਪਿਤਾ ਪੱਤਰਕਾਰ ਚੰਦਰਨ ਥਰੂਰ ਅਤੇ ਯੂਕੇ ਵਿਚ ਭਾਰਤ ਦੇ ਪਹਿਲੇ ਹਾਈ ਕਮਿਸ਼ਨਰ ਰਹੇ ਵੀ ਕ੍ਰਿਸ਼ਨਾ ਮੈਨਨ ਨੇ ਸਹਿਯੋਗ ਪਾਇਆ ਸੀ।

## ਫਿਲਮ 'ਨਿਊਟਨ' ਆਸਕਰ ਪੁਰਸਕਾਰ ਲਈ ਨਾਮਜ਼ਦ



**ਮੁੰਬਈ:** ਬਾਲੀਵੁੱਡ ਅਭਿਨੇਤਾ ਰਾਜ ਕੁਮਾਰ ਰਾਓ ਦੀ ਹਾਲ ਹੀ ਵਿਚ ਰਿਲੀਜ਼ ਹੋਈ ਫਿਲਮ 'ਨਿਊਟਨ' ਇਸ ਸਾਲ ਭਾਰਤ ਵੱਲੋਂ ਆਸਕਰ ਲਈ ਨਾਮਜ਼ਦ ਹੋ ਗਈ ਹੈ। ਰਾਜਕੁਮਾਰ ਨੇ ਖੁਦ ਵੀ ਟਵੀਟ ਕਰ ਕੇ ਫਿਲਮ ਦੀ ਪੂਰੀ ਟੀਮ ਨੂੰ ਵਧਾਈ ਦਿੱਤੀ ਹੈ। ਨਿਊਟਨ ਫਿਲਮ ਮਿਡਲ ਮੱਧ ਵਰਗ ਪਰਿਵਾਰ ਦੇ ਨਿਊਟਨ ਕੁਮਾਰ ਉਰਫ ਨੂਤਨ ਕੁਮਾਰ ਦੀ ਕਹਾਣੀ ਹੈ। ਇਹ ਸ਼ੁਰੂ ਤੋਂ ਅੰਤ ਤੱਕ ਦਰਸ਼ਕਾਂ ਨੂੰ ਬੰਨ੍ਹ ਕੇ ਰੱਖਦੀ ਹੈ।

## ਲੰਡਨ ਵਿਚ ਤੇਜ਼ਾਬ ਹਮਲਾ; 6 ਜ਼ਖਮੀ

**ਲੰਡਨ:** ਸ਼ਾਪਿੰਗ ਸੈਂਟਰ ਵਿਚ ਦੋ ਧੜਿਆਂ ਦਰਮਿਆਨ ਹੋਈ ਝੜਪ 'ਚ ਤੇਜ਼ਾਬੀ ਹਮਲੇ ਕਾਰਨ ਛੇ ਵਿਅਕਤੀ ਜ਼ਖ਼ਮੀ ਹੋ ਗਏ। ਪੁਲਿਸ ਨੇ ਇਸ ਮਾਮਲੇ 'ਚ 15 ਵਰ੍ਹਿਆਂ ਦੇ ਲੜਕੇ ਨੂੰ ਗ੍ਰਿਫਤਾਰ ਕੀਤਾ ਹੈ। ਸਕਾਟਲੈਂਡ ਯਾਰਡ ਨੇ ਦੱਸਿਆ ਕਿ ਸਟਰੈਟਫੋਰਡ ਸ਼ਾਪਿੰਗ ਸੈਂਟਰ ਅੰਦਰ ਦੋ ਧੜਿਆਂ 'ਚ ਲੜਾਈ ਦੌਰਾਨ ਨੁਕਸਾਨਦਾਇਕ ਪਦਾਰਥ ਸੁੱਟਿਆ ਗਿਆ।

# ਨਸ਼ਾ ਛੁਡਾਊ ਪ੍ਰੋਗਰਾਮ ਲਈ ਨਿਗਰਾਨੀ ਕਮੇਟੀ ਕਾਇਮ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਨਸ਼ਾ ਛਡਾਊ ਅਤੇ ਮੁੜ ਵਸੇਬਾ ਪ੍ਰੋਗਰਾਮ ਨੂੰ ਮਿਸ਼ਨ ਦੇ ਰੂਪ ਵਿਚ ਲਾਗੂ ਕਰਨ ਲਈ ਸਾਰੇ ਸਬੰਧਤ ਵਿਭਾਗਾਂ ਵਿਚ ਤਾਲਮੇਲ ਪੈਦਾ ਕਰਨ ਤੇ ਇਸ ਉਪਰ ਨਿਗਰਾਨੀ ਰੱਖਣ ਲਈ ਇਕ ਸਟੀਰਿੰਗ ਕਮੇਟੀ ਦਾ ਗਠਨ ਕੀਤਾ ਹੈ। ਮੁੱਖ ਮੰਤਰੀ ਨੇ ਮੁੱਖ ਸਕੱਤਰ ਦੀ ਅਗਵਾਈ ਵਿਚ ਇਹ ਕਮੇਟੀ ਗਠਿਤ ਕਰਨ ਦਾ ਫੈਸਲਾ ਲਿਆ। ਸਰਕਾਰੀ ਬੁਲਾਰੇ ਨੇ ਦੱਸਿਆ ਕਿ ਮੁੱਖ ਮੰਤਰੀ ਨੇ ਇਸ ਪ੍ਰੋਗਰਾਮ ਨੂੰ ਸਮੇਬੱਧ ਤਰੀਕੇ ਨਾਲ ਲਾਗੂ ਕਰਨ ਅਤੇ ਇਸ ਨੂੰ ਸਹੀ ਲੀਹ 'ਤੇ ਪਾਉਣ ਲਈ ਸਟੀਰਿੰਗ ਕਮੇਟੀ ਨੂੰ ਲਗਾਤਾਰ ਮੀਟਿੰਗਾਂ ਕਰਨ ਲਈ ਆਖਿਆ ਹੈ। ਕਮੇਟੀ ਨੂੰ ਨਸ਼ਾ ਛਡਾਊ ਅਤੇ ਮੁੜ ਵਸੇਬੇ ਨਾਲ ਸਬੰਧਤ ਮੁੱਦਿਆਂ ਨੂੰ ਨਿਬੇੜਨ ਲਈ ਵੀ ਕਿਹਾ ਹੈ। ਪ੍ਰਮੁੱਖ ਸਕੱਤਰ ਸਿਹਤ ਤੇ ਪਰਿਵਾਰ ਭਲਾਈ, ਏ.ਡੀ.ਜੀ.ਪੀ ਵਿਸ਼ੇਸ਼ ਟਾਸਕ ਫੋਰਸ, ਵਧੀਕ ਮੁੱਖ ਸਕੱਤਰ ਉਚ ਸਿੱਖਿਆ, ਸਕੱਤਰ ਭਲਾਈ, ਸਕੱਤਰ ਸਕੂਲ ਸਿੱਖਿਆ ਨੂੰ ਇਸ ਕਮੇਟੀ ਦੇ ਮੈਂਬਰ ਬਣਾਉਣ ਦਾ ਵੀ ਫੈਸਲਾ ਕੀਤਾ ਗਿਆ ਹੈ।

# ਕੈਪਟਨ ਅਮਰਿੰਦਰ ਸਿੰਘ ਦੇ ਦਾਅਵੇ ਹੋਏ ਕਾਫੂਰ

*(ਸਫਾ ਇਕ ਦੀ ਬਾਕੀ)*

ਦੇ ਟ੍ਰਾਂਸਪੋਰਟ ਕਾਰੋਬਾਰ ਨੂੰ ਨੱਥ ਪਾਉਣ ਤੋਂ ਇਲਾਵਾ ਨਸ਼ਾ ਤਸਕਰੀ ਦੇ ਦੋਸ਼ ਵਿਚ ਈ.ਡੀ. ਦੀ ਜਾਂਚ ਦਾ ਸਾਹਮਣਾ ਕਰ ਰਹੇ ਬਾਦਲ ਪਰਿਵਾਰ ਦੇ ਰਿਸ਼ਤੇਦਾਰ ਬਿਕਰਮ ਸਿੰਘ ਮਜੀਠੀਆ ਨੂੰ ਕਾਨੂੰਨੀ ਘੇਰਾ ਪਾਵੇਗਾ, ਪਰ ਹੋਇਆ ਇਸ ਦੇ ਉਲਟ। ਕਾਂਗਰਸ ਸਰਕਾਰ ਆਉਣ ਤੋਂ ਬਾਅਦ ਬਾਦਲ ਨੇ ਔਰਬਿਟ ਦੀਆਂ 10 ਨਵੀਂਆਂ ਬੱਸਾਂ ਪਾ ਲਈਆਂ। ਇਸ ਪਿੱਛੋਂ ਕਾਂਗਰਸੀ ਵਿਧਾਇਕ ਇਕੱਠੇ ਹੋ ਕੇ ਕੈਪਟਨ ਕੋਲ ਵੀ ਗਏ ਤੇ ਟ੍ਰਾਂਸਪੋਰਟ ਵਿਭਾਗ ਕੁਝ ਦਿਨ ਸਰਗਰਮ ਵੀ ਹੋਇਆ, ਪਰ ਬਾਅਦ ਵਿਚ ਪਰਨਾਲਾ ਉਥੇ ਹੀ ਰਿਹਾ। ਹੁਣ ਮੁੜ ਪੰਜਾਬ ਵਿਚ ਚੋਣ ਮਾਹੌਲ ਹੋਣ ਕਰ ਕੇ ਕੈਪਟਨ ਸਰਕਾਰ ਦੇ ਵਜ਼ੀਰ ਚੋਣ ਰੈਲੀਆਂ ਵਿਚ ਦਾਅਵੇ ਕਰ ਰਹੇ ਹਨ ਕਿ ਉਹ ਬਿਕਰਮ ਸਿੰਘ ਮਜੀਠੀਆ ਤੇ ਸੁਖਬੀਰ ਸਿੰਘ ਬਾਦਲ ਨੂੰ ਜੇਲ੍ਹ ਅੰਦਰ ਡੱਕਣਗੇ। ਸਰਕਾਰ ਲਈ ਇਕ ਹੋਰ ਵੱਡੀ ਨਮੋਸ਼ੀ ਰੇਤ ਮਾਫੀਏ ਨੂੰ ਨੱਥ ਪਾਉਣ ਵਿਚ ਨਾਕਾਮੀ ਹੈ। ਇਥੋਂ ਤੱਕ ਕਿ ਨਵੀਂ ਸਰਕਾਰ ਦੇ ਆਪਣੇ ਮੰਤਰੀ ਰੇਤ ਖੱਡਾਂ ਦੀ ਨਿਲਾਮੀ ਵਿਚ ਘਪਲੇ ਦੇ ਦੋਸ਼ਾਂ ਵਿਚ ਘਿਰ ਗਏ। ਬਾਦਲ ਸਰਕਾਰ ਵੇਲੇ ਰੇਤ ਮਾਫੀਆ ਸਭ ਤੋਂ ਵੱਡਾ ਮੁੱਦਾ ਸੀ। ਕਿਸਾਨਾਂ ਦੀ ਕਰਜ਼ ਮੁਆਫੀ ਤਾਂ ਸਰਕਾਰ ਲਈ ਸਭ ਤੋਂ ਵੱਡੀ ਸਿਰਦਰਦੀ ਬਣੀ ਹੋਈ ਹੈ। ਕਿਸਾਨ ਜਥੇਬੰਦੀਆਂ ਨੇ ਮੰਗਾਂ ਮਨਵਾਉਣ ਲਈ 'ਕਰੋ ਜਾਂ ਮਰੋ' ਵਾਲੀ ਰਣਨੀਤੀ ਬਣਾ ਲਈ ਹੈ। ਅਸਲ ਵਿਚ, ਕਾਂਗਰਸ ਨੇ ਚੋਣਾਂ ਤੋਂ ਪਹਿਲਾਂ ਸਾਰੇ ਕਿਸਾਨਾਂ ਦਾ ਕਰਜ਼ਾ ਮੁਆਫ ਕਰਨ ਦਾ ਐਲਾਨ ਤਾਂ ਕਰ ਲਿਆ ਸੀ, ਪਰ ਇਹ ਵਿੱਤੀ ਤੰਗੀ ਦਾ ਸਾਹਮਣੇ ਕਰ ਰਹੇ ਸੂਬੇ ਦੇ ਵੱਸ ਦੀ ਗੱਲ ਹੈ ਹੀ ਨਹੀਂ। ਇਸੇ ਲਈ ਸਰਕਾਰ ਸਿਰਫ ਢਾਈ ਲੱਖ ਤੱਕ ਕਰਜ਼ ਮੁਆਫੀ ਦਾ ਐਲਾਨ ਕਰ ਕੇ ਟਾਲ-ਮਟੋਲ ਵਾਲੀ ਨੀਤੀ ਉਤੇ ਚੱਲ ਰਹੀ ਹੈ।

ਪੰਜਾਬ ਸਰਕਾਰ ਨੇ ਕਰਜ਼ਿਆਂ ਬਾਰੇ ਟੀ. ਹੱਕ ਕਮੇਟੀ ਬਣਾਈ ਹੋਈ ਹੈ ਜਿਸ ਨੇ ਅੰਤ੍ਰਿਮ ਰਿਪੋਰਟ ਵਿਚ ਸਾਰੇ ਛੋਟੇ ਕਿਸਾਨਾਂ (ਪੰਜ ਏਕੜ ਤੱਕ) ਦਾ ਦੋ ਲੱਖ ਰੁਪਏ ਤੱਕ ਦਾ ਕਰਜ਼ਾ ਮੁਆਫ ਕਰਨ ਅਤੇ ਇਸ ਤੋਂ ਵੱਧ ਜ਼ਮੀਨ ਵਾਲਿਆਂ, ਜਿਨ੍ਹਾਂ ਨੇ ਸਮੇਂ ਸਿਰ ਕਰਜ਼ਾ ਮੋੜ ਦਿੱਤਾ ਹੈ, ਦਾ ਵਿਆਜ ਮੁਆਫ ਕਰਨ ਦੀ ਸਿਫਾਰਸ਼ ਕੀਤੀ ਹੋਈ ਹੈ। ਕਿਸਾਨਾਂ ਦਾ ਕਹਿਣਾ ਹੈ ਕਿ ਉਹ ਪੂਰੇ ਕਰਜ਼ੇ 'ਤੇ ਲੀਕ ਮਾਰਨ ਪਿੱਛੋਂ ਹੀ ਆਪਣਾ ਸੰਘਰਸ਼ ਵਾਪਸ ਲੈਣਗੇ। ਦੱਸ ਦਈਏ ਕਿ ਸਹਿਕਾਰੀ, ਕੌਮੀਕ੍ਰਿਤ ਅਤੇ ਪ੍ਰਾਈਵੇਟ ਬੈਂਕਾਂ ਦੇ ਖਾਤਿਆਂ ਮੁਤਾਬਕ 31 ਮਾਰਚ 2017 ਤੱਕ ਸੂਬੇ ਦੇ ਕਿਸਾਨਾਂ ਸਿਰ ਫਸਲੀ ਕਰਜ਼ਾ 59620 ਕਰੋੜ ਰੁਪਏ ਹੈ।

## ਸਰਕਾਰ ਦੇ ਵੱਸ ਦੀ ਗੱਲ ਹੀ ਨਹੀਂ ਵਾਅਦੇ ਨਿਭਾਉਣਾ

ਆਰਥਿਕ ਸੰਕਟ ਦੀ ਝੰਬੀ ਸਰਕਾਰ ਲਈ ਵਾਅਦਿਆਂ ਦੇ ਨੇੜੇ ਤੇੜੇ ਪੁੱਜਣਾ ਵੀ ਸੰਭਵ ਨਹੀਂ। ਸਰਕਾਰ ਦੀ ਕਮਾਈ ਨਾਲੋਂ ਖਰਚੇ ਕਿਤੇ ਅੱਗੇ ਟੱਪ ਗਏ ਹਨ। ਸਰਕਾਰ ਵੱਲੋਂ ਕਿਸਾਨਾਂ ਦੀ ਬਿਜਲੀ ਸਬਸਿਡੀ ਖਤਮ ਕਰਨ ਬਾਰੇ ਵੀ ਹੱਥ ਪੈਰ ਮਾਰੇ ਜਾ ਰਹੇ ਹਨ। ਕਮਾਈ ਦੇ ਸੀਮਤ ਸਾਧਨ ਸਰਕਾਰ ਲਈ ਵੱਡੀ ਚੁਣੌਤੀ ਖੜ੍ਹੀ ਕਰ ਰਹੇ ਹਨ। ਸਰਕਾਰ ਪੰਜਾਬ ਵਿਚ ਨਿਵੇਸ਼ ਲਈ ਹਾਕਾਂ ਮਾਰ ਰਹੀ ਹੈ, ਪਰ ਰਿਜ਼ਰਵ ਬੈਂਕ ਦੀ ਰਿਪੋਰਟ ਅਨੁਸਾਰ ਪੰਜਾਬ ਨਿੱਜੀ ਕਾਰਪੋਰੇਟ ਨਿਵੇਸ਼ ਖਿੱਚਣ ਪੱਖੋਂ ਬਹੁਤ ਪਛੜਿਆ ਹੋਇਆ ਹੈ ਅਤੇ ਸਾਲ 2016-17 ਦੌਰਾਨ ਦੇਸ਼ ਭਰ ਵਿਚ ਹੋਏ ਕੁੱਲ ਗੈਰ-ਸਰਕਾਰੀ ਕਾਰਪੋਰੇਟ ਨਿਵੇਸ਼ ਦਾ ਸਿਰਫ 2.1 ਫੀਸਦੀ ਹਿੱਸਾ ਪੰਜਾਬ ਵਿਚ ਆਇਆ। ਇਸ ਤੋਂ ਪਹਿਲੇ ਦਸ ਸਾਲਾਂ ਦੌਰਾਨ ਇਹ ਹਿੱਸਾ 0.3 ਫੀਸਦੀ ਤੋਂ ਲੈ ਕੇ 1.7 ਫੀਸਦੀ ਤੱਕ ਸੀ। ਯਾਦ ਰਹੇ ਕਿ ਕੈਪਟਨ ਸਰਕਾਰ ਨੂੰ ਵਿਰਾਸਤ ਵਿਚ ਵੱਡਾ ਵਿੱਤੀ ਘਾਟਾ ਮਿਲਿਆ ਹੈ ਤੇ ਆਉਂਦੇ ਦਿਨਾਂ ਵਿਚ ਇਹ ਸੰਕਟ ਹੋਰ ਗੰਭੀਰ ਹੋਣ ਵਾਲਾ ਹੈ। ਅਕਤੂਬਰ ਮਹੀਨੇ ਲਈ ਵੀ ਸੂਬਾ ਸਰਕਾਰ ਕੋਲ ਮੁਲਾਜ਼ਮਾਂ ਨੂੰ ਤਨਖਾਹ ਦੇਣ ਹਿਤ ਲੋੜੀਂਦੇ ਫੰਡ ਨਹੀਂ ਹਨ। ਪਹਿਲੀ ਅਕਤੂਬਰ ਤੋਂ ਝੋਨੇ ਦੀ ਖਰੀਦ ਸ਼ੁਰੂ ਹੋਣ ਨਾਲ ਸਰਕਾਰ ਦੀ ਸਿਰਦਰਦੀ ਹੋਰ ਵਧ ਗਈ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ


ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ

ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ

ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

# ਅਵਤਾਰ ਸਿੰਘ ਸਪਰਿੰਗਫੀਲਡ ਨੂੰ ਸਦਮਾ, ਪਿਤਾ ਸੁਰਗਵਾਸ

**ਡੇਅਟਨ, ਓਹਾਇਓ (ਬਿਊਰੋ):** 'ਪੰਜਾਬ ਟਾਈਮਜ਼' ਨਾਲ ਚਿਰਾਂ ਤੋਂ ਜੁੜੇ ਅਤੇ ਪੰਜਾਬੀ ਭਾਈਚਾਰੇ ਦੀ ਉਘੀ ਸ਼ਖਸੀਅਤ ਸ. ਅਵਤਾਰ ਸਿੰਘ ਸਪਰਿੰਗਫੀਲਡ ਨੂੰ ਉਸ ਸਮੇਂ ਡੂੰਘਾ ਸਦਮਾ ਪੁੱਜਾ, ਜਦੋਂ ਉਨ੍ਹਾਂ ਦੇ ਪਿਤਾ ਸ. ਸੇਵਾ ਸਿੰਘ ਸੱਗੂ ਅਕਾਲ ਚਲਾਣਾ ਕਰ ਗਏ। ਉਹ ਆਪਣੇ ਪਿੱਛੇ 3 ਪੁੱਤਰ-ਸ. ਸੋਹਣ ਸਿੰਘ, ਸ. ਗੁਰਚਰਨ ਸਿੰਘ ਤੇ ਸ. ਅਵਤਾਰ ਸਿੰਘ ਸਪਰਿੰਗਫੀਲਡ ਤੋਂ ਇਲਾਵਾ ਨੂੰਹਾਂ ਅਤੇ ਪੋਤੇ-ਪੋਤੀਆਂ ਦਾ ਭਰਿਆ ਪਰਿਵਾਰ ਛੱਡ ਗਏ ਹਨ।



ਜਲੰਧਰ ਜਿਲ੍ਹੇ ਦੇ ਪਿੰਡ ਲੁਹਾਰਾਂ ਵਿਚ ਸ. ਹਜ਼ਾਰਾ ਸਿੰਘ ਸੱਗੂ ਤੇ ਮਾਤਾ ਬੰਤ ਕੌਰ ਦੇ ਘਰ ਜਨਮੇ ਸ. ਸੇਵਾ ਸਿੰਘ ਸੱਗੂ ਨੇ ਨਿੱਕੀ ਉਮਰੇ ਹੀ ਆਪਣੇ ਪਿਤਾ ਨਾਲ ਖੇਤੀਬਾੜੀ ਵਿਚ ਹੱਥ ਵਟਾਉਣਾ ਸ਼ੁਰੂ ਕਰ ਦਿੱਤਾ ਸੀ। ਉਨ੍ਹਾਂ ਰਾਜਗਿਰੀ ਦਾ ਕੰਮ ਸਿੱਖ ਕੇ ਨਾਮੀ ਠੇਕੇਦਾਰਾਂ ਵਿਚ ਆਪਣਾ ਨਾਂ ਦਰਜ ਕਰਵਾਇਆ। ਕਈ ਸਕੂਲ ਅਤੇ ਹਸਪਤਾਲ ਉਨ੍ਹਾਂ ਦੀ ਨਿਗਰਾਨੀ ਹੇਠ ਬਣੇ।

ਸ. ਸੱਗੂ ਨੇ ਆਖਰੀ ਸਾਹ 24 ਅਗਸਤ 2017 ਨੂੰ ਲਿਆ। ਉਨ੍ਹਾਂ ਨਮਿਤ ਅੰਤਿਮ ਅਰਦਾਸ ਆਉਂਦੀ 30 ਸਤੰਬਰ, ਸਨਿਚਰਵਾਰ ਨੂੰ ਗੁਰਦੁਆਰਾ ਸਿੱਖ ਸੁਸਾਇਟੀ ਆਫ ਡੇਅਟਨ (2320 ਹਰਸ਼ਮੈਨ ਰੋਡ) ਵਿਖੇ ਸਵੇਰੇ 11 ਵਜੇ ਤੋਂ 12:30 ਵਜੇ ਤੱਕ ਹੋਵੇਗੀ। ਸ. ਅਵਤਾਰ ਸਿੰਘ ਸਪਰਿੰਗਫੀਲਡ ਨਾਲ ਸੰਪਰਕ ਫੋਨ: 937-206-4674 ਰਾਹੀਂ ਕੀਤਾ ਜਾ ਸਕਦਾ ਹੈ।

## ਦਿੱਲੀ ਹਾਈ ਕੋਰਟ ਤੋਂ ਨਾ ਮਿਲੀ ਹਨੀਪ੍ਰੀਤ ਨੂੰ ਰਾਹਤ

**ਨਵੀਂ ਦਿੱਲੀ:** ਡੇਰਾ ਸਿਰਸਾ ਮੁਖੀ ਨੂੰ ਸਜ਼ਾ ਤੋਂ ਬਾਅਦ ਪੰਚਕੂਲਾ 'ਚ ਦੰਗੇ ਭੜਕਾਉਣ ਅਤੇ ਦੇਸ਼ ਧ੍ਰੋਹ ਦੇ ਦੋਸ਼ਾਂ ਤੋਂ ਭੱਜੀ ਫਿਰ ਰਹੀ ਹਨੀਪ੍ਰੀਤ ਇੰਸਾ ਨੂੰ ਦਿੱਲੀ ਹਾਈ ਕੋਰਟ ਤੋਂ ਰਾਹਤ ਨਹੀਂ ਮਿਲੀ। ਹਾਈ ਕੋਰਟ ਨੇ ਉਸ ਨੂੰ ਆਤਮ ਸਮਰਪਣ ਕਰਨ ਦੀ ਹਦਾਇਤ ਕਰਦਿਆਂ ਟਰਾਂਜ਼ਿਟ ਪੇਸ਼ਗੀ ਜ਼ਮਾਨਤ ਦੀ ਅਰਜ਼ੀ ਨੂੰ ਖਾਰਜ ਕਰ ਦਿੱਤਾ। ਅਦਾਲਤ ਨੇ ਕਿਹਾ ਕਿ ਉਹ ਗ੍ਰਿਫਤਾਰੀ ਤੋਂ ਭੱਜ ਰਹੀ ਹੈ ਜਿਸ ਕਾਰਨ ਉਹ ਕਿਸੇ ਵਿਸ਼ੇਸ਼ ਰਾਹਤ ਦੀ ਹੱਕਦਾਰ ਨਹੀਂ ਹੈ।

ਜਸਟਿਸ ਸੰਗੀਤਾ ਢੀਂਗਰਾ ਸਹਿਗਲ ਨੇ ਫੈਸਲਾ ਸੁਣਾਉਂਦਿਆਂ ਕਿਹਾ ਕਿ ਪੇਸ਼ਗੀ ਜ਼ਮਾਨਤ ਦੀ ਅਰਜ਼ੀ ਦਿੱਲੀ ਵਿਚ ਇਸ ਕਰ ਕੇ ਪਾਈ ਗਈ ਤਾਂ ਜੋ ਹੋਰ ਸਮਾਂ ਲਿਆ ਜਾ ਸਕੇ ਅਤੇ ਪੰਚਕੂਲਾ ਅਦਾਲਤ 'ਚ ਚੱਲ ਰਹੀ ਕਾਰਵਾਈ ਵਿਚ ਦੇਰੀ ਹੋਵੇ। ਹਾਈ ਕੋਰਟ ਨੇ ਦਿੱਲੀ 'ਚ ਪੇਸ਼ਗੀ ਜ਼ਮਾਨਤ ਦਾਖਲ ਕਰਨ 'ਤੇ ਵੀ ਸਵਾਲ ਉਠਾਇਆ ਅਤੇ ਕਿਹਾ ਕਿ ਉਹ ਹਰਿਆਣਾ ਦੀ ਪੱਕੀ ਵਸਨੀਕ ਹੈ ਤਾਂ ਫਿਰ ਇਥੇ ਅਰਜ਼ੀ ਕਿਉਂ ਦਿੱਤੀ। ਦਿੱਲੀ ਅਤੇ ਹਰਿਆਣਾ ਪੁਲਿਸ ਦੇ ਵਕੀਲ ਨੇ ਕਿਹਾ ਕਿ ਆਪਣੇ ਹੱਕ 'ਚ ਫੈਸਲਾ ਕਰਾਉਣ ਲਈ ਅਜਿਹਾ ਹੱਥਕੰਡਾ ਵਰਤਿਆ ਗਿਆ ਹੈ ਅਤੇ ਦਿੱਲੀ ਦਾ ਗਲਤ ਪਤਾ ਦੇ ਕੇ ਉਹ ਅਦਾਲਤ ਨੂੰ ਗੁੰਮਰਾਹ ਕਰ ਰਹੀ ਹੈ।


## Matrimonials

### ਲੜਕੀ ਦੀ ਲੋੜ ਹੈ

Wanted citizen or green card holder Nai Sikh girl for a Nai Sikh boy 29 years, 5'-9", BBA on visitor visa. Family of the boy well settled in India. Only sister married in the USA. Simple and early marriage. Contact, Ph: 646-318-1589 35-38

ਆਦਿ ਧਰਮੀ ਉਮਰ 47 ਸਾਲ, ਕੱਦ 5'-6", ਚੰਗੇ ਬਿਜਨਸ ਦੇ ਮਾਲਕ ਵਿਅਕਤੀ ਲਈ ਗਰੀਨ ਕਾਰਡ ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਵਿਧਵਾ ਜਾਂ ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਸੰਪਰਕ ਕਰੋ, ਫੋਨ: 859-287-6730

Wanted citizen or green card holder life partner for Aad Dharmi 47, 5'-6", good business owner, well settled man. Caste no bar. Widow or divorce can also be considered. Contact, Ph: 859-287-6730 35-38

### ਵਰ ਦੀ ਲੋੜ ਹੈ

Looking for a Jatt Sikh well-educated US Citizen boy from respected family for U.S. citizen Jatt Sikh girl 28, Height 5'4", CPA. Manager, from California. Contact saabks500@gmail.com 34-37

33 ਸਾਲਾ ਤਲਾਕਸ਼ੁਦਾ ਲੜਕੀ ਐਮ. ਐਸਸੀ ਬਾਇਓਟੈਕ, ਯੂਨੀਵਰਸਿਟੀ ਟਾਪਰ ਡਿਪਲੋਮਾ ਇਨ ਫਾਰਮੇਸੀ ਬੀ.ਏ.ਐਮ.ਐਸ. ਡਾਕਟਰ, ਗੋਦੀ ਛੇ ਸਾਲ ਦਾ ਬੇਟਾ, ਪੇਂਡੂ ਤੇ ਸ਼ਹਿਰੀ ਜਾਇਦਾਦ ਵਾਸਤੇ ਯੋਗ ਵਰ ਦੀ ਲੋੜ ਹੈ। ਸੰਪਰਕ ਕਰੋ, ਫੋਨ: 408-915-1268 ਜਾਂ ਈਮੇਲ: tsdupalpuri@yahoo.com 33-36

ਪੰਜਾਬ ਟਾਈਮਜ਼
ਇਸ਼ਤਿਹਾਰ ਦੇਣ ਲਈ ਸੰਪਰਕ ਕਰੋ
ਫੋਨ: 847-359-0746
*e-mail: punjabtimes1@gmail.com*


# ਸਿਗਰਟ ਪੀਣ ਤੋਂ ਰੋਕਣ ਕਾਰਨ ਸਿੱਖ ਨੌਜਵਾਨ ਦਾ ਕਤਲ

**ਨਵੀਂ ਦਿੱਲੀ:** ਸਿਗਰਟ ਪੀਣ ਤੋਂ ਰੋਕਣ ਕਾਰਨ ਦਿੱਲੀ ਵਿਚ ਇਕ ਸਿੱਖ ਨੌਜਵਾਨ ਗੁਰਪ੍ਰੀਤ ਸਿੰਘ (21) ਦਾ ਕਤਲ ਕਰ ਦਿੱਤਾ। ਗੁਰਪ੍ਰੀਤ ਸਿੰਘ ਦੇ ਪਿਤਾ ਨੇ ਦਿੱਲੀ ਪੁਲਿਸ 'ਤੇ ਮਾਮਲਾ ਦਰਜ ਨਾ ਕਰਨ ਦਾ ਦੋਸ਼ ਲਾਇਆ ਹੈ ਅਤੇ ਮੰਗ ਕੀਤੀ ਹੈ ਕਿ ਇਸ ਮਾਮਲੇ ਦੀ ਸੀ.ਬੀ.ਆਈ. ਪੜਤਾਲ ਕਰਵਾਈ ਜਾਵੇ। ਮ੍ਰਿਤਕ ਦੇ ਦੋਸਤਾਂ ਦਾ ਦੋਸ਼ ਹੈ ਕਿ ਦੋਸ਼ੀ ਅਸਰ ਰਸੂਖ ਵਾਲਾ ਹੈ। ਇਸ ਲਈ ਕੋਈ ਕਾਰਵਾਈ ਨਹੀਂ ਹੋ ਰਹੀ। ਬਠਿੰਡਾ ਦੇ ਪਿੰਡ ਲਹਿਰਾ ਮੁਹੱਬਤ ਦੇ ਵਸਨੀਕ ਦੋ ਦੋਸਤ ਮਨਿੰਦਰ ਸਿੰਘ ਤੇ ਗੁਰਪ੍ਰੀਤ ਸਿੰਘ ਪਿਛਲੇ ਇਕ ਸਾਲ ਤੋਂ ਦਿੱਲੀ ਯੂਨੀਵਰਸਿਟੀ ਨੇੜੇ ਦਿੱਲੀ



ਇੰਸਟੀਚਿਊਟ ਆਫ ਫੋਟੋਗ੍ਰਾਫੀ 'ਚ ਕੋਰਸ ਕਰ ਰਹੇ ਸਨ। ਦੋਵੇਂ ਸਫਦਰਜੰਗ ਹਸਪਤਾਲ ਨੇੜੇ ਰੇਹੜੀ ਤੋਂ ਚਾਹ ਤੇ ਪਰੌਂਠੇ ਖਾ ਰਹੇ ਸਨ। ਉਦੋਂ ਉਥੇ ਇਕ ਆਦਮੀ ਆਇਆ ਤੇ ਉਹਨੇ ਸਿਗਰਟ ਪੀਣੀ ਸ਼ੁਰੂ ਕਰ ਦਿੱਤੀ। ਜਦੋਂ ਉਨ੍ਹਾਂ ਵਿਰੋਧ ਕੀਤਾ ਤੇ ਬਹਿਸ ਹੋਈ। ਉਸ ਨੇ ਅੱਗੋਂ ਧਮਕਾਇਆ ਤੇ ਸਿੱਖ ਹੋਣ ਉਤੇ ਨਸਲੀ ਟਿੱਪਣੀ ਕੀਤੀ। ਜਦੋਂ ਦੋਵੇਂ ਦੋਸਤ ਉਥੋਂ ਜਾਣ ਲੱਗੇ ਤਾਂ ਪਿੱਛੋਂ ਇਕ ਕਾਰ ਨਾਲ ਫੇਟ ਮਾਰ ਦਿੱਤੀ।

**ਇਨਸਾਫ ਲਈ ਮੋਮਬੱਤੀ ਮਾਰਚ:** ਗੁਰਪ੍ਰੀਤ ਸਿੰਘ ਲਈ ਇਨਸਾਫ ਦੀ ਆਵਾਜ਼ ਬੁਲੰਦ ਕਰਨ ਲਈ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮੋਮਬੱਤੀ ਮਾਰਚ ਕੱਢਿਆ ਗਿਆ। ਗੁਰਪ੍ਰੀਤ ਦੇ ਪਿਤਾ ਨੇ ਇਸ ਮੌਕੇ ਅਣਗਹਿਲੀ ਵਰਤਣ ਵਾਲੇ ਪੁਲਿਸ ਮੁਲਾਜ਼ਮਾਂ ਨੂੰ ਬਰਖਾਸਤ ਕਰਨ ਦੀ ਮੰਗ ਕੀਤੀ ਤੇ ਗੁਰਪ੍ਰੀਤ ਸਿੰਘ ਲਈ ਇਨਸਾਫ ਮੰਗਿਆ।


# INDIAN BAZAAR

334 S. Emerson Ave., GREENWOOD, IN 46143

ਹਰ ਤਰ੍ਹਾਂ ਦੀ ਭਾਰਤੀ ਗਰੌਸਰੀ ਤੇ ਮਿਠਾਈਆਂ ਲਈ ਮਸ਼ਹੂਰ

- ਖਾਣਾ ਸ਼ੁੱਧ ਵੈਸ਼ਨੋ, ਤਾਜ਼ਾ ਸਮੋਸੇ, ਚਾਟ, ਥਾਲੀ
- ਕੈਟਰਿੰਗ ਵੀ ਕਰਦੇ ਹਾਂ
- ਵੱਡੇ ਆਰਡਰ ਲਈ ਸਪੈਸ਼ਲ ਰੇਟ
- ਤਾਜ਼ਾ ਸਬਜ਼ੀਆਂ ਹਰ ਵੀਰਵਾਰ

ਤੁਹਾਡਾ ਆਪਣਾ ਸਾਫ ਸੁਥਰਾ ਗਰੌਸਰੀ ਸਟੋਰ

*ਇਕ ਵਾਰ ਜ਼ਰੂਰ ਦਰਸ਼ਨ ਦਿਓ, ਦੂਜੀ ਵਾਰ ਤੁਸੀਂ ਖੁਦ ਹੀ ਆਓਗੇ ਕਿਉਂਕਿ ਹਰ ਚੀਜ਼ ਤੁਹਾਨੂੰ ਵਧੀਆ ਕੁਆਲਿਟੀ 'ਚ ਅਤੇ ਵਾਜਬ ਰੇਟ 'ਤੇ ਮਿਲੇਗੀ।*




*ਸੱਤੇ ਦਿਨ ਖੁੱਲ੍ਹਾ-ਸਵੇਰੇ 9 ਵਜੇ ਤੋਂ ਰਾਤ 9 ਵਜੇ ਤੱਕ*

Ph: 317-534-5151, 916-524-0045

## Boy Wanted

**Brother-in-law Seeks Match for Punjabi Girl (Visiting Chicago), never married 42 years, 5'-3", beautiful, educated girl worked- JC Penney-Air France-Wealth Management firm. Parents Doctors Practicing Medicine New Delhi.**
**Boy must be educated and well settled.**
**Call Mr./Mrs. Saluja (630) 351-2121**
**or E-mail bio data/photo Saluja868@yahoo.com**

## Punjab Times

Our New E-mail: *Punjabtimes1@gmail.com*

# ਹਲਵਾਈ ਦੀ ਲੋੜ ਹੈ

ਇੰਡੀਅਨਐਪੋਲਿਸ (ਇੰਡੀਆਨਾ) ਵਿਚ ਇੰਡੀਅਨ ਸਟੋਰ ਲਈ ਮਿਠਾਈਆਂ ਬਣਾਉਣ ਵਾਲੇ ਕਾਰੀਗਰ ਦੀ ਲੋੜ ਹੈ। ਮੀਆਂ-ਬੀਵੀ ਵੀ ਹੋ ਸਕਦੇ ਹਨ। ਚੰਗੀ ਤਨਖਾਹ।
ਸੰਪਰਕ ਕਰੋ:
ਫੋਨ: 317-987-7802, 317-987-7801 37-39

# Desi Bazar

*916 E. Main Street #118, Greenwood, IN, 46143*
***Tel: 317-888-2040, Fax: 317-887-6116***

*We specialize in all kind of Indian Groceries and Sweets*

- FRESH VEGETABLES EVERY THURSDAY
- FRESH GOAT MEAT

*10% off on all Gurudwara supplies and Religious programs!!*

We Are Open 7 Days a Week

ਖੁੱਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ

# ਤੰਦੂਰੀਏ, ਡਿਸ਼ ਵਾਸ਼ਰ, ਹੈਲਪਰ ਅਤੇ ਵੇਟਰ ਦੀ ਲੋੜ ਹੈ

ਅਟਲਾਂਟਾ, ਜਾਰਜੀਆ 'ਚ ਵਧੀਆ ਚਲਦੇ ਇੰਡੀਅਨ ਰੈਸਟੋਰੈਂਟ ਲਈ ਅਨੁਭਵੀ ਤੰਦੂਰੀਏ, ਡਿਸ਼ ਵਾਸ਼ਰ, ਕਿਚਨ ਹੈਲਪਰ ਤੇ ਵੇਟਰ ਦੀ ਫੌਰੀ ਲੋੜ ਹੈ। ਜੋੜੇ ਨੂੰ ਤਰਜੀਹ। ਚੰਗੀ ਤਨਖਾਹ, ਮੁਫਤ ਰਿਹਾਇਸ਼

*ਸੰਪਰਕ ਕਰੋ*

ਫੋਨ: 757-240-9348

# ਹਨੀਪ੍ਰੀਤ ਦੇ ਪਤੀ ਨੇ ਦੱਸੀਆਂ ਰਾਮ ਰਹੀਮ ਦੀਆਂ ਕਰਤੂਤਾਂ

**ਚੰਡੀਗੜ੍ਹ:** ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਅਤੇ ਉਸ ਦੀ ਗੋਦ ਲਈ 'ਧੀ' ਹਨੀਪ੍ਰੀਤ ਬਾਰੇ ਕਈ ਖੁਲਾਸੇ ਹੋ ਰਹੇ ਹਨ। ਹਨੀਪ੍ਰੀਤ ਦੇ ਪਤੀ ਵਿਸ਼ਵਾਸ ਗੁਪਤਾ ਨੇ ਦੱਸਿਆ ਕਿ ਹਨੀਪ੍ਰੀਤ ਦੀ ਸੰਗਤ ਮਾਣਨ ਲਈ ਡੇਰਾ ਮੁਖੀ ਉਸ ਅੱਗੇ ਗਿੜਗਿੜਾਇਆ ਅਤੇ ਰੋਇਆ ਸੀ।

ਵਿਸ਼ਵਾਸ ਗੁਪਤਾ ਨੇ ਦੱਸਿਆ ਕਿ ਵਿਆਹ ਤੋਂ ਕਾਫੀ ਸਾਲਾਂ ਬਾਅਦ ਹਨੀਪ੍ਰੀਤ ਡੇਰਾ ਮੁਖੀ ਦਾ ਪਰਛਾਵਾਂ ਬਣਨ ਲੱਗੀ ਤਾਂ ਉਸ ਦਾ ਸ਼ੱਕ ਵਧਣ ਲੱਗ ਪਿਆ। ਵਿਸ਼ਵਾਸ ਅਨੁਸਾਰ ਡੇਰਾ ਮੁਖੀ ਵੱਲੋਂ ਹਨੀਪ੍ਰੀਤ ਨੂੰ ਆਪਣੀ ਧੀ ਬਣਾਉਣ ਤੋਂ ਬਾਅਦ ਉਸ (ਵਿਸ਼ਵਾਸ) ਨੂੰ ਸ਼ਾਹੀ ਪਰਿਵਾਰ ਵਾਲੀਆਂ ਸਾਰੀਆਂ ਸਹੂਲਤਾਂ ਮੁਹੱਈਆ ਕਰਾਈਆਂ ਗਈਆਂ ਤਾਂ ਜੋ ਉਹ (ਵਿਸ਼ਵਾਸ) ਲਾਲਚ ਵਿਚ ਆ ਕੇ ਅੱਖਾਂ ਬੰਦ ਕਰੀ ਰੱਖੇ। ਵਿਸ਼ਵਾਸ ਅਨੁਸਾਰ ਹਨੀਪ੍ਰੀਤ ਰਾਤ ਨੂੰ ਗੁਪਤ ਰਸਤੇ ਰਾਹੀਂ ਡੇਰਾ ਮੁਖੀ ਦੇ ਕਮਰੇ ਵਿਚ ਜਾਂਦੀ ਸੀ।

ਵਿਸ਼ਵਾਸ ਗੁਪਤਾ ਨੇ ਦੱਸਿਆ ਕਿ ਬਾਬੇ ਵੱਲੋਂ ਹਨੀਪ੍ਰੀਤ ਨੂੰ ਸਿਮਰਨ ਕਰਨ ਵਿਚ ਅੱਵਲ ਐਲਾਨ ਕੇ ਦਿੱਤਾ 50 ਹਜ਼ਾਰ ਰੁਪਏ ਦਾ ਇਨਾਮ ਉਸ ਲਈ ਸਰਾਪ ਸਿੱਧ ਹੋਇਆ ਕਿਉਂਕਿ ਉਸ ਦਿਨ ਹੀ ਬਾਬੇ ਨੇ ਹਨੀਪ੍ਰੀਤ ਨੂੰ ਆਪਣੀ ਧੀ ਬਣਾਉਣ ਦਾ ਐਲਾਨ ਕੀਤਾ ਸੀ। ਵਿਸ਼ਵਾਸ ਅਨੁਸਾਰ ਬਾਬੇ ਨੇ ਹਨੀਪ੍ਰੀਤ ਸਮੇਤ ਹੋਰ ਲੜਕੀਆਂ ਨੂੰ ਇਕ ਵਿਸ਼ੇਸ਼ ਕਮਰੇ ਵਿਚ 28 ਦਿਨ ਸਿਮਰਨ ਕਰਵਾਉਣ ਤੋਂ ਬਾਅਦ ਇਹ ਐਲਾਨ ਕੀਤਾ ਸੀ। ॥

ਹਨੀਪ੍ਰੀਤ ਨੇ ਜਦੋਂ 2009 ਵਿਚ ਬਾਬੇ ਦੀ 'ਧੀ' ਬਣ ਕੇ ਉਸ ਦਾ ਪੱਲਾ ਫੜ ਲਿਆ ਸੀ ਤਾਂ ਸੰਭਵ ਨਹੀਂ ਕਿ ਉਸ ਨੇ ਕਿਸੇ ਹੋਰ ਲੜਕੀ ਨੂੰ ਡੇਰਾ ਮੁਖੀ ਦੇ ਨੇੜੇ ਢੁੱਕਣ ਦਿੱਤਾ ਹੋਵੇ। ਉਸ ਨੇ ਕਿਹਾ ਕਿ ਪਿਛਲੇ ਕਈ ਸਾਲਾਂ ਤੋਂ ਹਨੀਪ੍ਰੀਤ ਹੀ ਡੇਰਾ ਮੁਖੀ ਲਈ ਸਭ ਕੁਝ ਸੀ ਅਤੇ ਡੇਰਾ ਮੁਖੀ ਆਪਣੀ ਪਤਨੀ ਸਮੇਤ ਸਮੁੱਚੇ ਪਰਿਵਾਰ ਤੋਂ ਬੇਪ੍ਰਵਾਹ ਸੀ। ਵਿਸ਼ਵਾਸ ਨੇ ਖੁਲਾਸਾ ਕੀਤਾ ਹੈ ਕਿ ਜਦੋਂ ਡੇਰਾ ਮੁਖੀ ਵੱਲੋਂ ਉਸ ਖਿਲਾਫ਼ ਪੰਜ ਝੂਠੇ ਕੇਸ ਦਰਜ ਕਰਵਾ ਕੇ ਅਤੇ ਉਨ੍ਹਾਂ ਦੀ ਕਰੋੜਾਂ ਰੁਪਏ ਦੀ ਜਾਇਦਾਦ ਹੜੱਪ ਕੇ ਬੁਰੀ ਤਰ੍ਹਾਂ ਹਤਾਸ਼ ਕਰ ਦਿੱਤਾ ਗਿਆ, ਇਸ ਮਗਰੋਂ ਉਨ੍ਹਾਂ ਨੂੰ ਮਜਬੂਰ ਹੋ ਕੇ ਡੇਰੇ ਦੇ ਗੁੰਡਿਆਂ ਤੋਂ ਖਹਿੜਾ ਛੁਡਾਉਣ ਲਈ ਮੁਆਫੀ ਮੰਗਣੀ ਪਈ ਸੀ। ਉਸ ਨੇ ਬਾਬੇ ਨੂੰ ਖਤ ਪੱਤਰ ਲਿਖ ਕੇ ਮੁਆਫੀ ਮੰਗਣ ਦੀ ਪੇਸ਼ਕਸ਼ ਕੀਤੀ ਸੀ।



## ਮੁਲਾਕਾਤੀਆਂ ਲਈ ਤਰਸੀਆਂ ਬਾਬੇ ਦੀਆਂ ਅੱਖਾਂ

**ਚੰਡੀਗੜ੍ਹ:** ਇਸ ਨੂੰ ਸਮੇਂ ਦਾ ਚੱਕਰ ਹੀ ਕਿਹਾ ਜਾ ਸਕਦਾ ਹੈ ਕਿ ਕੱਲ੍ਹ ਤੱਕ ਜਿਸ ਦੇ ਅੱਗੇ ਪਿੱਛੇ ਲੱਖਾਂ ਲੋਕ ਘੁੰਮਦੇ ਸਨ, ਅੱਜ ਉਸ ਦੀਆਂ ਅੱਖਾਂ ਮੁਲਾਕਾਤੀਆਂ ਨੂੰ ਦੇਖਣ ਲਈ ਤਰਸ ਗਈਆਂ ਹਨ। ਪਿਛਲੇ ਇਕ ਮਹੀਨੇ ਦੌਰਾਨ ਮੁਲਾਕਾਤੀਆਂ ਦੇ ਤੌਰ 'ਤੇ ਸਿਰਫ ਰਾਮ ਰਹੀਮ ਦੀ ਮਾਂ ਜਾਂ ਉਸ ਦਾ ਵਕੀਲ ਹੀ ਉਸ ਨੂੰ ਮਿਲਣ ਲਈ ਜੇਲ੍ਹ ਵਿਚ ਪਹੁੰਚੇ। ਸਾਧਵੀਂ ਜਬਰ ਜਨਾਹ ਮਾਮਲੇ 'ਚ ਵੀਹ ਸਾਲ ਦੀ ਸਜ਼ਾ ਕੱਟ ਰਹੇ ਗੁਰਮੀਤ ਰਾਮ ਰਹੀਮ ਨੇ ਜਿਥੇ ਇਕ ਪਾਸੇ ਆਪਣੀ ਪਤਨੀ ਹਰਜੀਤ ਕੌਰ ਦਾ ਨਾਂ ਮੁਲਾਕਾਤੀਆਂ ਦੀ ਸੂਚੀ ਵਿਚ ਦੇਣਾ ਠੀਕ ਨਹੀਂ ਸਮਝਿਆ, ਉਥੇ ਅੱਜ ਵੀ ਹਰਜੀਤ ਕੌਰ ਦਾ ਪਰਿਵਾਰ ਰਾਮ ਰਹੀਮ ਨਾਲ ਇਸ ਮੁਸੀਬਤ 'ਚ ਡਟ ਕੇ ਖੜ੍ਹਾ ਹੈ।

## ਡੇਰਾ ਮੁਖੀ ਸਜ਼ਾ ਖਿਲਾਫ ਹਾਈ ਕੋਰਟ ਪਹੁੰਚਿਆ

**ਚੰਡੀਗੜ੍ਹ:** ਬਲਾਤਕਾਰ ਦੇ ਮਾਮਲੇ 'ਚ ਸਜ਼ਾ ਸੁਣਾਏ ਜਾਣ ਮਗਰੋਂ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਨੇ ਪੰਜਾਬ-ਹਰਿਆਣਾ ਹਾਈ ਕੋਰਟ 'ਚ ਫੈਸਲੇ ਖਿਲਾਫ਼ ਪਟੀਸ਼ਨ ਦਾਖਲ ਕੀਤੀ ਹੈ। ਪਟੀਸ਼ਨ 'ਚ ਉਸ ਨੇ ਦਾਅਵਾ ਕੀਤਾ ਹੈ ਕਿ ਹੇਠਲੀ ਅਦਾਲਤ ਨੇ ਸਬੂਤਾਂ ਦਾ ਗਲਤ ਮਤਲਬ ਕੱਢਿਆ ਅਤੇ ਜ਼ਬਾਨੀ, ਦਸਤਾਵੇਜ਼ੀ ਅਤੇ ਹੋਰ ਸਬੂਤਾਂ 'ਤੇ ਠੀਕ ਢੰਗ ਨਾਲ ਵਿਚਾਰ ਨਹੀਂ ਕੀਤਾ।

## ਡੇਰੇ 'ਚੋਂ ਗੁਆਚਿਆਂ ਦੀ ਭਾਲ ਲਈ ਸ਼ਿਕਾਇਤਾਂ ਦਾ ਹੜ੍ਹ

**ਸਿਰਸਾ:** ਡੇਰਾ ਮੁਖੀ ਗੁਰਮੀਤ ਰਾਮ ਰਹੀਮ ਨੂੰ 20 ਸਾਲ ਦੀ ਸਜ਼ਾ ਹੋਣ ਤੋਂ ਬਾਅਦ ਉਸ ਖਿਲਾਫ਼ ਹੁਣ ਲੋਕ ਖੁੱਲ੍ਹ ਕੇ ਸਾਹਮਣੇ ਆਉਣ ਲੱਗ ਪਏ ਹਨ। ਡੇਰੇ ਵਿਚ ਰੁੱਖਾਂ ਹੇਠਾਂ ਮਨੁੱਖੀ ਪਿੰਜਰ ਦੱਬੇ ਹੋਣ ਦੀ ਸੂਚਨਾ ਤੋਂ ਬਾਅਦ ਭੈਭੀਤ ਕੁਝ ਲੋਕਾਂ ਨੇ ਸਿਰਸਾ ਥਾਣੇ 'ਚ ਸ਼ਿਕਾਇਤ ਦੇ ਕੇ ਡੇਰਾ ਸਿਰਸਾ ਵਿਚ ਗੁੰਮ ਹੋਏ ਆਪਣੇ ਪਰਿਵਾਰਕ ਮੈਂਬਰਾਂ ਦੀ ਭਾਲ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਨੇ ਦੋਸ਼ ਲਾਇਆ ਹੈ ਕਿ ਉਨ੍ਹਾਂ ਦਾ ਪੁੱਤਰ, ਪਤੀ, ਧੀ ਅਤੇ ਹੋਰ ਰਿਸ਼ਤੇਦਾਰ ਡੇਰੇ ਨਾਲ ਜੁੜੇ ਹੋਏ ਸਨ ਅਤੇ ਇਥੇ ਆਉਣ ਤੋਂ ਬਾਅਦ ਲਾਪਤਾ ਹਨ। ਦਰਅਸਲ, ਬਾਬਾ 'ਤੇ ਦੋਸ਼ ਲੱਗੇ ਹਨ ਕਿ ਡੇਰੇ ਅੰਦਰ ਜੋ ਵੀ ਵਿਅਕਤੀ ਬਾਬੇ ਦੇ ਰਾਜ ਜਾਣ ਜਾਂਦਾ ਸੀ, ਉਸ ਦੀ ਹੱਤਿਆ ਕਰ ਕੇ ਲਾਸ਼ ਨੂੰ ਜ਼ਮੀਨ 'ਚ ਦੱਬ ਦਿੱਤੀ ਜਾਂਦੀ ਸੀ।

## ਹਨੀਪ੍ਰੀਤ ਦੇ ਰੂਪੋਸ਼ ਹੋਣ ਪਿੱਛੇ ਸਰਕਾਰ ਦਾ ਹੱਥ?



**ਚੰਡੀਗੜ੍ਹ:** ਹਨੀਪ੍ਰੀਤ ਦੇ ਗਾਇਬ ਹੋਣ ਬਾਰੇ ਖੁਲਾਸੇ ਹਰਿਆਣਾ ਸਰਕਾਰ ਦੀ ਨੀਅਤ ਵਿਚ ਖੋਟ ਵੱਲ ਇਸ਼ਾਰਾ ਕਰ ਰਹੇ ਹਨ। ਪਿਛਲੇ ਦਿਨੀਂ ਐਸ.ਆਈ.ਟੀ. ਵੱਲੋਂ ਕੀਤੀ ਪੁੱਛਗਿੱਛ ਵਿਚ ਡੇਰੇ ਦੀ ਚੇਅਰਪਰਸਨ ਵਿਪਾਸਨਾ ਨੇ ਮੰਨਿਆ ਸੀ ਕਿ 25 ਅਗਸਤ ਨੂੰ ਰਾਮ ਰਹੀਮ ਨੂੰ ਹੈਲੀਕਾਪਟਰ ਰਾਹੀਂ ਰੋਹਤਕ ਦੀ ਸੁਨਾਰੀਆ ਜੇਲ੍ਹ ਛੱਡਣ ਤੋਂ ਬਾਅਦ ਹਨੀਪ੍ਰੀਤ ਡੇਰਾ ਸੱਚਾ ਸੌਦਾ ਸਿਰਸਾ ਵਿਚ ਆਈ ਸੀ। 26 ਅਗਸਤ ਨੂੰ ਉਹ ਡੇਰੇ ਤੋਂ ਚਲੀ ਗਈ ਸੀ। ਉਸ ਤੋਂ ਬਾਅਦ ਉਨ੍ਹਾਂ ਦਾ ਹਨੀਪ੍ਰੀਤ ਨਾਲ ਕੋਈ ਸੰਪਰਕ ਨਹੀਂ ਹੋਇਆ।

ਡੇਰਾ ਮੁਖੀ ਦੀ 25 ਅਗਸਤ ਨੂੰ ਪੰਚਕੂਲਾ ਸੀ.ਬੀ.ਆਈ. ਕੋਰਟ ਵਿਚ ਪੇਸ਼ੀ ਦੇ ਸਨਮੁਖ 24 ਅਗਸਤ ਦੀ ਰਾਤ ਤੋਂ ਹੀ ਸਿਰਸਾ ਸ਼ਹਿਰ ਤੇ ਡੇਰੇ ਵਾਲੇ ਪਾਸੇ ਤਿੰਨ ਥਾਂਵਾਂ ਉਤੇ ਕਰਫਿਊ ਲਗਾ ਦਿੱਤਾ ਗਿਆ ਸੀ। ਅਰਧ-ਸੈਨਿਕ ਬਲਾਂ ਦੇ ਨਾਲ ਹੀ ਫੌਜ ਦੀਆਂ 10 ਕੰਪਨੀਆਂ ਸਿਰਸਾ 'ਚ ਤਾਇਨਾਤ ਕੀਤੀਆਂ ਗਈਆਂ ਸਨ। ਡੇਰੇ ਵੱਲ ਸਭ ਤੋਂ ਜ਼ਿਆਦਾ ਸੁਰੱਖਿਆ ਕੀਤੀ ਗਈ ਸੀ। ਹੁਣ ਸਵਾਲ ਇਹ ਹੈ ਕਿ ਜੇਕਰ ਹਨੀਪ੍ਰੀਤ 25 ਨੂੰ ਡੇਰੇ 'ਚ ਆਈ ਸੀ ਤਾਂ ਉਹ ਗਾਇਬ ਕਿਵੇਂ ਹੋ ਗਈ।

# ਨਾਮ ਚਰਚਾ ਘਰ 'ਤੇ ਹਮਲੇ ਦੇ ਦੋਸ਼ਾਂ ਵਿਚੋਂ 56 ਸਿੱਖ ਕਾਰਕੁਨ ਬਰੀ

**ਸੰਗਰੂਰ:** ਅਦਾਲਤ ਨੇ ਦਸ ਸਾਲ ਪਹਿਲਾਂ ਸੁਨਾਮ ਵਿਚ ਡੇਰਾ ਸਿਰਸਾ ਨਾਲ ਸਬੰਧਤ ਨਾਮ ਚਰਚਾ ਘਰ ਉਪਰ ਹਮਲਾ ਕਰਨ ਤੇ ਹੋਰ ਵੱਖ-ਵੱਖ ਦੋਸ਼ਾਂ ਤਹਿਤ ਕੇਸ ਦਾ ਫੈਸਲਾ ਸੁਣਾਉਂਦਿਆਂ 56 ਸਿੱਖ ਕਾਰਕੁਨਾਂ ਨੂੰ ਬਰੀ ਕਰ ਦਿੱਤਾ ਹੈ। ਦੋ ਡੇਰਾ ਪ੍ਰੇਮੀਆਂ ਵੱਲੋਂ ਵੱਖ-ਵੱਖ ਦੋਸ਼ਾਂ ਤਹਿਤ ਸਿੱਖ ਕਾਰਕੁਨਾਂ ਖਿਲਾਫ਼ ਇਸਤਗਾਸਾ ਦਾਇਰ ਕੀਤਾ ਗਿਆ ਸੀ। ਜਾਣਕਾਰੀ ਅਨੁਸਾਰ ਡੇਰਾ ਵਿਵਾਦ ਦੇ ਚੱਲਦਿਆਂ 17 ਮਈ, 2007 ਨੂੰ ਸੁਨਾਮ ਵਿਚ ਡੇਰਾ ਪ੍ਰੇਮੀਆਂ ਅਤੇ ਸਿੱਖ ਕਾਰਕੁਨਾਂ ਵਿਚਕਾਰ ਟਕਰਾਅ ਹੋਇਆ ਸੀ। ਇਸ ਦੌਰਾਨ ਸਿੱਖ ਕਾਰਕੁਨ ਭਾਈ ਕਮਲਜੀਤ ਸਿੰਘ ਦੀ ਮੌਤ ਹੋ ਗਈ ਸੀ ਜਿਸ ਦੇ ਕਤਲ ਦੇ ਦੋਸ਼ ਹੇਠ ਕੇਸ ਦਾ ਫੈਸਲਾ ਪਹਿਲਾਂ ਹੀ ਹੋ ਚੁੱਕਾ ਹੈ। ਇਸ ਘਟਨਾ ਤੋਂ ਕਰੀਬ 11 ਮਹੀਨਿਆਂ ਬਾਅਦ ਡੇਰਾ ਸਿਰਸਾ ਨਾਲ ਸਬੰਧਤ ਦੋ ਡੇਰਾ ਪ੍ਰੇਮੀਆਂ ਸਾਧਾ ਸਿੰਘ ਵਾਸੀ ਭੂਟਾਲ ਖੁਰਦ ਅਤੇ ਅਜੈਬ ਸਿੰਘ ਵਾਸੀ ਖੜਿਆਲ ਨੇ 21 ਅਪਰੈਲ 2008 ਨੂੰ ਅਦਾਲਤ ਵਿਚ ਇਸਤਗਾਸਾ ਦਾਇਰ ਕੀਤਾ ਸੀ ਜਿਸ ਵਿਚ ਭੜਕੀ ਭੀੜ ਵੱਲੋਂ ਡੇਰੇ ਉਪਰ ਹਮਲਾ ਕਰਨ, ਬਾਹਰ ਖੜ੍ਹੇ ਸਕੂਟਰ-ਮੋਟਰਸਾਈਕਲਾਂ ਨੂੰ ਅੱਗ ਲਗਾਉਣ ਅਤੇ ਮੁੱਖ ਗੇਟ ਨੂੰ ਤੋੜਨ ਆਦਿ ਦੇ ਦੋਸ਼ ਲਗਾਏ ਗਏ ਸਨ। ਇਨ੍ਹਾਂ ਦੋਸ਼ਾਂ ਤਹਿਤ 56 ਜਣਿਆਂ ਖਿਲਾਫ਼ ਸੁਣਵਾਈ ਚੱਲ ਰਹੀ ਸੀ।

# ਧਰਤੀ ਬਾਰੇ ਹੁਣ ਤੱਕ ਵੀ ਸਭ ਤੋਂ ਵੱਡੀ ਖੋਜ

**ਬਰਲਿਨ:** ਸੌਰ ਮੰਡਲ ਵਿਚ ਛੋਟੇ ਗ੍ਰਹਿ ਘੇਰੇ ਵਿਚ ਵਿਗਿਆਨਕਾਂ ਨੇ ਹੱਬਲ ਸਪੇਸ ਦੂਰਬੀਨ ਦੀ ਮਦਦ ਨਾਲ ਇਕ-ਦੂਸਰੇ ਦਾ ਚੱਕਰ ਲਾਉਣ ਵਾਲੇ ਦੋ ਛੋਟੇ ਗ੍ਰਹਿਆਂ ਦੀ ਖੋਜ ਕੀਤੀ ਹੈ। ਖੋਜ ਕਰਨ ਵਾਲੇ ਵਿਗਿਆਨਕਾਂ ਵਿਚ ਭਾਰਤੀ ਮੂਲ ਦੀ ਇਕ ਖੋਜ ਕਰਤਾ ਵੀ ਸ਼ਾਮਲ ਸੀ।

ਦੋਵੇਂ ਛੋਟੇ ਗ੍ਰਹਿਆਂ 'ਚ ਧੂਮਕੇਤੂ ਵਰਗੀਆਂ ਵਿਸ਼ੇਸ਼ਤਾਵਾਂ ਵੇਖਣ ਨੂੰ ਮਿਲੀਆਂ। ਇਨ੍ਹਾਂ ਵਿਚ ਕੋਮਾ (ਇਕ ਚਮਕੀਲਾ ਪਦਾਰਥ) ਅਤੇ ਧੂੜ ਸ਼ਾਮਲ ਹੈ। ਇਨ੍ਹਾਂ ਛੋਟੇ ਗ੍ਰਹਿਆਂ 'ਤੇ ਖੋਜ ਨਾਲ ਸੌਰ ਮੰਡਲ ਦੇ ਸ਼ੁਰੂਆਤੀ ਦਿਨਾਂ ਦੀ ਜਾਣਕਾਰੀ ਮਿਲਣ ਦੇ ਨਾਲ ਧਰਤੀ 'ਤੇ ਅਰਬਾਂ ਸਾਲ ਪਹਿਲਾਂ ਪਾਣੀ ਦੀ ਉਤਪਤੀ ਦੇ ਰਹੱਸ ਤੋਂ ਵੀ ਪਰਦਾ ਉਠ ਸਕਦਾ ਹੈ। ਸਤੰਬਰ 2016 ਵਿਚ ਹੱਬਲ ਦੂਰਬੀਨ ਦੀ ਵਰਤੋਂ ਕਰ ਕੇ 'ਛੋਟਾ ਗ੍ਰਹਿ' ਦੀ ਪਹਿਲੀ ਤਸਵੀਰ ਲਈ ਗਈ ਸੀ।

ਉਸ ਵਕਤ ਇਹ ਸੂਰਜ ਦੇ ਸਭ ਤੋਂ ਨਜ਼ਦੀਕ ਪੁੱਜਣ ਵਾਲਾ ਸੀ। ਤਸਵੀਰਾਂ ਦੀ ਡੂੰਘਾਈ ਨਾਲ ਜਾਂਚ ਪਿੱਛੋਂ ਪਤਾ ਚੱਲਿਆ ਕਿ ਇਹ ਇਕ ਨਹੀਂ ਬਲਕਿ ਸਮਾਨ ਵਜ਼ਨ ਅਤੇ ਆਕਾਰ ਵਾਲੇ ਦੋ ਛੋਟੇ ਗ੍ਰਹਿ ਹਨ ਜੋ 96 ਕਿਲੋਮੀਟਰ ਦੀ ਦੂਰੀ 'ਤੇ ਇਕ-ਦੂਸਰੇ ਦਾ ਚੱਕਰ ਕੱਟ ਰਹੇ ਹਨ। ਇਸ ਤੋਂ ਪਹਿਲੇ ਸਪੇਸਵਾਚ ਪ੍ਰੋਜੈਕਟ ਤਹਿਤ ਨਵੰਬਰ 2006 ਵਿਚ ਵੀ ਵਿਗਿਆਨਕਾਂ ਨੇ 'ਛੋਟਾ ਗ੍ਰਹਿ' ਦੀ ਖੋਜ ਕਰ ਲਈ ਸੀ ਪਰ ਨਵੰਬਰ 2011 ਵਿਚ ਇਨ੍ਹਾਂ ਵਿਚ ਧੂਮਕੇਤੂ ਵਰਗੇ ਸੰਭਾਵਿਤ ਲੱਛਣਾਂ ਦਾ ਪਤਾ ਲਗਾਇਆ ਗਿਆ। ਦੱਸਣਯੋਗ ਹੈ ਕਿ ਸਪੇਸਵਾਚ ਅਤੇ ਪੈਨ-ਸਟਾਰਸ ਦੋਵੇਂ ਹੀ ਨਾਸਾ ਦੇ ਛੋਟੇ ਗ੍ਰਹਿ ਸਰਵੇ ਪ੍ਰੋਜੈਕਟ ਦਾ ਹਿੱਸਾ ਹੈ।



## ਛੇਵੇਂ ਸਮੂਹਿਕ ਵਿਨਾਸ਼ ਵੱਲ ਵਧ ਰਹੀ ਹੈ ਧਰਤੀ

**ਬੋਸਟਨ:** ਮਹਾਂਸਾਗਰਾਂ ਵਿਚ ਕਾਰਬਨ ਦਾ ਵਧ ਰਿਹਾ ਪੱਧਰ ਸਾਲ 2100 ਤੱਕ ਧਰਤੀ ਦੇ ਇਤਿਹਾਸ ਦੇ ਛੇਵੇਂ ਸਮੂਹਿਕ ਵਿਨਾਸ਼ ਦਾ ਕਾਰਨ ਬਣ ਸਕਦਾ ਹੈ। 'ਮੈਸਾਚੁਸਟਸ ਇੰਸਟੀਚਿਊਟ ਆਫ ਤਕਨਾਲੋਜੀ' (ਐਮ.ਆਈ.ਟੀ.) ਦੇ ਵਿਗਿਆਨੀਆਂ ਨੇ 54 ਕਰੋੜ ਸਾਲਾਂ ਦੇ ਅੰਕੜਿਆਂ ਦੇ ਵਿਸ਼ਲੇਸ਼ਣ ਤੋਂ ਬਾਅਦ ਇਹ ਭਵਿੱਖਬਾਣੀ ਕੀਤੀ। ਅਮਰੀਕਾ ਆਧਾਰਤ ਐਮ.ਆਈ.ਟੀ. ਦੇ ਖੋਜਾਰਥੀਆਂ ਨੇ 54 ਕਰੋੜ ਤੋਂ ਵੱਧ ਸਾਲਾਂ ਦੇ ਕਾਰਬਨ ਚੱਕਰ ਵਿਚਲੀਆਂ ਅਹਿਮ ਤਬਦੀਲੀਆਂ ਤੋਂ ਇਲਾਵਾ ਪੰਜ ਸਮੂਹਿਕ ਵਿਨਾਸ਼ਾਂ ਦੇ ਤੱਥਾਂ ਨੂੰ ਵਿਚਾਰਿਆ। ਉਨ੍ਹਾਂ ਪਾਇਆ ਕਿ ਕਾਰਬਨ ਚੱਕਰ ਵਿਚ ਕਈ ਗੁਣਾ ਤਬਦੀਲੀ ਹੋਈ ਹੈ।

# ਕੈਲੰਡਰ ਵਿਵਾਦ ਕਾਰਨ ਮੁੜ ਭੰਬਲਭੂਸਾ

**ਅੰਮ੍ਰਿਤਸਰ:** ਕੈਲੰਡਰ ਵਿਵਾਦ ਕਾਰਨ ਗੁਰਪੁਰਬਾਂ ਦੀਆਂ ਤਰੀਕਾਂ ਬਾਰੇ ਭੰਬਲਭੂਸਾ ਜਾਰੀ ਹੈ। ਸੰਨ 2003 ਵਿਚ ਲਾਗੂ ਕੀਤੇ ਗਏ ਮੂਲ ਨਾਨਕਸ਼ਾਹੀ ਕੈਲੰਡਰ ਤੇ ਬਾਅਦ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਇਸ ਕੈਲੰਡਰ ਵਿਚ ਕੀਤੀਆਂ ਸੋਧਾਂ ਕਾਰਨ ਗੁਰਪੁਰਬਾਂ ਦੀਆਂ ਮਿਤੀਆਂ ਸਬੰਧੀ ਮੂਲ ਨਾਨਕਸ਼ਾਹੀ ਕੈਲੰਡਰ ਦੇ ਹਾਮੀਆਂ ਤੇ ਸ਼੍ਰੋਮਣੀ ਕਮੇਟੀ ਦਰਮਿਆਨ ਵਿਵਾਦ ਚੱਲਦਾ ਆ ਰਿਹਾ ਹੈ। ਗੁਰੂ ਨਗਰੀ ਅੰਮ੍ਰਿਤਸਰ ਦੇ ਬਾਨੀ ਸ੍ਰੀ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਪੁਰਬ ਵੀ ਕਈ ਵਰ੍ਹਿਆਂ ਤੋਂ ਦੋ ਵੱਖ-ਵੱਖ ਮਿਤੀਆਂ ਨੂੰ ਮਨਾਇਆ ਜਾਂਦਾ ਆ ਰਿਹਾ ਹੈ।

ਪਾਲ ਸਿੰਘ ਪੁਰੇਵਾਲ ਵੱਲੋਂ ਤਿਆਰ ਕੀਤੇ ਗਏ ਨਾਨਕਸ਼ਾਹੀ ਕੈਲੰਡਰ ਅਨੁਸਾਰ ਚੌਥੀ ਪਾਤਸ਼ਾਹੀ ਦੇ ਪ੍ਰਕਾਸ਼ ਪੁਰਬ ਦੀ ਤਰੀਕ ਅੰਗਰੇਜ਼ੀ ਮਹੀਨੇ ਅਨੁਸਾਰ ਹਰ ਸਾਲ ਲਈ 9 ਅਕਤੂਬਰ ਨਿਰਧਾਰਤ ਕੀਤੀ ਗਈ ਸੀ। ਕੁਝ ਵਰ੍ਹੇ ਇਹ ਪੁਰਬ ਇਸੇ ਤਰ੍ਹਾਂ ਮਨਾਇਆ ਜਾਂਦਾ ਰਿਹਾ, ਪਰ ਬਾਅਦ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਇਸ ਕੈਲੰਡਰ ਵਿਚ ਸੋਧਾਂ ਕਰ ਕੇ ਇਹ ਪੁਰਬ ਨਾਨਕਸ਼ਾਹੀ ਦੀ ਥਾਂ ਬਿਕਰਮੀ ਕੈਲੰਡਰ ਅਨੁਸਾਰ ਮਨਾਉਣਾ ਸ਼ੁਰੂ ਕਰ ਦਿੱਤਾ ਗਿਆ। ਇਸ ਵਾਰ ਵੀ ਇਹ ਪ੍ਰਕਾਸ਼ ਪੁਰਬ ਨਿਰਧਾਰਤ 9 ਅਕਤੂਬਰ ਦੀ ਥਾਂ ਸ਼੍ਰੋਮਣੀ ਕਮੇਟੀ ਵੱਲੋਂ 7 ਅਕਤੂਬਰ ਨੂੰ ਮਨਾਇਆ ਜਾ ਰਿਹਾ ਹੈ, ਜਦਕਿ ਮੂਲ ਨਾਨਕਸ਼ਾਹੀ ਦੇ ਹਮਾਇਤੀ ਸਿੱਖ ਜਥੇਬੰਦੀਆਂ ਜਿਨ੍ਹਾਂ ਵਿਚ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਸਮੇਤ ਵਿਦੇਸ਼ ਦੀਆਂ ਕਈ ਸਿੱਖ ਸੁਸਾਇਟੀਆਂ ਤੇ ਪੰਥਕ ਤਾਲਮੇਲ ਸੰਗਠਨ ਆਦਿ ਸ਼ਾਮਲ ਹਨ, ਵੱਲੋਂ ਇਸ ਵਾਰ ਵੀ ਇਹ ਪ੍ਰਕਾਸ਼ ਪੁਰਬ ਸ਼੍ਰੋਮਣੀ ਕਮੇਟੀ ਵੱਲੋਂ ਐਲਾਨੇ 7 ਅਕਤੂਬਰ ਦੀ ਥਾਂ 9 ਅਕਤੂਬਰ ਨੂੰ ਹੀ ਮਨਾਉਣ ਦਾ ਫੈਸਲਾ ਕੀਤਾ ਗਿਆ ਹੈ।




# ਸਨਅਤ ਲਈ ਤਬਾਹਕੁਨ ਸਾਬਤ ਹੋਇਆ ਜੀ.ਐਸ.ਟੀ.

**ਚੰਡੀਗੜ੍ਹ:** ਗੁੱਡਜ਼ ਤੇ ਸਰਵਿਸਜ਼ ਟੈਕਸ (ਜੀ.ਐਸ.ਟੀ.) ਪੰਜਾਬ ਦੀ ਪਹਿਲਾਂ ਹੀ ਡਾਵਾਂਡੋਲ ਆਰਥਿਕਤਾ ਲਈ ਤਬਾਹਕੁਨ ਸਾਬਤ ਹੋਇਆ ਜਾਪਦਾ ਹੈ। 'ਇੰਟੈਗ੍ਰੇਟਿਡ ਗੁੱਡਜ਼ ਤੇ ਸਰਵਿਸਿਜ਼ ਟੈਕਸ' (ਆਈ.ਜੀ.ਐਸ.ਟੀ.) ਅਤੇ 'ਕੇਂਦਰੀ ਗੁੱਡਜ਼ ਤੇ ਸਰਵਿਸਜ਼ ਟੈਕਸ' (ਸੀ.ਜੀ.ਐਸ.ਟੀ.) ਦੀ ਮਾਮੂਲੀ ਜਿਹੀ ਉਗਰਾਹੀ ਕਾਰਨ ਨਾ ਸਿਰਫ ਸਰਕਾਰ ਨੂੰ ਝਟਕਾ ਲੱਗਿਆ ਹੈ, ਸਗੋਂ ਇਸ ਨਾਲ ਸਨਅਤ ਨੂੰ ਵੀ ਤਕੜੀ ਸੱਟ ਵੱਜੀ ਹੈ।




ਸੂਬੇ ਦੀ ਸਨਅਤ ਨੇ ਝੋਰਾ ਪ੍ਰਗਟ ਕੀਤਾ ਕਿ ਉਸ ਨੂੰ ਨਕਦੀ ਦੀ ਹੁਣ ਤੱਕ ਦੀ ਸਭ ਤੋਂ ਵੱਡੀ ਕਿੱਲਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਸਨਅਤੀ ਉਤਪਾਦਨ ਇਸ ਹੱਦ ਤੱਕ ਘਟ ਗਿਆ ਹੈ, ਜਿੰਨਾ ਪਹਿਲਾਂ ਕਦੇ ਨਹੀਂ ਘਟਿਆ। ਸਰਕਾਰ ਕੋਲ ਜੀ.ਐਸ.ਟੀ. ਰਿਫੰਡ ਵਿਚ ਕਾਫੀ ਪੈਸਾ ਫਸਣ ਬਾਰੇ ਦੱਸਦਿਆਂ ਸੂਬੇ ਦੇ ਬਰਾਮਦਕਾਰਾਂ ਦਾ ਕਹਿਣਾ ਹੈ ਕਿ ਉਨ੍ਹਾਂ ਦੀ 30 ਤੋਂ 56 ਫੀਸਦੀ ਨਕਦੀ ਰਿਫੰਡਾਂ ਵਿਚ ਫਸੀ ਹੋਈ ਹੈ। ਇਸ ਦਾ ਮਤਲਬ ਹੈ ਕਿ ਕੱਚੇ ਮਾਲ, ਤਿਆਰ ਸਾਮਾਨ ਦੀ ਢੋਆ-ਢੁਆਈ ਅਤੇ ਹੋਰ ਮੁਲਕਾਂ ਨੂੰ ਸਾਮਾਨ ਭੇਜਣ ਲਈ ਸਨਅਤ ਕੋਲ ਪੈਸਾ ਨਹੀਂ ਹੈ।

ਲੁਧਿਆਣਾ ਵਿਚ ਕਾਰਾਂ ਦਾ ਸਾਜ਼ੋ-ਸਾਮਾਨ ਬਣਾਉਣ ਵਾਲੇ ਇਕ ਵੱਡੇ ਉਤਪਾਦਕ ਨੇ ਨਾਮ ਨਾ ਛਾਪਣ ਦੀ ਸ਼ਰਤ ਉਤੇ ਦੱਸਿਆ ਕਿ ਉਧਾਰ ਅਤੇ ਨਕਦੀ ਚੱਕਰ ਹੁਣ ਟੁੱਟ ਗਿਆ ਹੈ। ਉਨ੍ਹਾਂ ਕਿਹਾ ਕਿ ਲੁਧਿਆਣਾ ਵਿਚ ਅਦਾਇਗੀ ਦਾ ਚੱਕਰ ਦੋ ਜਾਂ ਤਿੰਨ ਮਹੀਨਿਆਂ ਤੱਕ ਦਾ ਸੀ, ਜਦੋਂ ਕਿ ਉਧਾਰ ਆਪੋ-ਆਪਣੇ ਖਰੀਦਦਾਰਾਂ ਮੁਤਾਬਕ ਸੀ। ਪਹਿਲਾਂ 'ਵੈਲਯੂ ਐਡਿਡ ਟੈਕਸ' (ਵੈਟ) ਦਰ ਜੀ.ਐਸ.ਟੀ. ਤੋਂ ਘੱਟ ਸੀ, ਜਿਸ ਕਾਰਨ ਰਿਫੰਡ ਵੀ ਘੱਟ ਹੁੰਦਾ ਸੀ। ਵੈਟ ਹਰ ਤੀਜੇ ਮਹੀਨੇ ਅਦਾ ਕੀਤਾ ਜਾਂਦਾ ਸੀ, ਜਦੋਂ ਕਿ ਜੀ.ਐਸ.ਟੀ. ਹਰੇਕ ਮਹੀਨੇ ਭਰਨਾ ਪਵੇਗਾ ਅਤੇ ਟੈਕਸ ਦਰ ਵੀ ਵੱਧ ਹੈ। ਇਸ ਕਾਰਨ ਪੂੰਜੀ ਦਾ ਵੱਡਾ ਹਿੱਸਾ ਹੁਣ ਜੀ.ਐਸ.ਟੀ. ਵਿਚ ਜਾ ਰਿਹਾ ਹੈ, ਜਦੋਂ ਕਿ ਰਿਫੰਡਾਂ ਦਾ ਇੰਤਜ਼ਾਰ ਹੈ। ਨਕਦੀ ਦੀ ਕਮੀ ਕਾਰਨ ਉਤਪਾਦਨ ਵਿਚ ਕਟੌਤੀ ਲਈ ਮਜਬੂਰ ਹੋਣਾ ਪੈ ਰਿਹਾ ਹੈ।

# ਪੰਜਾਬੀਆਂ ਦਾ ਮਾਣ ਸੀ ਅਫਜ਼ਲ ਅਹਿਸਨ ਰੰਧਾਵਾ

**ਸ਼ਰਧਾਂਜਲੀ**

***ਅਫਜ਼ਲ ਅਹਿਸਨ ਰੰਧਾਵਾ ਸ਼ਾਇਰ ਸੀ, ਅਫਸਾਨਾਨਿਗਾਰ ਤੇ ਨਾਵਲਕਾਰ ਵੀ ਸੀ। ਉਸ ਦੀਆਂ ਲਿਖਤਾਂ ਵਿਚ ਵੰਡ ਤੋਂ ਪਹਿਲਾਂ ਦਾ ਪੰਜਾਬ ਡਲ੍ਹਕਾਂ ਮਾਰਦਾ ਨਜ਼ਰ ਆਉਂਦਾ ਹੈ। ਉਸ ਦੀਆਂ ਲਿਖਤਾਂ ਜਦੋਂ ਗੁਰਮੁਖੀ ਵਿਚ ਛਪੀਆਂ ਤਾਂ ਇਕ ਦਮ ਇਧਰਲੇ ਪੰਜਾਬ ਵਿਚ ਵੀ ਛਾ ਗਈਆਂ। 1937 ਵਿਚ ਜਨਮਿਆ ਅਫਜ਼ਲ ਅਹਿਸਨ ਰੰਧਾਵਾ ਲੰਘੀ 18 ਸਤੰਬਰ ਨੂੰ ਫੌਤ ਪਾ ਗਿਆ। ਹਥਲੇ ਲੇਖ ਵਿਚ ਅਫਸਾਨਾਨਿਗਾਰ ਅਤੇ ਪੰਜਾਬੀ ਟ੍ਰਿਬਿਊਨ ਦੇ ਸਾਬਕਾ ਸੰਪਾਦਕ ਗੁਲਜ਼ਾਰ ਸਿੰਘ ਸੰਧੂ ਨੇ ਮਰਹੂਮ ਰੰਧਾਵਾ ਨਾਲ ਮੁਲਾਕਾਤਾਂ ਦੇ ਕੁਝ ਪੱਤਰੇ ਫਰੋਲੇ ਹਨ। -ਸੰਪਾਦਕ***

ਸਾਲ 1987 ਅੰਤਲੇ ਸਾਹ ਲੈ ਰਿਹਾ ਸੀ। ਨਵੀਂ ਦਿੱਲੀ ਦੇ ਫਿੱਕੀ ਆਡੀਟੋਰੀਅਮ ਵਿਚ ਪੰਜਾਬੀ ਸਾਹਿਤਕਾਰਾਂ ਦਾ ਵੱਡਾ ਸਮਾਗਮ ਸੀ। ਤਿੰਨ ਦਿਨ ਚੱਲਣਾ ਸੀ-29 ਤੋਂ 31 ਦਸੰਬਰ ਤਕ। ਚਲਾਉਣ ਵਾਲੀ ਸੀ ਅਜੀਤ ਕੌਰ। ਉਸ ਨੇ ਇਸ ਜਸ਼ਨ ਨੂੰ ਅੰਤਰਰਾਸ਼ਟਰੀ ਕਹਾਣੀ ਦਰਬਾਰ ਦਾ ਨਾਂ ਦਿੱਤਾ ਹੋਇਆ ਸੀ। ਇਸ ਵਿਚ ਕਹਾਣੀਕਾਰ ਵੀ ਹਾਜ਼ਰ ਸਨ ਤੇ ਪਾਰਖੂ ਵੀ।

ਇਸ ਅੰਤਰਰਾਸ਼ਟਰੀ ਦਰਬਾਰ ਵਿਚ ਦੋ ਬੰਦੇ ਜਿੱਧਰ ਵੀ ਜਾਂਦੇ, ਸਭ ਦੀਆਂ ਨਜ਼ਰਾਂ ਉਨ੍ਹਾਂ ਦੇ ਪਿੱਛੇ-ਪਿੱਛੇ ਤੁਰਦੀਆਂ। ਉਨ੍ਹਾਂ ਵਿਚੋਂ ਇੱਕ ਰਾਜਪੂਤੀ ਮੁੱਛਾਂ ਵਾਲਾ ਸਵਾ ਛੇ ਫੁੱਟ ਲੰਮਾ ਸਲਵਾਰ-ਕਮੀਜ਼ ਵਿਚ ਮਲਬੂਸ ਪੰਜਾਹ ਸਾਲਾ ਗੱਭਰੂ ਸੀ, ਦੂਜੇ ਦੀ ਸਲਵਾਰ-ਕਮੀਜ਼ ਤੇ ਜੈਕੇਟ ਤਾਂ ਉਸ ਦੇ ਕੱਦ ਜਿੰਨੀ ਮਧਰੀ ਸੀ, ਪਰ ਪਗੜੀ ਮੁੱਲਾਂ ਤੇ ਮੁਲਾਣਿਆਂ ਵਾਲੀ, ਆਮ ਨਾਲੋਂ ਦੁੱਗਣੇ ਆਕਾਰ ਦੀ। ਪਗੜੀ ਦਾ ਰੰਗ ਸੂਰਜੀ ਕਿਰਨਾਂ ਦੀ ਭਾਹ ਮਾਰਦਾ ਸੀ। ਪੁੱਛਣ 'ਤੇ ਪਤਾ ਲੱਗਾ ਕਿ ਪਹਿਲਾਂ 'ਗੱਭਰੂ' ਅਫਜ਼ਲ ਅਹਿਸਨ ਰੰਧਾਵਾ ਸੀ। ਦੂਜਾ, ਸਿੱਬਤ-ਉਲ-ਹਸਨ ਜ਼ੈਗਮ। ਉਹ ਦੋਵੇਂ ਮੇਰੇ ਨਾਂ ਤੋਂ ਜਾਣੂ ਸਨ। ਅਫਸਾਨਿਆਂ ਦੇ ਲੇਖਕ ਵਜੋਂ ਨਹੀਂ ਸਗੋਂ 'ਪੰਜਾਬੀ ਟ੍ਰਿਬਿਊਨ' ਦੇ ਸੰਪਾਦਕ ਵਜੋਂ।

5 ਚੋਪੇ ਅਫਜ਼ਲ ਅਹਿਸਨ ਰੰਧਾਵਾ ਪਾਕਿਸਤਾਨੀ ਵਫਦ ਦਾ ਲੀਡਰ ਸੀ। ਉਸ ਦੇ ਦੋ ਨਾਵਲਾਂ 'ਦੀਵਾ ਤੇ ਦਰਿਆ' ਅਤੇ 'ਦੁਆਬਾ' ਬੜੇ ਮਕਬੂਲ ਹੋ ਚੁੱਕੇ ਸਨ। ਪੰਜਾਬੀ ਦੇ ਪ੍ਰਸਿੱਧ ਆਲੋਚਕ ਤੇ ਮੇਰੇ ਮਿੱਤਰ ਅਤਰ ਸਿੰਘ ਦੇ ਇਹ ਦੋਵੇਂ ਨਾਵਲ ਲੂੰ-ਲੂੰ ਵਿਚ ਰਚੇ ਹੋਏ ਸਨ। ਉਹਦੇ ਲਈ ਇਹ ਕ੍ਰਿਤਾਂ ਦੋਹਾਂ ਪੰਜਾਬਾਂ ਦੀ ਆਨ ਤੇ ਸ਼ਾਨ ਸਨ। ਰਚਨਾਵਾਂ ਦਾ ਗੂੰਦ ਦੋ ਟੁੱਟੇ ਟੁਕੜਿਆਂ ਨੂੰ ਚਿਪਕਾਈ ਬੈਠਾ ਸੀ।

1987 ਤਕ ਮੈਂ ਅਫਜ਼ਲ ਰੰਧਾਵਾ ਦਾ ਕੋਈ ਵੀ ਨਾਵਲ ਨਹੀਂ ਸੀ ਪੜ੍ਹਿਆ। ਉਸ ਦਾ ਇੱਕ ਨਾਵਲ 'ਪੰਧ' ਲਾਹੌਰ ਤੋਂ ਛਪਦੇ ਸਾਹਿਤਕ ਰਸਾਲੇ 'ਲਹਿਰਾਂ' ਵਿਚ ਲੜੀਵਾਰ ਛਪਦਾ ਰਿਹਾ ਸੀ। ਜ਼ੁਬਾਨ ਤੇ ਬਿਆਨ ਦੀ ਜਾਦੂਗਰੀ ਤੇ ਸਾਦਗੀ ਦੇ ਬਾਵਜੂਦ ਮੈਂ ਇਸ ਦੀਆਂ ਲੜੀਆਂ ਫੜਨ ਦਾ ਸੁਚੇਤ ਯਤਨ ਨਹੀਂ ਸੀ ਕੀਤਾ। ਮੈਂ ਕੇਂਦਰ ਸਰਕਾਰ ਦੇ ਗਰਾਮ ਵਿਕਾਸ ਮੰਤਰਾਲੇ ਵਿਚ ਕੰਮ ਕਰਦਾ ਸਾਂ। ਇਸ ਜ਼ਿੰਮੇਵਾਰੀ ਦਾ ਖਿਲਾਰਾ ਏਨਾ ਸੀ ਕਿ ਪੜ੍ਹਨ-ਪੜ੍ਹਾਉਣ ਦੀ ਦੁਨੀਆਂ ਵੱਲ ਧਿਆਨ ਹੀ ਨਹੀਂ ਸੀ ਜਾਂਦਾ। ਮੇਰੇ ਮਨ ਵਿਚ ਅਫਜ਼ਲ ਅਹਿਸਨ ਰੰਧਾਵਾ ਪ੍ਰਤੀ ਮੋਹ ਦੀ ਭਾਵਨਾ ਤਾਂ ਬਣਦੀ ਰਹੀ, ਪਰ ਇਸ ਮੋਹ ਨੇ ਦਸੰਬਰ 1987 ਤਕ ਮੇਰੇ ਕੋਲੋਂ ਮਾਨਤਾ ਪ੍ਰਾਪਤ ਨਹੀਂ ਸੀ ਕੀਤੀ।

ਅਫਜ਼ਲ ਅਹਿਸਨ ਰੰਧਾਵਾ ਦੇ ਵੱਡੇ-ਵਡੇਰੇ ਸੱਤ-ਅੱਠ ਸੌ ਵਰ੍ਹੇ ਪਹਿਲਾਂ ਬੀਕਾਨੇਰ ਤੋਂ ਨਾਰੋਵਾਲ ਦੇ ਪਿੰਡ ਕਿਆਮਪੁਰ ਜਾ ਵਸੇ ਸਨ। ਉਹ ਬਹੁਤ ਪਹਿਲਾਂ ਮੁਸਲਮਾਨ ਹੋ ਗਏ ਸਨ। ਅਫਜ਼ਲ ਦਾ ਪਿਤਾ 1918 ਵਿਚ ਮੈਟ੍ਰਿਕ ਪਾਸ ਕਰਕੇ ਪੁਲਿਸ ਵਿਚ ਭਰਤੀ ਹੋ ਗਿਆ ਸੀ। ਉਸ ਨੇ ਪੁੱਤਰ ਨੂੰ ਮੁਢਲੀ ਵਿੱਦਿਆ ਸੇਂਟ ਐਂਥਨੀ ਸਕੂਲ ਤੋਂ ਦਿਵਾਈ ਤੇ ਮੈਟ੍ਰਿਕ ਮਿਸ਼ਨ ਸਕੂਲ, ਨਾਰੋਵਾਲ ਤੋਂ। ਬੀ.ਏ. ਤਕ ਦੀ ਵਿੱਦਿਆ ਮੇਰੇ ਕਾਲਜ ਸਿਆਲਕੋਟ ਤੋਂ ਤੇ ਵਕਾਲਤ ਲਾਅ ਕਾਲਜ, ਲਾਹੌਰ ਤੋਂ। ਛੁੱਟੀਆਂ ਕੱਟਣ ਵੇਲੇ ਪਿੰਡ ਦੀਆਂ ਫੇਰੀਆਂ ਨੇ ਅਫਜ਼ਲ ਨੂੰ ਰਜ਼ਾਈ ਦਾ ਪ੍ਰੇਮੀ ਬਣਾ ਦਿੱਤਾ। ਉਸ ਨੂੰ ਰੰਗਦਾਰ ਚੰਦਾ ਬਹੁਤ ਚੰਗਾ ਲੱਗਦਾ ਸੀ। ਇੰਨਾ ਕਿ ਉਹ ਵੀ ਆਪਣੇ ਸਿਰ ਉਤੇ ਸ਼ੌਕੀਆ ਤੌਰ 'ਤੇ ਚੰਦਾ-ਨੁਮਾ ਰੰਗਦਾਰ ਅਜਰਕ ਬੰਨ੍ਹੀ ਫਿਰਦਾ। ਅਜਰਕ ਵੀ ਸਿੰਧ ਤੋਂ ਬਣ ਕੇ ਆਉਂਦਾ ਹੈ। ਚਿੱਟੇ ਤੇ ਕਾਲੇ ਫੁੱਲਾਂ ਵਾਲਾ ਲਾਲ ਸੂਹਾ। ਉਸ ਦੀਆਂ ਕਾਲੀਆਂ ਮੁੱਛਾਂ ਤੇ ਗੋਰੇ ਰੰਗ ਉਤੇ ਬੜਾ ਹੀ ਫਬਦਾ ਸੀ।

ਕਹਾਣੀ ਦਰਬਾਰ ਸਮੇਂ ਮੈਂ ਉਹਦੇ ਨਾਲ ਉਸ ਦੇ ਨਾਵਲ ਦੀ ਥਾਂ ਪਾਕਿਸਤਾਨ ਵਿਚ ਪੰਜਾਬੀ ਜ਼ੁਬਾਨ ਦੀ ਪੜ੍ਹਤ ਤੇ ਚੜ੍ਹਤ ਦੀ ਗੱਲ ਕਰਨੀ ਹੀ ਠੀਕ ਸਮਝੀ। ਉਹ ਉਦਾਸ ਹੋ ਗਿਆ। ਉਸ ਨੂੰ ਪਤਾ ਸੀ ਕਿ ਇਧਰਲੇ ਭਾਰਤ ਵਿਚ ਪੰਜਾਬੀ ਪੜ੍ਹਨ ਵਾਲੇ ਡਾਕਟਰੇਟਾਂ ਕਰਕੇ ਅਧਿਆਪਕੀ ਤੇ ਪ੍ਰੋਫੈਸਰੀ ਦੇ ਉਚੇ ਤੇ ਇੱਜਤਦਾਰ ਅਹੁਦਿਆਂ 'ਤੇ ਕੰਮ ਕਰਦੇ ਹਨ। ਉਸ ਨੂੰ ਅਫਸੋਸ ਸੀ ਕਿ ਪਾਕਿਸਤਾਨ ਦੇ ਆਈਨ (ਵਿਧਾਨ) ਵਿਚ ਸਾਰੀਆਂ ਜ਼ੁਬਾਨਾਂ ਦੀ ਉਨਤੀ ਤੇ ਇਜ਼ਾਫੇ ਦੀ ਧਾਰਾ ਦਰਜ ਹੈ, ਪਰ ਪੰਜਾਬੀ ਵੱਲ ਕਿਸੇ ਦਾ ਕੋਈ ਧਿਆਨ ਨਹੀਂ। ਇਸ ਦੇ ਕਾਰਨ ਸਮਾਜੀ ਵੀ ਸਨ ਤੇ ਸਿਆਸੀ ਵੀ, ਪਰ ਬਹਾਨਾ ਕੌਮੀ ਜ਼ੁਬਾਨ ਦਾ ਬਣਾਇਆ ਜਾਂਦਾ ਸੀ। "ਸਾਡੇ ਲੋਕਾਂ ਨੇ ਬੰਗਲਾਦੇਸ਼ ਦੇ ਪਾਕਿਸਤਾਨ ਨਾਲੋਂ ਟੁੱਟਣ ਤੋਂ ਵੀ ਸਬਕ ਨਹੀਂ ਸਿੱਖਿਆ। ਸਾਡਾ ਉਹ ਹਿੱਸਾ ਉਰਦੂ ਠੋਸੇ ਜਾਣ ਕਾਰਨ ਸਾਥੋਂ ਖੁੱਸਿਆ।" ਉਸ ਦੇ ਬੋਲਾਂ ਵਿਚ ਰੋਹ ਸੀ। ਰੰਧਾਵਾ ਆਪਣੀ ਸਰਕਾਰ ਦਾ ਨਿਧੜਕ ਵਿਰੋਧ ਕਰ ਰਿਹਾ ਸੀ।

ਕੀ ਉਸ ਨੂੰ ਏਨਾ ਨਿਧੜਕ ਹੋਣ ਦੀ ਆਗਿਆ ਹੈ? ਦੇ ਉਤਰ ਵਿਚ ਉਸ ਨੇ ਦੱਸਿਆ ਕਿ ਉਸ ਨੂੰ ਉਸ ਦੀਆਂ ਜਹਾਦੀ ਰੁਚੀਆਂ ਕਾਰਨ ਮਾਰਸ਼ਲ ਲਾਅ ਦੇ ਸੱਤ ਵਰ੍ਹੇ ਇੱਕ ਤਰ੍ਹਾਂ ਦੀ ਕੈਦ ਕੱਟਣੀ ਪਈ, ਪਰ ਇਸ ਕੈਦ ਨੇ ਉਹਦੇ ਕੋਲੋਂ ਰੱਜਵੀਂ ਰਚਨਾ ਕਰਵਾਈ। ਸੱਤ ਕਿਤਾਬਾਂ ਲਿਖੀਆਂ। ਸੱਤ ਦੀਆਂ ਸੱਤ ਹੀ ਮਕਬੂਲ ਹੋਈਆਂ। ਜਦੋਂ



ਸ਼ਾਮ ਨੂੰ ਖਾਓ-ਪੀਓ ਪਿੱਛੋਂ ਰੰਧਾਵਾ ਨਾਲ ਮੁਲਾਕਾਤ ਹੋਈ ਤਾਂ ਉਹ ਸਿਆਹਫਾਮ ਕਵੀਆਂ ਦੇ ਅਨੁਵਾਦ ਦਾ ਖਰੜਾ ਚੁੱਕੀ ਫਿਰਦਾ ਸੀ। ਖਰੜੇ ਵਿਚ ਇਕੋਤਰ ਸੌ ਅਫਰੀਕੀ ਨਜ਼ਮਾਂ ਦਾ ਅਨੁਵਾਦ ਸੀ। 19 ਅਫਰੀਕੀ ਮੁਲਕਾਂ ਦੇ 41 ਕਾਲੇ ਸ਼ਾਇਰਾਂ ਦੀਆਂ 82 ਨਜ਼ਮਾਂ ਤੇ ਅਮਰੀਕਾ ਦੇ 11 ਸਿਆਹਫਾਮ ਸ਼ਾਇਰਾਂ ਦੀਆਂ 19 ਨਜ਼ਮਾਂ। ਇਹ ਨਜ਼ਮਾਂ ਬਾਅਦ ਵਿਚ 'ਕਾਲਾ ਪੈਂਡਾ' ਨਾਂ ਥੱਲੇ ਛਪੀਆਂ।

ਅਫਜ਼ਲ ਅਹਿਸਨ ਰੰਧਾਵਾ ਨੇ ਸਾਹਿਤ ਦੀ ਹਰ ਵਿਧਾ ਉਤੇ ਹੱਥ ਅਜ਼ਮਾਇਆ। ਉਹ ਕਹਾਣੀ ਲਿਖੇ ਜਾਂ ਨਾਵਲ, ਨਾਟਕ ਜਾਂ ਕਵਿਤਾ- ਸੁੱਚਤਾ ਦਾ ਪੱਲਾ ਨਹੀਂ ਸੀ ਛੱਡਦਾ। ਉਸ ਦੇ ਲਿਖੇ ਨਾਟਕ ਦੇਸ਼ਾਂ-ਵਿਦੇਸ਼ਾਂ ਵਿਚ ਪ੍ਰਵਾਨ ਚੜ੍ਹੇ। ਇਨ੍ਹਾਂ ਨਾਟਕਾਂ ਦਾ ਵਿਸ਼ਾ ਕਿਹੋ ਜਿਹਾ ਹੋਵੇਗਾ, ਇਨ੍ਹਾਂ ਦੇ ਨਾਂਵਾਂ ਤੋਂ ਪਤਾ ਲੱਗ ਜਾਂਦਾ ਹੈ: 'ਸੱਪ, ਸ਼ੀਂਹ ਤੇ ਫਕੀਰ', 'ਲਹੂ ਦੀ ਲੋਅ', 'ਸਾਹਵਾਂ ਦੀ ਯਾਰੀ' ਤੇ 'ਨੇਜ਼ਾਬਾਜ਼'। ਇਨ੍ਹਾਂ ਦੇ ਪਾਤਰ ਬਾਬੇ, ਬੁੱਢੇ ਤੇ ਪੁੱਤਰ-ਧੀਆਂ ਹੀ ਨਹੀਂ, ਟਰੱਕ ਡਰਾਈਵਰ, ਸਮਗਲਰ, ਹਾਕਮ, ਸਰਾਂ ਦੇ ਮਾਲਕ, ਚੌਧਰੀ, ਚੋਰ, ਬਲੋਚ, ਮੁਨਸਫ, ਲੰਬੜਦਾਰ, ਥਾਣੇਦਾਰ ਤੇ ਸਿਪਾਹੀ-ਉਹ ਸਾਰੇ ਲੋਕ ਹਨ ਜਿਨ੍ਹਾਂ ਨਾਲ ਉਸ ਦਾ ਜੀਵਨ ਤੇ ਵਕਾਲਤ ਦੇ ਧੰਦੇ ਵਿਚ ਵਾਹ ਪਿਆ ਸੀ।

ਮੈਂ ਉਸ ਦੀਆਂ ਮੌਲਿਕ ਕਵਿਤਾਵਾਂ ਦਾ ਰਸ ਵੀ ਮਾਣਿਆ ਹੈ। ਉਸ ਨੇ ਪੰਜਾਬੀ ਦੁਨੀਆਂ ਨੂੰ 'ਸ਼ੀਸ਼ਾ ਇੱਕ ਲਿਸ਼ਕਾਰੇ ਦੋ', 'ਪੰਜਾਬ ਦੀ ਵਾਰ', 'ਮਿੱਟੀ ਦੀ ਮਹਿਕ' ਤੇ 'ਛੇਵਾਂ ਦਰਿਆ' ਆਦਿ ਕਈ ਕਾਵਿ-ਸੰਗ੍ਰਿਹ ਦਿੱਤੇ। ਇਨ੍ਹਾਂ ਵਿਚ ਸਾਦਗੀ, ਸੱਜਰਾਪਣ ਤੇ ਖਿਆਲਾਂ ਦੀ ਅਮੀਰੀ ਮਾਣਨ ਵਾਲੀ ਹੈ। 'ਤੁਰ ਗਈ ਅੰਮਾ' ਦੇ ਨਾਂ ਲਿਖੀ ਗਜ਼ਲ ਦੇ ਕੁਝ ਸ਼ਿਅਰ ਮੈਨੂੰ ਕਦੇ ਨਹੀਂ ਭੁੱਲਣੇ:

ਹੁਣ ਕਿਸ ਅੱਧੀ ਰਾਤੀ ਰੋਟੀ
ਲੈ-ਲੈ ਮੇਰੇ ਪਿੱਛੇ ਫਿਰਨਾ
ਹੁਣ ਕਿਸ ਸਾਝਰੇ ਦੁੱਧ ਦਾ ਗੜਵਾ
ਆਪ ਪਿਆਲਣ ਆਉਣਾ
ਕਿਸੇ ਨਹੀਂ ਆਉਣਾ ਪੋਲੇ ਪੈਰੀਂ
ਸੁੱਤੇ ਦਾ ਮੂੰਹ ਚੁੰਮਣ
ਕਿਸੇ ਹਨੇਰੇ ਕਮਰੇ ਵਿਚ
ਨਹੀਂ ਦੀਵਾ ਬਾਲਣ ਆਉਣਾ
ਮਾਲਕੀ ਵੀ ਓਨੀ ਏ,
ਫਸਲ ਵੀ ਓਨੀ ਹੁੰਦੀ
ਹੁਣ ਪਿੰਡੋਂ ਨਹੀਂ ਆਟਾ-ਦਾਣਾ,
ਘਿਓ ਤੇ ਬਾਲਣ ਆਉਣਾ
ਸੱਠ ਵਰ੍ਹਿਆਂ ਦਾ ਇਹ
ਉਨੀਂਦਰੇ ਮਾਰਿਆ ਡਰਿਆ ਬਾਲ
ਅੰਮਾ ਇਹਨੂੰ ਸੀਨੇ ਲਾ ਕੇ
ਕਦੋਂ ਸੁਆਲਣ ਆਉਣਾ!
'ਅਫਜ਼ਲ ਅਹਿਸਨ' ਗਜ਼ਲ ਛੁਟੇਰੀ
ਮਾਂ ਹੈ ਬਹੁਤ ਵਡੇਰੀ
ਤੇਰਿਆਂ ਸ਼ਿਅਰਾਂ ਵਿਚ ਨਹੀਂ
ਉਹਦਾ ਪੈਰ ਵੀ ਲਾਲਣ ਆਉਣਾ।

ਦਿੱਲੀ ਵਾਲੀ ਮਿਲਣੀ ਵਿਚ ਰੰਧਾਵੇ ਨੇ ਆਪਣੇ ਨਾਵਲ 'ਦੀਵਾ ਤੇ ਦਰਿਆ' ਦਾ ਹਵਾਲਾ ਦੇ ਕੇ ਮੇਰੇ ਨਾਲ ਸੰਧੂਆਂ ਤੇ ਰੰਧਾਵਿਆਂ ਦੀ ਆਪੋ ਵਿਚ ਦੀ ਤੰਦਰੁਸਤ ਖਹਿਬਾਜ਼ੀ ਦਾ ਜ਼ਿਕਰ ਵੀ ਕੀਤਾ। ਸ਼ਾਇਦ ਇਸ ਲਈ ਵੀ ਕਿ ਮੈਂ ਅਖਬਾਰੀ ਨੌਕਰੀ 'ਤੇ ਰਿਹਾ ਹੋਣ ਕਾਰਨ ਉਸ ਨੂੰ ਮੇਰੇ ਉਤੇ ਵਿਸ਼ਵਾਸ ਸੀ ਕਿ ਮੈਂ ਉਸ ਨੂੰ ਪੰਜਾਬ ਜਾਣ ਦਾ ਵੀਜ਼ਾ ਜਾਂ ਪਰਮਿਟ ਦਿਵਾ ਸਕਦਾ ਸਾਂ। ਉਹ ਅੰਮ੍ਰਿਤਸਰ ਜਾਣ ਲਈ ਤਰਲੋਮੱਛੀ ਹੋ ਰਿਹਾ ਸੀ। "ਮੈਨੂੰ ਭਲਮਣਸਾਊ ਨਾਲ ਪੰਜਾਬ ਦਿਖਾ ਦੇ, ਨਹੀਂ ਤਾਂ ਮੈਂ ਮੋਟਰਸਾਈਕਲ ਵਾਲਿਆਂ ਦੇ ਪਿੱਛੇ ਬੈਠ ਕੇ ਜਾ ਵੜਨਾ ਏ," ਉਸ ਨੇ ਮੈਨੂੰ ਆਪਣੇ ਅੰਦਾਜ਼ ਵਿਚ ਕਿਹਾ ਸੀ। ਉਦੋਂ ਪੰਜਾਬ ਵਿਚ ਅਤਿਵਾਦ ਭਾਰੂ ਸੀ ਤੇ ਉਹ ਅਤਿਵਾਦੀਆਂ ਨੂੰ ਮੋਟਰਸਾਈਕਲ ਵਾਲੇ ਕਹਿੰਦਾ ਸੀ। ਮੈਂ ਉਸ ਨੂੰ ਪੰਜਾਬ ਤਾਂ ਨਹੀਂ ਦਿਖਾ ਸਕਿਆ, ਪਰ ਅਖਬਾਰ ਦੀ ਨੌਕਰੀ ਤੋਂ ਸੁਰਖਰੂ ਹੋਣ ਸਦਕਾ ਮੈਂ ਦਿੱਲੀ ਤੋਂ ਪਰਤ ਕੇ ਰੰਧਾਵਾ ਦਾ ਪਿਛੋਕੜ ਫਰੋਲਣ ਵਿਚ ਸਫਲ ਹੋ ਗਿਆ।

ਉਸ ਨੇ ਇੱਕ ਇੰਟਰਵਿਊ ਵਿਚ ਦੱਸਿਆ ਸੀ ਕਿ ਗੁਰੂ ਨਾਨਕ ਦੇਵ, ਜਿਨ੍ਹਾਂ ਨੂੰ ਰੰਧਾਵਾ ਬਾਬਾ ਨਾਨਕ ਕਹਿੰਦਾ ਸੀ, ਨੂੰ 22-23 ਪੀੜ੍ਹੀਆਂ ਪਹਿਲਾਂ ਅਫਜ਼ਲ ਦੇ ਵੱਡੇ-ਵਡੇਰਿਆਂ ਨੇ ਰਾਇਜ਼ਾ ਖਾਸ ਪਿੰਡ ਦਾ ਵਾਸੀ ਬਣਾਉਣ ਹਿੱਤ ਆਪਣੀ ਬਹੁਤ ਸਾਰੀ ਜ਼ਮੀਨ ਦਾਨ ਕਰ ਦਿੱਤੀ ਸੀ। ਇਸੇ ਪਿੰਡ ਨੂੰ ਕਰਤਾਰਪੁਰ ਕਹਿੰਦੇ ਹਨ। ਇੱਥੇ ਬਾਬੇ ਨਾਨਕ ਨੇ ਆਖਰੀ ਉਮਰੇ ਖੇਤੀ ਵੀ ਕੀਤੀ। ਇਹ ਭੂਮੀ ਪਾਕਿਸਤਾਨ ਦੇ ਨਾਰੋਵਾਲ ਜ਼ਿਲ੍ਹੇ ਵਿਚ ਪੈਂਦੀ ਹੈ। "ਬਾਬੇ ਦਾ ਸਸਕਾਰ ਇੱਥੇ ਹੀ ਕੀਤਾ ਗਿਆ ਸੀ," ਰੰਧਾਵਾ ਕਹਿ ਰਿਹਾ ਸੀ। ਉਸ ਨੂੰ ਆਪਣੇ ਵਡੇਰਿਆਂ 'ਤੇ ਮਾਣ ਸੀ। ਅਫਜ਼ਲ ਦੇ ਵਡੇਰੇ ਪਿੰਡ ਪੱਖੋਂ ਤੋਂ ਸਨ। ਸੋ ਅਫਜ਼ਲ ਪਰਿਵਾਰ ਨੂੰ ਵੀ ਪੱਖੋਕੇ ਰੰਧਾਵੇ ਕਹਿ ਕੇ ਚੇਤੇ ਕੀਤਾ ਜਾਂਦਾ ਹੈ।

ਅਫਜ਼ਲ ਅਹਿਸਨ ਰੰਧਾਵਾ ਨੇ ਸਿੱਖ ਰੰਧਾਵਿਆਂ ਨੂੰ ਮੁਸਲਮਾਨੀ ਅੱਖ ਨਾਲ ਦੇਖਿਆ ਹੈ ਜਿਹੜੀ ਉਹਦੇ ਕਹਿਣ ਵਾਂਗ ਸਾਰੇ ਧਰਮਾਂ ਨੂੰ ਇੱਕੋ ਜਿਹੀ ਪਦਵੀ ਦਿੰਦੀ ਹੈ। ਸਿੱਖੀ ਮਾਹੌਲ ਵਾਲੇ ਮੁਸਲਮਾਨ ਪਰਿਵਾਰ ਵਿਚ ਜੰਮੇ ਤੇ ਈਸਾਈ ਸਕੂਲਾਂ ਵਿਚ ਪੜ੍ਹੇ ਰੰਧਾਵੇ ਦੀ ਅਫਜ਼ਲ ਅੱਖ ਹੀ ਸਿੱਖਾਂ ਦੇ ਚਰਿੱਤਰ ਨੂੰ ਏਨੀ ਚੰਗੀ ਤਰ੍ਹਾਂ ਫੜ ਸਕਦੀ ਸੀ। ਇਸ ਵਿਚ ਪਿੱਤਰੀ ਪ੍ਰਣਾਲੀ ਦੇ ਖਰੇ ਗੁਣ ਵੀ ਅੰਕਿਤ ਸਨ ਤੇ ਪੇਂਡੂ ਜੀਵਨ ਦਾ ਸੋਨੇ ਵਰਗਾ ਸੁਭਾਅ ਵੀ। ਲੇਖਕ ਦੀ ਕਲਮ ਤੇ ਦ੍ਰਿਸ਼ਟੀਕੋਣ ਨੇ ਇਨ੍ਹਾਂ ਰਚਨਾਵਾਂ ਨੂੰ ਅਣਖ ਦੀ ਪਾਣ ਚੜ੍ਹਾਉਣ ਵਿਚ ਕੋਈ ਕਸਰ ਨਹੀਂ ਛੱਡੀ। ਉਸ ਦੇ ਨਾਵਲਾਂ ਵਿਚ ਦਿਹਾਤੀ ਈਰਖਾ ਵੀ ਹੈ, ਦੁਸ਼ਮਣੀ ਵੀ, ਘੋੜ-ਦੌੜਾਂ ਤੇ ਘਰ ਦੀਆਂ ਕੱਢੀਆਂ ਸ਼ਰਾਬਾਂ ਵੀ ਤਰੋ-ਤਾਜ਼ਾ ਦੋਸਤੀ ਤੇ ਆਸ਼ਕੀ ਵੀ। ਰੰਧਾਵਾ ਕੁਲ ਦੀ ਮਾਣ-ਮਰਿਆਦਾ ਤੇ ਸੰਧੂਆਂ ਦੀ ਰੂਪੋ ਦਾ ਹੰਕਾਰ 'ਦੀਵਾ ਤੇ ਦਰਿਆ' ਨੂੰ ਅਲੌਕਿਕ ਰੰਗ ਪ੍ਰਦਾਨ ਕਰਦੇ ਹਨ।

ਅਫਜ਼ਲ ਰੰਧਾਵਾ ਦਿਹਾਤੀ ਕਦਰਾਂ-ਕੀਮਤਾਂ ਨੂੰ ਸਮਜਿਕ ਤਾਣੇ-ਬਾਣੇ, ਮਾਣ-ਮਰਿਆਦਾ ਤੇ ਅਦਾਲਤੀ ਫੇਰਿਆਂ ਦੀ ਖੇਹ-ਖਰਾਬੀ ਵਿਚ ਗੁੰਦਣਾ ਜਾਣਦਾ ਸੀ, ਥੋੜ੍ਹੀ-ਥੋੜ੍ਹੀ ਧਾਰਮਿਕਤਾ ਤੇ ਰਾਜਨੀਤੀ ਸਮੇਤ। ਉਸ ਦੇ ਪਾਤਰ ਆਪਣੇ ਮਨ ਦੀਆਂ ਭਾਵਨਾਵਾਂ 'ਤੇ ਫੁੱਲ ਚੜ੍ਹਾਉਂਦੇ ਹੋਏ ਤੈਸ਼ ਵਿਚ ਵੀ ਆਉਂਦੇ ਹਨ, ਬਰਾਦਰੀ ਦੇ ਮਾਣ ਦੀ ਰਾਖੀ ਵੀ ਕਰਦੇ ਹਨ ਤੇ ਰਵਾਇਤੀ ਦੁਸ਼ਮਣੀਆਂ ਵੀ ਪਾਲਦੇ ਹਨ। 'ਦੀਵਾ ਤੇ ਦਰਿਆ' ਦੀ ਕਹਾਣੀ ਮਿਰਜ਼ਾ-ਸਾਹਿਬਾਂ ਦੀ ਕਹਾਣੀ ਦਾ ਦੂਜਾ ਪਾਸਾ ਹੈ। ਇੱਥੇ ਸ਼ਮਸ਼ੇਰ ਸਾਹਿਬਾਂ ਦਾ ਰੋਲ ਅਦਾ ਕਰਦਾ ਹੈ ਤੇ ਰੂਪੋ ਮਿਰਜ਼ੇ ਦਾ। ਸਾਹਿਤ ਵਿਚ ਅਜਿਹੇ ਕਿੱਸੇ ਭੇਸ ਬਦਲ ਕੇ ਮੁੜ-ਮੁੜ ਆਉਂਦੇ ਰਹਿੰਦੇ ਹਨ। ਜਦੋਂ ਅਫਜ਼ਲ ਅਹਿਸਨ ਰੰਧਾਵਾ ਮਿਰਜ਼ਾ-ਸਾਹਿਬਾਂ ਦੀ ਪ੍ਰੇਮ ਕਹਾਣੀ ਨੂੰ ਪਰਤਾ ਕੇ ਲਿਖ ਰਿਹਾ ਸੀ ਤਾਂ ਏਧਰਲੇ ਪੰਜਾਬ ਵਿਚ ਬਟਾਲੇ ਵਾਲਾ ਸ਼ਿਵ ਕੁਮਾਰ ਪੂਰਨ ਭਗਤ ਦੇ ਕਿੱਸੇ ਨੂੰ 'ਲੂਣਾ' ਦਾ ਰੂਪ ਦੇ ਰਿਹਾ ਸੀ। ਇਹ ਸਬੱਬ ਦੀ ਗੱਲ ਹੈ ਕਿ ਅਫਜ਼ਲ ਦਾ ਪਿੰਡ ਸ਼ਿਵ ਦੇ ਬਟਾਲੇ ਨਾਲੋਂ ਬਹੁਤ ਦੂਰ ਨਹੀਂ ਸੀ। ਓਧਰ 'ਦੀਵਾ ਤੇ ਦਰਿਆ' ਨੂੰ ਪਾਕਿਸਤਾਨ ਰਾਈਟਰਜ਼ ਗਿਲਡ ਨੇ 1961 ਦੀ ਬਿਹਤਰੀਨ ਪੁਸਤਕ ਗਰਦਾਨਿਆ ਤੇ ਏਧਰ ਸ਼ਿਵ ਦੀ 'ਲੂਣਾ' ਨੂੰ 1966 ਦਾ ਭਾਰਤੀ ਸਾਹਿਤ ਅਕਾਦਮੀ ਪੁਰਸਕਾਰ ਮਿਲਿਆ।

ਅਫਜ਼ਲ ਰੰਧਾਵਾ ਦੀ ਮਾਨਵੀ ਰਿਸ਼ਤਿਆਂ ਬਾਰੇ ਨਿਵੇਕਲੀ ਪਹੁੰਚ ਤੇ ਪੇਂਡੂ ਹੋਣ ਦੀਆਂ ਖਰੀਆਂ ਕੀਮਤਾਂ ਹੀ ਉਸ ਦੇ ਦੂਜੇ ਨਾਵਲ 'ਦੁਆਬਾ' ਦਾ ਧੁਰਾ ਹਨ। ਦੁਆਬਾ ਨਾ ਹੀ ਦੁਆਬਾ ਬਿਸਤ ਜਲੰਧਰ ਹੈ ਅਤੇ ਨਾ ਹੀ ਦੁਆਬਾ ਬਾਰੀ ਤੇ ਚਨਾਬ। ਅਖੰਡ ਪੰਜਾਬ ਵਿਚ ਦੁਆਬੇ ਹੋਰ ਵੀ ਸਨ, ਪਰ ਅਫਜ਼ਲ ਦਾ ਦੁਆਬਾ ਉਹਦੇ ਆਪਣੇ ਪਿੰਡ ਕਿਆਮਪੁਰ ਦੇ ਨੇੜੇ ਦਾ ਇਕ ਪਿੰਡ ਹੈ ਜਿਸ ਨੂੰ ਰੇਲਵੇ ਦਾ ਜੱਸੜ ਸਟੇਸ਼ਨ ਲੱਗਦਾ। ਨਾਵਲ ਵਿਚ ਅੰਕਿਤ ਰਹੁ-ਰੀਤਾਂ ਤੇ ਦੂਜਿਆਂ ਦਾ ਭਾਰ ਵੰਡਾਉਣ ਦੀ ਅਮੀਰ ਮਰਿਆਦਾ ਕਿਸੇ ਇੱਕ ਪਿੰਡ ਦੀ ਨਹੀਂ।

ਕਹਿਣ-ਸੁਣਨ ਨੂੰ ਇਹ ਸਭ ਘਟਨਾਵਾਂ ਆਮ ਜਿਹੀਆਂ ਹਨ। ਪੰਜਾਬ ਦੇ ਪਿੰਡਾਂ 'ਚ ਇਸ ਤਰ੍ਹਾਂ ਦਾ ਬਹੁਤ ਕੁਝ ਵਾਪਰਦਾ ਆਇਆ ਹੈ। ਲੇਖਕ ਇਸ ਤਰ੍ਹਾਂ ਦੀਆਂ ਘਟਨਾਵਾਂ 'ਚੋਂ ਲੰਘਦੇ ਭਾਈਚਾਰੇ ਨਾਲ ਕਿਵੇਂ ਨਿੱਬੜਦਾ ਹੈ, ਇਸੇ ਵਿਚ ਉਸ ਦੀ ਵਡਿਆਈ ਹੈ। ਜੇ ਉਸ ਦੀ ਥਾਂ ਅੰਗਰੇਜ਼ੀ ਨਾਵਲਕਾਰ ਟੌਮਸ ਹਾਰਡੀ ਹੁੰਦਾ ਤਾਂ ਉਹ ਇਸ ਨੂੰ ਕੁਦਰਤ ਦੇ ਟਾਕਰੇ 'ਤੇ ਮਨੁੱਖ ਦੀ ਹੋਣੀ ਦਾ ਨਾਂ ਦੇ ਕੇ ਪੱਲਾ ਝਾੜ ਸਕਦਾ ਸੀ। ਰੰਧਾਵਾ ਇੰਜ ਨਹੀਂ ਕਰਦਾ। ਦਰਅਸਲ, ਉਹ ਉਹੀਓ ਕੁਝ ਕਰਦਾ, ਜੋ ਉਹਦੇ ਕੋਲੋਂ ਉਸ ਦੇ ਪਿਛੋਕੜ ਨੇ ਕਰਵਾਉਣਾ ਸੀ। ਇਸ ਵਿਚ ਉਸ ਦੀ ਮੁਢਲੀ ਤਾਲੀਮ ਦਾ ਵੀ ਹੱਥ ਸੀ ਤੇ ਉਸ ਦੇ ਵਕਾਲਤੀ ਪੇਸ਼ੇ ਦਾ ਵੀ।

ਉਸ ਦੇ ਦੋਵੇਂ ਨਾਵਲ ਪੜ੍ਹਨ ਉਪਰੰਤ ਉਸ ਦੀ ਹੋਰ ਕੋਈ ਧਾਰਨਾ ਪੱਲੇ ਪਵੇ ਜਾਂ ਨਾ, ਪਰ ਅਕਾਲ ਤਖਤ ਪ੍ਰਤੀ ਉਸ ਦਾ ਸਤਿਕਾਰ ਸਮਝ ਆ ਜਾਂਦਾ ਹੈ।

ਅਫਜ਼ਲ ਅਹਿਸਨ ਰੰਧਾਵਾ ਮਹਿੰਦਰ ਸਿੰਘ ਰੰਧਾਵਾ ਦੀ ਪਤਨੀ ਨੂੰ ਤਾਈ ਜੀ ਕਹਿੰਦਾ ਸੀ ਤੇ ਸਵਰਗਵਾਸੀ ਤਾਏ ਦੀਆਂ ਹੁੱਬ-ਹੁੱਬ ਕੇ ਗੱਲਾਂ ਕਰਦਾ ਸੀ। ਉਹ 2004 ਵਿਚ ਮੇਰੇ ਘਰ ਆਇਆ ਤਾਂ ਮੈਂ ਉਸ ਦੀ ਮੱਦਾਹ ਆਪਣੇ ਤੋਂ 14 ਸਾਲ ਛੋਟੀ ਭੈਣ ਨਾਲ ਟੈਲੀਫੋਨ 'ਤੇ ਗੱਲ ਕਰਵਾਈ। ਉਸ ਦਾ 'ਭੈਣ ਜੀ-ਭੈਣ ਜੀ' ਕਹਿ ਕੇ ਮੁਖਾਤਬ ਹੁੰਦਿਆਂ ਮੂੰਹ ਨਹੀਂ ਸੁੱਕਿਆ। ਉਸ ਨੇ ਮਾਨਵੀ ਕਦਰਾਂ-ਕੀਮਤਾਂ ਤੇ ਰਿਸ਼ਤਿਆਂ ਨੂੰ ਜੀਵਨ ਤੇ ਲਿਖਤਾਂ ਵਿਚ ਉਹੀਓ ਕੱਦ-ਕਾਠ ਦਿੱਤਾ ਹੈ ਜੋ ਉਸ ਦਾ ਆਪਣਾ ਹੈ। ਇਨ੍ਹਾਂ ਕਦਰਾਂ-ਕੀਮਤਾਂ ਤੇ ਇਨ੍ਹਾਂ ਪ੍ਰਤੀ ਅਪਨਾਈ ਸੁੱਚੀ ਪਹੁੰਚ ਨੇ ਰੰਧਾਵੇ ਨੂੰ ਬਹੁਤ ਕੁਝ ਦਿੱਤਾ ਹੈ। ਉਸ ਨੂੰ ਆਇਸ਼ਾ ਵਰਗੀ ਚੰਗੀ ਸੀਰਤ ਵਾਲੀ ਬੀਵੀ ਮਿਲੀ। ਪੁੱਤਰ ਵਕੀਲ ਹਨ। ਧੀਆਂ ਚੰਗੇ ਘਰੀਂ ਵਸਦੀਆਂ-ਰਸਦੀਆਂ ਹਨ। ਉਸ ਦੀ ਹਰ ਰਚਨਾ ਦੀ ਦੇਸ਼ਾਂ-ਦੇਸ਼ਾਂਤਰਾਂ ਵਿਚ ਮਹਿਮਾ ਹੋਈ। ਉਸ ਨੂੰ ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਵੱਲੋਂ ਸਾਹਿਤ ਸ਼੍ਰੋਮਣੀ ਪੁਰਸਕਾਰ ਤੋਂ ਬਿਨਾ ਪਾਕਿਸਤਾਨ ਦੀਆਂ ਅਦਬੀ ਸੰਸਥਾਵਾਂ ਵੱਲੋਂ ਅਨੇਕਾਂ ਮਾਣ-ਸਨਮਾਨ ਤੇ ਫੈਲੋਸ਼ਿਪਾਂ ਮਿਲੀਆਂ। ਭਾਰਤ ਦੀ ਹਰ ਯੂਨੀਵਰਸਿਟੀ ਵੱਲੋਂ, ਜਿੱਥੇ ਵੀ ਪੰਜਾਬੀ ਭਾਸ਼ਾ ਤੇ ਸਾਹਿਤ ਦਾ ਦਖਲ ਹੈ, ਰੰਧਾਵਾ ਸਾਹਿਤ ਉਤੇ ਐਮ.ਫਿਲਾਂ ਤੇ ਡਾਕਟਰੇਟਾਂ ਹੋ ਰਹੀਆਂ ਹਨ।

ਅਫਰੀਕਾ, ਬਰਤਾਨੀਆ, ਸਵਿਟਜ਼ਰਲੈਂਡ, ਯੂਗੋਸਲਾਵੀਆ, ਜਰਮਨੀ ਤੇ ਫਰਾਂਸ ਵੱਲੋਂ ਸੱਦੇ ਮਿਲੇ। ਉਹ ਕੌਮੀ ਅਸੈਂਬਲੀ (ਪਾਕਿਸਤਾਨ ਦੀ ਪਾਰਲੀਮੈਂਟ) ਦਾ ਹੀ ਮੈਂਬਰ ਨਹੀਂ ਸਗੋਂ ਪਾਕਿਸਤਾਨ ਦੀ ਨੈਸ਼ਨਲ ਕੌਂਸਲ ਆਫ ਆਰਟਸ, ਮਰਕਜ਼ੀ ਫਿਲਮ ਬੋਰਡ, ਰੇਡੀਓ ਪਾਕਿਸਤਾਨ ਤੇ ਇੰਟਰਨੈਸ਼ਨਲ ਬਾਇਓਗ੍ਰਾਫੀਕਲ ਸੈਂਟਰ ਦਾ ਆਨਰੇਰੀ ਮੈਂਬਰ ਵੀ ਰਿਹਾ। ਅਫਜ਼ਲ ਅਹਿਸਾਨ ਰੰਧਾਵਾ ਨੂੰ ਇਨ੍ਹਾਂ ਪ੍ਰਾਪਤੀਆਂ ਦਾ ਮਾਣ ਸੀ, ਪਰ ਇਸ ਗੱਲ ਦਾ ਦੁੱਖ ਵੀ ਸੀ ਕਿ ਇਨ੍ਹਾਂ ਉਚਤਮ ਅਹੁਦਿਆਂ 'ਤੇ ਰਹਿਣ ਦੇ ਬਾਵਜੂਦ ਉਹ ਆਪਣੇ ਦੇਸ਼ ਵਿਚ ਪੰਜਾਬੀ ਭਾਸ਼ਾ ਤੇ ਸਾਹਿਤ ਦੇ ਵਿਕਾਸ ਲਈ ਬਹੁਤਾ ਕੁਝ ਨਾ ਕਰ ਸਕਿਆ। ਜਦੋਂ ਉਹ ਪਹਿਲੀ ਵਾਰ ਪਾਰਲੀਮੈਂਟ ਮੈਂਬਰ ਬਣਿਆ ਤਾਂ ਉਸ ਨੂੰ ਪਾਕਿਸਤਾਨ ਦਾ ਵਿਧਾਨ ਤਿਆਰ ਕਰਨ ਲਈ ਚੁਣਿਆ ਗਿਆ। ਵਿਧਾਨ ਵਿਚ ਸਾਰੀਆਂ ਖੇਤਰੀ ਜ਼ੁਬਾਨਾਂ ਦੇ ਵਿਕਾਸ ਦੀ ਮੱਦ ਵੀ ਪਾਈ, ਪਰ ਉਸ ਤੋਂ ਪਿੱਛੋਂ ਉਥੋਂ ਦੀ ਸਰਕਾਰ ਨੇ ਪੰਜਾਬੀ 'ਚ ਐਮ. ਏ. ਦੀ ਪੜ੍ਹਾਈ ਤਾਂ ਸ਼ੁਰੂ ਕਰਵਾ ਦਿੱਤੀ, ਪਰ ਪ੍ਰਾਇਮਰੀ ਤੋਂ ਪੰਜਾਬੀ ਲਾਗੂ ਨਹੀਂ ਕੀਤੀ। ਉਸ ਨੂੰ ਇਸ ਗੱਲ ਦਾ ਦੁੱਖ ਸੀ ਕਿ ਪਾਕਿਸਤਾਨ ਦੇ ਹੋਰ ਸੂਬਿਆਂ ਵਿਚ ਜਿੰਨਾ ਰੁਤਬਾ ਸਿੰਧੀ, ਬਲੋਚੀ ਤੇ ਪਸ਼ਤੋ ਨੂੰ ਪ੍ਰਾਪਤ ਹੈ, ਓਨਾ ਪੰਜਾਬੀ ਨੂੰ ਨਹੀਂ।

ਅਫਜ਼ਲ ਅਹਿਸਨ ਰੰਧਾਵਾ ਨੇ ਆਪਣੇ ਨਾਵਲਾਂ, ਕਹਾਣੀਆਂ ਤੇ ਨਾਟਕਾਂ ਵਿਚ ਪੰਜਾਬ ਦੇ ਵੀਰਾਂ, ਵਰਿਆਮਿਆਂ ਤੇ ਸੂਰਮਿਆਂ ਦੇ ਅਜਿਹੇ ਨਕਸ਼ ਉਲੀਕੇ ਹਨ ਕਿ ਉਨ੍ਹਾਂ ਦੀ ਬਹਾਦਰੀ, ਅਣਖ ਤੇ ਦਰਿਆਦਿਲੀ ਦਾ ਜਾਦੂ ਪੜ੍ਹਨ ਵਾਲਿਆਂ ਦੇ ਸਿਰ ਚੜ੍ਹ ਕੇ ਬੋਲਣ ਲੱਗਦਾ ਹੈ। ਉਸ ਦੀਆਂ ਲਿਖਤਾਂ ਵਿਚ ਉਸ ਦੇ ਇਨ੍ਹਾਂ ਪਾਤਰਾਂ ਦੇ ਅਨੇਕ ਰੂਪ ਮਿਲਦੇ ਹਨ। ਉਹ ਖੁਦ ਹੱਲਾ ਕਰਦੇ ਵੀ ਤੱਕੇ ਜਾ ਸਕਦੇ ਹਨ ਤੇ ਵੈਰੀ ਦਾ ਰਾਹ ਡੱਕ ਕੇ ਖਲੋਤੇ ਵੀ। ਕਈ ਸਥਿਤੀਆਂ ਵਿਚ ਉਨ੍ਹਾਂ ਦਾ ਆਪਣਾ-ਆਪ ਵੀ ਉਨ੍ਹਾਂ ਦੇ ਸਾਹਮਣੇ ਕੰਧ ਬਣ ਕੇ ਆ ਖੜ੍ਹਦਾ ਹੈ। ਇਸ ਪੰਜਾਬ ਨੂੰ ਹੁਣ ਅਸੀਂ ਸਿਰਫ ਅਫਜ਼ਲ ਅਹਿਸਨ ਰੰਧਾਵਾ ਵਰਗੇ ਲੇਖਕਾਂ ਦੀਆਂ ਲਿਖਤਾਂ ਵਿਚ ਹੀ ਵੇਖ ਸਕਦੇ ਹਾਂ।

***ਅਫਜ਼ਲ ਅਹਿਸਨ ਰੰਧਾਵਾ ਨੇ ਆਪਣੇ ਨਾਵਲਾਂ, ਕਹਾਣੀਆਂ ਤੇ ਨਾਟਕਾਂ ਵਿਚ ਪੰਜਾਬ ਦੇ ਵੀਰਾਂ, ਵਰਿਆਮਿਆਂ ਤੇ ਸੂਰਮਿਆਂ ਦੇ ਅਜਿਹੇ ਨਕਸ਼ ਉਲੀਕੇ ਹਨ ਕਿ ਉਨ੍ਹਾਂ ਦੀ ਬਹਾਦਰੀ, ਅਣਖ ਤੇ ਦਰਿਆਦਿਲੀ ਦਾ ਜਾਦੂ ਪੜ੍ਹਨ ਵਾਲਿਆਂ ਦੇ ਸਿਰ ਚੜ੍ਹ ਕੇ ਬੋਲਣ ਲੱਗਦਾ ਹੈ। ਉਸ ਦੀਆਂ ਲਿਖਤਾਂ ਵਿਚ ਉਸ ਦੇ ਇਨ੍ਹਾਂ ਪਾਤਰਾਂ ਦੇ ਅਨੇਕ ਰੂਪ ਮਿਲਦੇ ਹਨ। ਉਹ ਖੁਦ ਹੱਲਾ ਕਰਦੇ ਵੀ ਤੱਕੇ ਜਾ ਸਕਦੇ ਹਨ ਤੇ ਵੈਰੀ ਦਾ ਰਾਹ ਡੱਕ ਕੇ ਖਲੋਤੇ ਵੀ। ਕਈ ਸਥਿਤੀਆਂ ਵਿਚ ਉਨ੍ਹਾਂ ਦਾ ਆਪਣਾ-ਆਪ ਵੀ ਉਨ੍ਹਾਂ ਦੇ ਸਾਹਮਣੇ ਕੰਧ ਬਣ ਕੇ ਆ ਖੜ੍ਹਦਾ ਹੈ। ਇਸ ਪੰਜਾਬ ਨੂੰ ਹੁਣ ਅਸੀਂ ਸਿਰਫ ਅਫਜ਼ਲ ਅਹਿਸਨ ਰੰਧਾਵਾ ਵਰਗੇ ਲੇਖਕਾਂ ਦੀਆਂ ਲਿਖਤਾਂ ਵਿਚ ਹੀ ਵੇਖ ਸਕਦੇ ਹਾਂ।***

ਰੰਧਾਵੇ ਨੇ ਜੀਵਨ ਪ੍ਰਤੀ ਆਪਣੇ ਦ੍ਰਿਸ਼ਟੀਕੋਣ ਤੇ ਆਪਣੀ ਰਚਨਾਕਾਰੀ ਦੇ ਮੰਤਵ ਨੂੰ ਇੱਕ ਗਜ਼ਲ ਦੇ ਕੁਝ ਸ਼ਿਅਰਾਂ ਵਿਚ ਵੀ ਬੰਨ੍ਹਿਆ ਹੈ:

ਰਾਤਾਂ ਦੇ ਖਡਕਾਰ ਹਨੇਰੇ ਹੀ
ਤਾਂਘਣ, ਭਾਲਣ, ਪਾਲਣ,
ਮੇਰਾ ਕੰਮ ਏ ਬੁਝੇ ਦੀਵੇ
ਪਕੜ ਜਗਾਉਂਦਿਆਂ ਰਹਿਣਾ
ਜਦੋਂ ਤਕ ਸੁੱਤੇ ਲੋਕ
ਨਾ ਜਾਗ ਉਠਣਗੇ ਇਸ ਨਗਰ ਦੇ
ਯਾਰਾਂ ਕਬਰਸਤਾਨ 'ਚ ਖੜ੍ਹ ਕੇ
ਢੋਲ ਵਜਾਉਂਦਿਆਂ ਰਹਿਣਾ।
ਝੱਖੜ, ਮੀਂਹ, ਹਨੇਰੀ,
ਗਰਮੀ, ਸਰਦੀ ਭਾਰੀ
ਮੈਂ ਬੀਂਡੇ ਤੋਂ ਸਿੱਖਿਆ ਏ
ਹਰ ਹਾਲ 'ਚ ਗਾਉਂਦਿਆਂ ਰਹਿਣਾ।

ਨਿਸ਼ਚੇ ਹੀ ਅਫਜ਼ਲ ਅਹਿਸਨ ਰੰਧਾਵਾ ਪੰਜਾਬੀਆਂ ਦਾ ਮਾਣ ਸੀ। ਉਸ ਉਤੇ ਮਾਣ ਕਰਨ ਵਾਲਿਆਂ ਵਿਚ ਏਧਰਲੇ ਤੇ ਓਧਰਲੇ ਹੀ ਨਹੀਂ ਸਗੋਂ ਦੁਨੀਆਂ ਭਰ ਦੇ ਪੰਜਾਬੀ ਸ਼ਾਮਲ ਹਨ। ਪਹਿਲੀ ਸਤੰਬਰ 1937 ਨੂੰ ਜਨਮਿਆ ਰੰਧਾਵਾ ਅੱਸੀਵਾਂ ਜਨਮ ਦਿਨ ਮਨਾ ਕੇ ਤੁਰ ਗਿਆ।

ਪੰਜਾਬ ਟਾਈਮਜ਼

*ਸਨਿਚਰਵਾਰ, 30 ਸਤੰਬਰ 2017*

## ਕਿਸਾਨ, ਸਰਕਾਰਾਂ ਅਤੇ ਲੋਕ ਮਸਲੇ

ਪੰਜਾਬ ਵਿਚ ਕਿਸਾਨਾਂ ਦੇ ਪੰਜ ਰੋਜ਼ਾ ਸੰਘਰਸ਼ ਨੇ ਕਿਸਾਨ ਮਸਲਿਆਂ ਨੂੰ ਸਭ ਦੇ ਧਿਆਨ ਵਿਚ ਲਿਆਂਦਾ ਹੈ। ਇਸ ਵੇਲੇ ਕਿਸਾਨਾਂ ਦੀਆਂ ਜੋ ਸਮੱਸਿਆਵਾਂ ਵਿਕਰਾਲ ਰੂਪ ਅਖਤਿਆਰ ਕਰੀ ਬੈਠੀਆਂ ਹਨ, ਉਸ ਦਾ ਇਕੋ ਇਕ ਕਾਰਨ ਇਹੀ ਹੈ ਕਿ ਸਮੇਂ ਦੀਆਂ ਸਰਕਾਰਾਂ ਨੇ ਇਨ੍ਹਾਂ ਸਮੱਸਿਆਵਾਂ ਨੂੰ ਨਜਿੱਠਣ ਲਈ ਕਦੀ ਇੱਛਾ ਸ਼ਕਤੀ ਨਹੀਂ ਦਿਖਾਈ। ਹਾਂ, ਵੋਟਾਂ ਬਟੋਰਨ ਖਾਤਰ ਵੱਖ ਵੱਖ ਸਿਆਸੀ ਧਿਰਾਂ ਵਾਅਦੇ ਅਤੇ ਦਾਅਵੇ ਬਥੇਰੇ ਲੰਮੇ ਚੌੜੇ ਕਰਦੀਆਂ ਆ ਰਹੀਆਂ ਹਨ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਆਪਣੀ ਪਾਰਟੀ ਭਾਜਪਾ ਵੱਲੋਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਕਿਸਾਨਾਂ ਦੀ ਆਮਦਨ ਸਾਲ 2022 ਤਕ ਦੁੱਗਣੀ ਕਰਨ ਦਾ ਐਲਾਨ ਕੀਤਾ ਸੀ, ਪਰ ਕੇਂਦਰ ਵਿਚ ਤਿੰਨ ਸਾਲ ਸਰਕਾਰ ਚਲਾਉਣ ਤੋਂ ਬਾਅਦ ਵੀ ਉਨ੍ਹਾਂ ਇਸ ਮਾਮਲੇ ਵਿਚ ਕੀਤਾ ਕੁਝ ਵੀ ਨਹੀਂ। ਹੁਣ ਤਾਂ ਸਗੋਂ ਮੋਦੀ ਸਰਕਾਰ ਨੇ ਆਮਦਨ ਦੁੱਗਣੀ ਕਰਨ ਦੀ ਜ਼ਿੰਮੇਵਾਰੀ ਰਾਜਾਂ ਉਤੇ ਪਾ ਦਿੱਤੀ ਹੈ। ਕੇਂਦਰੀ ਸਰਕਾਰ ਦੀਆਂ ਸਕੀਮਾਂ ਦੀ ਘੋਖ-ਪੜਤਾਲ ਕਰਦਿਆਂ ਕੇਂਦਰੀ ਖੇਤੀ ਮੰਤਰੀ ਰਾਧਾ ਮੋਹਨ ਸਿੰਘ ਨੇ ਰਾਜਾਂ ਨੂੰ ਕਿਹਾ ਹੈ ਕਿ ਉਹ ਕਿਸਾਨਾਂ ਦੀਆਂ ਫਸਲਾਂ ਲਈ ਮੁਨਾਫੇ ਵਾਲੇ ਭਾਅ ਯਕੀਨੀ ਬਣਾਉਣ ਲਈ ਆਪੋ-ਆਪਣੀਆਂ ਯੋਜਨਾਵਾਂ ਤਿਆਰ ਕਰਨ। ਭਾਜਪਾ ਕਿਸਾਨਾਂ ਨੂੰ ਉਨ੍ਹਾਂ ਦੀ ਫਸਲੀ ਲਾਗਤ ਤੋਂ 50 ਫੀਸਦੀ ਵਧੇਰੇ ਭਾਅ ਦੇਣ ਦੀ ਸਵਾਮੀਨਾਥਨ ਕਮਿਸ਼ਨ ਦੀ ਸਿਫਾਰਸ਼ ਲਾਗੂ ਕਰਨ ਦੇ ਚੋਣ ਵਾਅਦੇ ਤੋਂ ਪਹਿਲਾਂ ਹੀ ਭੱਜ ਚੁਕੀ ਹੈ। ਕੇਂਦਰ ਸਰਕਾਰ ਦੀ ਫਸਲ ਬੀਮਾ ਯੋਜਨਾ ਢੰਗ ਨਾਲ ਅਗਾਂਹ ਵਧ ਹੀ ਨਹੀਂ ਸਕੀ ਹੈ। ਕਨਸੋਅ ਹੈ ਕਿ ਬੀਮਾ ਕੰਪਨੀਆਂ ਸਰਕਾਰ ਕੋਲੋਂ ਕਿਤੇ ਵੱਧ ਪੈਸੇ ਲੈ ਰਹੀਆਂ ਹਨ ਅਤੇ ਅਗਾਂਹ ਕਿਸਾਨਾਂ ਨੂੰ ਬੀਮਾ ਰਾਸ਼ੀ ਦੇ ਰੂਪ ਵਿਚ ਬਹੁਤ ਘੱਟ ਰਕਮਾਂ ਅਦਾ ਕਰ ਰਹੀਆਂ ਹਨ। ਜ਼ਾਹਰ ਹੈ ਕਿ ਕਿਸਾਨਾਂ ਦੇ ਜੀਵਨ ਮਿਆਰ ਵਿਚ ਸੁਧਾਰ ਨਹੀਂ ਆ ਰਿਹਾ, ਸਗੋਂ ਉਨ੍ਹਾਂ ਦੇ ਦੁਖ-ਦਰਦ ਵਧ ਰਹੇ ਹਨ। ਚੰਗੀ ਮੌਨਸੂਨ ਦੇ ਬਾਵਜੂਦ, ਮਾੜੀਆਂ ਖੇਤੀ ਨੀਤੀਆਂ ਜਾਂ ਪ੍ਰਬੰਧ ਕਾਰਨ ਕਿਸਾਨਾਂ ਦੇ ਹਾਲਾਤ ਨਹੀਂ ਸੁਧਰ ਰਹੇ। ਪੰਜਾਬ, ਉਤਰ ਪ੍ਰਦੇਸ਼, ਮਹਾਰਾਸ਼ਟਰ ਜਾਂ ਰਾਜਸਥਾਨ ਵਿਚ ਕਿਸਾਨੀ ਸੰਕਟ ਦੇ ਹੱਲ ਵਜੋਂ ਜੋ ਕਰਜ਼ ਮੁਆਫੀ ਕੀਤੀ ਗਈ ਹੈ, ਉਹ ਸੰਕਟ ਦੂਰ ਕਰਨ ਦੀ ਥਾਂ ਵੋਟਾਂ ਹਾਸਲ ਕਰਨ ਦੀ ਦੌੜ ਤਕ ਹੀ ਸੀਮਤ ਹੈ। ਇਨ੍ਹਾਂ ਰਾਜਾਂ ਵਿਚ ਅਸਲ ਸੰਕਟ ਖੇਤੀ ਪੈਦਾਵਾਰ ਦੀ ਖੜੋਤ ਦਾ ਹੈ। ਇਸ ਖੜੋਤ ਨੂੰ ਤੋੜਨ ਲਈ ਕੁਝ ਵੀ ਨਵਾਂ ਨਹੀਂ ਕੀਤਾ ਜਾ ਰਿਹਾ। ਖੇਤੀ ਲਾਗਤਾਂ, ਖਾਸ ਕਰ ਕੇ ਡੀਜ਼ਲ ਦੇ ਭਾਅ ਲਗਾਤਾਰ ਵਧੇ ਹਨ ਅਤੇ ਇਨ੍ਹਾਂ ਦੇ ਮੁਕਾਬਲੇ ਜਿਣਸਾਂ ਦੇ ਭਾਅ ਵਧਾਏ ਨਹੀਂ ਗਏ। ਨੋਟਬੰਦੀ ਕਾਰਨ ਕਿਸਾਨਾਂ ਦਾ ਜੋ ਨੁਕਸਾਨ ਹੋਇਆ, ਉਸ ਦੀ ਅਜੇ ਤਕ ਭਰਪਾਈ ਨਹੀਂ ਕੀਤੀ ਗਈ। ਭਰਪਾਈ ਕਰਨੀ ਤਾਂ ਇਕ ਪਾਸੇ ਰਹੀ, ਇਸ ਬਾਰੇ ਸੋਚਿਆ ਤੱਕ ਨਹੀਂ ਗਿਆ।

ਹੁਣ ਜਦੋਂ ਪੰਜਾਬ ਦੇ ਔਖੇ ਹੋਏ ਕਿਸਾਨਾਂ ਨੇ ਸੱਤ ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ ਧਰਨਾ ਅਰੰਭ ਕੀਤਾ ਗਿਆ ਤਾਂ ਪੰਜਾਬ ਦੀ ਕੈਪਟਨ ਅਮਰਿੰਦਰ ਸਿੰਘ ਸਰਕਾਰ ਨੇ ਉਨ੍ਹਾਂ ਦੇ ਸੰਘਰਸ਼ ਨੂੰ ਕੁਚਲਣ ਲਈ ਕਾਰਵਾਈਆਂ ਸ਼ੁਰੂ ਕਰ ਦਿੱਤੀਆਂ। ਪਹਿਲਾਂ ਤਾਂ ਕਿਸਾਨ ਆਗੂਆਂ ਦੀ ਫੜੋ-ਫੜਾਈ ਕੀਤੀ ਅਤੇ ਫਿਰ ਧਰਨਾ ਨਾ ਲਾਉਣ ਦੇਣ ਲਈ ਪਟਿਆਲਾ ਸ਼ਹਿਰ ਨੂੰ ਰਾਤੋ-ਰਾਤ ਛਾਉਣੀ ਵਿਚ ਤਬਦੀਲ ਕਰ ਦਿੱਤਾ। ਚੰਗੀ ਗੱਲ ਇਹ ਹੋਈ ਕਿ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਕਿਸਾਨਾਂ ਨੂੰ ਧਰਨਾ ਲਾਉਣ ਦੀ ਆਗਿਆ ਦੇ ਦਿੱਤੀ। ਕਿਸਾਨ ਜਥੇਬੰਦੀਆਂ ਕਿਸਾਨੀ ਕਰਜ਼ਿਆਂ ਦੀ ਮੁਕੰਮਲ ਮੁਆਫੀ ਦੀ ਮੰਗ ਤਾਂ ਕਰ ਹੀ ਰਹੀਆਂ ਹਨ; ਇਹ ਸਾਰੀਆਂ ਫਸਲਾਂ ਦੇ ਭਾਅ ਸਵਾਮੀਨਾਥਨ ਕਮਿਸ਼ਨ ਦੀਆਂ ਸਿਫਾਰਸ਼ਾਂ ਮੁਤਾਬਕ ਤੈਅ ਕਰਨ, ਪਟੇਦਾਰਾਂ ਤੇ ਵਾਹੀਕਾਰਾਂ ਨੂੰ ਜ਼ਮੀਨ ਦੇ ਮਾਲਕੀ ਹੱਕ ਦੇਣ ਅਤੇ ਝੋਨੇ ਦੀ ਪਰਾਲੀ ਸਰਕਾਰੀ ਖਰਚ ਉਤੇ ਬਿਲੇ ਲਾਏ ਜਾਣ ਵਰਗੀਆਂ ਮੰਗਾਂ ਉਤੇ ਵੀ ਜ਼ੋਰ ਦੇ ਰਹੀਆਂ ਹਨ। ਕੈਪਟਨ ਸਰਕਾਰ ਅਤੇ ਇਸ ਤੋਂ ਪਹਿਲੀ ਬਾਦਲ ਸਰਕਾਰ ਭਾਵੇਂ ਇਹ ਦਾਅਵੇ ਕਰਦੀਆਂ ਰਹੀਆਂ ਹਨ ਕਿ ਇਹ ਕਿਸਾਨ ਹਿਤੈਸ਼ੀ ਹਨ, ਪਰ ਇਨ੍ਹਾਂ ਦਾ ਅਮਲ ਦਰਸਾਉਂਦਾ ਹੈ ਕਿ ਇਨ੍ਹਾਂ ਨੇ ਕਿਸਾਨਾਂ ਨੂੰ ਸੰਕਟ ਵਿਚੋਂ ਕੱਢਣ ਲਈ ਅੱਜ ਤੱਕ ਕੁਝ ਨਹੀਂ ਕੀਤਾ। ਇਸੇ ਕਰ ਕੇ ਆਏ ਦਿਨ ਸਰਕਾਰ ਪ੍ਰਤੀ ਕਿਸਾਨਾਂ ਦਾ ਗੁੱਸਾ ਵਧ ਰਿਹਾ ਹੈ। ਦਰਅਸਲ, ਪੰਜਾਬ ਅੰਦਰ ਕਿਸਾਨੀ ਸੰਕਟ ਪਿਛਲੇ ਤਿੰਨ ਦਹਾਕਿਆਂ ਤੋਂ ਵੱਧ ਸਮੇਂ ਤੋਂ ਚੱਲ ਰਿਹਾ ਹੈ। ਹਰੇ ਇਨਕਲਾਬ ਨੇ ਖੇਤੀ ਖੇਤਰ ਵਿਚ ਜੋ ਖੁਸ਼ਹਾਲੀ ਲਿਆਂਦੀ ਸੀ, ਉਸ ਦੀ ਨਿਰੰਤਰਤਾ ਯਕੀਨੀ ਬਣਾਈ ਜਾਣੀ ਚਾਹੀਦੀ ਸੀ, ਪਰ ਅਜਿਹਾ ਕੁਝ ਨਹੀਂ ਕੀਤਾ ਗਿਆ। ਨਾ ਤਾਂ ਨੌਜਵਾਨ ਪੀੜ੍ਹੀ ਨੂੰ ਕਿਰਤ ਸਭਿਆਚਾਰ ਨਾਲ ਜੋੜੀ ਰੱਖਣ ਦੇ ਉਪਰਾਲੇ ਕੀਤੇ ਗਏ ਅਤੇ ਨਾ ਹੀ ਧਰਤੀ ਦੀ ਉਪਜਾਊ ਸ਼ਕਤੀ ਬਚਾਈ ਰੱਖਣ ਤੇ ਫਸਲੀ ਵੰਨ-ਸੁਵੰਨਤਾ ਨੂੰ ਸਾਰਥਕ ਬਣਾਉਣ ਲਈ ਹੀ ਕੋਈ ਯੋਜਨਾ ਉਲੀਕੀ ਗਈ। ਹੋਰ ਤਾਂ ਹੋਰ, ਕਣਕ-ਝੋਨੇ ਦਾ ਫਸਲੀ ਚੱਕਰ ਤੋੜਨ ਦੇ ਸੰਜੀਦਾ ਯਤਨ ਨਹੀਂ ਕੀਤੇ ਗਏ। ਕਿਸਾਨ ਜਥੇਬੰਦੀਆਂ ਨੇ ਆਪਣੇ ਪੰਜ ਰੋਜ਼ਾ ਅੰਦੋਲਨ ਤੋਂ ਬਾਅਦ ਐਲਾਨ ਕਰ ਦਿੱਤਾ ਹੈ ਕਿ 27 ਅਕਤੂਬਰ ਤੋਂ ਅਗਲਾ ਸੰਘਰਸ਼ ਸ਼ੁਰੂ ਕਰ ਦਿੱਤਾ ਜਾਵੇਗਾ। ਕੈਪਟਨ ਸਰਕਾਰ ਨੂੰ ਬਣਿਆਂ ਭਾਵੇਂ ਛੇ ਮਹੀਨੇ ਤੋਂ ਵੱਧ ਦਾ ਸਮਾਂ ਹੋ ਗਿਆ ਹੈ, ਪਰ ਇਹ ਸਰਕਾਰ ਅਜੇ ਤੱਕ ਪਟੜੀ ਉਤੇ ਨਹੀਂ ਚੜ੍ਹ ਸਕੀ ਹੈ। ਜੇ ਇਸ ਸਰਕਾਰ ਨੇ ਅਜੇ ਵੀ ਕੁਝ ਨਾ ਕੀਤਾ, ਤਾਂ ਕਿਸਾਨਾਂ ਦਾ ਅੰਦੋਲਨ ਇਸ ਲਈ ਵੱਡਾ ਸੰਕਟ ਬਣ ਸਕਦਾ ਹੈ। ਹੁਣ ਕਿਸਾਨ ਆਗੂਆਂ ਨੂੰ ਵੀ ਚਾਹੀਦਾ ਹੈ ਕਿ ਕਿਸਾਨੀ ਨੂੰ ਸੰਕਟ ਵਿਚੋਂ ਬਾਹਰ ਲਿਆਉਣ ਲਈ ਇਹ ਸਮਝੌਤਾਵਾਦੀ ਸੰਘਰਸ਼ ਵਾਲੇ ਰਾਹ ਨਾ ਪੈਣ, ਕਿਉਂਕਿ ਜਿਉਂ ਜਿਉਂ ਸਮਾਂ ਲੰਘ ਰਿਹਾ ਹੈ, ਕਿਸਾਨ ਸੰਕਟ ਗੰਭੀਰ ਹੋ ਰਿਹਾ ਹੈ। ਕਿਸਾਨਾਂ-ਮਜ਼ਦੂਰਾਂ ਦੀਆਂ ਖੁਦਕੁਸ਼ੀਆਂ ਬਾਰੇ ਨਿੱਤ ਦਿਨ ਆ ਰਹੀਆਂ ਖਬਰਾਂ ਦੱਸਦੀਆਂ ਹਨ ਕਿ ਪਾਣੀ ਹੁਣ ਸਿਰ ਤੋਂ ਉਪਰ ਜਾ ਚੁਕਾ ਹੈ। ਇਨ੍ਹਾਂ ਖੁਦਕੁਸ਼ੀਆਂ ਨੇ ਸਮਾਜਿਕ ਤਾਣਾ-ਬਾਣਾ ਬੁਰੀ ਤਰ੍ਹਾਂ ਵਿਗਾੜ ਦਿੱਤਾ ਹੈ। ਇਸ ਲਈ ਇਸ ਸੰਕਟ ਦਾ ਹੱਲ ਪਹਿਲ ਦੇ ਆਧਾਰ ਉਤੇ ਹੋਣਾ ਚਾਹੀਦਾ ਹੈ, ਕਿਉਂਕਿ ਅੱਜ ਵੀ ਬਹੁਤੇ ਪਰਿਵਾਰਾਂ ਦਾ ਆਧਾਰ ਖੇਤੀ ਹੀ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਹਾਲ-ਏ-ਸ਼੍ਰੋਮਣੀ ਕਮੇਟੀ!*

ਹੁਕਮ ਮੰਨ ਕੇ ਉਤਲਿਆਂ ਮਾਲਕਾਂ ਦਾ, ਦਿਨ ਨੂੰ ਰਾਤ, ਰਾਤ ਨੂੰ ਦਿਨ ਕਹਿਣਗੇ ਜੀ।
'ਵੱਡੇ ਘਰ' ਤੋਂ ਥਾਪੜਾ ਰਹੇ ਮਿਲਦਾ, ਉਦੋਂ ਤੀਕ ਹੀ 'ਸਰਬਉਚ' ਰਹਿਣਗੇ ਜੀ।
ਜਥੇਦਾਰ ਜ਼ਮੀਰ ਜੇ ਸੁਣਨ ਲੱਗੇ, ਫੇਰ 'ਮੋਠਾਂ ਦੀ ਛਾਂਵੇਂ' ਜਾ ਬਹਿਣਗੇ ਜੀ।
ਪੰਥ ਵਰ੍ਹਿਆਂ ਤੋਂ ਸੋਚਦਾ ਆ ਰਿਹਾ ਏ, ਕਿੱਦਾਂ ਕੌਮ ਦੇ ਗਲੋਂ ਇਹ ਲਹਿਣਗੇ ਜੀ।
ਕਰ ਕੁਰਬਾਨੀਆਂ ਲਈ ਸੀ ਜਥੇਬੰਦੀ, ਆਈ ਹੋਈ ਐ ਜਕੜ ਵਿਚ ਮਨਮੁਖਾਂ ਦੀ।
ਬਸ ਚਾਹੀਦੇ 'ਚਮਚੇ ਤੇ ਕੜਛੀਆਂ' ਹੀ, ਐਸ.ਜੀ.ਪੀ.ਸੀ. ਨੂੰ ਲੋੜ ਨਾ 'ਗੁਰਮੁਖਾਂ' ਦੀ?

# ਪਰਵਾਸ ਤੋਂ ਪੰਜਾਬੀਆਂ ਨੇ ਕੀ ਖੱਟਿਆ, ਕੀ ਗੁਆਇਆ?

ਡਾ. ਗਿਆਨ ਸਿੰਘ
ਫੋਨ: 609-721-0950

ਕੌਮਾਂਤਰੀ ਪਰਵਾਸ ਦੇ ਕਈ ਕਾਰਨ ਹੋ ਸਕਦੇ ਹਨ, ਜਿਵੇਂ ਬਿਹਤਰ ਜ਼ਿੰਦਗੀ ਜਿਉਣ ਦਾ ਸੁਪਨਾ ਸਾਕਾਰ ਕਰਨਾ, ਪਰਿਵਾਰ ਨਾਲ ਇਕੱਠੇ ਰਹਿਣਾ, ਲੜਾਈਆਂ-ਝਗੜਿਆਂ ਜਾਂ ਵਾਤਾਵਰਣ ਵਿਚ ਵਿਗਾੜਾਂ ਤੋਂ ਬਚਣਾ ਆਦਿ। ਪਿਛਲੇ ਕੁਝ ਸਾਲਾਂ ਦੌਰਾਨ ਕੌਮਾਂਤਰੀ ਪਰਵਾਸੀਆਂ ਦੀ ਗਿਣਤੀ ਅਤੇ ਅਨੁਪਾਤ ਵਿਚ ਵਾਧੇ ਦਾ ਰੁਝਾਨ ਹੈ। ਸੰਯੁਕਤ ਰਾਸ਼ਟਰ ਅਨੁਸਾਰ, ਕੌਮਾਂਤਰੀ ਪਰਵਾਸੀਆਂ ਦੀ ਗਿਣਤੀ 1990 ਵਿਚ 15.40 ਕਰੋੜ ਤੋਂ ਵਧ ਕੇ 2000 ਵਿਚ 17.50 ਕਰੋੜ ਹੋ ਗਈ ਹੈ। 2000 ਤੋਂ 2015 ਤਕ ਕੌਮਾਂਤਰੀ ਪਰਵਾਸੀਆਂ ਦੀ ਗਿਣਤੀ ਵਿਚ 41 ਫ਼ੀਸਦ ਵਾਧਾ ਦਰਜ ਹੋਇਆ ਜੋ ਦੁਨੀਆਂ ਵਿਚ ਆਬਾਦੀ ਦੀ ਵਾਧਾ ਦਰ ਨਾਲੋਂ ਜ਼ਿਆਦਾ ਹੈ।

ਭਾਰਤ ਵਿਚੋਂ ਕੌਮਾਂਤਰੀ ਪਰਵਾਸ ਦੋ ਤਰ੍ਹਾਂ ਦਾ ਹੋ ਰਿਹਾ ਹੈ: ਪਹਿਲਾ, ਉਹ ਕਾਮੇ ਜੋ ਗ਼ੈਰ-ਹੁਨਰਮੰਦ ਤੇ ਅਰਧ-ਹੁਨਰਮੰਦ ਸ਼੍ਰੇਣੀਆਂ ਵਿਚ ਆਉਂਦੇ ਤੇ ਜ਼ਿਆਦਾਤਰ ਖਾੜੀ ਦੇਸ਼ਾਂ ਵਿਚ ਪਰਵਾਸ ਕਰਦੇ ਹਨ। ਦੂਜਾ, ਗ਼ੈਰ-ਹੁਨਰਮੰਦ, ਅਰਧ-ਹੁਨਰਮੰਦ, ਹੁਨਰਮੰਦ ਅਤੇ ਪੇਸ਼ਾਵਰ ਕਾਮੇ ਤੇ ਵਿਦਿਆਰਥੀ ਜੋ ਜ਼ਿਆਦਾਤਰ ਸਰਮਾਏਦਾਰ ਵਿਕਸਿਤ ਦੇਸ਼ਾਂ ਵਿਚ ਪਰਵਾਸ ਕਰਦੇ ਹਨ। ਪੰਜਾਬ ਵਿਚੋਂ ਵੀ ਭਾਰਤ ਵਾਂਗ ਦੋਵੇਂ ਤਰ੍ਹਾਂ ਦੇ ਕਾਮਿਆਂ ਦਾ ਦੁਨੀਆਂ ਦੇ ਦੂਜੇ ਦੇਸ਼ਾਂ ਵਿਚ ਪਰਵਾਸ ਹੋ ਰਿਹਾ ਹੈ। ਇਸ ਪਰਵਾਸ ਦਾ ਮੁੱਖ ਕਾਰਨ ਦੇਸ਼ ਵਿਚ ਰੁਜ਼ਗਾਰ ਰਹਿਤ ਆਰਥਿਕ ਵਿਕਾਸ ਹੋਣਾ ਹੈ। ਇਸੇ ਕਰ ਕੇ ਰੁਜ਼ਗਾਰ ਦੇ ਮੌਕਿਆਂ ਦੀ ਘਾਟ ਅਤੇ ਉਸ ਦਾ ਮਿਆਰ (ਆਮਦਨ) ਬਹੁਤ ਨੀਵਾਂ ਹੈ।

ਜਿਥੇ ਪੰਜਾਬ ਵਿਚੋਂ ਕੌਮਾਂਤਰੀ ਪਰਵਾਸੀਆਂ ਨੇ ਆਪਣੇ ਨਿੱਜ, ਸੂਬੇ ਅਤੇ ਦੇਸ਼ ਵਾਸਤੇ ਕਮਾਇਆ, ਉਥੇ ਗੁਆਇਆ ਵੀ ਹੈ। ਪੰਜਾਬ ਵਿਚੋਂ ਦੂਜੇ ਦੇਸ਼ਾਂ ਵਿਚ ਪਰਵਾਸ ਕਰਨ ਵਾਲੇ ਕਾਮਿਆਂ ਨੇ ਦੇਸ਼ ਦੀ ਆਜ਼ਾਦੀ ਦੇ ਸੰਘਰਸ਼ ਦੌਰਾਨ ਸਿਰਫ਼ ਵਿੱਤੀ ਮਦਦ ਹੀ ਨਹੀਂ ਕੀਤੀ, ਸਗੋਂ ਗਦਰ ਲਹਿਰ ਨੂੰ ਜਨਮ ਦਿੱਤਾ ਅਤੇ ਪ੍ਰਫੁਲਤ ਕੀਤਾ ਸੀ। ਇਉਂ ਉਨ੍ਹਾਂ ਨੇ ਦੇਸ਼ ਦੀ ਆਜ਼ਾਦੀ ਵਿਚ ਯੋਗਦਾਨ ਪਾਇਆ। ਖਾੜੀ ਦੇਸ਼ਾਂ ਵਿਚ ਪਰਵਾਸ ਕਰਨ ਵਾਲੇ ਪੰਜਾਬੀ ਕਾਮੇ ਜੋ ਜ਼ਿਆਦਾਤਰ ਗ਼ੈਰ-ਹੁਨਰਮੰਦ ਜਾਂ ਅਰਧ-ਹੁਨਰਮੰਦ ਸ਼੍ਰੇਣੀਆਂ ਵਿਚ ਆਉਂਦੇ ਹਨ, ਲਗਾਤਾਰ ਆਪਣੇ ਪਰਿਵਾਰਾਂ ਨੂੰ ਆਪਣੀ ਕਮਾਈ ਭੇਜਦੇ ਰਹੇ। ਇਸ ਤਰ੍ਹਾਂ ਦਾ ਰੁਝਾਨ ਹੁਣ ਤਕ ਹੁਨਰਮੰਦ ਅਤੇ ਪੇਸ਼ਾਵਰ ਕਾਮਿਆਂ ਵਿਚ ਵੀ ਹੈ।

ਪਰਵਾਸੀ ਪੰਜਾਬੀਆਂ ਵੱਲੋਂ ਬਾਹਰਲੇ ਦੇਸ਼ਾਂ ਵਿਚੋਂ ਕਮਾਈਆਂ ਕਰ ਕੇ ਭੇਜੀਆਂ ਰਕਮਾਂ ਨਾਲ ਜਿਥੇ ਇਨ੍ਹਾਂ ਦੇ ਆਪਣੇ ਪਰਿਵਾਰ ਖ਼ੁਸ਼ਹਾਲ ਹੋਏ, ਉਥੇ ਇਨ੍ਹਾਂ ਨੇ ਪੰਜਾਬ ਤੇ ਭਾਰਤ ਦੀ ਆਰਥਿਕ ਤਰੱਕੀ ਵਿਚ ਵੀ ਯੋਗਦਾਨ ਪਾਇਆ। ਇਨ੍ਹਾਂ ਪਰਵਾਸੀਆਂ ਨੇ ਆਪਣੇ ਪਿੰਡਾਂ ਤੇ ਇਲਾਕਿਆਂ ਦੇ ਸਕੂਲਾਂ, ਕਾਲਜਾਂ, ਹਸਪਤਾਲਾਂ ਤੇ ਸਮਾਜਿਕ ਮਹੱਤਵ ਦੇ ਹੋਰ ਕਾਰਜਾਂ ਵਿਚ ਵੀ ਯੋਗਦਾਨ ਪਾਇਆ। ਪੰਜਾਬ ਵਿਚੋਂ ਦੂਜੇ ਦੇਸ਼ਾਂ ਵਿਚ ਜਾ ਕੇ ਵਸੇ ਹੋਏ ਕੁਝ ਪਰਵਾਸੀ, ਨਵੇਂ ਪਰਵਾਸੀਆਂ ਦੀ ਮਦਦ ਵੀ ਕਰਦੇ ਹਨ। ਰਾਜਸੀ ਸਰਗਰਮੀਆਂ ਵਿਚ ਹਿੱਸਾ ਲੈਂਦੇ ਹੋਏ ਦੂਜੇ ਦੇਸ਼ਾਂ ਵਿਚ ਉਚੇ ਰਾਜਸੀ ਅਹੁਦੇ ਅਤੇ ਹੋਰ ਵੱਡੀਆਂ ਪਦਵੀਆਂ ਪ੍ਰਾਪਤ ਕਰ ਰਹੇ ਹਨ। ਇਸ ਸਬੰਧੀ ਸ. ਐਸ.ਪੀ. ਸਿੰਘ ਓਬਰਾਏ ਦਾ ਜ਼ਿਕਰ ਜ਼ਰੂਰੀ ਹੈ ਜਿਨ੍ਹਾਂ ਦੀ ਹਿੰਮਤ ਤੇ ਸਹਾਇਤਾ ਨਾਲ ਬਹੁਤ ਸਾਰੇ ਪੰਜਾਬੀਆਂ ਦੀ ਜਾਨ ਬਚੀ ਹੈ।

ਪੰਜਾਬ ਵਿਚੋਂ ਕੌਮਾਂਤਰੀ ਪਰਵਾਸ ਕਰਨ ਵਾਲਿਆਂ ਨੇ ਆਪਣੇ, ਸੂਬੇ ਅਤੇ ਦੇਸ਼ ਲਈ ਜੋ ਕਮਾਇਆ, ਉਸ ਨਾਲੋਂ ਜ਼ਿਆਦਾ ਗੁਆਇਆ ਅਤੇ ਉਸ ਦੀ ਸੂਚੀ ਕਾਫ਼ੀ ਲੰਮੀ ਹੈ। ਪੰਜਾਬ ਵਿਚੋਂ ਜਿਹੜੇ ਹੁਨਰਮੰਦ ਤੇ ਪੇਸ਼ਾਵਰ ਕਾਮਿਆਂ ਅਤੇ ਵਿਦਿਆਰਥੀਆਂ ਨੇ ਬਾਹਰਲੇ ਦੇਸ਼ਾਂ ਵਿਚ ਪਰਵਾਸ ਕੀਤਾ, ਬਾਅਦ ਵਿਚ ਉਹ ਉਨ੍ਹਾਂ ਦੇਸ਼ਾਂ ਵਿਚ ਹੀ ਵਸ ਗਏ। ਉਸ ਨਾਲ ਪੰਜਾਬ ਵਿਚੋਂ ਇਨ੍ਹਾਂ ਹੁਨਰਮੰਦ ਅਤੇ ਲਿਆਕਤ ਵਾਲੇ ਕਾਮਿਆਂ ਦਾ ਪੱਕਾ ਨਿਕਾਲ ਹੋ ਗਿਆ ਜੋ ਪੰਜਾਬ ਤੇ ਭਾਰਤ ਲਈ ਵੱਡਾ ਘਾਟਾ ਹੈ। ਕੁਝ ਲੋਕ ਇਹ ਤਰਕ ਦਿੰਦੇ ਹਨ ਕਿ ਇਹ ਜੇ ਪੰਜਾਬ ਵਿਚ ਰਹਿੰਦੇ ਤਾਂ ਇਨ੍ਹਾਂ ਨੇ ਇਧਰ ਰੁਜ਼ਗਾਰ ਦੇ ਮੌਕਿਆਂ ਦੀ ਘਾਟ ਤੇ ਪ੍ਰਾਪਤ ਰੁਜ਼ਗਾਰ ਦੇ ਨੀਵੇਂ ਮਿਆਰ ਕਾਰਨ ਰੁਲ ਜਾਣਾ ਸੀ। ਇਸ ਦਲੀਲ ਵਿਚ ਅੰਸ਼ਕ ਸਚਾਈ ਤਾਂ ਹੈ, ਪਰ ਧਿਆਨ ਮੰਗਦਾ ਪੱਖ ਇਹ ਹੈ ਕਿ ਇਨ੍ਹਾਂ ਦੇ ਹੁਨਰ ਤੇ ਲਿਆਕਤ ਦੇ ਵਿਕਾਸ ਵਿਚ ਸਮਾਜ ਤੇ ਸਰਕਾਰ ਵੱਲੋਂ ਪਾਇਆ ਯੋਗਦਾਨ ਕਿਥੇ ਗਿਆ? ਇਨ੍ਹਾਂ ਲਈ ਸਮਾਜ ਤੇ ਸਰਕਾਰ ਵੱਲੋਂ ਮੁਹੱਈਆ ਕਰਵਾਈ ਗਈ ਸਸਤੀ ਸਿੱਖਿਆ, ਸਿਖਲਾਈ ਆਦਿ ਦਾ ਹਿਸਾਬ ਕੌਣ ਕਰੇਗਾ? ਗੱਲ ਸਿਰਫ਼ ਬਰੇਨ-ਡਰੇਨ ਉਪਰ ਹੀ ਨਹੀਂ ਮੁੱਕਦੀ। ਸੂਚਨਾ ਤਕਨਾਲੋਜੀ ਦੇ ਇਨਕਲਾਬ ਤੋਂ ਬਾਅਦ ਪੰਜਾਬ ਵਿਚੋਂ ਹੁਨਰਮੰਦ ਅਤੇ ਪੇਸ਼ੇਵਰ ਕਾਮਿਆਂ ਦੇ ਬਾਹਰਲੇ ਦੇਸ਼ਾਂ ਵਿਚ ਜਾਣ ਨਾਲ ਦੇਸ਼ਾਂ ਵਿਚੋਂ ਪੂੰਜੀ ਦਾ ਨਿਕਾਲ, ਜਿਸ ਨੂੰ ਕੈਪੀਟਲ-ਡਰੇਨ ਵੀ ਕਹਿੰਦੇ ਹਨ, ਪਰਵਾਸੀਆਂ ਦੀ ਪਹਿਲੀ ਪੀੜ੍ਹੀ ਦੇ ਜਾਣ ਨਾਲ ਹੀ ਸ਼ੁਰੂ ਹੋ ਗਿਆ ਜਦੋਂਕਿ ਪਹਿਲਾਂ ਇਹ ਦੂਜੀ ਜਾਂ ਤੀਜੀ ਪੀੜ੍ਹੀ ਵਿਚ ਸ਼ੁਰੂ ਹੁੰਦਾ ਸੀ। ਇਸ ਤੋਂ ਵੱਧ ਦੁੱਖ ਵਾਲੀ ਗੱਲ ਵਿਦਿਆਰਥੀਆਂ ਬਾਰੇ ਹੈ। ਅੱਜ ਕੱਲ੍ਹ ਜਿੰਨੇ ਵੱਡੇ ਪੱਧਰ ਉਪਰ ਪੰਜਾਬ ਵਿਚੋਂ ਵਿਦਿਆਰਥੀ ਦੂਜੇ ਦੇਸ਼ਾਂ ਵਿਚ ਜਾ ਰਹੇ ਹਨ, ਇਸ ਦਾ ਮਾੜਾ ਪਹਿਲੂ ਇਨ੍ਹਾਂ ਵਿਦਿਆਰਥੀਆਂ ਨੂੰ ਨੀਵੇਂ ਮਿਆਰ ਦੀ ਦਿੱਤੀ ਜਾ ਰਹੀ ਪੜ੍ਹਾਈ ਦਾ ਵੀ ਹੈ।

ਪੰਜਾਬ ਵਿਚੋਂ ਪਰਵਾਸ ਕਰ ਕੇ ਉਨਤ ਸਰਮਾਏਦਾਰ ਦੇਸ਼ਾਂ ਵਿਚ ਗਏ ਲੋਕਾਂ ਵਿਚੋਂ ਕੁਝ ਸੱਜਣ, ਜਿਹੜੇ ਆਪਣੇ ਕਾਰੋਬਾਰਾਂ ਵਿਚ ਅੱਗੇ ਲੰਘ ਗਏ ਹਨ, ਆਪਣੇ ਮੁਨਾਫ਼ੇ ਵਧਾਉਣ ਲਈ ਪੰਜਾਬ ਤੋਂ ਪਰਵਾਸ ਕਰ ਕੇ ਆਏ ਵਿਦਿਆਰਥੀਆਂ, ਗ਼ੈਰ-ਹੁਨਰਮੰਦ ਅਤੇ ਅਰਧ-ਹੁਨਰਮੰਦ ਵਿਅਕਤੀਆਂ ਦੀ ਲੁੱਟ ਕਰਦੇ ਹਨ। ਇਸ ਤੋਂ ਇਲਾਵਾ ਪੰਜਾਬ ਤੋਂ ਆਪਣੇ ਰਿਸ਼ਤੇਦਾਰਾਂ ਨੂੰ ਕਾਨੂੰਨੀ ਜਾਂ ਗ਼ੈਰ-ਕਾਨੂੰਨੀ ਤਰੀਕਿਆਂ ਨਾਲ ਇਨ੍ਹਾਂ ਦੇਸ਼ਾਂ ਵਿਚ ਲਿਆ ਕੇ ਬਹੁਤ ਘੱਟ ਤਨਖਾਹਾਂ ਦੇ ਕੇ ਕੰਮ ਕਰਵਾ ਰਹੇ ਹਨ। ਕਈ ਕੇਸ ਇਸ ਤਰ੍ਹਾਂ ਦੇ ਵੀ ਹਨ ਕਿ ਇਹਨਾਂ ਸੱਜਣਾਂ ਨੇ ਪੰਜਾਬ ਤੋਂ ਲਿਆਂਦੇ ਆਪਣੇ ਰਿਸ਼ਤੇਦਾਰਾਂ ਤੋਂ ਉਹਨਾਂ ਦੀਆਂ ਬੱਚਤਾਂ, ਜਿਹੜੀਆਂ ਉਹਨਾਂ ਨੇ ਆਪਣੇ ਢਿੱਡ ਨੂੰ ਗੱਠਾਂ ਦੇ ਕੇ ਕੀਤੀਆਂ, ਉਪਰ ਆਪਣੇ ਕਾਰੋਬਾਰ ਵਿਚ ਸਾਂਝ ਪੁਆਉਣ ਦੇ ਨਾਮ ਉਪਰ ਠੱਗ ਲਾਈਆਂ। ਇਥੇ ਹੀ ਬੱਸ ਨਹੀਂ, ਉਹ ਪੰਜਾਬ ਦੇ ਪਿੰਡਾਂ ਵਿਚ ਸਾਂਝੀਆਂ ਜਾਇਦਾਦਾਂ ਉਪਰ ਸਮਾਜਿਕ ਕੰਮਾਂ ਦੇ ਨਾਮ ਥੱਲੇ ਬਿਲਡਿੰਗਾਂ ਉਸਾਰ ਕੇ ਉਨ੍ਹਾਂ ਜਾਇਦਾਦਾਂ ਉਪਰ ਕਬਜ਼ਾ ਕਰ ਰਹੇ ਹਨ।

ਦੁਨੀਆਂ ਦੇ ਉਨਤ ਸਰਮਾਏਦਾਰ ਦੇਸ਼ਾਂ ਵਿਚ ਪੰਜਾਬ ਵਿਚੋਂ ਗਏ ਪਰਵਾਸੀਆਂ, ਖ਼ਾਸ ਕਰ ਕੇ ਕਾਰੋਬਾਰੀਆਂ ਦੀ ਆਮਦਨ ਪੰਜਾਬ ਦੇ ਮੁਕਾਬਲੇ ਕਈ ਗੁਣਾ ਵੱਧ ਹੈ। ਇਨ੍ਹਾਂ ਪਰਵਾਸੀਆਂ ਵਿਚੋਂ ਬਹੁਤ ਜ਼ਿਆਦਾ ਆਪਣੀ ਵਧੀ ਹੋਈ ਆਮਦਨ ਨੂੰ ਗ਼ੈਰ-ਉਤਪਾਦਕ ਦਿਖਾਵੇ ਦੇ ਕੰਮਾਂ ਉਪਰ ਖ਼ਰਚ ਰਹੇ ਹਨ। ਪੰਜਾਬ, ਖ਼ਾਸ ਕਰ ਕੇ ਪੇਂਡੂ ਇਲਾਕਿਆਂ ਵਿਚੋਂ ਕੌਮਾਂਤਰੀ ਪਰਵਾਸ ਖਾਂਦੇ-ਪੀਂਦੇ ਖ਼ੁਸ਼ਹਾਲ ਲੋਕਾਂ ਵਿਚੋਂ ਜ਼ਿਆਦਾ ਹੋਇਆ ਹੈ। ਨਤੀਜੇ ਵਜੋਂ ਇਨ੍ਹਾਂ ਲੋਕਾਂ ਦੀ ਸਮਾਜਿਕ ਸਰੋਕਾਰਾਂ ਵਿਚ ਭਾਗੀਦਾਰੀ ਅਤੇ ਬਣਦਾ ਜਾਇਜ਼ ਵਿਰੋਧ ਬਹੁਤ ਜ਼ਿਆਦਾ ਘਟਿਆ ਹੈ। ਹੁਣ ਪੰਜਾਬ ਦੇ ਪੇਂਡੂ ਇਲਾਕਿਆਂ ਵਿਚ ਵਿਦਿਆ, ਸਿਹਤ-ਸੰਭਾਲ ਅਤੇ ਹੋਰ ਸਾਂਝੇ ਕੰਮਾਂ ਸਬੰਧੀ ਉਹ ਤਰੱਕੀ ਨਹੀਂ ਹੋ ਸਕੀ ਜੋ ਇਨ੍ਹਾਂ ਦੀ ਭਾਗੀਦਾਰੀ ਤੇ ਬਣਦੇ ਜਾਇਜ਼ ਵਿਰੋਧ ਦੁਆਰਾ ਹੋਣੀ ਸੀ। ਕੌਮਾਂਤਰੀ ਪੰਜਾਬੀ ਪਰਵਾਸੀਆਂ ਨੇ ਪਰਵਾਸ ਵਾਲੇ ਦੇਸ਼ਾਂ ਵਿਚ ਸਮਾਜਿਕ ਸਰੋਕਾਰਾਂ ਵਾਲੇ ਕੰਮਾਂ ਦੀ ਬਜਾਇ ਧਾਰਮਿਕ ਸਥਾਨਾਂ ਉਪਰ ਜ਼ਿਆਦਾ ਖ਼ਰਚ ਕੀਤਾ ਹੈ। ਬਹੁਤ ਦੇਸ਼ਾਂ ਵਿਚ ਧਾਰਮਿਕ ਸਥਾਨ ਸਰਬ-ਸਾਂਝੇ ਨਾ ਹੋ ਕੇ ਟਰੱਸਟਾਂ ਜਾਂ ਮੈਂਬਰਾਂ ਦੀ ਜਾਇਦਾਦ ਹਨ ਜੋ ਇਹਨਾਂ ਨੂੰ ਆਪਣੇ ਹਿੱਤਾਂ ਦੀ ਪੂਰਤੀ ਲਈ ਵਰਤਦੇ ਹਨ। ਇਹਨਾਂ ਥਾਵਾਂ ਉਪਰ ਅਕਸਰ ਲੜਾਈ-ਝਗੜੇ ਹੁੰਦੇ ਹਨ। ਪੰਜਾਬੀ ਪਰਵਾਸੀਆਂ ਵਿਚੋਂ ਕੁਝ ਲੋਕ ਆਪਣੀ ਆਮਦਨ ਵਧਾਉਣ ਲਈ ਗ਼ੈਰ-ਕਾਨੂੰਨੀ ਤਰੀਕਿਆਂ ਦਾ ਸਹਾਰਾ ਲੈਂਦੇ ਹਨ ਜਿਸ ਵਿਚ ਨਸ਼ੇ ਵੇਚਣ ਦਾ ਜ਼ਿਕਰ ਕਰਨਾ ਬਣਦਾ ਹੈ।

> ***ਪਰਵਾਸ ਕਰ ਕੇ ਉਨਤ ਦੇਸ਼ਾਂ ਵਿਚ ਗਏ ਲੋਕਾਂ ਵਿਚੋਂ ਕੁਝ ਸੱਜਣ ਆਪਣੇ ਮੁਨਾਫ਼ੇ ਵਧਾਉਣ ਲਈ ਪੰਜਾਬ ਤੋਂ ਪਰਵਾਸ ਕਰ ਕੇ ਆਏ ਵਿਦਿਆਰਥੀਆਂ, .ਗੈਰ-ਹੁਨਰਮੰਦ ਅਤੇ ਅਰਧ-ਹੁਨਰਮੰਦ ਵਿਅਕਤੀਆਂ ਦੀ ਲੁੱਟ ਕਰਦੇ ਹਨ। ਇਸ ਤੋਂ ਇਲਾਵਾ ਪੰਜਾਬ ਤੋਂ ਆਪਣੇ ਰਿਸ਼ਤੇਦਾਰਾਂ ਨੂੰ ਕਾਨੂੰਨੀ ਜਾਂ .ਗੈਰ-ਕਾਨੂੰਨੀ ਤਰੀਕਿਆਂ ਨਾਲ ਇਨ੍ਹਾਂ ਦੇਸ਼ਾਂ ਵਿਚ ਲਿਆ ਕੇ ਬਹੁਤ ਘੱਟ ਤਨਖਾਹਾਂ ਦੇ ਕੇ ਕੰਮ ਕਰਵਾ ਰਹੇ ਹਨ।***

ਕੌਮਾਂਤਰੀ ਪੰਜਾਬੀ ਪਰਵਾਸੀਆਂ ਵਿਚੋਂ ਕੁਝ ਲੋਕ ਆਪਣੇ ਬਜ਼ੁਰਗਾਂ ਨੂੰ ਆਪਣੇ ਕੋਲ ਲੈ ਜਾਂਦੇ ਹਨ। ਜਿਹੜੇ ਬਜ਼ੁਰਗਾਂ ਨੇ ਦਿਨ-ਰਾਤ ਇਕ ਕਰ ਕੇ ਅਤੇ ਆਪਣੀਆਂ ਨਿੱਜੀ ਖੁਸ਼ੀਆਂ ਦੇ ਗਲ ਘੁੱਟ ਕੇ ਬੱਚਿਆਂ ਨੂੰ ਬਹੁਤ ਜ਼ਿਆਦਾ ਖ਼ਰਚ ਕਰ ਕੇ ਉਨਤ ਸਰਮਾਏਦਾਰ ਦੇਸ਼ਾਂ ਵਿਚ ਭੇਜਿਆ ਹੁੰਦਾ ਹੈ, ਉਹ ਉਨ੍ਹਾਂ ਦੀ ਰਿਟਾਇਰਮੈਂਟ ਉਮਰ ਵਿਚ ਆਪਣੇ ਬੱਚੇ ਪਾਲਣ ਅਤੇ ਹੋਰ ਲੋਕਾਂ ਕੋਲ ਕੰਮ ਕਰਨ ਲਈ ਮਜਬੂਰ ਕਰ ਦਿੰਦੇ ਹਨ। ਪੰਜਾਬੀ ਪਰਵਾਸੀਆਂ ਵਿਚੋਂ ਕੁਝ ਲੋਕ ਅਤੇ ਇਨ੍ਹਾਂ ਦੇ ਜ਼ਿਆਦਾਤਰ ਬੱਚੇ ਆਪਣੀ ਮਾਂ-ਬੋਲੀ ਨੂੰ ਵਿਸਾਰਦੇ ਜਾ ਰਹੇ ਹਨ ਜੋ ਬਹੁਤ ਜ਼ਿਆਦਾ ਘਾਤਕ ਸਾਬਤ ਹੋ ਰਿਹਾ ਹੈ। ਇਨ੍ਹਾਂ ਪਰਵਾਸੀਆਂ ਵਿਚੋਂ ਕੁਝ ਲੋਕ ਪੰਜਾਬ ਵਾਂਗ ਹੀ ਸਮਾਜਿਕ ਕੁਰੀਤੀਆਂ ਦਾ ਸ਼ਿਕਾਰ ਹਨ। ਪਾਖੰਡੀ ਬਾਬਿਆਂ ਵੱਲੋਂ ਅਖ਼ਬਾਰਾਂ ਜਾਂ ਟੀ.ਵੀ. ਚੈਨਲਾਂ ਉਪਰ ਪੰਜਾਬ ਨਾਲੋਂ ਕਿਤੇ ਵੱਧ ਇਸ਼ਤਿਹਾਰਬਾਜ਼ੀ ਕੀਤੀ ਜਾਂਦੀ ਹੈ।

ਕੌਮਾਂਤਰੀ ਪੰਜਾਬੀ ਪਰਵਾਸੀ ਪੰਜਾਬ ਦੇ ਰਾਜਸੀ ਆਗੂਆਂ ਨਾਲ ਆਪਣਾ ਮੇਲ-ਜੋਲ ਵਧਾਉਣ ਅਤੇ ਆਪਣੀਆਂ ਰਾਜਸੀ ਇੱਛਾਵਾਂ ਦੀ ਪੂਰਤੀ ਲਈ ਆਪਣੀ ਕਮਾਈ ਦਾ ਕੁਝ ਹਿੱਸਾ ਲਾ ਕੇ ਪੰਜਾਬ ਵਿਚ ਗੇੜੇ ਲਾਉਂਦੇ ਹਨ। ਇਹ ਨਜ਼ਾਰਾ ਚੋਣਾਂ ਮੌਕੇ ਅਕਸਰ ਦਿਸਦਾ ਹੈ। ਸਮਾਜ ਵਿਚ ਆਪਣੇ ਆਪ ਨੂੰ ਵੱਡਾ ਦਿਖਾਉਣ ਲਈ ਇਹ ਪਰਵਾਸੀ ਆਪਣੇ ਬਜ਼ੁਰਗਾਂ ਦੀ ਮੌਤ ਤੋਂ ਬਾਅਦ ਉਨ੍ਹਾਂ ਦੇ ਭੋਗ ਅਤੇ ਹੋਰ ਰੀਤੀ-ਰਿਵਾਜਾਂ ਉਪਰ ਬੇਲੋੜਾ ਖ਼ਰਚ ਕਰਦੇ ਤੇ ਭੈਣ-ਭਰਾਵਾਂ ਨੂੰ ਬਰਾਬਰ ਦਾ ਖ਼ਰਚਾ ਕਰਨ ਦੀਆਂ ਨਸੀਹਤਾਂ ਦਿੰਦੇ ਹਨ। ਇਨ੍ਹਾਂ ਪਰਵਾਸੀਆਂ ਵਿਚੋਂ ਕੁਝ ਆਪਣੇ ਪਿੱਛੇ ਰਹਿ ਗਈਆਂ ਭੈਣਾਂ-ਭਾਈਆਂ ਦੀ ਜਾਇਦਾਦ ਉਪਰ ਕਾਨੂੰਨੀ ਅਤੇ ਸਮਾਜਿਕ ਤਰੀਕਿਆਂ ਨਾਲ ਕਾਬਜ਼ ਵੀ ਹੋ ਜਾਂਦੇ ਹਨ।

ਕੌਮਾਂਤਰੀ ਪਰਵਾਸ ਨਾ ਤਾਂ ਰੋਕਿਆ ਜਾ ਸਕਦਾ ਹੈ ਅਤੇ ਨਾ ਹੀ ਰੋਕਿਆ ਜਾਣਾ ਬਣਦਾ ਹੈ, ਪਰ ਇਸ ਨੂੰ ਕੰਟਰੋਲ ਕਰਨ ਦੀ ਸਖ਼ਤ ਲੋੜ ਹੈ। ਪੰਜਾਬ ਵਿਚੋਂ ਕੌਮਾਂਤਰੀ ਪਰਵਾਸ ਸਬੰਧੀ ਕੁਝ ਗੱਲਾਂ ਖ਼ਾਸ ਧਿਆਨ ਮੰਗਦੀਆਂ ਹਨ। ਜਿਹੜੇ ਹੁਨਰਮੰਦ ਜਾਂ ਪੇਸ਼ਾਵਰ ਲੋਕਾਂ ਅਤੇ ਵਿਦਿਆਰਥੀਆਂ ਦਾ ਪੰਜਾਬ ਤੋਂ ਬਾਹਰਲੇ ਦੇਸ਼ਾਂ ਵਿਚ ਪਰਵਾਸ ਹੋ ਰਿਹਾ ਹੈ, ਉਹ ਦੇਸ਼ ਤੋਂ ਬਾਹਰ ਜਾਣ ਤੋਂ ਪਹਿਲਾਂ ਪੜ੍ਹਾਈ ਜਾਂ ਸਿਖਲਾਈ ਉਪਰ ਸਮਾਜ ਅਤੇ ਸਰਕਾਰ ਵਲੋਂ ਕੀਤਾ ਗਿਆ ਖ਼ਰਚ ਵਾਪਸ ਕਰਨ। ਜੇ ਉਹ ਉਚ-ਵਿਦਿਆ ਲੈਣ ਲਈ ਜਾਂਦੇ ਹਨ ਤਾਂ ਉਨ੍ਹਾਂ ਤੋਂ ਹਲਫ਼ਨਾਮਾ ਲਿਆ ਜਾਵੇ ਕਿ ਦੇਸ਼ ਨਾ ਮੁੜਨ ਦੀ ਹਾਲਤ ਵਿਚ ਉਨ੍ਹਾਂ ਦੇ ਮਾਪੇ ਉਹ ਖ਼ਰਚ ਵਾਪਸ ਕਰਨ ਲਈ ਪਾਬੰਦ ਹੋਣਗੇ।

ਭਾਰਤ ਤੇ ਸੂਬਾ ਸਰਕਾਰਾਂ ਨੂੰ ਸਰਮਾਏਦਾਰ/ਕਾਰਪੋਰੇਟ ਜਗਤ-ਪੱਖੀ ਆਰਥਿਕ ਵਿਕਾਸ ਮਾਡਲ ਦਾ ਮੋਹ ਤਿਆਗਦੇ ਹੋਏ ਲੋਕ ਅਤੇ ਦੇਸ਼-ਪੱਖੀ ਆਰਥਿਕ ਵਿਕਾਸ ਮਾਡਲ ਅਪਣਾਉਂਣਾ ਬਣਦਾ ਹੈ ਤਾਂ ਕਿ ਦੇਸ਼ ਵਿਚ ਹੀ ਲੋਕਾਂ ਦੀਆਂ ਲੋੜਾਂ ਅਨੁਸਾਰ ਰੁਜ਼ਗਾਰ ਦੇ ਮੌਕੇ ਪੈਦਾ ਕੀਤੇ ਜਾ ਸਕਣ। ਰੁਜ਼ਗਾਰ ਦੇ ਮਿਆਰ ਨੂੰ ਵੀ ਇੰਨਾ ਉਚਾ ਚੁੱਕਿਆ ਜਾਵੇ ਕਿ ਸਾਰੇ ਨਾਗਰਿਕ ਆਪਣੀ ਆਮਦਨ ਨਾਲ ਆਪਣੀਆਂ ਮੁਢਲੀਆਂ ਲੋੜਾਂ ਸਤਿਕਾਰਤ ਢੰਗ ਨਾਲ ਪੂਰੀਆਂ ਕਰ ਸਕਣ। ਜਿਹੜੇ ਸੱਜਣ ਪਰਵਾਸ ਕਰ ਕੇ ਪੱਕੇ ਤੌਰ ਉਤੇ ਬਾਹਰਲੇ ਦੇਸ਼ਾਂ ਵਿਚ ਵਸ ਜਾਂਦੇ ਹਨ, ਉਨ੍ਹਾਂ ਨੂੰ ਆਪਣੀ ਮਾਤ- ਭੂਮੀ ਨੂੰ ਭੁੱਲਣਾ ਜਾਂ ਦੁਰਕਾਰਨਾ ਨਹੀਂ ਬਣਦਾ। ਜਿਹੜੇ ਲੋਕ ਆਪਣੇ ਪਿੱਛੇ ਨੂੰ ਭੁੱਲ ਜਾਂਦੇ ਹਨ, ਉਨ੍ਹਾਂ ਦਾ ਭਵਿਖ ਵੀ ਨਹੀਂ ਹੁੰਦਾ। ਇਸ ਸਬੰਧੀ ਯਹੂਦੀਆਂ ਤੋਂ ਸਬਕ ਸਿੱਖਣ ਦੀ ਸਖ਼ਤ ਲੋੜ ਹੈ।

# ਯੂਨੀਵਰਸਿਟੀਆਂ, ਸਨਾਤਨੀ ਸੰਸਕਾਰ ਅਤੇ ਦਰਦ ਵਿਹੂਣੀ 'ਮਨ ਕੀ ਬਾਤ'

***ਬਨਾਰਸ ਹਿੰਦੂ ਯੂਨੀਵਰਸਿਟੀ ਵਿਚ ਪੁਲਿਸ ਵਲੋਂ ਧਰਨੇ 'ਤੇ ਬੈਠੀਆਂ ਵਿਦਿਆਰਥਣਾਂ ਉਤੇ ਕੀਤੇ ਲਾਠੀਚਾਰਜ ਨੇ ਕਈ ਸਵਾਲ ਖੜ੍ਹੇ ਕਰ ਦਿੱਤੇ ਹਨ। ਵਿਦਿਆਰਥਣਾਂ ਸੁਰੱਖਿਆ ਗਾਰਡ ਦੀ ਮੌਜੂਦਗੀ ਵਿਚ ਇਕ ਵਿਦਿਆਰਥਣ ਨਾਲ ਵਾਪਰੀ ਛੇੜ-ਛਾੜ ਦੀ ਘਟਨਾ ਖਿਲਾਫ ਆਪਣਾ ਰੋਸ ਪ੍ਰਗਟਾ ਰਹੀਆਂ ਸਨ। ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਇਸ ਪ੍ਰਸੰਗ ਵਿਚ ਹਿੰਦੂਤਵਵਾਦੀਆਂ ਦੀ ਮਾਨਸਿਕਤਾ ਅਤੇ ਸਿਆਸਤ ਬਾਰੇ ਟਿੱਪਣੀ ਕੀਤੀ ਹੈ। -ਸੰਪਾਦਕ***

ਤੇਈ ਸਤੰਬਰ ਦੀ ਰਾਤ ਨੂੰ ਬਨਾਰਸ ਹਿੰਦੂ ਯੂਨੀਵਰਸਿਟੀ (ਬੀ.ਐਚ.ਯੂ.) ਵਾਰਾਨਸੀ ਵਿਖੇ ਪੁਲਿਸ ਵਲੋਂ ਧਰਨੇ 'ਤੇ ਬੈਠੀਆਂ ਵਿਦਿਆਰਥਣਾਂ ਅਤੇ ਉਨ੍ਹਾਂ ਦੇ ਸੰਘਰਸ਼ ਦੀ ਹਮਾਇਤ ਕਰ ਰਹੇ ਵਿਦਿਆਰਥੀਆਂ ਨੂੰ ਵੀ.ਸੀ. ਦੇ ਇਸ਼ਾਰੇ 'ਤੇ ਕੁੱਟ-ਕੁੱਟ ਕੇ ਲਹੂ-ਲੁਹਾਣ ਕਰ ਦਿੱਤਾ ਗਿਆ। ਹੋਸਟਲ ਦੀ ਇਕ ਵਿਦਿਆਰਥਣ ਉਪਰ ਕੈਂਪਸ ਦੇ ਸੁਰੱਖਿਆ ਗਾਰਡ ਦੀ ਮੌਜੂਦਗੀ ਵਿਚ ਕੀਤੇ ਗਏ ਜਿਨਸੀ ਹਮਲੇ ਤੋਂ ਚਿੰਤਤ ਵਿਦਿਆਰਥਣਾਂ ਨੇ ਕੈਂਪਸ ਵਿਚ ਲੜਕੀਆਂ ਦੀ ਸੁਰੱਖਿਆ ਦੇ ਇੰਤਜ਼ਾਮ ਕਰਨ ਦੀ ਮੰਗ ਨੂੰ ਲੈ ਕੇ ਅੰਦੋਲਨ ਵਿਢਿਆ ਸੀ। ਅੰਦੋਲਨਕਾਰੀ ਵਿਦਿਆਰਥਣਾਂ ਉਪਰ ਪੁਲਿਸ ਦਾ ਇਹ ਹਮਲਾ ਇਕ ਹੋਰ ਪ੍ਰਤੱਖ ਸਬੂਤ ਹੈ ਕਿ ਸੰਘ ਬ੍ਰਿਗੇਡ ਅਤੇ ਇਨ੍ਹਾਂ ਦੇ ਵਾਈਸ ਚਾਂਸਲਰ ਦੀ ਜ਼ਿਹਨੀਅਤ ਕਿਸ ਘਿਨਾਉਣੀ ਹੱਦ ਤਕ ਔਰਤ ਵਿਰੋਧੀ ਹੈ। ਇਸ ਤੋਂ ਪਤਾ ਲਗਦਾ ਹੈ ਕਿ ਸੰਘੀਆਂ ਦੇ 'ਬਹੁਤ ਹੂਆ ਨਾਰੀ ਪਰ ਵਾਰ, ਅਬ ਕੀ ਵਾਰ ਮੋਦੀ ਸਰਕਾਰ' ਅਤੇ 'ਬੇਟੀ ਬਚਾਓ, ਬੇਟੀ ਪੜ੍ਹਾਓ' ਦੇ ਨਾਅਰਿਆਂ ਦੇ ਅਸਲ

**ਬੂਟਾ ਸਿੰਘ**
**ਫੋਨ: +91-94634-74342**

ਮਾਇਨੇ ਕੀ ਹਨ! ਧੀਆਂ ਦੇ ਸਤਿਕਾਰ ਲਈ ਮਾਪਿਆਂ ਨੂੰ ਉਨ੍ਹਾਂ ਨਾਲ ਆਪਣੀ ਸੈਲਫ਼ੀ ਖਿੱਚ ਕੇ ਸੋਸ਼ਲ ਮੀਡੀਆ ਉਪਰ ਸਾਂਝੀ ਕਰਨ ਦੀਆਂ ਨਸੀਹਤਾਂ ਦੇਣ ਵਾਲੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਜ਼ੁਬਾਨ ਇਸ ਸ਼ਰਮਨਾਕ ਕਾਂਡ ਬਾਰੇ ਇਉਂ ਖ਼ਾਮੋਸ਼ ਹੈ ਜਿਵੇਂ ਕੁਝ ਹੋਇਆ ਹੀ ਨਹੀਂ! ਹਾਲਾਂਕਿ ਵਿਦਿਆਰਥਣਾਂ ਨੇ ਉਸ ਨੂੰ ਗਿਆਰਾਂ ਨੁਕਾਤੀ ਮੰਗ ਪੱਤਰ ਭੇਜ ਕੇ ਕੈਂਪਸ ਵਿਚ ਸਮਾਜ ਵਿਰੋਧੀ ਅਨਸਰਾਂ ਵਲੋਂ ਕੀਤੀ ਜਾਂਦੀ ਛੇੜ-ਛਾੜ ਰੋਕਣ ਲਈ ਢੁਕਵੇਂ ਸੁਰੱਖਿਆ ਕਦਮ ਚੁੱਕਣ ਦੀ ਮੰਗ ਕੀਤੀ ਗਈ ਹੈ।

ਇਸ ਦੌਰਾਨ 23 ਸਤੰਬਰ ਨੂੰ ਜੁਮਲਾ ਮਾਹਰ ਪ੍ਰਧਾਨ ਮੰਤਰੀ ਮੋਦੀ ਆਪਣੇ ਹਲਕੇ ਵਿਚ ਪਧਾਰਦਾ ਹੈ। ਉਸ ਨੇ ਯੂਨੀਵਰਸਿਟੀ ਦੇ ਸਾਹਮਣਿਓਂ ਗੁਜ਼ਰਨਾ ਹੈ। ਉਸ ਦੇ ਕੰਨਾਂ ਨੂੰ ਵਿਦਿਆਰਥਣਾਂ ਦੀਆਂ ਮੰਗਾਂ ਦੇ ਸ਼ੋਰ ਦਾ ਸਾਹਮਣਾ ਨਾ ਕਰਨਾ ਪਵੇ, ਇਸ ਲਈ ਉਸ ਦੇ ਕਾਫ਼ਲੇ ਦਾ ਰੂਟ ਬਦਲ ਦਿੱਤਾ ਗਿਆ। ਪ੍ਰਧਾਨ ਮੰਤਰੀ ਯੋਗੀ ਸਰਕਾਰ ਵਲੋਂ ਕਰਵਾਏ ਗਏ 'ਪਸ਼ੂਧਨ ਅਰੋਗ ਮੇਲਾ' ਦੀ ਕਾਮਯਾਬੀ ਦੇਖ ਕੇ ਬਾਗ਼ੋ-ਬਾਗ ਹੋ ਗਿਆ ਜਿਸ ਨੇ 1700 ਪਸ਼ੂਆਂ ਦੀ ਤੰਦਰੁਸਤੀ ਲਈ ਇਹ ਮੇਲਾ ਲਾ ਕੇ ਪਸ਼ੂਆਂ ਦੀ ਸੇਵਾ ਕਰਨ ਦਾ ਐਨਾ ਵੱਡਾ ਉਪਰਾਲਾ ਕੀਤਾ ਸੀ! ਪ੍ਰਧਾਨ ਮੰਤਰੀ ਅਨੁਸਾਰ, ਇਹ ਇਸ ਲਈ ਸੰਭਵ ਹੋਇਆ ਕਿਉਂਕਿ ਇਹ 'ਵੱਖਰੇ ਸੰਸਕਾਰਾਂ ਵਿਚ ਜੰਮੇ-ਪਲੇ' ਸਿਆਸਤਦਾਨਾਂ ਦੀ ਸਰਕਾਰ ਹੈ। ਉਹ ਸ਼ੇਖੀ ਮਾਰਦਾ ਹੈ: "ਅਸੀਂ ਵੋਟ ਦੇ ਹਿਸਾਬ ਨਾਲ ਤਰਜੀਹਾਂ ਤੈਅ ਨਹੀਂ ਕਰਦੇ, ਇਹ (ਪਸ਼ੂ) ਕਿਸੇ ਦੇ ਵੋਟਰ ਨਹੀਂ ਹਨ।" ਉਹ ਸਵੱਛ ਭਾਰਤ ਅਭਿਆਨ ਤਹਿਤ ਬਣਾਏ ਜਾ ਰਹੇ ਪਖ਼ਾਨਿਆਂ ਦਾ ਉਦਘਾਟਨ ਕਰਨ ਲਈ ਆਪਣੇ ਹੱਥੀਂ ਇੱਟ ਲਗਾਉਂਦਾ ਹੈ ਅਤੇ ਪਖ਼ਾਨੇ ਨੂੰ "ਇੱਜ਼ਤ ਘਰ" ਕਹਿ ਕੇ ਆਪਣੀ ਪਿੱਠ ਥਾਪੜਦਾ ਹੈ ਕਿ ਇਸ ਨਾਲ ਔਰਤਾਂ ਦਾ ਗੌਰਵ ਮਹਿਫੂਜ਼ ਹੋ ਗਿਆ ਹੈ; ਪਰ ਉਸ ਨੂੰ ਆਪਣੇ ਹਲਕੇ ਦੀ ਯੂਨੀਵਰਸਿਟੀ ਦੀਆਂ ਵਿਦਿਆਰਥਣਾਂ ਦੀ ਜਿਨਸੀ ਛੇੜ-ਛਾੜ ਤੋਂ ਸੁਰੱਖਿਆ ਦੀ ਮੰਗ ਨਾਲ ਕੋਈ ਸਰੋਕਾਰ ਨਹੀਂ, ਜੋ ਕੈਂਪਸ ਅੰਦਰ ਪਖ਼ਾਨੇ ਹੁੰਦਿਆਂ ਵੀ ਮਹਿਫੂਜ਼ ਨਹੀਂ। ਯੋਗੀ ਰਾਜ ਦੀ ਪੁਲਿਸ, ਵਿਦਿਆਰਥਣਾਂ ਨੂੰ ਲਾਠੀਆਂ ਨਾਲ ਫੱਟੜ ਕਰ ਕੇ ਉਨ੍ਹਾਂ ਨੂੰ ਸਨਮਾਨ ਦਿੰਦੀ ਹੈ!!

ਇਸ ਕਾਂਡ ਤੋਂ ਅਗਲੇ ਹੀ ਦਿਨ ਪ੍ਰਧਾਨ ਮੰਤਰੀ ਨੇ ਰੇਡੀਓ ਉਪਰ 'ਮਨ ਕੀ ਬਾਤ' ਕੀਤੀ। ਉਸ ਨੇ ਦਾਅਵਾ ਕੀਤਾ ਕਿ ਉਸ ਦਾ 'ਮਨ ਕੀ ਬਾਤ' ਪ੍ਰੋਗਰਾਮ ਸਿਆਸਤ ਤੋਂ ਨਿਰਲੇਪ ਹੈ ਅਤੇ ਇਸ ਵਿਚ ਸਿਰਫ਼ ਅਵਾਮ ਦੇ ਮਨ ਦੀ ਗੱਲ ਕੀਤੀ ਜਾਂਦੀ ਹੈ। ਇਹ ਸਵਾਲ ਕਰਨਾ ਹੀ ਬਣਦਾ ਹੈ ਕਿ ਇਸ ਸ਼ਖਸ ਦੇ ਕੰਨ ਆਪਣੇ ਸੰਸਦੀ ਹਲਕੇ ਵਿਚਲੀ ਯੂਨੀਵਰਸਿਟੀ ਦੀਆਂ ਵਿਦਿਆਰਥਣਾਂ ਦੇ ਮਨਾਂ ਦਾ ਦਰਦ ਸੁਨਣ ਤੋਂ ਬੰਦ ਕਿਉਂ ਹਨ? ਉਸ ਦੇ ਕੰਨਾਂ ਵਿਚ ਐਸਾ ਕਿਹੜਾ ਪਰਦਾ ਹੈ ਜੋ ਅੱਧੀ ਰਾਤ ਨੂੰ ਲਾਠੀਆਂ ਨਾਲ ਛੱਲੀਆਂ ਵਾਂਗ ਕੁੱਟੀਆਂ ਗਈਆਂ ਧੀਆਂ ਦੀਆਂ ਚੀਕਾਂ ਨੂੰ ਉਸ ਦੇ ਮਨ ਤਕ ਪਹੁੰਚਣ ਤੋਂ ਰੋਕਦਾ ਹੈ? ਕੀ ਹਿੰਦੂਤਵ ਦਾ ਇਹ ਪਰਦਾ ਸਿਆਸਤ ਤੋਂ ਨਿਰਲੇਪ ਹੈ?

ਆਰ.ਐਸ.ਐਸ. ਦੇ ਰਾਜ ਵਿਚ ਯੂਨੀਵਰਸਿਟੀ ਵਿਚ ਪੜ੍ਹ ਰਹੀਆਂ ਵਿਦਿਆਰਥਣਾਂ ਲਈ ਆਪਣੀ ਹਿਫਾਜ਼ਤ ਦੀ ਮੰਗ ਕਰਨਾ ਇਸ ਕਦਰ ਸੰਗੀਨ ਜੁਰਮ ਹੈ ਜਿਸ ਦੀ ਸਜ਼ਾ ਪੁਲਿਸ ਦੀਆਂ ਲਾਠੀਆਂ ਅਤੇ ਅੱਥਰੂ ਗੈਸ ਦੇ ਗੋਲੇ ਹਨ। ਯੂਨੀਵਰਸਿਟੀ-ਦਰ-ਯੂਨੀਵਰਸਿਟੀ ਇਸ ਦੀ ਨਵੀਂ ਮਿਸਾਲ ਪੇਸ਼ ਕਰ ਰਹੀ ਹੈ। ਆਰ.ਐਸ.ਐਸ. ਵਲੋਂ ਲਗਾਏ ਯੂਨੀਵਰਸਿਟੀਆਂ ਦੇ ਵਾਈਸ ਚਾਂਸਲਰਾਂ ਦੀ ਟੇਕ ਪੁਲਿਸ ਦੇ ਡੰਡੇ ਅਤੇ ਫ਼ੌਜ ਦੇ ਟੈਂਕਾਂ ਉਪਰ ਹੈ। ਜੇ.ਐਨ.ਯੂ. ਦਾ ਵੀ.ਸੀ. ਰਾਸ਼ਟਰਵਾਦ ਦੇ ਨਾਂ ਹੇਠ ਬੌਧਿਕ ਦਿਮਾਗਾਂ ਨੂੰ ਕੰਟਰੋਲ ਕਰਨ ਲਈ ਕੈਂਪਸ ਵਿਚ ਟੈਂਕ ਲਿਆਉਣ ਦੀ ਗੱਲ ਕਰਦਾ ਹੈ, ਬੀ.ਐਚ.ਯੂ. ਦਾ ਵੀ.ਸੀ. ਵਿਦਿਆਰਥਣਾਂ ਨੂੰ ਅਨੁਸ਼ਾਸਨ ਸਿਖਾਉਣ ਲਈ ਹੈਦਰਾਬਾਦ ਯੂਨੀਵਰਸਿਟੀ ਦੀ ਤਰਜ਼ 'ਤੇ ਕੈਂਪਸ ਦੇ ਅੰਦਰ ਪੁਲਿਸ ਬੁਲਾਉਂਦਾ ਹੈ। ਸੰਘ ਦਾ ਗਿਰੀਸ਼ ਚੰਦਰ ਤ੍ਰਿਪਾਠੀ ਨੂੰ ਵਰਗਿਆਂ ਨੂੰ ਯੂਨੀਵਰਸਿਟੀਆਂ ਦੇ ਵਾਈਸ ਚਾਂਸਲਰ ਲਗਾਏ ਜਾਣ ਦਾ ਪੈਮਾਨਾ ਹੀ ਇਹ ਸੀ ਕਿ ਉਹ ਕੱਟੜ ਹਿੰਦੂਤਵੀ ਹਨ। ਤ੍ਰਿਪਾਠੀ ਨੂੰ ਸੰਘ ਨਾਲ ਆਪਣੇ ਚਾਲੀ ਸਾਲ ਦੇ ਰਿਸ਼ਤੇ ਉਪਰ ਬੇਥਾਹ ਮਾਣ ਹੈ ਅਤੇ ਉਹ ਸ਼ਰੇਆਮ ਹਿੰਦੂਤਵੀ ਵਿਚਾਰਧਾਰਾ ਦੀ ਹਮਾਇਤ ਕਰਦਾ ਹੈ। ਉਹ ਬੇਝਿਜਕ ਇਕਬਾਲ ਕਰਦਾ ਹੋਇਆ ਕਹਿੰਦਾ ਹੈ: "ਜਦੋਂ ਭਾਰਤ ਸਰਕਾਰ ਹੀ ਆਰ.ਐਸ.ਐਸ. ਦੀ ਹੈ, ਫਿਰ ਬੀ.ਐਚ.ਯੂ. ਵਿਚ ਆਰ.ਐਸ.ਐਸ. ਦੀ ਸ਼ਾਖਾ ਬਣਾਉਣ ਵਿਚ ਕੁਝ ਵੀ ਗ਼ਲਤ ਨਹੀਂ ਹੈ।" ਉਸ ਦੇ ਮਤਹਿਤ ਬੀ.ਐਚ.ਯੂ. ਸੱਚਮੁੱਚ ਸੰਘ ਦੀ ਸ਼ਾਖਾ ਬਣਾ ਦਿੱਤੀ ਗਈ ਹੈ!

ਯੂਨੀਵਰਸਿਟੀ ਉਪਰ ਥੋਪਿਆ ਸੰਘ ਦਾ ਚਾਲਕ ਇਹ ਕਿਵੇਂ ਬਰਦਾਸ਼ਤ ਕਰ ਸਕਦਾ ਹੈ ਕਿ ਵਿਦਿਆਰਥਣਾਂ ਮਰਿਆਦਾ ਵਿਚ ਰਹਿਣ ਦੀ ਬਜਾਏ ਸੁਰੱਖਿਆ ਦੀ ਮੰਗ ਕਰਨ! ਸਨਾਤਨੀ ਹਿੰਦੂ ਮਰਿਆਦਾ ਕਹਿੰਦੀ ਹੈ ਕਿ ਉਨ੍ਹਾਂ ਨੂੰ ਗੁੰਡਾ ਅਨਸਰਾਂ ਵਲੋਂ ਕੀਤੀ ਜਾਂਦੀ ਛੇੜ-ਛਾੜ ਅਤੇ ਕੈਂਪਸ ਦੇ ਸਟਾਫ਼ ਦੀਆਂ ਅਸ਼ਲੀਲ ਟਿੱਪਣੀਆਂ ਤੇ ਹੋਰ ਰੋਜ਼ਮਰਾ ਜਿਨਸੀ ਹਿੰਸਾ ਚੁੱਪ-ਚਾਪ ਬਰਦਾਸ਼ਤ ਕਰਨੀ ਚਾਹੀਦੀ ਹੈ। ਵਿਦਿਆਰਥਣਾਂ ਨੇ ਕਿਉਂਕਿ ਮਰਿਆਦਾ ਦੀ ਪਾਲਣਾ ਨਹੀਂ ਕੀਤੀ, ਇਸ ਲਈ ਜ਼ੁਬਾਨਬੰਦੀ ਕਰਨ ਲਈ ਉਲਟਾ ਉਨ੍ਹਾਂ ਨੂੰ ਹੀ ਕਸੂਰਵਾਰ ਠਹਿਰਾ ਦਿੱਤਾ ਗਿਆ ਕਿ ਤੁਸੀਂ ਰੇਪ ਕਰਵਾਉਣ ਲਈ ਰਾਤਾਂ ਨੂੰ ਖ਼ੁਦ ਬਾਹਰ ਜਾਂਦੀਆਂ ਹੋ ਅਤੇ ਇਸ ਯੂਨੀਵਰਸਿਟੀ ਨੂੰ ਜੇ.ਐਨ.ਯੂ. ਬਣਾਉਣਾ ਚਾਹੁੰਦੀਆਂ ਹੋ!! ਵੀ.ਸੀ. ਦਾ ਬਿਆਨ ਉਸ ਦੀ ਸਮਾਜੀ ਅਕਲ ਦੇ ਪੱਧਰ ਦੀ ਸਹੀ ਤਰਜਮਾਨੀ ਕਰਦਾ ਹੈ ਜੋ ਕਹਿੰਦਾ ਹੈ: "ਜਿਹੜੀਆਂ ਕੁੜੀਆਂ ਰਾਤ ਨੂੰ ਪੜ੍ਹਦੀਆਂ ਹਨ, ਉਹ ਮਾੜੇ ਚਾਲ-ਚਲਨ ਵਾਲੀਆਂ ਹਨ।" ਇਹ ਦਰਸਾਉਂਦਾ ਕਿ ਕਿ ਮਨੂ ਸਿਮ੍ਰਤੀ ਦੇ ਅਜੋਕੇ ਪੈਰੋਕਾਰਾਂ ਦੇ ਜ਼ਿਹਨ ਵਿਚ ਔਰਤਾਂ ਦੀ ਆਜ਼ਾਦੀ ਲਈ ਕਿੰਨੀ ਘੋਰ ਨਫ਼ਰਤ ਭਰੀ ਹੋਈ ਹੈ!!

ਇਹ ਬੀ.ਐਚ.ਯੂ. ਕੈਂਪਸ ਯੂਨੀਵਰਸਿਟੀ ਨਾ ਹੋ ਕੇ ਇਕ ਰੂੜੀਵਾਦੀ ਹਿੰਦੂ ਸੰਸਥਾ ਵਾਂਗ ਕੰਮ ਕਰ ਰਿਹਾ ਹੈ ਜਿਥੇ ਵਿਦਿਆਰਥਣਾਂ ਉਪਰ ਤਰ੍ਹਾਂ ਤਰ੍ਹਾਂ ਦੀਆਂ ਬੰਦਸ਼ਾਂ ਹਨ। ਕੁੜੀਆਂ ਉਪਰ ਪੈਰ ਪੈਰ 'ਤੇ ਪਾਬੰਦੀ ਹੈ। ਸਾਰੀਆਂ ਹੀ ਵਿਦਿਆਰਥਣਾਂ ਤੋਂ ਇਕ ਹਲਫ਼ਨਾਮੇ ਉਪਰ ਦਸਤਖ਼ਤ ਕਰਵਾਏ ਗਏ ਹਨ ਕਿ ਉਹ ਕਿਸੇ ਅੰਦੋਲਨ ਜਾਂ ਸੰਘਰਸ਼ ਵਿਚ ਹਿੱਸਾ ਨਹੀਂ ਲੈਣਗੀਆਂ। ਉਨ੍ਹਾਂ ਦਾ ਅਨਿਆਂ ਦੇ ਖ਼ਿਲਾਫ਼ ਆਵਾਜ਼ ਉਠਾਉਣ ਦਾ ਸੰਵਿਧਾਨਕ ਹੱਕ ਹੀ ਖੋਹ ਲਿਆ ਗਿਆ ਹੈ। ਗਰੈਜੂਏਟ ਪੱਧਰ ਤਕ ਲੜਕਿਆਂ ਅਤੇ ਲੜਕੀਆਂ ਦੇ ਕਾਲਜ ਵੱਖ ਵੱਖ ਹਨ। ਉਨ੍ਹਾਂ ਦੀਆਂ ਜਮਾਤਾਂ ਵੱਖ ਵੱਖ ਹਨ। ਵੀ.ਸੀ. ਅਨੁਸਾਰ "ਲੜਕਿਆਂ ਅਤੇ ਲੜਕੀਆਂ ਦਾ ਇਕੱਠੇ ਘੁੰਮਣਾ ਭਾਰਤੀ ਮੁੱਲਾਂ ਦੇ ਖ਼ਿਲਾਫ਼ ਹੈ"। ਲੜਕਿਆਂ ਨੂੰ ਦਿਨ-ਰਾਤ ਮਰਜ਼ੀ ਨਾਲ ਘੁੰਮਣ-ਫਿਰਨ, ਖਾਣ-ਪੀਣ ਦੀ ਆਜ਼ਾਦੀ ਹੈ; ਪਰ ਲੜਕੀਆਂ ਨੂੰ ਸ਼ਾਮ ਸੱਤ ਵਜੇ ਹੋਸਟਲ ਵਿਚ ਡੱਕ ਕਰ ਦਿੱਤਾ ਜਾਂਦਾ ਹੈ। ਉਹ ਰਾਤ ਨੂੰ ਲਾਇਬ੍ਰੇਰੀ ਨਹੀਂ ਜਾ ਸਕਦੀਆਂ। ਉਨ੍ਹਾਂ ਉਪਰ ਰਾਤ ਦਸ ਵਜੇ ਤੋਂ ਬਾਅਦ ਮੋਬਾਈਲ ਫ਼ੋਨ ਇਸਤੇਮਾਲ ਕਰਨ ਉਪਰ ਪਾਬੰਦੀ ਹੈ। ਮਨਪਸੰਦ ਕੱਪੜੇ ਪਹਿਨਣ ਤਾਂ ਡਾਂਟ-ਝਿੜਕ ਆਮ ਗੱਲ ਹੈ। ਯੂਨੀਵਰਸਿਟੀ ਦੇ ਪ੍ਰਾਸਪੈਕਟਸ ਵਿਚ ਬੱਸ ਦੀ ਸਹੂਲਤ ਦੇ ਬਾਵਜੂਦ ਕੁੜੀਆਂ ਇਹ ਸਹੂਲਤ ਨਹੀਂ ਲੈ ਸਕਦੀਆਂ। ਉਨ੍ਹਾਂ ਨੂੰ ਕੈਂਪਸ ਤੋਂ ਬਾਹਰ ਕਿਸੇ ਸਮਾਜੀ-ਸਭਿਆਚਾਰਕ ਸਰਗਰਮੀ ਵਿਚ ਸ਼ਾਮਲ ਹੋਣ ਦੀ ਇਜਾਜ਼ਤ ਨਹੀਂ। ਵੀ.ਸੀ. ਦੀ ਸੋਚ ਹੈ- "ਮਾਲਵੀਆ ਮੁੱਲਾਂ ਅਨੁਸਾਰ ਮਾਸਾਹਾਰੀ ਖਾਣਾ ਖਾਣ ਨਾਲ ਔਰਤਾਂ ਅਪਵਿਤਰ ਹੋ ਜਾਂਦੀਆਂ ਹਨ।" ਉਨ੍ਹਾਂ ਤੋਂ ਮਰਿਆਦਾ ਦੀ ਸਖ਼ਤੀ ਨਾਲ ਪਾਲਣਾ ਕਰਨ ਦੀ ਮੰਗ ਕੀਤੀ ਜਾਂਦੀ ਹੈ। ਇਸ ਸਾਲ ਦੇ ਸ਼ੁਰੂ ਵਿਚ ਯੂਨੀਵਰਸਿਟੀ ਨੇ ਬਾਕਾਇਦਾ ਨੋਟੀਫੀਕੇਸ਼ਨ ਜਾਰੀ ਕੀਤਾ ਕਿ ਜੇ ਕੋਈ ਵਿਦਿਆਰਥੀ ਵੈਲੇਨਟਾਈਨ ਡੇ ਮਨਾਉਂਦਾ ਫੜਿਆ ਗਿਆ ਤਾਂ ਉਸ ਨੂੰ "ਏ-ਕੈਟੇਗਰੀ ਦੀ ਸਜ਼ਾ" ਦਿੱਤੀ ਜਾਵੇਗੀ। ਇਸ ਦਾ ਭਾਵ ਹੈ, ਯੂਨੀਵਰਸਿਟੀ ਤੋਂ ਮੁਅੱਤਲੀ। ਦੂਜੇ ਪਾਸੇ, ਜੇ ਗੁੰਡੇ ਅਨਸਰ ਉਨ੍ਹਾਂ ਨਾਲ ਛੇੜ-ਛਾੜ ਕਰਦੇ ਹਨ ਤਾਂ ਲੜਕੀਆਂ ਦਾ ਇਸ ਦੇ ਖ਼ਿਲਾਫ਼ ਆਵਾਜ਼ ਉਠਾਉਣਾ ਵਰਜਿਤ ਹੈ। ਬੀ.ਐਚ.ਯੂ. ਦਾ ਇਹੀ ਦਸਤੂਰ ਹੈ। ਇਹ ਦਸਤੂਰ ਉਨ੍ਹਾਂ ਉਪਰ ਮਰਦ ਸੱਤਾ ਦਾ ਦਾਬਾ ਬਣਾਈ ਰੱਖਣ ਦਾ ਸੰਦ ਹੈ। ਇਥੇ ਪ੍ਰਸ਼ਾਸਨ ਨੇ ਵਿਦਿਆਰਥੀਆਂ ਦੀ ਸਾਈਬਰ ਲਾਇਬ੍ਰੇਰੀ ਖੋਲ੍ਹਣ ਦੀ ਮੰਗ ਇਹ ਦਲੀਲ ਦੇ ਕੇ ਖਾਰਜ ਕਰ ਦਿੱਤੀ ਕਿ ਇਸ ਦਾ ਇਸਤੇਮਾਲ ਵਿਦਿਆਰਥੀਆਂ ਵਲੋਂ ਪੋਰਨੋਗ੍ਰਾਫ਼ੀ ਦੇਖਣ ਲਈ ਕੀਤਾ ਜਾਵੇਗਾ। ਇਹ ਸ਼ਾਇਦ ਇਕੋ-ਇਕ ਯੂਨੀਵਰਸਿਟੀ ਹੈ ਜਿਸ ਦੇ ਪ੍ਰਸ਼ਾਸਨ ਦਾ ਫ਼ਰਮਾਨ ਹੈ: "ਸਾਈਬਰ ਲਾਇਬ੍ਰੇਰੀ ਦੀ ਕੋਈ ਜ਼ਰੂਰਤ ਨਹੀਂ, ਕਿਉਂਕਿ ਵਿਦਿਆਰਥੀਆਂ ਨੂੰ ਪਾਠਕ੍ਰਮ ਤੋਂ ਬਾਹਰੋਂ ਕੁਝ ਵੀ ਪੜ੍ਹਨ ਦੀ ਜ਼ਰੂਰਤ ਨਹੀਂ ਹੈ।"

ਇਹ ਪਹਿਲੀ ਵਾਰ ਹੈ ਕਿ ਅੰਦਰੋ-ਅੰਦਰੀ ਲੰਮੇ ਸਮੇਂ ਤੋਂ ਸੁਲਗ ਰਿਹਾ ਰੋਹ ਇਸ ਤਰ੍ਹਾਂ ਵਲਗਣਾਂ ਤੋੜ ਕੇ ਬਾਹਰ ਆਇਆ ਹੈ। ਵਿਦਿਆਰਥਣਾਂ ਇਸ ਦਸਤੂਰ ਤੋਂ ਨਾਬਰ ਹੋ ਕੇ ਧਰਨਾ ਲਾ ਕੇ ਬੈਠ ਗਈਆਂ। ਦੋ ਦਿਨ ਤੋਂ ਚੱਲ ਰਹੇ ਵਿਰੋਧ ਪ੍ਰਦਰਸ਼ਨ ਦੀ ਯੂਨੀਵਰਸਿਟੀ ਪ੍ਰਸ਼ਾਸਨ ਵਲੋਂ ਕੋਈ ਪ੍ਰਵਾਹ ਨਹੀਂ ਕੀਤੀ ਗਈ। ਜੇ ਘੋਰ ਅਸੁਰੱਖਿਆ ਵਾਲੇ ਮਾਹੌਲ ਬਾਰੇ ਵੀ.ਸੀ. ਨੂੰ ਮਿਲਣ ਦੀ ਮੰਗ ਕਰ ਰਹੇ ਵਿਦਿਆਰਥੀਆਂ ਦੀ ਮੰਗ ਹੁਣ ਐਸੇ ਨਲਾਇਕ ਵੀ.ਸੀ. ਨੂੰ ਹਟਾਉਣ ਦੀ ਮੰਗ ਵਿਚ ਬਦਲ ਗਈ ਹੈ ਤਾਂ ਇਸ ਵਿਚ ਕੁਝ ਵੀ ਗ਼ਲਤ ਨਹੀਂ ਹੈ।

ਉਨ੍ਹਾਂ ਦੀਆਂ ਮੰਗਾਂ ਉਪਰ ਗੰਭੀਰਤਾ ਨਾਲ ਵਿਚਾਰ ਕਰਨ ਦੀ ਬਜਾਏ ਅੱਧੀ ਰਾਤ ਤੋਂ ਬਾਅਦ ਮਰਦ ਪੁਲਿਸ ਦਸਤੇ ਸੱਤਾਧਾਰੀ ਧਿਰ ਅਤੇ ਵੀ.ਸੀ. ਦੇ ਇਸ਼ਾਰੇ ਉਪਰ ਵਿਦਿਆਰਥਣਾਂ ਉਪਰ ਧਾੜਵੀਆਂ ਵਾਂਗ ਟੁੱਟ ਪੈਂਦੇ ਹਨ। ਹਵਾਈ ਫ਼ਾਇਰ ਕਰਦੇ ਹਨ, ਅੱਥਰੂ ਗੈਸ ਦੇ ਗੋਲੇ ਸੁੱਟਦੇ ਹਨ ਅਤੇ ਦਰਜਨਾਂ ਲੜਕੀਆਂ ਨੂੰ ਲਾਠੀਆਂ ਮਾਰ ਕੇ ਲਹੂ-ਲੁਹਾਣ ਕਰ ਦਿੰਦੇ ਹਨ। ਮਰਦ ਪੁਲਿਸ ਵਲੋਂ ਗਰਲਜ਼ ਹੋਸਟਲਾਂ ਵਿਚ ਵੜ ਕੇ ਲੜਕੀਆਂ ਉਪਰ ਹਮਲੇ ਕੀਤੇ ਗਏ। ਇਕ ਵਿਦਿਆਰਥਣ ਨੂੰ ਜ਼ਮੀਨ ਉਪਰ ਸੁੱਟ ਕੇ ਕੁੱਟੇ ਜਾਣ ਦੀ ਵੀਡੀਓ ਸੋਸ਼ਲ ਮੀਡੀਆ ਉਪਰ ਪਾਈ ਗਈ ਹੈ। ਇਸ ਲਾ-ਕਾਨੂੰਨੀ ਕਾਰਵਾਈ ਨੂੰ ਜਾਇਜ਼ ਠਹਿਰਾਉਣ ਲਈ ਇਲਜ਼ਾਮ ਇਹ ਘੜ ਲਿਆ ਗਿਆ ਕਿ ਸਮਾਜ ਵਿਰੋਧੀ ਅਨਸਰਾਂ ਵਲੋਂ ਪੈਦਾ ਕੀਤੀ ਭੜਕਾਹਟ ਉਪਰ ਕਾਬੂ ਪਾਉਣ ਲਈ ਪੁਲਿਸ ਨੂੰ ਕਾਰਵਾਈ ਕਰਨੀ ਪਈ। ਇਹ ਆਮ ਇਲਜ਼ਾਮ ਹੈ ਜੋ ਹਰ ਜਾਬਰ ਕਾਰਵਾਈ ਨੂੰ ਜਾਇਜ਼ ਠਹਿਰਾਉਣ ਲਈ ਅਕਸਰ ਲਗਾਇਆ ਜਾਂਦਾ ਹੈ। ਮੁੱਖ ਮੰਤਰੀ ਯੋਗੀ ਅਦਿਤਿਆਨਾਥ ਦਾ ਆਦੇਸ਼ ਹੈ ਕਿ ਇਸ ਦੀ ਜਾਂਚ ਕਰ ਕੇ ਤੁਰੰਤ ਰਿਪੋਰਟ ਦਿਓ। ਰਿਪੋਰਟ ਕੀ ਹੋਵੇਗੀ, ਇਸ ਦਾ ਸੰਕੇਤ ਪੁਲਿਸ ਨੇ 1000 ਵਿਦਿਆਰਥੀਆਂ ਦੇ ਖ਼ਿਲਾਫ਼ ਅੱਗਜ਼ਨੀ ਅਤੇ ਹੋਰ ਸੰਗੀਨ ਧਾਰਾਵਾਂ ਤਹਿਤ ਮਾਮਲੇ ਦਰਜ ਕਰ ਕੇ ਦੇ ਦਿੱਤਾ ਹੈ ਅਤੇ ਯੂਨੀਵਰਸਿਟੀ ਨਾਲ ਸਬੰਧਤ ਕਾਲਜ 2 ਅਕਤੂਬਰ ਤਕ ਬੰਦ ਕਰ ਦਿੱਤੇ ਗਏ ਹਨ। ਇਹ ਤਾਨਾਸ਼ਾਹ ਪੇਸ਼ਬੰਦੀਆਂ ਵਿਦਿਆਰਥੀ ਰੋਹ ਉਪਰ ਕਿਸ ਕਦਰ ਅਸਰਅੰਦਾਜ਼ ਹੁੰਦੀਆਂ ਹਨ, ਇਹ ਤਾਂ ਆਉਣ ਵਾਲਾ ਵਕਤ ਦੱਸੇਗਾ, ਪਰ ਇਕ ਚੀਜ਼ ਤੈਅ ਹੈ ਕਿ ਹਿੰਦੂਤਵੀ ਫਾਸ਼ੀਵਾਦ ਤੋਂ ਨਾਬਰ ਕੈਂਪਸਾਂ ਦੇ ਨਾਂਵਾਂ ਵਿਚ ਆਏ ਦਿਨ ਨਵੇਂ ਨਾਂ ਜੁੜਦੇ ਜਾਂਦੇ ਹਨ। ਯੂਨੀਵਰਸਿਟੀਆਂ ਦੀਆਂ ਵਿਦਿਆਰਥੀ ਚੋਣਾਂ ਵਿਚ ਹਿੰਦੂਤਵੀ ਧਿਰ ਨੂੰ ਇਕ ਪਿੱਛੋਂ ਦੂਜੀ ਨਮੋਸ਼ੀ ਵਾਲੀ ਹਾਰ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਇਹ ਸਾਫ਼ ਇਸ਼ਾਰਾ ਹੈ ਕਿ ਕੈਂਪਸਾਂ ਨੂੰ ਹਿੰਦੂਤਵੀ ਏਜੰਡਾ ਹਰਗਿਜ਼ ਮਨਜ਼ੂਰ ਨਹੀਂ।






*ਮੋਦੀ ਰਾਜ: ਗਾਵਾਂ ਲਈ ਪਿਆਰ ਅਤੇ ਧੀਆਂ ਲਈ ਡੰਡੇ !*

# ਚੋਣਾਂ ਅਤੇ ਸਿਆਸੀ ਗੋਟੀਆਂ

ਪੰਜਾਬ ਕਾਂਗਰਸ ਦੇ ਪ੍ਰਧਾਨ ਅਤੇ ਗੁਰਦਾਸਪੁਰ ਲੋਕ ਸਭਾ ਹਲਕੇ ਤੋਂ ਪਾਰਟੀ ਉਮੀਦਵਾਰ ਸੁਨੀਲ ਜਾਖੜ ਵੱਲੋਂ ਪਠਾਨਕੋਟ ਵਿਚ ਮਰਹੂਮ ਸੰਸਦ ਮੈਂਬਰ ਵਿਨੋਦ ਖੰਨਾ ਦੇ ਘਰ ਜਾ ਕੇ ਉਨ੍ਹਾਂ ਦੀ ਪਤਨੀ ਕਵਿਤਾ ਖੰਨਾ ਨੂੰ ਮਿਲਣ ਦੇ ਕਈ ਸਿਆਸੀ ਅਰਥ ਕੱਢੇ ਜਾ ਰਹੇ ਹਨ, ਪਰ ਉਨ੍ਹਾਂ ਦਾ ਇਹ ਕਦਮ ਉਨ੍ਹਾਂ ਭਲੇ ਦਿਨਾਂ ਦੀ ਯਾਦ ਦਿਵਾਉਂਦਾ ਹੈ ਜਦੋਂ ਤਮਾਮ ਵਿਚਾਰਧਾਰਕ ਵਿਰੋਧਾਂ ਦੇ ਬਾਵਜੂਦ ਸਿਆਸਤਦਾਨ ਇੱਕ-ਦੂਜੇ ਨਾਲ ਭਾਈਚਾਰਕ ਸਾਂਝ ਰੱਖਦੇ ਸਨ ਅਤੇ ਇੱਕ-ਦੂਜੇ ਦੇ ਦੁੱਖ-ਸੁੱਖ ਵਿਚ ਖੁੱਲ੍ਹ ਕੇ ਸ਼ਰੀਕ ਹੁੰਦੇ ਸਨ। ਜਾਖੜ ਦੀ ਫੇਰੀ ਨੇ ਜਿਥੇ ਭਾਜਪਾ ਦੇ ਮੁਕਾਮੀ ਆਗੂਆਂ ਨੂੰ ਅਚੰਭਿਤ ਕੀਤਾ, ਉਥੇ ਕਾਂਗਰਸੀ ਹਲਕੇ ਵੀ ਹੈਰਾਨ ਹੋਏ; ਭਾਵੇਂ ਜਾਖੜ ਗੁਰਦਾਸਪੁਰ ਵਿਚ ਆਪਣੇ ਭਾਸ਼ਨ ਵਿਚ ਸ੍ਰੀ ਖੰਨਾ ਦੇ ਨਿਵਾਸ 'ਤੇ ਜਾ ਕੇ ਉਨ੍ਹਾਂ ਦੀ ਪਤਨੀ ਤੇ ਪਰਿਵਾਰ ਨੂੰ ਮਿਲਣ ਦੀ ਇੱਛਾ ਜਤਾ ਚੁੱਕੇ ਸਨ। ਫਿਰ ਵੀ ਜਿੰਨੀ ਫੁਰਤੀ ਨਾਲ ਇਹ ਕਾਰਵਾਈ ਅਮਲ ਵਿਚ ਲਿਆਂਦੀ ਗਈ, ਉਸ ਦਾ ਨਾਟਕੀ ਪ੍ਰਭਾਵ ਪੈਣਾ ਹੀ ਸੀ। ਆਪਣੇ ਭਾਸ਼ਨ ਵਿਚ ਉਨ੍ਹਾਂ ਕਿਹਾ ਸੀ ਕਿ ਉਹ ਵਿਨੋਦ ਖੰਨਾ ਦੀ ਅਦਾਕਾਰੀ ਦੇ ਪ੍ਰਸ਼ੰਸਕ ਸਨ, ਇਸ ਲਈ ਚੋਣ ਪ੍ਰਚਾਰ ਰਸਮੀ ਤੌਰ 'ਤੇ ਸ਼ੁਰੂ ਕਰਨ ਤੋਂ ਪਹਿਲਾਂ ਸ੍ਰੀ ਖੰਨਾ ਦੇ ਘਰ ਜਾ ਕੇ ਉਨ੍ਹਾਂ ਦੇ ਪਰਿਵਾਰ ਨੂੰ ਮਿਲਣਾ ਚਾਹੁੰਦੇ ਹਨ।

ਇਹ ਗੱਲ ਲੁਕੀ ਨਹੀਂ ਕਿ ਕਵਿਤਾ ਖੰਨਾ ਗੁਰਦਾਸਪੁਰ ਸੀਟ ਤੋਂ ਭਾਜਪਾ ਉਮੀਦਵਾਰ ਵਜੋਂ ਚੋਣ ਲੜਨ ਦੇ ਚਾਹਵਾਨ ਸਨ। ਸ੍ਰੀ ਖੰਨਾ ਨੇ 1998 ਤੋਂ ਇਹ ਲੋਕ ਸਭਾ ਸੀਟ ਚਾਰ ਵਾਰ ਜਿੱਤੀ ਸੀ ਅਤੇ ਇਸ ਜਿੱਤ ਵਿਚ ਕਵਿਤਾ ਖੰਨਾ ਦੀ ਮਿਹਨਤ ਦਾ ਯੋਗਦਾਨ ਸੀ। ਉਹ ਸ੍ਰੀ ਖੰਨਾ ਦੀ ਨਿੱਜੀ ਮੈਨੇਜਰ ਤੇ ਰਾਜਸੀ ਸਹਾਇਕ ਵਜੋਂ ਇਸ ਲੋਕ ਸਭਾ ਹਲਕੇ ਵਿਚ ਸਰਗਰਮ ਰਹੇ ਜਦੋਂ ਕਿ ਵਿਨੋਦ ਖੰਨਾ ਤਾਂ ਕਦੇ-ਕਦਾਈਂ ਹਲਕੇ ਵਿਚ ਹਾਜ਼ਰੀ ਭਰਦੇ ਸਨ। ਸ੍ਰੀਮਤੀ ਖੰਨਾ ਦੇ ਯੋਗਦਾਨ ਦੇ ਮੱਦੇਨਜ਼ਰ ਇਹ ਕਿਆਸਿਆ ਜਾ ਰਿਹਾ ਸੀ ਕਿ ਭਾਜਪਾ ਉਨ੍ਹਾਂ ਨੂੰ ਚੋਣ ਲੜਾਏਗੀ, ਪਰ ਪਾਰਟੀ ਨੇ ਟਿਕਟ ਸਥਾਨਕ ਕਾਰੋਬਾਰੀ ਸਵਰਨ ਸਲਾਰੀਆ ਨੂੰ ਦੇ ਦਿੱਤੀ। ਇਹ ਸ੍ਰੀਮਤੀ ਖੰਨਾ ਅੰਦਰਲੀ ਸੂਹਜ ਤੇ ਸੂਝ ਹੀ ਸੀ ਕਿ ਉਨ੍ਹਾਂ ਨੇ ਪਾਰਟੀ ਦੇ ਫ਼ੈਸਲੇ ਨੂੰ ਖਿੜੇ ਮੱਥੇ ਸਵੀਕਾਰਨ ਦਾ ਐਲਾਨ ਕੀਤਾ, ਪਰ ਹੁਣ ਜਾਖੜ ਦੀ ਫੇਰੀ ਨੇ ਨਵੀਆਂ ਕਿਆਸਅਰਾਈਆਂ ਨੂੰ ਜਨਮ ਦੇ ਦਿੱਤਾ ਹੈ।

ਜਾਖੜ ਭਾਵੇਂ ਕੁਝ ਵੀ ਕਹਿਣ, ਇਸ ਹਕੀਕਤ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ ਕਿ ਉਨ੍ਹਾਂ ਦੀ ਜ਼ਹੀਨਤਰੀਨੀ ਪਿੱਛੇ ਸਿਆਸੀ ਮੁਫ਼ਾਦ ਵੀ ਸਨ। ਰਾਜਸੀ ਘੁਲਾਟੀਏ ਜਾਣਦੇ ਹਨ ਕਿ ਅਜਿਹੇ ਕਦਮ ਵੋਟਰਾਂ ਦੀ ਕੁਝ ਪ੍ਰਤੀਸ਼ਤ ਨੂੰ ਪ੍ਰਭਾਵਿਤ ਕਰਦੇ ਹਨ ਅਤੇ ਨਾਲ ਹੀ ਵਿਰੋਧੀ ਖੇਮੇ ਵਿਚ ਭੰਬਲਭੂਸਾ ਵੀ ਪੈਦਾ ਕਰਦੇ ਹਨ। ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਇਸ ਕਿਸਮ ਦੀ ਰਾਜਨੀਤੀ ਦੇ ਉਸਤਾਦ ਰਹੇ ਹਨ। ਉਨ੍ਹਾਂ ਵੱਲੋਂ ਅਚਨਚੇਤ ਆਪਣੇ ਰਾਜਸੀ ਵਿਰੋਧੀਆਂ ਦੇ ਘਰਾਂ ਵਿਚ ਪਹੁੰਚ ਜਾਣਾ ਉਨ੍ਹਾਂ ਖ਼ਿਲਾਫ਼ ਵਿਰੋਧ ਦੀ ਧਾਰਾ ਨੂੰ ਖੁੰਢਾ ਕਰ ਜਾਂਦਾ ਸੀ। ਬਾਦਲ ਨੇ ਹੁਣ ਭਾਵੇਂ ਆਪਣੀਆਂ ਸਿਆਸੀ ਸਰਗਰਮੀਆਂ ਨੂੰ ਲੰਬੀ ਹਲਕੇ ਤਕ ਮਹਿਦੂਦ ਰੱਖਿਆ ਹੋਇਆ ਹੈ, ਫਿਰ ਵੀ ਉਨ੍ਹਾਂ ਨੇ ਪਿੰਡ ਪੱਧਰ ਦੇ ਆਪਣੇ ਪੁਰਾਣੇ ਸਮਰਥਕਾਂ ਜਾਂ ਵਿਰੋਧੀਆਂ ਦੇ ਘਰਾਂ ਵਿਚ ਅਚਨਚੇਤੀ ਜਾਣ ਦਾ ਸਿਲਸਿਲਾ ਤਿਆਗਿਆ ਨਹੀਂ। ਸੁਨੀਲ ਜਾਖੜ ਦੇ ਪਿਤਾ ਚੌਧਰੀ ਬਲਰਾਮ ਜਾਖੜ ਦੀ ਬਾਦਲ ਨਾਲ ਲੰਬੀ ਨਿੱਜੀ ਸਾਂਝ ਰਹੀ ਸੀ। ਇਹ ਸਾਂਝ ਦੋਵਾਂ ਨੇਤਾਵਾਂ ਦੇ ਵਿਚਾਰਧਾਰਕ ਮਤਭੇਦਾਂ ਦੇ ਬਾਵਜੂਦ ਨਿਰੰਤਰ ਬਰਕਰਾਰ ਰਹੀ। ਹੁਣ ਸੁਨੀਲ ਜਾਖੜ ਨੇ ਇਸੇ ਤਹਿਜ਼ੀਬ ਨੂੰ ਸੁਰਜੀਤ ਕਰ ਕੇ ਪੁੰਨ ਵੀ ਖੱਟ ਲਿਆ ਹੈ ਅਤੇ ਫਲੀਆਂ ਵੀ।

***(ਪੰਜਾਬੀ ਟ੍ਰਿਬਿਊਨ ਤੋਂ ਧੰਨਵਾਦ ਸਹਿਤ)***

# ਰੱਬ ਉਨ੍ਹਾਂ ਦਾ ਭਲਾ ਕਰੇ

*'ਪੰਜਾਬ ਟਾਈਮਜ਼' ਦੇ ਪਾਠਕ ਗਾਹੇ-ਬਗਾਹੇ ਉਘੀ ਲੇਖਿਕਾ ਕਾਨਾ ਸਿੰਘ ਦੀਆਂ ਲਿਖਤਾਂ ਪੜ੍ਹਦੇ ਰਹੇ ਹਨ। ਸੱਚਮੁੱਚ ਉਹ ਸ਼ਬਦਾਂ ਦੀ ਜਾਦੂਗਰ ਹੈ। ਉਹਦੀ ਹਰ ਲਿਖਤ ਸਹਿਜ ਅਤੇ ਸੁਹਜ ਦੀ ਤਸਦੀਕ ਹੋ ਨਿਬੜਦੀ ਹੈ। ਉਹ ਗੱਲਾਂ ਗੱਲਾਂ ਵਿਚ ਹੋਰ ਗੱਲਾਂ ਲਈ ਪਿੜ ਮੋਕਲਾ ਕਰਦੀ ਜਾਂਦੀ ਹੈ। 'ਰੱਬ ਉਨ੍ਹਾਂ ਦਾ ਭਲਾ ਕਰੇ' ਵਿਚ ਵੀ ਉਸ ਨੇ ਬੜੇ ਸਹਿਜ ਨਾਲ ਆਪਣੀ ਗੱਲ ਆਖ ਸੁਣਾਈ ਹੈ। -ਸੰਪਾਦਕ*

**ਕਾਨਾ ਸਿੰਘ**
ਫੋਨ: 91-95019-44944

ਸੰਨ ਦੋ ਹਜ਼ਾਰ ਦੋ ਦਾ ਬਸੰਤ ਦਿਵਸ ਅਤੇ ਸ਼ਾਮ ਦੇ ਸਾਢੇ ਸੱਤ ਵਜੇ।

ਮੋਰਾਂ ਦੀ ਬੂਣਤੀ ਦੇ ਤੋਤਾ ਰੰਗੇ ਪੱਲੂ ਵਾਲੀ ਬਸੰਤੀ ਸਾੜ੍ਹੀ ਵਿਚ ਲੈਸ ਤੇ ਖਿੜੀ-ਖਿੜੀ ਮੈਂ ਚੰਡੀਗੜ੍ਹ ਦੇ ਟੈਗੋਰ ਥੀਏਟਰ ਦੇ ਸਮਾਗਮ ਵਿਚ ਸ਼ਾਮਲ ਹੋਣ ਮਗਰੋਂ ਘਰ ਲਈ ਆਟੋ ਪਕੜਿਆ। ਘਰ ਦੇ ਨੇੜੇ ਵਾਲੇ ਗੁਲਾਬ ਬਾਗ (ਰੋਜ਼ ਗਾਰਡਨ) ਸਾਹਵੇਂ ਆਟੋ ਛੱਡ ਕੇ ਪੈਰੋ ਪੈਰ ਘਰ ਵੱਲ ਮੂੰਹ ਕੀਤਾ।

ਪੈਰ-ਪੰਧ ਉਪਰ ਤੁਰਦੀ ਆ ਰਹੀ ਸਾਂ ਕਿ ਕੰਡੇ ਦੀ ਚੋਭ ਜਿਹੀ ਨਾਲ ਖੱਬੀ ਲੱਤ ਦੇ ਹੇਠਲੇ ਹਿੱਸੇ ਸੰਗ ਕੁਝ ਕੂਲਾ ਕੂਲਾ ਅੜਦਾ ਜਿਹਾ ਜਾਪਿਆ। ਸਾੜ੍ਹੀ ਨੂੰ ਰਤਾ ਉਤਾਂਹ ਚੁੱਕ ਕੇ ਮੈਂ ਪੈਰ ਛੰਡਿਆ। ਇਹ ਸ਼ਾਹ-ਕਾਲਾ ਲਿਸ਼ਕਾਂ ਮਾਰਦਾ ਫੀਤਾ ਜਿਹਾ ਸੀ, ਜਿਵੇਂ ਗੋਟੇ ਦੀ ਕਿਨਾਰੀ ਹੋਵੇ। ਉਸ ਨੂੰ ਧਰੂ ਸੁੱਟ ਕੇ ਮੈਂ ਅੱਗੇ ਤੁਰ ਪਈ। ਘਰ ਆ ਕੇ ਬੇਟੇ ਲਈ ਰੋਟੀ ਪਕਾਉਣ ਤੋਂ ਪਹਿਲਾਂ ਸਾੜ੍ਹੀ ਲਾਹ ਕੇ ਰਾਤ ਦੀ ਨਾਇਟੀ ਜੁ ਪਹਿਨਣ ਲੱਗੀ, ਤਾਂ ਪੈਰ ਦੇ ਅੰਗੂਠੇ ਕੋਲੋਂ ਉਪਰ ਨੂੰ ਜਾਂਦੇ ਹੋਏ ਲਾਲ ਲਾਲ ਨਿਸ਼ਾਨਾਂ ਦੇ ਨਾਲ ਗੋਡੇ ਹੇਠਾਂ ਡੰਗ ਦੇ ਛਾਪੇ ਉਪਰ ਮੇਰੀ ਨਜ਼ਰ ਪਈ। ਸਮਝ ਗਈ।

ਉਹ ਜੋ ਧੂਹ ਕੇ ਮੈਂ ਲਾਹ-ਸੁੱਟਿਆ ਸੀ, ਉਹ ਗੋਟਾ ਨਹੀਂ ਸੀ, ਸਪਲੀਟਾ ਸੀ।

ਕਾਹਲੀ ਨਾਲ ਹੋਮਿਓਪੈਥੀ ਦੀਆਂ ਦਵਾਈਆਂ ਦੀ ਅਲਮਾਰੀ ਫਰੋਲਣ ਲੱਗੀ। 'ਲੈਕੇਸੀਜ਼' ਦੀ ਸ਼ੀਸ਼ੀ ਵਿਚੋਂ ਮੂੰਹ ਵਿਚ ਬੂੰਦਾਂ ਪਾਈਆਂ ਅਤੇ ਨਿਸ਼ਾਨਾਂ ਉਪਰ ਵੀ ਲੈਕੇਸੀਜ਼ ਚੋਪੜਨ ਲੱਗੀ। ਬੇਟਾ ਵੀ ਆ ਗਿਆ ਵੇਲੇ ਸਿਰ ਅਤੇ ਭੱਜ ਕੇ ਲੈ ਗਿਆ ਨਰਸਿੰਗ ਹੋਮ।

ਡਾਕਟਰ ਵੇਖਦਿਆਂ ਹੀ ਸਮਝ ਗਿਆ।

"ਮੈਨੂੰ ਕੋਈ ਘਬਰਾਹਟ ਨਹੀਂ। ਜਾਣਦੀ ਹਾਂ ਕਿ ਸਾਰੇ ਸੱਪ ਜ਼ਹਿਰੀਲੇ ਨਹੀਂ ਹੁੰਦੇ।" ਤਸੱਲੀ ਕਰਾਉਂਦੇ ਡਾਕਟਰ ਨੂੰ ਮੈਂ ਮੋੜਵੀਂ ਤਸੱਲੀ ਦਿੱਤੀ।

ਟੀਕੇ-ਟਾਕੇ ਲਾ ਕੇ ਦੋ ਤਿੰਨ ਘੰਟਿਆਂ ਦੀ ਨਿਗਰਾਨੀ ਮਗਰੋਂ ਡਾਕਟਰ ਨੇ ਫਾਰਗ ਕਰ ਦਿੱਤਾ।

ਮਾੜੀ ਮਾੜੀ ਜਲੂਣ ਹੁੰਦੀ ਰਹੀ ਰਾਤ ਭਰ।

ਬਿਸਤਰੇ ਵਿਚ ਪਈ ਪਈ ਗੁਆਚ ਗਈ ਮੈਂ ਅਤੀਤ ਵੱਲ। ਤਿੰਨ ਦਹਾਕੇ ਪਿੱਛੇ...।

---

ਮੁੰਬਈ ਦੀ ਪੱਛਮ-ਅੰਧੇਰੀ ਦੇ ਸਾਗਰ ਕੰਢੇ ਵਾਲੀ ਬਸਤੀ 'ਸਾਤ ਬੰਗਲਾ' ਤੋਂ ਕੂਚ ਕਰ ਕੇ ਅਸੀਂ ਪੂਰਬੀ ਸਾਂਤਾਕਰੂਜ਼ ਸਥਿਤ ਆਪਣੇ ਨਿਜੀ ਫਲੈਟ ਵਿਚ ਆਣ ਟਿਕੇ ਸਾਂ।

ਇਸ 'ਸੰਤ ਸੁਦਾਮਾ ਕੋਆਪਰੇਟਿਵ ਹਾਊਸਿੰਗ ਸੁਸਾਇਟੀ' ਦੀਆਂ ਦੋਹਾਂ ਬਿਲਡਿੰਗਾਂ ਦੀ ਇਮਾਰਤਕਾਰੀ ਤਾਂ ਪੂਰੀ ਹੋ ਚੁਕੀ ਸੀ, ਪਰ ਅਜੇ 'ਇਤਰਾਜ਼ ਨਹੀਂ' ਦੀ ਸਨਦ ਨਹੀਂ ਸੀ ਜਾਰੀ ਹੋਈ। ਖੁੱਲ੍ਹੇ ਤੇ ਕੱਚੇ ਦਾਲਾਨ ਦੀਆਂ ਦੋ ਤਿਮੰਜ਼ਲੀਆਂ ਬਿਲਡਿੰਗਾਂ ਦੇ ਬਾਈ ਫਲੈਟਾਂ ਦੇ ਮਾਲਕਾਂ ਵਿਚ ਕੇਵਲ ਤੇ ਕੇਵਲ ਅਸੀਂ ਹੀ ਆਣ ਵੱਸੇ ਸਾਂ, ਆਪਣੇ ਇਕ ਨੰਬਰ ਦੇ ਫਲੈਟ ਵਿਚ।

ਉਸਾਰੀ ਲਈ ਮਿਲੇ ਹੋਏ ਦਾਲਾਨ ਦੇ ਇਕੋ ਇਕ ਨਲਕੇ ਨਾਲ ਪਾਈਪ ਲਾ ਕੇ ਅਸੀਂ ਸੌਣ-ਸੁਫੇ ਦੇ ਵਾਧੇ ਵਿਚ ਰੱਖੇ ਡਰੱਮ ਸਮੇਤ ਘਰ ਦਾ ਸਾਰਾ ਜ਼ਰੂਰੀ ਪਾਣੀ ਭਰ ਲੈਂਦੇ। ਕੱਚੇ ਕੰਪਾਊਂਡ ਵਿਚ ਸੱਪ ਸਤੂੰਗੇ ਵੀ ਅਕਸਰ ਹੀ ਵੇਖਣ ਨੂੰ ਮਿਲਦੇ।

ਐਤਵਾਰ ਦੀ ਸ਼ਾਮ ਅਤੇ ਪੂਰਨਮਾਸ਼ੀ ਵੀ। ਅਸੀਂ ਜੁਹੂ-ਤੱਟ ਦੀ ਸੈਰ ਲਈ ਤਿਆਰ ਹੋ ਰਹੇ ਸਾਂ, ਸਣੇ ਬੱਚਿਆਂ ਦੇ। ਜੀਤ ਮੇਰਾ ਪਤੀ ਇਹਤਿਆਤ ਵਜੋਂ ਤਾਂ ਬੂਟ ਪਾ ਕੇ ਹੀ ਬਾਹਰ ਜਾਇਆ ਕਰਦਾ ਸੀ ਪਾਈਪ ਲਾਉਣ, ਪਰ ਉਸ ਦਿਨ ਫੇਰ ਵੀ ਭਾਣਾ ਵਰਤ ਗਿਆ। ਸੱਪ ਨੇ ਡੰਗ ਲਿਆ ਜੀਤ ਨੂੰ, ਸੱਜੀ ਲੱਤ 'ਤੇ।

"ਕਾਨਾ...ਆਂ...ਆਂ...!" ਕੂਕਦਾ ਚੀਕਦਾ ਜੀਤ ਦੌੜ ਆਇਆ ਘਰ ਅੰਦਰ। ਇਕਦਮ ਬਲੇਡ ਨਾਲ ਉਸ ਆਪਣੀ ਡੰਗੀ ਹੋਈ ਥਾਂ ਨੂੰ ਖਨੋਤਰਿਆ, ਛਿਲਿਆ। ਪੋਟੇਸ਼ੀਅਮ ਪਰਮਾਂਗਨੇਟ ਨਾਲ ਉਸ ਨੇ ਜ਼ਖਮ ਧੋਤਾ।

ਪਾਕਿਸਤਾਨ ਨਾਲ ਜੰਗ ਛਿੜੀ ਹੋਣ ਕਾਰਨ ਉਨ੍ਹੀਂ ਦਿਨੀ ਰਾਤੀਂ ਬਲੈਕ-ਆਊਟ ਵੀ ਅਕਸਰ ਹੋ ਜਾਂਦੇ ਸਨ। ਘਰ ਤਾਂ ਛੋੜੋ, ਪੂਰੀ ਸੁਸਾਇਟੀ ਦੇ ਬਾਈ ਫਲੈਟ ਭਾਂ ਭਾਂ ਕਰਦੇ ਹਨੇਰੇ ਦੀ ਬੁੱਕਲ ਵਿਚ।

ਛੇ ਸਾਲ ਦੇ ਬਾਲਕ ਸੰਨੀ ਨੂੰ ਅਸਾਂ ਢਾਈ ਸਾਲ ਦੇ ਸ਼ਿਸ਼ੂ ਦੀਪੀ ਸਪੁਰਦ ਕੀਤਾ ਅਤੇ ਫਲੈਟ


ਕਾਨਾ ਸਿੰਘ: ਇਕ ਅੰਦਾਜ਼

ਨੂੰ ਬਾਹਰੋਂ ਜੰਦਰਾ ਲਗਾ ਕੇ ਟੈਕਸੀ ਫੜ ਕੇ ਪੱਛਮੀ ਸਾਂਤਾਕਰੂਜ਼ ਵਿਚ ਵਸਦੇ ਮੇਰੇ ਮਸੇਰ ਭਰਾ-ਭਰਜਾਈ ਨੂੰ ਚਾਬੀ ਫੜਾਂਦਿਆਂ ਘਰ ਬੱਚਿਆਂ ਕੋਲ ਪੁੱਜਣ ਦੀ ਹਦਾਇਤ ਦੇ ਕੇ ਇਰਲਾ-ਸਥਿਤ ਨਾਨਾਵਤੀ ਹਸਪਤਾਲ ਵਲ ਰੁਖ ਕੀਤਾ।

ਜੀਤ ਦਾ ਇਲਾਜ ਸ਼ੁਰੂ ਹੋਇਆ।

ਡਾਕਟਰਾਂ ਦਾ ਮੱਤ ਸੀ ਕਿ ਸੱਪ ਤਾਂ ਜ਼ਹਿਰੀਲਾ ਸੀ, ਪਰ ਜੀਤ ਨੂੰ ਡੰਗਣ ਤੋਂ ਪਹਿਲਾਂ ਉਹ ਆਪਣਾ ਜ਼ਹਿਰ ਕਿਸੇ ਪੱਥਰ-ਵੱਟੇ ਉਪਰ ਉਗਲ ਚੁੱਕਿਆ ਜਾਪਦਾ ਸੀ। ਰਾਤ ਸਾਰੀ ਹਸਪਤਾਲ ਰਹੇ।

ਬਚਾਅ ਹੋ ਗਿਆ।

---

ਜਿਉਂ ਜਿਉਂ ਵਕਤ ਲੰਘਦਾ ਜਾਵੇ, ਮੇਰੀ ਲੱਤ ਦੀ ਜਲੂਣ ਵਧਦੀ ਜਾਵੇ। ਤੇਲ, ਘਿਓ ਚੋਪੜਦੀ ਅਤੇ ਨਿਸ਼ਾਨਾਂ ਨੂੰ ਮਲਦੀ ਮਲਦੀ ਮੈਂ ਮੁੜ ਗੁਆਚ ਗਈ ਦੂਰ ਪਿੱਛੇ। ਛੇ ਦਹਾਕੇ ਪਹਿਲਾਂ ਤੋਂ ਅਕਸਰ ਮਾਂ-ਦਾਦੀ ਤੋਂ ਕਈ ਵੇਰਾਂ ਸੁਣੀ-ਦੁਹਰਾਈ ਇਕ ਘਟਨਾ ਵਲ...।

---

ਮੇਰਾ ਸਭ ਤੋਂ ਵੱਡਾ ਵੀਰ ਸੁਰਜੀਤ ਵੀਰ ਜੀ ਤਿੰਨਾਂ ਭੈਣਾਂ ਮਗਰੋਂ ਪੈਦਾ ਹੋਇਆ ਸੀ, ਤ੍ਰਿਕੱਲ।

ਮਾਂ ਅਜੇ ਧਮਾਣ ਵਿਚ ਹੀ ਸੀ ਕਿ ਢੋਲ-ਵਜਾਂਦੇ, ਤਾੜੀਆਂ ਮਾਰਦੇ, 'ਮੁਆਰਖਾਂ-ਮੁਆਰਖਾਂ' ਉਚਰਦੇ ਖੁਸਰੇ ਵਿਹੜੇ ਆਣ ਲੱਥੇ। ਆਂਢਣਾਂ-ਗੁਆਂਢਣਾਂ ਤੇ ਰਿਸ਼ਤੇਦਾਰਨਾਂ ਦੇ ਇਕੱਠ ਵਿਚ ਧਮਾਲ ਮਚਾਣ ਮਗਰੋਂ ਬਾਲਕ ਜੀਤ ਨੂੰ ਗੋਦ 'ਚ ਲੈ ਕੇ ਉਨ੍ਹਾਂ ਵੇਲ-ਵਧਾਈ ਕਰਨੀ ਸੀ।

ਖੁਸਰੀ ਸਾਹਮਣੇ ਵਾਲੇ ਸੁਫੇ ਦੇ ਪਸਿੱਤੇ ਲੱਗੇ ਪਲੰਘ 'ਤੇ ਪਈ ਮੇਰੀ ਮਾਂ ਕੋਲੋ ਨਵਜਾਤ-ਸ਼ਿਸ਼ੂ ਨੂੰ ਲੈਣ ਗਈ। "ਹੈਂ, ਇਹ ਤੈ ਆਪਣੀ ਨੂਪੀ (ਅਨੂਪ) ਹੈ, ਰੌਣਕ ਸ਼ਾਹ ਨੀ ਧੀ, ਵਾਰੀ ਵੰਞਾਂ, ਸਦਕੇ ਬਲਿਹਾਰੀ...।" ਕਰਦੀ ਉਹ ਖੁਸ਼ੀ ਨਾਲ ਉਛਲ ਪਈ।

ਦਰਅਸਲ ਰਾਵਲਪਿੰਡੀ ਦੀ ਘੁੱਗ ਵਸਦੀ ਬਸਤੀ 'ਸ਼ਾਹਨੱਦਰ ਦੇ ਪੁਲ' ਦੀ ਵੱਡੀ ਸੜਕ ਉਤੇ ਮੇਰੇ ਨਾਨਾ ਜੀ ਦਾ ਟਾਲ ਸੀ। ਉਹ ਲਕੜੀ ਅਤੇ ਕੋਇਲੇ ਦੇ ਵਪਾਰੀ ਸਨ। ਟਾਲ ਦੇ ਪਿੱਛੇ ਹੀ ਸੀ ਸਾਡੀ ਨਾਨਕੀ ਹਵੇਲੀ ਜਿਸ ਦੀ ਖੱਬੀ ਕੰਧ ਨਾਲ ਲੱਗਦੇ ਚੁਬਾਰੇ ਵਿਚ ਵਾਸਾ ਸੀ ਉਨ੍ਹਾਂ ਹਿਜੜਿਆਂ ਦਾ। ਇਹ ਵਾਕਿਆ ਭਾਵੇਂ ਮੇਰੇ ਜਨਮ ਤੋਂ ਕੋਈ ਪੰਦਰਾਂ ਸਾਲਾਂ ਤੋਂ ਪਹਿਲਾਂ ਦਾ ਸੀ, ਪਰ ਬਚਪਨ ਵਿਚ ਮਾਂ ਤੋਂ ਇਸ ਦਾ ਜ਼ਿਕਰ ਅਕਸਰ ਸੁਣਨ ਕਾਰਨ ਮੈਂ ਜਦੋਂ ਵੀ ਛੁਟੀਆਂ ਵਿਚ ਨਾਨਕੇ ਗਈ ਹੁੰਦੀ, ਉਸ ਚੁਬਾਰੇ ਤੋਂ ਢੋਲਕੀਆਂ-ਛੈਣਿਆਂ ਦੀ ਆਵਾਜ਼ ਨਾਲ ਨੱਚਦੇ-ਗਾਉਂਦੇ ਉਨ੍ਹਾਂ ਖੁਸਰਿਆਂ ਵੱਲ ਵੀ ਜ਼ਰੂਰ ਆਕਰਸ਼ਿਤ ਹੁੰਦੀ।

ਹਾਂ, ਤਾਂ ਮਾਂ ਨੂੰ ਪਛਾਣਦਿਆਂ ਹੀ ਉਸ ਖੁਸਰੀ ਨੇ ਵਿਹੜੇ ਦੇ ਇਕੱਠ ਵਿਚ ਆ ਕੇ ਐਲਾਨ ਕੀਤਾ, "ਹਿਸ ਘਰੋਂ ਤਾਂ ਅਸਾਂ ਵਾਸਤੇ ਹਿਕ ਪਾਈ ਵੀ ਕਬੂਲ ਕਰਨੀ ਹਰਾਮ ਹੈ। ਹੇ ਤੈ ਸਾੜ੍ਹੀ ਪਿੰਡੀ ਨਾ ਦੋਹਤਰਾ ਵੈ, ਨੂਪੀ ਨਾ ਪੁੱਤਰ। ਨੂਪੀ, ਰੌਣਕਸ਼ਾਹੇ ਨੀ ਧੀ ਤੈ ਸਾੜ੍ਹੀ ਧੀ-ਧਿਆਣ।"

ਹੋਰ ਵੀ ਨੱਚ-ਮੱਚ ਕੇ ਰੌਣਕ ਲਾਈ ਵਧਾਈਆਂ ਦਿੰਦੇ ਖੁਸਰਿਆਂ ਨੇ।

ਖੁਸਰ-ਨਾਚ ਉਤੇ ਆਣ ਢੁਕੀਆਂ ਗੁਆਂਢੀ-ਤ੍ਰੀਮਤਾਂ ਲਈ ਚੁੱਲ੍ਹੇ ਉਪਰ ਦੁੱਧ ਧਰਦੀ ਦਾਦੀ, ਬਾਲਣ ਦੇ ਖੁੰਡੇ ਵਿਚੋਂ ਲੱਕੜ ਧਰੀਕਣ ਹੀ ਲੱਗੀ ਸੀ ਕਿ ਉਸ ਦੇ ਸੱਜੇ ਹੱਥ ਦੇ ਅੰਗੂਠੇ ਨੂੰ ਸੱਪ ਨੇ ਡੰਗ ਲਿਆ। ਸ਼ਾਹ ਕਾਲਾ ਸੱਪ। ਹਫੜਾ-ਦਫੜੀ ਪੈ ਗਈ।

ਖੁਸਰਿਆਂ ਦਾ ਸਰਦਾਰ ਮਾਂਦਰੀ ਸੀ। ਉਸ ਕੋਈ ਬੂਟੀ ਰਗੜ ਕੇ ਜ਼ਖਮ 'ਤੇ ਲਾਈ। ਮੰਤਰ ਫੂਕਿਆ।

"ਤੈ ਫਿਰ ਮੈਂ ਬਚ ਗਈ।" ਬੇਜੀ ਦੱਸਦੇ।

ਖੁਸ਼ੀ ਖੁਸ਼ੀ ਰੁਖਸਤ ਹੁੰਦੇ ਹਿਜੜਿਆਂ ਨੇ ਬੇਜੀ ਤੋਂ ਇਕ ਪਾਈ ਵੀ ਕਬੂਲ ਨਾ ਕੀਤੀ ਅਤੇ ਨਾ ਹੀ ਕਬੂਲੀ ਵਧਾਈ ਦੀ ਰਸਦ-ਰਕਮ ਜਾਂ ਕੋਈ ਹੋਰ ਲੀੜਾ-ਭੋਛਣ। ਦੁੱਧ ਤਾਂ ਛੱਡੋ, ਉਨ੍ਹਾਂ ਨੇ ਤਾਂ ਪਾਣੀ ਤੱਕ ਨਾ ਪੀਤਾ ਅਤੇ ਖੁਸ਼ੀ ਖੁਸ਼ੀ ਅਸੀਸਾਂ ਦਿੰਦੇ, ਬਲਾਈਆਂ ਲੈਂਦੇ 'ਸੱਤਾਂ 'ਤੇ ਵੀਹ ਖੈਰੀਂ' ਉਚਰਦੇ ਰੁਖਸਤ ਹੋ ਗਏ। ਸੁੱਚੇ ਮੂੰਹੀਂ।

ਨੂਪੀ ਧੀ ਜੁ ਸੀ ਉਨ੍ਹਾਂ ਦੀ ਪਿੰਡੀ ਦੀ, ਮੁਹੱਲੇ ਦੀ, ਗੁਆਂਢੀ ਰੌਣਕਸ਼ਾਹੇ ਦੀ!

ਸਾਲ ਭਰ ਇੰਜ ਹੀ ਹਰ ਸੰਧਿਆ ਵੇਲੇ ਸ਼ੁਰੂ ਹੋ ਜਾਂਦੀ ਮੇਰੀ ਉਹ ਜਲੂਣ ਅੰਗੂਠੇ ਤੋਂ ਗੋਡੇ ਤੱਕ ਤੇ ਹਰ ਸ਼ਾਮ ਉਂਜ ਦੀ ਉਂਜ ਹੀ ਤਾਜ਼ੀ ਹੋ ਜਾਂਦੀ ਯਾਦ-ਜੀਤ, ਮੇਰੇ ਪਤੀ ਨੂੰ ਅਤੇ ਦਾਦੀ ਨੂੰ 'ਕੀੜਾ' ਕੱਟਣ ਦੀ।

ਉਸ ਜ਼ਮਾਨੇ ਵਿਚ ਸੱਪ ਦਾ ਖੌਫ ਹੀ ਇਤਨਾ ਹੁੰਦਾ ਸੀ ਕਿ ਲਫਜ਼ 'ਸੱਪ' ਕੋਈ ਹੋਠਾਂ 'ਤੇ ਨਾ ਲਿਆਉਂਦਾ।

'ਫਲਾਨੇ ਕੀ ਕੀੜਾ ਕੱਟ ਗਿਐ' ਹੀ ਕਾਫੀ ਸੀ ਰਮਜ਼ ਵਜੋਂ।

ਸੱਪ ਦੇ ਡੰਗ ਨਾਲ ਖੁਸਰਿਆਂ ਦੀ ਵੀ ਸੁਖਾਵੀਂ ਯਾਦ ਸ਼ਾਮਲ ਹੈ ਮੇਰੇ ਚੇਤੇ ਵਿਚ।

ਰੱਬ ਉਨ੍ਹਾਂ ਦਾ ਭਲਾ ਕਰੇ!

# ਅੰਮ੍ਰਿਤ ਵੇਲੇ ਦੇ ਅਨੰਦ ਨੂੰ ਨਿਗਲ ਰਹੀ, ਆਧੁਨਿਕਤਾ ਦੀ 'ਬਲੂ ਵ੍ਹੇਲ'

**ਕੰਵਲ ਭੱਟੀ**
ਫੋਨ: 91-97801-00348

ਅੰਮ੍ਰਿਤ ਵੇਲੇ ਦਾ ਨਾਂ ਲੈਂਦਿਆਂ ਹੀ ਮਨ ਵਿਚ ਅਨੰਦ ਦੀ ਲਹਿਰ ਦੌੜਨ ਲੱਗਦੀ ਹੈ, ਠੰਢੀ ਪੌਣ ਦਾ ਬੁੱਲਾ ਵੱਗਣ ਲੱਗਦਾ ਹੈ। ਪੰਛੀ ਚਹਿ-ਚਹਿਚਾਉਣਾ ਸ਼ੁਰੂ ਕਰ ਦਿੰਦੇ ਹਨ। ਸ਼ਹਿਰਾਂ ਦੀ ਗੱਲ ਹੋਰ ਪਰ ਪਿੰਡਾਂ ਦਾ ਅੰਮ੍ਰਿਤ ਵੇਲਾ ਵੱਖਰਾ ਸਕੂਨ ਦਿੰਦਾ ਹੈ, ਚਾਰੇ ਪਾਸੇ ਹਰੇ-ਭਰੇ ਖੇਤ, ਰੁੱਖਾਂ ਨੂੰ ਛੂਹ ਕੇ ਲੰਘਦੀ ਠੰਢੀ ਪੌਣ, ਪੰਛੀਆਂ ਦੀ ਚਹਿ-ਚਹਾਟ, ਗੁਰੂ ਘਰਾਂ ਵਿਚ ਗੂੰਜਦੀਆਂ ਗੁਰਬਾਣੀ ਦੇ ਨਿੱਤਨੇਮ ਦੀਆਂ ਮਨਮੋਹਕ ਧੁਨਾਂ ਅੰਮ੍ਰਿਤ ਵੇਲੇ ਹੋਰ ਵੀ ਸਰੂਰ ਭਰ ਦਿੰਦੀਆਂ ਹਨ। ਕੋਈ ਖੇਤਾਂ ਨੂੰ ਜਾ ਰਿਹਾ, ਕੋਈ ਖੇਤ ਵਾਹ ਰਿਹਾ, ਕੋਈ ਸਾਈਕਲ 'ਤੇ ਕਿਧਰੋਂ ਆ ਰਿਹਾ, ਕੋਈ ਗੁਰੂ ਘਰ ਜਾ ਰਿਹਾ, ਇਹ ਨਜ਼ਾਰੇ ਮਨ ਵਿਚ ਅਨੰਦ ਦੀ ਸਿਤਾਰ ਛੇੜਦੇ ਹਨ। ਚੜ੍ਹਦੇ ਸੂਰਜ ਦੀ ਲਾਲੀ ਜਦੋਂ ਰੁੱਖਾਂ ਵਿਚੋਂ ਹੁੰਦੀ ਸੁਨਹਿਰੀ ਕਿਰਨਾਂ ਬਿਖੇਰਦੀ ਹੈ, ਫਿਰ ਤਾਂ ਚਾਅ ਅਤੇ ਹੁਲਾਸ ਦੀ ਹੱਦ ਨਹੀਂ ਰਹਿੰਦੀ। ਇੱਕ ਵਾਰ ਤਾਂ ਜਾਪਦਾ ਹੈ ਜਿਵੇਂ ਦਿਨ ਵੇਲੇ ਦੀ ਕੀਤੀ ਦੌੜ ਭੱਜ, ਪਦਾਰਥਵਾਦੀ ਚੀਜ਼ਾਂ ਪਿੱਛੇ ਹੋ ਰਿਹਾ ਮੁਕਾਬਲਾ, ਕਮਾਊ-ਕਮਾਊ ਦੀ ਦੌੜ ਸਾਨੂੰ ਨਿਰਮੋਹਾ ਹੋਣ ਦਾ ਅਹਿਸਾਸ ਕਰਾਉਂਦੀ ਹੈ। ਪਰ ਜੇ ਅਸੀਂ ਸੱਜਰੀ ਸਵੇਰ ਦਾ ਅਨੰਦ ਮਾਣਿਆ ਹੋਵੇ ਤਾਂ ਸਾਨੂੰ ਦਿਨ ਭਰ ਲਈ ਅਮੁੱਕ ਖਜਾਨਾ ਦੇ ਜਾਂਦੀ ਹੈ।

ਕੋਈ ਵੇਲਾ ਹੁੰਦਾ ਸੀ ਜਦੋਂ ਸਾਰਾ ਪਰਿਵਾਰ ਸੁਵੱਖਤੇ ਉਠਦਾ ਸੀ। ਸੁਆਣੀਆਂ ਨੇ ਪਾਣੀ ਨਾਲ ਘਰ ਦੀ ਦਹਿਲੀਜ਼ ਸੁੱਚੀ ਕਰਨੀ ਅਤੇ ਘਰ ਦੇ ਮਰਦਾਂ ਨੇ ਗੁਰੂ ਘਰ ਹੁੰਦੇ ਹੋਏ ਖੇਤਾਂ ਨੂੰ ਚਲੇ ਜਾਣਾ। ਉਸ ਵੇਲੇ ਸਾਡੀ ਸਿਹਤ ਵੀ ਚੰਗੀ ਹੁੰਦੀ ਅਤੇ ਮਨ ਵੀ ਸਕੂਨ ਵਿਚ ਰਹਿੰਦਾ। ਹੁਣ ਅਸੀਂ ਆਧੁਨਿਕ ਯੁਗ ਵਿਚ ਫਸੇ ਇੰਟਰਨੈਟ ਦੇ ਨੈਟ ਵਿਚ ਐਸਾ ਫਸੇ ਹਾਂ ਕਿ ਸਾਡੀ ਸਵੇਰ ਹੀ 8-9 ਵਜੇ ਤੋਂ ਪਹਿਲਾਂ ਨਹੀਂ ਹੁੰਦੀ ਅਤੇ ਰਾਤ ਨੂੰ 12 ਵਜੇ ਤੋਂ ਪਹਿਲਾਂ ਸੌਂਦੇ ਨਹੀਂ।

ਇਸ ਸੱਭਿਆਚਾਰ ਨੇ ਸਾਨੂੰ ਮਾਨਸਿਕ, ਸਰੀਰਕ ਅਤੇ ਆਰਥਿਕ ਤੌਰ 'ਤੇ ਉਲਝਾ ਦਿੱਤਾ ਹੈ। ਅੱਜ ਤੋਂ 15-20 ਸਾਲ ਪਹਿਲਾਂ ਦੇ ਸਮੇਂ 'ਤੇ ਝਾਤ ਮਾਰੀਏ ਤਾਂ ਬੱਚੇ ਜਾਂ ਸਿਆਣੇ, ਘਰ ਦੇ ਸਾਰੇ ਜੀਅ ਤੜਕਸਾਰ ਉਠ ਆਪਣੇ ਕੰਮੀਂ ਲੱਗ ਜਾਂਦੇ। ਅਜਿਹੇ ਲੋਕਾਂ ਦੀ ਗਿਣਤੀ 100 'ਚੋਂ ਨੱਬੇ ਸੀ ਪਰ ਹੁਣ ਗਿਣਤੀ ਉਲਟ ਹੈ, ਹੁਣ 100 'ਚੋਂ 90 ਸੌਣ ਵਾਲੇ ਹਨ ਤੇ ਸਿਰਫ 10 ਹੀ ਸਾਝਰੇ ਉਠਣ ਵਾਲੇ ਹਨ। ਸਮਾਂ ਸੀ ਜਦੋਂ ਘਰ ਦੀ ਸੁਆਣੀ ਅੰਮ੍ਰਿਤ ਵੇਲੇ ਉਠ ਕੇ ਪਰਿਵਾਰ ਦੇ ਜੀਆਂ ਨੂੰ ਲੀਹ 'ਤੇ ਪਾਉਣ ਦੀ ਕੋਸ਼ਿਸ਼ ਕਰਦੀ ਪਰ ਹੁਣ ਘਰ ਦੀ ਸੁਆਣੀ ਨੂੰ ਲੀਹ 'ਤੇ ਪਾਉਣ ਦੀ ਲੋੜ ਹੈ। ਪਹਿਲਾਂ ਜਿਹੜੀ ਦਹਿਲੀਜ਼ ਅੰਮ੍ਰਿਤ ਵਲੇ ਘਰ ਦੀ ਸੁਆਣੀ ਵੱਲੋਂ ਠੰਢੀ ਕੀਤੀ ਜਾਂਦੀ ਸੀ, ਹੁਣ ਉਹ ਦੁਪਹਿਰੇ 12-1 ਵਜੇ ਘਰ ਦੇ ਨੌਕਰ ਕਰਦੇ ਹਨ। ਕਹਿੰਦੇ ਹਨ ਕਿ ਬੱਚੇ ਦੀ ਪਹਿਲੀ ਅਧਿਆਪਕ ਮਾਂ ਹੁੰਦੀ ਹੈ। ਪਰ ਅੱਜ ਦੀ ਮਾਂ ਤਾਂ ਮੋਬਾਇਲ ਫੋਨ, ਇੰਟਰਨੈਟ ਅਤੇ ਟੀ. ਵੀ. ਸੀਰੀਅਲਾਂ ਵਿਚ ਗੁੰਮੀ ਰਹਿੰਦੀ ਹੈ।

ਪਹਿਲਾਂ ਸਿਖਾਇਆ ਜਾਂਦਾ ਕਿ ਚੀਜ਼ਾਂ ਨੂੰ ਵਰਤੋ ਅਤੇ ਲੋਕਾਂ ਨੂੰ ਪਿਆਰ ਕਰੋ, ਸ਼ਾਇਦ ਤਾਂ ਹੀ ਲੋਕਾਂ ਵਿਚ ਸਹਿਣਸ਼ੀਲਤਾ, ਪਿਆਰ ਅਤੇ ਅਪਣੱਤ ਦਾ ਭਾਵ ਸੀ ਪਰ ਅੱਜ ਦਾ ਅਸੂਲ ਇਸ ਤੋਂ ਉਲਟ ਹੈ ਕਿ ਚੀਜ਼ਾਂ ਨੂੰ ਪਿਆਰ ਕਰੋ ਅਤੇ ਬੰਦਿਆਂ ਨੂੰ ਵਰਤੋ। ਅੱਜ ਦੇ ਸਮੇਂ ਵਿਚ ਜੇ ਕਿਸੇ ਨੂੰ ਕਹਿ ਦਈਏ ਕਿ ਸਵੇਰੇ ਜਲਦੀ ਉਠਿਆ ਕਰੋ ਤਾਂ ਅੱਗੋਂ ਉਤਰ ਮਿਲਦਾ ਹੈ, ਉਠਿਆ ਨਹੀਂ ਜਾਂਦਾ, ਰਾਤ ਨੂੰ ਦੇਰੀ ਨਾਲ ਸੌਂਦੇ ਹਾਂ ਜਾਂ ਫਿਰ ਘਰ ਦਾ ਕੋਈ ਹੋਰ ਜੀਅ ਤਾਂ ਉਠਦਾ ਨਹੀਂ, ਇਕੱਲਾ ਬੰਦਾ ਉਠ ਕੇ ਕੀ ਕਰੇ। ਸਵਾਲ ਹੈ, ਕੀ ਅੰਮ੍ਰਿਤ ਵੇਲਾ ਸਿਰਫ ਬਾਕੀ ਜੀਆਂ ਦੇ ਉਠਣ ਨਾਲ ਹੀ ਸ਼ੁਰੂ ਹੁੰਦਾ ਹੈ? ਮੰਨਿਆ ਕਿ ਘਰ ਵਿਚ ਸਹੂਲਤਾਂ ਆਉਣ ਨਾਲ ਕੰਮ ਸੁਖਾਲੇ ਹੋ ਗਏ ਪਰ ਸਿਹਤਾਂ ਸਖਾਲੀਆਂ ਨਹੀਂ ਹੋਈਆਂ। ਅੰਮ੍ਰਿਤ ਵੇਲਾ ਖੁੰਝਾਉਣ ਕਾਰਨ ਅਸੀਂ ਸਰੀਰਕ ਅਤੇ ਮਾਨਸਿਕ ਰੋਗੀ ਬਣ ਗਏ ਹਾਂ। ਸਾਡੇ 'ਚ ਸਹਿਣਸ਼ੀਲਤਾ, ਕ੍ਰੋਧ, ਹੰਕਾਰ ਜਿਹੇ ਵਿਕਾਰ ਪੈਦਾ ਹੋ ਗਏ ਹਨ। ਦੂਜਾ ਸਵਾਲ ਸੁਆਣੀ ਦਾ ਅਕਸਰ ਇਹ ਹੁੰਦਾ ਹੈ ਕਿ ਘਰ ਵਿਚ ਜੇ ਮੈਂ ਅੰਮ੍ਰਿਤ ਵੇਲੇ ਉਠ ਵੀ ਖੜਾਂ ਤਾਂ ਹੋਰ ਕੋਈ ਨਹੀਂ ਉਠਦਾ। ਪਰ ਉਤਰ ਦੇਣ ਲੱਗੇ ਥੋੜੀ ਮਾਯੂਸੀ ਹੁੰਦੀ ਹੈ ਕਿ ਘਰ 'ਚ ਜਦੋਂ ਕੋਈ ਚੰਗੀ ਨਵੀਂ ਰੀਤ ਸ਼ੁਰੂ ਹੁੰਦੀ ਹੈ, ਉਹ ਇੱਕ ਦਮ ਨਹੀਂ ਸਗੋਂ ਹੌਲੀ ਹੌਲੀ ਹੀ ਹੁੰਦੀ ਹੈ।

ਅੱਜ ਜਿੰਨਾ ਕਲੇਸ਼ ਘਰਾਂ ਵਿਚ ਰਹਿੰਦਾ ਹੈ, ਉਸ ਵਿਚੋਂ ਨੱਬੇ ਫੀਸਦੀ ਕਲੇਸ਼ ਦਾ ਕਾਰਨ ਇਹੋ ਹੈ ਕਿ ਘਰਾਂ ਦੀ ਸੁਆਣੀ ਤੜਕੇ ਨਹੀਂ ਉਠਦੀ ਜਿਸ ਕਾਰਨ ਕੰਮਾਂ 'ਤੇ ਜਾਣ ਲਈ ਦੇਰੀ ਹੋ ਜਾਂਦੀ ਹੈ ਤੇ ਘਰ ਵਿਚ ਹਰ ਕੋਈ ਕਾਹਲੀ ਨਾਲ ਇੱਕ ਦੂਜੇ ਤੇ ਖਿਝਦਾ ਹੈ। ਇਸ ਤਰ੍ਹਾਂ ਦਿਨ ਦੀ ਮਾੜੀ ਸ਼ੁਰੂਆਤ ਸਾਰਾ ਦਿਨ ਖਰਾਬ ਕਰ ਦਿੰਦੀ ਹੈ। ਹੁਣ ਸੋਚੀਏ ਕਿ ਜੇ ਸਾਡੀ ਸਵੇਰ ਹੀ ਕ੍ਰੋਧ ਤੇ ਕਾਹਲ ਨਾਲ ਸ਼ੁਰੂ ਹੋਵੇਗੀ ਤਾਂ ਸਾਰਾ ਦਿਨ ਕਿੰਜ ਬੀਤੂ। ਜੇ ਅਸੀਂ ਖੇਡ ਦੇ ਮੈਦਾਨ ਵਿਚ ਵੜਦੇ ਸਾਰ ਹੀ ਆਊਟ ਹੋ ਗਏ ਤਾਂ ਫਿਰ ਮੈਚ ਕਿਸ ਤਰ੍ਹਾਂ ਜਿੱਤਾਂਗੇ। ਅੰਮ੍ਰਿਤ ਵੇਲੇ ਨਾ ਉਠਣ ਦਾ ਮਤਲਬ ਹੈ, ਪਹਿਲੀ ਗੇਂਦ 'ਤੇ ਹੀ ਆਊਟ ਹੋ ਜਾਣਾ।

ਹਵਾ ਵਿਚ ਪ੍ਰਦੂਸ਼ਣ ਵੱਧ ਰਿਹਾ ਹੈ, ਸ਼ੁੱਧ ਹਵਾ ਘਟ ਰਹੀ ਹੈ। ਮਨ ਬੋਝਲ ਹੋ ਰਹੇ ਹਨ, ਲੋਕ ਮਾਨਸਿਕ ਤਣਾਅ ਕਾਰਨ ਖੁਦਕੁਸ਼ੀਆਂ ਦੇ ਰਾਹ ਪੈ ਰਹੇ ਹਨ। ਇਨ੍ਹਾਂ ਸਭ ਦੀ ਜੜ੍ਹ ਹੈ, ਸਰਘੀ ਵੇਲਾ ਖੁੰਝਾਉਣਾ ਅਤੇ ਹਰ ਵੇਲੇ ਪਦਾਰਥਵਾਦੀ ਚੀਜਾਂ ਵਿਚ ਭਾਵਨਾਵਾਂ ਨੂੰ ਪਾਸੇ ਰੱਖ ਕੇ ਕੰਮਾਂ ਵਿਚ ਰੁੱਝੇ ਰਹਿਣਾ। ਸਾਡਾ ਗੁਰਬਾਣੀ ਨਾਲੋਂ ਟੁੱਟਣ ਦਾ ਕਾਰਨ ਵੀ ਇਹੋ ਹੈ ਕਿ ਅਸੀਂ ਸਰਘੀ ਵੇਲੇ ਨਾਲੋਂ ਟੁੱਟ ਗਏ ਹਾਂ ਕਿਉਂਕਿ ਜਿੰਨਾ ਮਰਜ਼ੀ ਜੋਰ ਲਾ ਲਈਏ ਜੋ ਅਨੰਦ ਮੂੰਹ ਹਨੇਰੇ ਸੂਰਜ ਦੀ ਲਾਲੀ ਤੱਕ ਕੇ ਪਾਠ ਕਰਨ ਦਾ ਹੈ, ਉਹ ਦਿਨ ਵੇਲੇ ਨਹੀਂ। ਸਵੇਰ ਵੇਲੇ ਸਾਡਾ ਮਨ ਸ਼ਾਂਤ ਤੇ ਬਹੁਤ ਹੀ ਤਕੜਾ ਹੁੰਦਾ ਹੈ।

ਇੱਕ ਛੋਟੀ ਜਿਹੀ ਘਟਨਾ ਸਾਂਝੀ ਕਰਨੀ ਚਾਹੁੰਗੀ ਕਿ ਸਾਡੀ ਇੱਕ ਜਾਣ ਪਹਿਚਾਣ ਦੀ ਲੜਕੀ ਮਾਨਸਿਕ ਤੌਰ 'ਤੇ ਕਾਫੀ ਪ੍ਰੇਸ਼ਾਨ ਸੀ। ਜਦੋਂ ਉਹ ਇੱਕ ਦਿਨ ਮਿਲਣ ਆਈ ਤਾਂ ਮੇਰੇ ਮੰਮੀ ਨੇ ਕਿਹਾ, ਬੇਟਾ ਅੰਮ੍ਰਿਤ ਵੇਲੇ ਉਠ ਕੇ ਪਾਠ ਕਰਿਆ ਕਰ। ਅੱਗੋਂ ਜਵਾਬ ਸੀ, ਹਾਂ ਜੀ ਆਂਟੀ ਜਦੋਂ ਟਾਈਮ ਲੱਗਦਾ, ਮੈਂ ਮੋਬਾਇਲ 'ਚ ਪੀ.ਡੀ.ਐਫ. ਫਾਈਲ ਰੱਖੀ ਹੋਈ ਹੈ, ਮੈਂ ਉਸ ਤੋਂ ਪਾਠ ਕਰ ਲੈਂਦੀ ਹਾਂ। ਮੇਰੇ ਮੰਮੀ ਚੁੱਪ ਹੋ ਗਏ ਪਰ ਅਸੀਂ ਆਪ ਹੀ ਸੋਚੀਏ ਕਿ ਜਦੋਂ ਤੱਕ ਗੁਟਕਾ ਸਾਹਿਬ ਸਾਡੇ ਹੱਥ ਵਿਚ ਨਹੀਂ, ਅੰਮ੍ਰਿਤ ਵੇਲੇ ਦੀ ਸ਼ਾਂਤੀ ਸਾਡੇ ਚੌਗਿਰਦੇ ਵਿਚ ਨਹੀਂ, ਚੌਂਕੜਾ ਮਾਰ ਕੇ ਨਹੀਂ ਬੈਠੇ ਤਾਂ ਗੁਰਬਾਣੀ ਦਾ ਅਨੰਦ ਕਿਸ ਤਰ੍ਹਾਂ ਆਊ?

ਪਹਿਲਾਂ ਘਰਾਂ 'ਚ ਸਵੇਰੇ-ਸ਼ਾਮ ਭੈਅਤਾ ਹੁੰਦੀ ਸੀ। ਅੱਜ ਕੱਲ ਦੀ ਸਵੇਰ ਦੀ ਭੈਅਤਾ ਬਿਸਤਰਿਆਂ ਦੇ ਧੱਕੇ ਚੜ੍ਹ ਗਈ ਹੈ ਅਤੇ ਰਾਤ ਦੀ ਮੋਬਾਇਲ ਫੋਨਾਂ ਦੇ। ਘਰ ਹੋਟਲ ਬਣ ਗਏ ਹਨ। ਆਓ, ਰੋਟੀ-ਪਾਣੀ ਖਾਓ-ਪੀਓ, ਆਪਣੇ ਆਪਣੇ ਕਮਰਿਆਂ ਵਿਚ ਵੜੋ, ਇੰਟਰਨੈਟ ਸੇਵਾਵਾਂ ਚੌਵੀ ਘੰਟੇ ਹਾਜਰ। ਜੇ ਘਰ ਵਿਚ ਕੋਈ ਮੁੱਦੇ ਦੀ ਗੱਲ ਵੀ ਹੋ ਰਹੀ ਹੈ ਤਾਂ ਪੰਜਾਹ ਫੀਸਦੀ ਡਾਟਾ ਮੋਬਾਇਲ ਫੋਨ ਨੂੰ ਜਾਂਦਾ ਹੈ ਅਤੇ ਬਾਕੀ ਦਾ ਘਰ ਵਿਚ ਕੀਤੇ ਜਾ ਰਹੇ ਸਲਾਹ ਮਸ਼ਵਰੇ 'ਤੇ। ਇਸ ਪਿੱਛੇ ਕਾਰਨ ਇੱਕ ਇਹ ਵੀ ਹੈ ਕਿ ਅਸੀਂ ਮੋਬਾਇਲ ਫੋਨਾਂ 'ਤੇ ਆਪ ਵੀ ਐਸਾ ਉਲਝੇ ਹੋਏ ਹਾਂ ਕਿ ਘਰਾਂ ਵਿਚ ਚੰਗਾ ਦਸਤੂਰ ਬਣਾਉਣਾ ਭੁੱਲ ਗਏ ਕਿ ਅੰਮ੍ਰਿਤ ਵੇਲੇ ਘਰ ਦੇ ਸਾਰੇ ਮੈਂਬਰ ਜਲਦੀ ਉਠ ਦੇ ਚੰਗੇ ਦਿਨ ਦੀ ਸ਼ੁਰੂਆਤ ਕਰਨ।

ਅਕਸਰ ਇਹ ਮੁਹਾਵਰਾ ਤਾਂ ਸੁਣਦੇ ਹੀ ਹਾਂ ਕਿ 'ਜਾਗਦਿਆਂ ਦੀਆਂ ਕੱਟੀਆਂ, ਸੁੱਤਿਆਂ ਦੇ ਕੱਟੇ।' ਜੇ ਇਸ ਦੀ ਗਹਿਰਾਈ ਤੱਕ ਜਾਈਏ ਤਾਂ ਕਹਿਣਾ ਗਲਤ ਨਹੀਂ ਕਿ ਸੁਵੱਖਤੇ ਉਠਣਾ ਭਾਵ ਤਰੱਕੀ ਕਰਨਾ। ਚੌਗਿਰਦੇ 'ਚ ਝਾਤ ਮਾਰੀਏ ਤਾਂ ਇਹ ਬਿਲਕੁੱਲ ਠੀਕ ਹੈ ਕਿ ਤਰੱਕੀ ਫਿਰ ਉਹ ਭਾਵੇਂ ਕਿਸੇ ਰੂਪ ਵਿਚ ਹੋਵੇ ਸਿਰਫ ਸੁਵੱਖਤੇ ਉਠਣ ਵਾਲਿਆਂ ਦੇ ਪੈਰ ਚੁੰਮਦੀ ਹੈ ਅਤੇ ਸੁਵੱਖਤੇ ਉਠਣ, ਜਲਦੀ ਸੈਰ ਕਰਨ ਦੀ ਆਦਤ ਸਿਰਫ ਘਰ ਦੀ ਸੁਆਣੀ ਹੀ ਪਾ ਸਕਦੀ ਹੈ। ਇਸ ਨਾਲ ਦਿਨ ਦੀ ਚੰਗੀ ਸ਼ੁਰੂਆਤ ਹੋਵੇਗੀ ਤੇ ਘਰ ਦੇ ਸਾਰੇ ਕੰਮ ਸੁਚੱਜੇ ਢੰਗ ਨਾਲ ਹੋਣਗੇ। ਗੁਰਬਾਣੀ ਦੇ ਬੋਲ ਕੰਨਾਂ ਵਿਚ ਗੂੰਜਣਗੇ ਤਾਂ ਘਰ ਦੇ ਸਾਰੇ ਜੀਅ ਵੀ ਉਸੇ ਰਸਤੇ 'ਤੇ ਚੱਲਣਗੇ। ਫਿਰ ਜੋ ਦੂਰੀ ਸਾਡੇ ਅਤੇ ਅਨੰਦ ਵਿਚਾਲੇ ਹੈ, ਉਹ ਮਿਟ ਜਾਵੇਗੀ। ਹੌਲੀ ਹੌਲੀ ਸਾਰੇ ਔਗੁਣ ਖਤਮ ਹੋ ਜਾਣਗੇ। ਸਾਡੇ ਰੈਣ ਬਸੇਰੇ ਜੋ ਸਿਰਫ ਇੱਟਾਂ-ਪੱਥਰ ਦੇ ਮਕਾਨ ਬਣ ਗਏ ਹਨ, ਉਹ ਮੁੜ ਤੋਂ ਘਰ ਬਣ ਸਕਦੇ ਹਨ ਜਿੱਥੇ ਖੁਸ਼ੀਆਂ ਖੇੜੇ ਅਤੇ ਅਨੰਦ ਦਾ ਵਾਸਾ ਹੋ ਸਕਦਾ ਹੈ।



# ਪਰਵਾਸੀ ਪੰਜਾਬੀਆਂ ਵੱਲੋਂ ਦੀਵਾਨ ਤੇ ਔਲਖ ਦਾ ਸਨਮਾਨ

**ਸ਼ਿਕਾਗੋ (ਬਿਊਰੋ):** ਅਮਰੀਕਾ 'ਚ ਪਰਵਾਸੀ ਪੰਜਾਬੀਆਂ ਤੋਂ ਕਾਂਗਰਸ ਪਾਰਟੀ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ, ਜਿਸ ਦਾ ਇਕ ਹੋਰ ਸਬੂਤ ਉਸ ਵੇਲੇ ਵੇਖਣ ਨੂੰ ਮਿਲਿਆ, ਜਦੋਂ ਸ਼ਿਕਾਗੋ ਪਹੁੰਚੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਪਵਨ ਦੀਵਾਨ ਤੇ ਇੰਡੀਅਨ ਓਵਰਸੀਜ਼ ਕਾਂਗਰਸ ਕਮੇਟੀ, ਕੈਨੇਡਾ ਦੇ ਪ੍ਰਧਾਨ ਅਮਰਪ੍ਰੀਤ ਸਿੰਘ ਔਲਖ ਦਾ ਐਨ.ਆਰ.ਆਈ. ਪਰਮਿੰਦਰ ਵਾਲੀਆ ਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਸਨਮਾਨ ਕੀਤਾ ਗਿਆ। ਪਰਵਾਸੀਆਂ ਨੇ ਦੋਵਾਂ ਆਗੂਆਂ ਵੱਲੋਂ ਐਨ.ਆਰ.ਆਈ. ਸਮਾਜ ਨੂੰ ਆਪਣੀ ਮਿੱਟੀ ਨਾਲ ਮੁੜ ਜੋੜਨ ਵਾਸਤੇ ਕੀਤੇ ਜਾ ਰਹੇ ਕੰਮਾਂ ਦੀ ਸ਼ਲਾਘਾ ਕੀਤੀ।

ਇਸ ਮੌਕੇ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਪਵਨ ਦੀਵਾਨ ਤੇ ਅਮਰਪ੍ਰੀਤ ਸਿੰਘ ਔਲਖ ਨੇ ਕਿਹਾ ਕਿ ਐਨ.ਆਰ.ਆਈ. ਸਮਾਜ ਨੂੰ ਪੰਜਾਬ ਤੋਂ ਕਦੇ ਵੀ ਵੱਖ ਨਹੀਂ ਕੀਤਾ ਜਾ ਸਕਦਾ। ਇਨ੍ਹਾਂ ਦਾ ਸੂਬੇ ਨਾਲ ਨਹੁੰ-ਮਾਸ ਵਾਲਾ ਰਿਸ਼ਤਾ ਹੈ। ਉਨ੍ਹਾਂ ਖੁਲਾਸਾ ਕੀਤਾ ਕਿ ਕਾਂਗਰਸ ਦੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਐਨ.ਆਰ.ਆਈ. ਵਰਗ ਦੇ ਹਿੱਤਾਂ ਲਈ ਬਹੁਤ ਸਾਰੇ ਕੰਮ ਕਰ ਰਹੀ ਹੈ। ਮੁੱਖ ਮੰਤਰੀ ਨੇ ਇਸ ਦਿਸ਼ਾ 'ਚ ਬਹੁਤ ਸਾਰੀਆਂ ਮੀਟਿੰਗਾਂ ਕੀਤੀਆਂ ਹਨ ਅਤੇ ਕਈ ਅਹਿਮ ਸਮਝੌਤੇ ਸਹੀਬੰਦ ਕੀਤੇ ਹਨ।

ਦੋਹਾਂ ਆਗੂਆਂ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਵਿਦੇਸ਼ਾਂ 'ਚ ਵੱਸਦੀਆਂ ਸਾਡੀਆਂ ਅਗਲੀਆਂ ਪੀੜ੍ਹੀਆਂ ਨੂੰ ਮੁੜ ਆਪਣੇ ਪੰਜਾਬ ਨਾਲ ਜੋੜਨ ਵਾਸਤੇ ਗੰਭੀਰ ਹਨ। ਇਸੇ ਦੌਰਾਨ ਪਵਨ ਦੀਵਾਨ ਤੇ ਅਮਰਪ੍ਰੀਤ ਸਿੰਘ ਔਲਖ ਨੇ ਪਰਮਿੰਦਰ ਵਾਲੀਆ ਤੇ ਉਨ੍ਹਾਂ ਦੇ ਸਾਥੀਆਂ ਨੂੰ ਪੰਜਾਬ ਆਉਣ ਦਾ ਸੱਦਾ ਦਿੱਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜੈ ਦੇਵ ਭੱਠਲ, ਬਲਵਿੰਦਰ ਚੱਠਾ, ਹੈਪੀ ਹੇਅਰ, ਗੁਰਦੀਪ ਝੱਜ, ਜੋਧ ਸਿੱਧੂ, ਲਾਲੀ ਭੱਠਲ, ਡਾ. ਹਰਜਿੰਦਰ ਖਹਿਰਾ, ਏ.ਜੇ. ਸੰਧੂ ਤੇ ਰਾਜਿੰਦਰ ਦਿਆਲ ਵੀ ਹਾਜ਼ਰ ਸਨ।

## ਵੰਡ ਪਾਊ ਤਾਕਤਾਂ ਭਾਰਤ ਦੀ ਆਲਮੀ ਦਿਖ ਲਈ ਖਤਰਾ: ਰਾਹੁਲ

**ਨਿਊ ਯਾਰਕ:** ਕਾਂਗਰਸ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਨੇ ਕਿਹਾ ਕਿ ਅਮਨ ਪਸੰਦ ਤੇ ਸਦਭਾਵਨਾ ਵਾਲੇ ਮੁਲਕ ਵਜੋਂ ਬਣੀ ਭਾਰਤ ਦੀ ਆਲਮੀ ਦਿੱਖ ਨੂੰ ਦੇਸ਼ ਨੂੰ ਵੰਡ ਰਹੀਆਂ ਤਾਕਤਾਂ ਮਿੱਟੀ ਵਿਚ ਮਿਲਾ ਰਹੀਆਂ ਹਨ।

ਅਮਰੀਕਾ ਦੇ ਦੋ ਹਫਤਿਆਂ ਦੇ ਦੌਰੇ ਦੇ ਆਖਰੀ ਦਿਨ ਰਾਹੁਲ ਗਾਂਧੀ (47) ਨੇ ਟਾਇਮਜ਼ ਸਕੁਏਰ ਨੇੜੇ ਇਕ ਹੋਟਲ ਵਿਚ ਆਪਣੇ ਦੋ ਹਜ਼ਾਰ ਹਮਾਇਤੀਆਂ ਨੂੰ ਸੰਬੋਧਨ ਕੀਤਾ। ਇਸ ਫੇਰੀ ਦੌਰਾਨ ਰਾਹੁਲ ਗਾਂਧੀ ਨੇ ਵਿਦਿਆਰਥੀਆਂ, ਸਿਆਸਤਦਾਨਾਂ ਅਤੇ ਅਕਾਦਮਿਸ਼ਨਾਂ ਨਾਲ ਭਾਰਤ ਲਈ ਆਪਣੀ ਦੂਰ ਦ੍ਰਿਸ਼ਟੀ ਮੁਤੱਲਕ ਗੱਲ ਕੀਤੀ।

ਕਾਂਗਰਸੀ ਆਗੂ ਨੇ ਕਿਹਾ ਕਿ ਭਾਰਤ ਨੇ ਵਿਸ਼ਵ ਨੂੰ ਹਮੇਸ਼ਾ ਸਦਭਾਵਨਾ ਨਾਲ ਰਹਿਣ ਦਾ ਰਾਹ ਦਿਖਾਇਆ। ਹਜ਼ਾਰਾਂ ਸਾਲਾਂ ਤੋਂ ਭਾਰਤ ਦੀ ਸ਼ਾਂਤੀ ਤੇ ਸਦਭਾਵਨਾ ਵਾਲੀ ਦਿੱਖ ਰਹੀ ਹੈ। ਹੁਣ ਦੇਸ਼ ਨੂੰ ਵੰਡ ਰਹੀਆਂ ਤਾਕਤਾਂ ਇਸ ਦਿੱਖ ਲਈ ਚੁਣੌਤੀ ਬਣ ਰਹੀਆਂ ਹਨ।


SUPER TRAVEL
847-676-9090, 773-465-5566
E-mail: supertravel2003@live.com
Lowest Fares With Excellent Service
United Airlines
British Airways

Etihad, Air India, KLM, Lufthansa, Delta, Qatar Airlines.
For Emergency Call anytime at 847-673-3825
EARLY BIRD SALE!!!!
Domestic fares available

To Advertise with Punjab Times Call: 847-359-0746
Visit us on the web: wwwpunjabtimesusa.com

KULJEET (KJ) SINGH
Managing Broker Realtor
GAYA Realty
Interested in:
Buying Selling
Investing Renting
ਜਾਇਦਾਦ ਖਰੀਦਣੀ ਹੋਵੇ, ਵੇਚਣੀ ਜਾਂ ਕਿਰਾਏ 'ਤੇ ਦੇਣੀ, ਜਾਇਦਾਦ 'ਤੇ ਪੈਸਾ ਲਾਉਣਾ ਹੋਵੇ, ਯਾਦ ਰੱਖੋ

Kuljeet Singh
Over 20 Years of Experience
Contact Information:
Cell: 224-305-3250
MLS REALTOR
Serving All Chicagoland & Surrounding Suburbs

ਵੇਟਰ ਅਤੇ ਹੈਲਪਰ ਦੀ ਲੋੜ ਹੈ
ਮੈਡੀਸਨ, ਵਿਸਕਾਨਸਿਨ 'ਚ ਭਾਰਤੀ ਰੈਸਟੋਰੈਂਟ ਲਈ ਵੇਟਰ ਅਤੇ ਹੈਲਪਰ ਦੀ ਲੋੜ ਹੈ।
ਰਿਹਾਇਸ਼ ਫਰੀ, ਚੰਗੀ ਤਨਖਾਹ
ਸੰਪਰਕ ਕਰੋ: ਸੰਨੀ, ਫੋਨ: 608-630-0287
39-42

India Palace
Restaurant - Fine Indian Cuisine
4213 Lafayette Rd., Indianapolis, IN 46254
Ph: 317-298-0773
UNDER NEW MANAGEMENT
Open Daily Lunch Buffett 11 am to 3 pm
Dinner
Monday-Friday 4:30 pm to 10 pm
Saturday Dinner 2:30 pm to 10 pm
Sunday Dinner 2:30 pm to 9:30 pm
Banquet Hall Available Up to 650 People
We do private party's & catering at your home or business.
Call, Lakhvir S. Johal
Ph: 317-709-7800
www.indianpalaceindy.com

ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ
ਪੰਜਾਬੀ ਢਾਬਾ
Now Open
Indiana
1480 N State Road 1, Cambridge City, IN 47327.
Interstate 70
Exit 137
Diesel/Gas
ਟਰੱਕਾਂ ਵਾਲੇ ਭਰਾਵਾਂ ਲਈ ਖੁੱਲ੍ਹ ਗਿਆ

ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...
ਕੀਮਤਾਂ ਬਹੁਤ ਹੀ ਵਾਜਬ !

ਸਹੂਲਤਾਂ
ਪੰਜਾਬੀ ਢਾਬਾ
ਸਸਤਾ ਡੀਜ਼ਲ
Liquor, Beer & Wine
truck repair, new showers, scale.
Free Buffet over 100 gallons
open 6am to midnight
Phone: 765-478-6300

# ਕਿਸਾਨਾਂ ਦੀ ਹੁਣ ਕੈਪਟਨ ਸਰਕਾਰ ਖਿਲਾਫ ਪੱਕੀ ਮੋਰਚੇਬੰਦੀ

**ਪਟਿਆਲਾ:** ਸੱਤ ਕਿਸਾਨ ਜਥੇਬੰਦੀਆਂ ਵੱਲੋਂ ਸੰਘਰਸ਼ ਦੇ ਐਲਾਨ ਪਿੱਛੋਂ ਹਜ਼ਾਰਾਂ ਕਿਸਾਨ ਕੈਪਟਨ ਅਮਰਿੰਦਰ ਸਰਕਾਰ ਖਿਲਾਫ ਸੜਕਾਂ 'ਤੇ ਡਟ ਗਏ ਹਨ। ਥਾਂ-ਥਾਂ ਸਰਕਾਰ ਦੀ ਅਰਥੀ ਫੂਕੀ ਗਈ। ਕਿਸਾਨਾਂ ਨੇ ਕਰਜ਼ਾ ਮੁਕਤੀ ਲਈ ਸਰਕਾਰ ਖਿਲਾਫ਼ ਲੜਾਈ ਜਾਰੀ ਰੱਖਣ, ਬੈਂਕਾਂ ਤੇ ਸ਼ਾਹੂਕਾਰਾਂ ਵੱਲੋਂ ਕੀਤੀ ਜਾਂਦੀ ਜਬਰੀ ਉਗਰਾਹੀ ਦਾ ਵਿਰੋਧ ਕਰਨ ਤੋਂ ਇਲਾਵਾ ਕਿਸਾਨਾਂ ਦੀਆਂ ਜ਼ਮੀਨਾਂ ਦੀਆਂ ਕੁਰਕੀਆਂ ਨਾ ਹੋਣ ਦੇਣ ਦਾ ਫੈਸਲਾ ਵੀ ਕੀਤਾ ਹੈ।

ਉਨ੍ਹਾਂ ਐਲਾਨ ਕੀਤਾ ਕਿ ਮੁੱਖ ਮੰਤਰੀ ਕਰਜ਼ਾ ਮੁਕਤੀ ਦੇ ਵਾਅਦੇ ਤੋਂ ਭੱਜਣਾ ਚਾਹੁੰਦਾ ਹੈ ਪਰ ਕਿਸਾਨ ਜਥੇਬੰਦੀਆਂ ਕਰਜ਼ਾ ਖਤਮ ਕਰਵਾਉਣ ਲਈ ਸਰਕਾਰ ਨੂੰ ਘੇਰਦੀਆਂ ਰਹਿਣਗੀਆਂ। ਕਿਸਾਨ ਆਗੂਆਂ ਨੇ ਮੰਗ ਕੀਤੀ ਕਿ ਆਬਾਦਕਾਰਾਂ ਨੂੰ ਮਾਲਕੀ ਹੱਕ ਦਿੱਤੇ ਜਾਣ, ਲਾਵਾਰਿਸ ਪਸ਼ੂਆਂ ਤੇ ਕੁੱਤਿਆਂ ਦਾ ਪੱਕਾ ਹੱਲ ਕੱਢਿਆ ਜਾਵੇ। ਕਣਕ ਦੇ ਨਾੜ ਤੇ ਝੋਨੇ ਦੀ ਪਰਾਲੀ ਤੋਂ ਛੁਟਕਾਰਾ ਪਾਉਣ ਲਈ ਮੱਕੀ, ਬਾਸਮਤੀ, ਆਲੂ, ਮਟਰ, ਸੂਰਜਮੁਖੀ ਸਮੇਤ ਸਭ ਫਸਲਾਂ ਦਾ ਭਾਅ ਲਾਗਤ ਤੋਂ ਡੇਢ ਗੁਣਾ ਵੱਧ ਤੈਅ ਕਰ ਕੇ ਸਰਕਾਰੀ ਖਰੀਦ ਦੀ ਗਾਰੰਟੀ ਦਿੱਤੀ ਜਾਵੇ। ਆਰਜ਼ੀ ਹੱਲ ਵਜੋਂ ਝੋਨੇ ਦੀ ਪਰਾਲੀ 'ਤੇ ਦੋ ਸੌ ਰੁਪਏ ਪ੍ਰਤੀ ਕੁਇੰਟਲ ਬੋਨਸ ਦਿੱਤਾ ਜਾਵੇ, ਨਹੀਂ ਤਾਂ ਪਰਾਲੀ ਸਾੜਨ ਬਿਨਾਂ ਹੋਰ ਕੋਈ ਚਾਰਾ ਨਹੀਂ।

### ਮੰਗਾਂ ਲਾਗੂ ਕਰਵਾਉਣ ਤੱਕ ਸੰਘਰਸ਼ ਜਾਰੀ ਰੱਖਣ ਦਾ ਅਹਿਦ



ਬੁਲਾਰਿਆਂ ਦਾ ਕਹਿਣਾ ਸੀ ਕਿ ਕਿਸਾਨ ਤੇ ਮਜ਼ਦੂਰ ਖੁਦਕੁਸ਼ੀਆਂ ਕਰ ਰਹੇ ਹਨ, ਜ਼ਮੀਨਾਂ ਖੁਸ ਰਹੀਆਂ ਹਨ, ਘਰ ਉਜੜ ਰਹੇ ਹਨ ਅਤੇ ਬੈਂਕਾਂ ਤੇ ਆੜ੍ਹਤੀਆਂ ਦੇ ਕਰਜ਼ੇ ਦਾ ਭਾਰ ਵਧ ਰਿਹਾ ਹੈ। ਆਗੂਆਂ ਨੇ ਕਰਜ਼ੇ ਦੇ ਮੁੱਦੇ 'ਤੇ ਰਾਜਸੀ ਪਾਰਟੀਆਂ ਉਤੇ ਸਿਆਸੀ ਰੋਟੀਆਂ ਸੇਕਣ ਦੇ ਦੋਸ਼ ਲਾਏ ਤੇ ਕਿਹਾ ਕਿ ਕੋਈ ਵੀ ਧਿਰ ਸੁਹਿਰਦਤਾ ਨਾਲ ਕਿਸਾਨਾਂ ਦੀ ਬਾਂਹ ਫੜਨ ਲਈ ਤਿਆਰ ਨਹੀਂ। 'ਨੈਸ਼ਨਲ ਗਰੀਨ ਟ੍ਰਿਬਿਊਨਲ' ਦੇ ਫੈਸਲੇ ਨੂੰ ਕਿਸਾਨਾਂ ਉਤੇ ਜਬਰੀ ਲਾਗੂ ਕਰਨ ਦੀ ਗੱਲ ਕਰਦਿਆਂ ਬੁਲਾਰਿਆਂ ਨੇ ਕਿਹਾ ਕਿ ਪ੍ਰਦੂਸ਼ਣ ਫੈਲਾਉਣ ਵਾਲੇ ਅਸਲੀ ਸਰੋਤ ਥਰਮਲ ਪਲਾਂਟ, ਫੈਕਟਰੀਆਂ ਅਤੇ ਭੱਠੇ ਹਨ।

ਜੇ ਕਿਸਾਨਾਂ ਨੂੰ 200 ਰੁਪਏ ਕੁਇੰਟਲ ਬੋਨਸ ਦੇ ਦਿੱਤਾ ਜਾਵੇ ਤਾਂ ਉਹ ਪਰਾਲੀ ਨੂੰ ਖੁਦ ਸਾਂਭਣ ਦੇ ਯੋਗ ਹੋ ਸਕਦੇ ਹਨ। ਉਨ੍ਹਾਂ ਸੂਦਖ਼ੋਰਾਂ ਤੇ ਆੜ੍ਹਤੀਆਂ ਕੋਲ ਪਏ ਕਿਸਾਨਾਂ ਦੇ ਖਾਲੀ ਪਰਨੋਟ, ਚੈੱਕ, ਇਕਰਾਰਨਾਮੇ ਅਤੇ ਵਹੀਆਂ ਦੀ ਮਾਨਤਾ ਰੱਦ, ਬੈਂਕਾਂ ਵੱਲੋਂ ਲਏ ਖਾਲੀ ਚੈੱਕ ਵਾਪਸ ਤੇ ਆਬਾਦ ਕੀਤੀਆਂ ਜ਼ਮੀਨ ਦੀ ਮਾਲਕੀ ਦੇਣ ਦੀ ਮੰਗ ਵੀ ਕੀਤੀ। ਜਿਣਸਾਂ ਦੇ ਵਾਜਬ ਭਾਅ ਦੇਣ, ਛੋਟੇ ਕਿਸਾਨਾਂ ਤੇ ਮਜ਼ਦੂਰਾਂ ਦੇ ਹਰੇਕ ਘਰ ਵਿਚੋਂ ਇਕ ਮੈਂਬਰ ਨੂੰ ਸਰਕਾਰੀ ਨੌਕਰੀ ਦੇਣ ਦੀ ਮੰਗ ਵੀ ਕੀਤੀ ਗਈ।

## ਕਿਸਾਨਾਂ ਨੂੰ ਗੁੰਮਰਾਹ ਨਾ ਕਰਨ ਜਥੇਬੰਦੀਆਂ: ਕੈਪਟਨ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੂੰ ਆਖਿਆ ਕਿ ਕਰਜ਼ਾ ਮੁਆਫੀ ਦੇ ਮੁੱਦੇ 'ਤੇ ਗਲਤ ਬਿਆਨਬਾਜ਼ੀ ਕਰ ਕੇ ਕਿਸਾਨਾਂ ਨੂੰ ਗੁੰਮਰਾਹ ਕਰਨਾ ਬੰਦ ਕੀਤਾ ਜਾਵੇ ਕਿਉਂਕਿ ਉਨ੍ਹਾਂ ਦੀ ਸਰਕਾਰ ਨੇ ਕਰਜ਼ਾ ਮੁਆਫੀ ਦੀ ਪ੍ਰਕਿਰਿਆ ਵਿੱਢੀ ਹੋਈ ਹੈ। ਜਥੇਬੰਦੀਆਂ ਦੇ ਦੋਸ਼ਾਂ ਦਾ ਜਵਾਬ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਕਰਜ਼ਾ ਮੁਆਫੀ ਦੇ ਐਲਾਨ ਉਪਰੰਤ ਮੰਤਰੀ ਮੰਡਲ ਦੀ ਮਨਜ਼ੂਰੀ ਮਿਲ ਗਈ ਹੈ ਤੇ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਜਾਵੇਗਾ। ਇਸ ਨਾਲ ਕਰਜ਼ਾ ਲੈਣ ਵਾਲੇ 13 ਲੱਖ ਕਿਸਾਨ ਪਰਿਵਾਰਾਂ ਵਿਚੋਂ 10.25 ਲੱਖ ਕਿਸਾਨਾਂ ਪਰਿਵਾਰਾਂ ਨੂੰ ਫਾਇਦਾ ਹੋਵੇਗਾ।

## ਜਮਹੂਰੀ ਜਥੇਬੰਦੀਆਂ ਕਿਸਾਨਾਂ ਦਮਨ ਵਿਰੁਧ ਡਟੀਆਂ

**ਚੰਡੀਗੜ੍ਹ:** ਪੰਜਾਬ ਦੀਆਂ ਇਨਕਲਾਬੀ ਜਮਹੂਰੀ ਜਥੇਬੰਦੀਆਂ ਸੀ.ਪੀ.ਆਈ. ਐਮ.ਐਲ. ਨਿਊ ਡੈਮੋਰੇਕਸੀ, ਇਨਕਲਾਬੀ ਲੋਕ ਮੋਰਚਾ ਪੰਜਾਬ, ਲੋਕ ਸੰਗਰਾਮ ਮੰਚ ਪੰਜਾਬ ਤੇ ਇਨਕਲਾਬੀ ਕੇਂਦਰ ਪੰਜਾਬ ਨੇ ਸਰਕਾਰ ਵੱਲੋਂ ਸੂਬੇ ਦੇ ਕਿਸਾਨਾਂ ਦੇ ਹੱਕਾਂ ਪ੍ਰਤੀ ਅਖਤਿਆਰ ਕੀਤੇ ਦਮਨਕਾਰੀ ਰਵੱਈਏ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਸਰਕਾਰ ਵੱਲੋਂ ਕਿਸਾਨਾਂ ਦੇ ਸੰਘਰਸ਼ ਨੂੰ ਰੋਕਣ ਲਈ ਕੀਤੀ ਕਾਰਵਾਈ ਨੂੰ ਨਾਗਰਿਕਾਂ ਦੇ ਸੰਵਿਧਾਨਕ ਤੇ ਜਮਹੂਰੀ ਹੱਕਾਂ ਦਾ ਘਾਣ ਕਰਾਰ ਦਿੰਦਿਆਂ ਪੰਜਾਬ ਦੇ ਲੋਕਾਂ ਨੂੰ ਇਸ ਤਾਨਾਸ਼ਾਹ ਹਮਲੇ ਦਾ ਮੁਕਾਬਲਾ ਇਕਜੁੱਟ ਹੋ ਕੇ ਕਰਨ ਦਾ ਸੱਦਾ ਦਿੱਤਾ ਹੈ। ਜਥੇਬੰਦੀਆਂ ਦੇ ਆਗੂਆਂ ਨੇ ਕਿਹਾ ਕਿ ਕੈਪਟਨ ਦੀ ਸਰਕਾਰ ਚੋਣਾਂ ਵਿਚ ਕੀਤੇ ਵਾਅਦਿਆਂ ਦੀ ਜਵਾਬਦੇਹੀ ਦੀ ਮੰਗ ਕਰ ਰਹੀਆਂ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੂੰ ਮੁਜਰਮਾਂ ਵਾਂਗ ਗ੍ਰਿਫਤਾਰ ਕਰ ਰਹੀ ਹੈ ਤੇ ਝੂਠੇ ਕੇਸ ਦਰਜ ਕਰ ਕੇ ਸੰਘਰਸ਼ਾਂ ਨੂੰ ਕੁਚਲ ਦੇਣ ਦਾ ਭਰਮ ਪਾਲ ਰਹੀ ਹੈ।

# ਮੋਦੀ ਸਰਕਾਰ ਨੇ ਸੂਬਿਆਂ ਸਿਰ ਮੜ੍ਹੇ ਚੋਣ ਵਾਅਦੇ

**ਚੰਡੀਗੜ੍ਹ:** ਨਰੇਂਦਰ ਮੋਦੀ ਸਰਕਾਰ ਨੇ ਸਾਢੇ ਤਿੰਨ ਸਾਲ ਪਹਿਲਾਂ ਕਿਸਾਨਾਂ ਨਾਲ ਕੀਤੇ ਵਾਅਦੇ ਪੁਗਾਉਣ ਦੀ ਥਾਂ ਇਨ੍ਹਾਂ ਨੂੰ ਸੂਬਾ ਸਰਕਾਰ ਸਿਰ ਮੜ੍ਹਨਾ ਸ਼ੁਰੂ ਕਰ ਦਿੱਤਾ ਹੈ। ਭਾਜਪਾ ਨੇ ਵਾਅਦਾ ਕੀਤਾ ਸੀ ਕਿ ਸਾਲ 2022 ਤੱਕ ਕਿਸਾਨਾਂ ਦੀ ਆਮਦਨ ਦੁੱਗਣੀ ਕਰ ਦਿੱਤੀ ਜਾਵੇਗੀ, ਪਰ ਹੁਣ ਇਹ ਜ਼ਿੰਮੇਵਾਰੀ ਰਾਜਾਂ ਉਤੇ ਸੁੱਟ ਦਿੱਤੀ ਹੈ। ਦੱਸ ਦਈਏ ਕਿ ਕਿਸਾਨਾਂ ਨੂੰ ਉਨ੍ਹਾਂ ਦੀ ਫਸਲੀ ਲਾਗਤ ਤੋਂ 50 ਫੀਸਦੀ ਵੱਧ ਭਾਅ ਦੇਣ ਦੀ ਸਵਾਮੀਨਾਥਨ ਕਮਿਸ਼ਨ ਦੀ ਸਿਫਾਰਸ਼ ਲਾਗੂ ਕਰਨ ਦੇ ਚੋਣ ਵਾਅਦੇ ਤੋਂ ਭਾਜਪਾ ਪਹਿਲਾਂ ਹੀ ਭੱਜ ਚੁੱਕੀ ਹੈ।

ਕੇਂਦਰ ਸਰਕਾਰ ਦੀ ਫਸਲ ਬੀਮਾ ਯੋਜਨਾ ਵੀ ਕਾਰਗਰ ਸਾਬਤ ਨਹੀਂ ਹੋ ਰਹੀ। ਇਹ ਤੱਥ ਸਾਹਮਣੇ ਆਇਆ ਹੈ ਕਿ ਬੀਮਾ ਕੰਪਨੀਆਂ ਸਰਕਾਰ ਕੋਲੋਂ ਕਿਤੇ ਵੱਧ ਪੈਸੇ ਲੈ ਰਹੀਆਂ ਹਨ ਅਤੇ ਅੱਗੋਂ ਕਿਸਾਨਾਂ ਨੂੰ ਬੀਮਾ ਰਾਸ਼ੀ ਦੇ ਰੂਪ ਵਿਚ ਬਹੁਤ ਘੱਟ ਰਕਮਾਂ ਅਦਾ ਕਰ ਰਹੀਆਂ ਹਨ। ਪਿਛਲੇ ਸਾਢੇ ਤਿੰਨ ਸਾਲਾਂ ਦੌਰਾਨ ਕਿਸਾਨਾਂ ਦੇ ਜੀਵਨ ਮਿਆਰ ਵਿਚ ਸੁਧਾਰ ਤਾਂ ਕੀ ਆਉਣਾ



ਸੀ, ਉਨ੍ਹਾਂ ਦੀਆਂ ਮੁਸ਼ਕਲਾਂ ਵਿਚ ਵਾਧਾ ਹੀ ਹੋਇਆ ਹੈ। ਕਿਸਾਨ ਖੁਦਕੁਸ਼ੀਆਂ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਪੰਜਾਬ, ਉਤਰ ਪ੍ਰਦੇਸ਼, ਮਹਾਰਾਸ਼ਟਰ ਜਾਂ ਰਾਜਸਥਾਨ ਵਿਚ ਕਿਸਾਨੀ ਸੰਕਟ ਦੇ ਹੱਲ ਵਜੋਂ ਜੋ ਕਰਜ਼ ਮੁਆਫੀ ਕੀਤੀ ਗਈ ਹੈ, ਉਹ ਸੰਕਟ ਦੇ ਨਿਵਾਰਣ ਦੀ ਥਾਂ ਵੋਟਾਂ ਹਾਸਲ ਕਰਨ ਦੀ ਦੌੜ ਤਕ ਵੱਧ ਮਹਿਦੂਦ ਹੈ। ਨੋਟਬੰਦੀ ਕਾਰਨ ਕਿਸਾਨਾਂ ਦਾ ਜੋ ਨੁਕਸਾਨ ਹੋਇਆ, ਉਸ ਦੀ ਅਜੇ ਤੱਕ ਭਰਪਾਈ ਨਹੀਂ ਕੀਤੀ ਗਈ ਸਗੋਂ ਉਸ ਦਿਸ਼ਾ ਵਿਚ ਕੁਝ ਕਰਨ ਬਾਰੇ ਸੋਚਿਆ ਵੀ ਨਹੀਂ ਜਾ ਰਿਹਾ।

# ਕਿਸਾਨ ਕਰਜ਼ੇ ਬਾਰੇ ਨੋਟੀਫਿਕੇਸ਼ਨ ਪ੍ਰਵਾਨ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਕਿਸਾਨਾਂ ਵੱਲੋਂ ਬੇਸਬਰੀ ਨਾਲ ਉਡੀਕੀ ਜਾ ਰਹੀ ਕਰਜ਼ਾ ਮੁਆਫੀ ਸਕੀਮ ਬੀਤੀ 31 ਮਾਰਚ ਤੋਂ ਲਾਗੂ ਕਰਨ ਲਈ ਨੋਟੀਫਿਕੇਸ਼ਨ ਜਾਰੀ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ। ਸਕੀਮ ਤਹਿਤ ਪਹਿਲੀ ਅਪਰੈਲ ਤੋਂ ਨੋਟੀਫਿਕੇਸ਼ਨ ਜਾਰੀ ਹੋਣ ਦੀ ਤਰੀਕ ਤੱਕ ਦਾ ਕਰੀਬ 400 ਕਰੋੜ ਰੁਪਏ ਵਿਆਜ ਵੀ ਸਰਕਾਰ ਭਰੇਗੀ। ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਦੱਸਿਆ ਕਿ ਕਰਜ਼ਾ ਮੁਆਫੀ ਦਾ ਪੈਸਾ ਚਾਰ-ਪੰਜ ਕਿਸ਼ਤਾਂ ਵਿਚ ਅਦਾ ਕੀਤਾ ਜਾਵੇਗਾ ਤੇ ਰਾਜ ਸਰਕਾਰ ਨੇ ਇਸ ਲਈ ਪੈਸੇ ਦਾ ਪ੍ਰਬੰਧ ਕਰ ਲਿਆ ਹੈ। ਕਰਜ਼ਾ ਮੁਆਫੀ ਦਾ ਐਲਾਨ ਬਜਟ ਦੌਰਾਨ ਕੀਤਾ ਹੋਣ ਕਾਰਨ ਚੋਣ ਜ਼ਾਬਤਾ ਅੜਿੱਕਾ ਨਹੀਂ ਬਣੇਗਾ ਪਰ ਫਿਰ ਵੀ ਚੋਣ ਕਮਿਸ਼ਨ ਕੋਲੋਂ ਪ੍ਰਵਾਨਗੀ ਲਈ ਜਾਵੇਗੀ। ਰਾਜ ਸਰਕਾਰ ਸਹਿਕਾਰੀ ਬੈਂਕਾਂ ਦੇ ਕਰਜ਼ ਦੇ 3600 ਕਰੋੜ ਰੁਪਏ ਅਤੇ ਨਿੱਜੀ ਤੇ ਕੌਮੀਕ੍ਰਿਤ ਬੈਂਕਾਂ ਦੇ 6000 ਕਰੋੜ ਰੁਪਏ ਮੁਆਫ ਕਰੇਗੀ। ਅਗਲੇ ਕੁਝ ਦਿਨਾਂ ਵਿਚ ਬੈਂਕਾਂ ਵੱਲੋਂ ਪਿੰਡਾਂ ਵਿਚ ਕਰਜ਼ਾ ਮੁਆਫ਼ੀ ਵਾਲੇ ਕਿਸਾਨਾਂ ਨੂੰ ਜਾਣਕਾਰੀ ਦੇ ਦਿੱਤੀ ਜਾਵੇਗੀ। ਜਿਸ ਕਿਸਾਨ ਦਾ ਨਾਂ ਨਹੀਂ ਆਵੇਗਾ, ਉਹ ਬੈਂਕਾਂ ਤੱਕ ਪਹੁੰਚ ਕਰ ਸਕੇਗਾ।

## 10ਵੀਂ ਵਾਰ ਕਰਜ਼ਾ ਮੁਆਫ ਕਰਨ ਦਾ ਐਲਾਨ!

**ਚੰਡੀਗੜ੍ਹ:** ਖਾਲੀ ਖਜ਼ਾਨਿਆਂ ਵਾਲੀ ਸਰਕਾਰ ਨੇ ਹੁਣ ਗੁਰਦਾਸਪੁਰ ਜ਼ਿਮਨੀ ਚੋਣ ਦੇ ਮੱਦੇਨਜ਼ਰ 10ਵੀਂ ਵਾਰ ਕਿਸਾਨਾਂ ਦਾ ਕਰਜ਼ਾ ਮੁਆਫ ਕਰਨ ਦਾ ਐਲਾਨ ਕੀਤਾ ਹੈ। ਇਹ ਟਿੱਪਣੀ ਸ਼੍ਰੋਮਣੀ ਅਕਾਲੀ ਦਲ ਬਾਦਲ ਨੇ ਪੰਜਾਬ ਮੰਤਰੀ ਮੰਡਲ ਦੇ ਫੈਸਲੇ ਉਤੇ ਕੀਤੀ ਹੈ। ਸਾਬਕਾ ਮੰਤਰੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ ਇਹ ਹੈਰਾਨੀ ਵਾਲੀ ਗੱਲ ਹੈ ਕਿ ਆਪਣੇ ਕੀਤੇ ਵਾਅਦਿਆਂ ਨੂੰ ਪੂਰਾ ਕਰਨ ਦੀ ਥਾਂ ਸਰਕਾਰ ਚੋਣ ਪ੍ਰਚਾਰ ਮੁਹਿੰਮ ਵਾਂਗ ਐਲਾਨ ਉਤੇ ਐਲਾਨ ਕਰਨ ਵਿਚ ਲੱਗੀ ਹੋਈ ਹੈ। ਸੂਬੇ ਦੇ ਇਤਿਹਾਸ ਵਿਚ ਅਜਿਹਾ ਕਦੇ ਨਹੀਂ ਹੋਇਆ ਕਿ ਰਾਜ ਮੰਤਰੀ ਮੰਡਲ ਵੱਲੋਂ ਲਏ ਗਏ ਫੈਸਲੇ ਜਾਂ ਵਿਧਾਨ ਸਭਾ ਵਿਚ ਕੀਤੇ ਗਏ ਐਲਾਨ ਲਾਗੂ ਨਾ ਕੀਤੇ ਗਏ ਹੋਣ ਤੇ ਇਕ ਐਲਾਨ ਦੇ ਮਗਰੋਂ ਇਸੇ ਦੇ ਦੂਜੇ ਰੂਪ ਦਾ ਐਲਾਨ ਹੁੰਦਾ ਆ ਰਿਹਾ ਹੋਵੇ।

## ਜਾਰੀ ਰਹੇਗੀ ਮੁਫਤ ਬਿਜਲੀ ਦੀ ਸਹੂਲਤ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਪਸ਼ਟ ਕੀਤਾ ਹੈ ਕਿ ਕਿਸਾਨਾਂ ਨੂੰ ਮੁਫਤ ਬਿਜਲੀ-ਪਾਣੀ ਦੇ ਗੱਫੇ ਮਿਲਦੇ ਰਹਿਣਗੇ। ਉਨ੍ਹਾਂ ਕਿਹਾ ਕਿ ਅਕਾਲੀਆਂ ਵੱਲੋਂ ਗਲਤ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਸਰਕਾਰ ਸਬਸਿਡੀ ਨੂੰ ਖਤਮ ਕਰਨ ਤੇ ਟਿਊਬਵੈਲਾਂ ਉਤੇ ਮੀਟਰ ਲਾਉਣ ਜਾ ਰਹੀ ਹੈ। ਉਨ੍ਹਾਂ ਨੇ ਖੇਤੀਬਾੜੀ ਟਿਊਬਵੈਲਾਂ ਉਤੇ ਮੀਟਰ ਲਾਉਣ ਤੋਂ ਸਪਸ਼ਟ ਇਨਕਾਰ ਕੀਤਾ। ਟਿਊਬਵੈਲਾਂ ਉਤੇ ਮੀਟਰ ਲਾਉਣ ਦੀਆਂ ਮੀਡੀਆ ਰਿਪੋਰਟਾਂ ਬਾਰੇ ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਵੱਲੋਂ ਕੀਤੇ ਵਾਅਦੇ ਅਨੁਸਾਰ ਖੇਤੀ ਸੈਕਟਰ ਲਈ ਬਿਜਲੀ ਉਤੇ ਸਬਸਿਡੀ ਜਾਰੀ ਰਹੇਗੀ। ਸਬਸਿਡੀ ਨੂੰ ਖਤਮ ਕਰਨ ਜਾਂ ਟਿਊਬਵੈਲਾਂ ਉਤੇ ਮੀਟਰ ਲਾਉਣ ਦਾ ਕੋਈ ਸਵਾਲ ਨਹੀਂ ਉਠਦਾ। ਗੁਰਦਾਸਪੁਰ ਜ਼ਿਮਨੀ ਚੋਣ ਦੇ ਮੱਦੇਨਜ਼ਰ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਗੁੰਮਰਾਹ ਕਰ ਰਹੀ ਹੈ।

# ਕਰਜ਼ਾ ਮੁਆਫੀ: ਸੌਖਾ ਨਹੀਂ ਹੱਕ ਕਮੇਟੀ ਦੀਆਂ ਸਿਫਾਰਸ਼ਾਂ 'ਤੇ ਖਰਾ ਉਤਰਨਾ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਟੀ ਹੱਕ ਕਮੇਟੀ ਦੀ ਅੰਤ੍ਰਿਮ ਰਿਪੋਰਟ ਵਿਚ ਕੀਤੇ ਗਏ ਐਲਾਨ ਮੁਤਾਬਕ ਸੀਮਾਂਤ ਅਤੇ ਛੋਟੇ ਕਿਸਾਨਾਂ ਦਾ ਲਗਭਗ 9500 ਕਰੋੜ ਰੁਪਏ ਦਾ ਕਰਜ਼ਾ ਮੁਆਫ ਕਰਨ ਸਬੰਧੀ ਨੋਟੀਫਿਕੇਸ਼ਨ ਨੂੰ ਮਨਜ਼ੂਰੀ ਦਿੱਤੀ ਗਈ ਹੈ। ਜੇਕਰ ਕਮੇਟੀ ਦੀ ਅੰਤ੍ਰਿਮ ਰਿਪੋਰਟ ਨੂੰ ਮੰਨਿਆ ਜਾਵੇ ਤਾਂ ਸੱਤ ਹਜ਼ਾਰ ਕਰੋੜ ਰੁਪਏ ਤੋਂ ਵੱਧ ਹੋਰ ਪੈਸਾ ਚਾਹੀਦਾ ਹੈ। ਗੌਰਤਲਬ ਹੈ ਕਿ ਹੱਕ ਕਮੇਟੀ ਨੇ ਸਾਰੇ ਛੋਟੇ ਕਿਸਾਨਾਂ (ਪੰਜ ਏਕੜ ਤੱਕ) ਦਾ ਦੋ ਲੱਖ ਰੁਪਏ ਤੱਕ ਦਾ ਕਰਜ਼ਾ ਮੁਆਫ ਕਰਨ ਅਤੇ ਇਸ ਤੋਂ ਵੱਧ ਜ਼ਮੀਨ ਵਾਲਿਆਂ, ਜਿਨ੍ਹਾਂ ਨੇ ਸਮੇਂ ਸਿਰ ਕਰਜ਼ਾ ਮੋੜ ਦਿੱਤਾ ਹੈ, ਦਾ ਵਿਆਜ ਮੁਆਫ ਕਰਨ ਦੀ ਸਿਫਾਰਸ਼ ਕੀਤੀ ਸੀ।

ਪੰਜਾਬ ਦੀਆਂ ਸਾਰੀਆਂ ਬੈਂਕਾਂ ਵਿਚ ਕਿਸਾਨਾਂ ਦੇ ਕੁੱਲ 20,23,202 ਖਾਤੇ ਹਨ। ਲਗਭਗ 18.5 ਲੱਖ ਕਿਸਾਨਾਂ ਵਿਚੋਂ ਕਈਆਂ ਦੇ ਇਕ ਤੋਂ ਵੱਧ ਖਾਤੇ ਵੀ ਹਨ। ਹੱਕ ਕਮੇਟੀ ਦੀ ਅੰਤ੍ਰਿਮ ਰਿਪੋਰਟ ਵਿਚ ਕਰਜ਼ੇ ਦੇ ਬੋਝ ਕਾਰਨ ਖੁਦਕੁਸ਼ੀ ਕਰ ਗਏ ਕਿਸਾਨਾਂ ਤੇ ਮਜ਼ਦੂਰਾਂ ਦੇ ਪਰਿਵਾਰਾਂ ਦਾ ਸਮੁੱਚਾ ਕਰਜ਼ਾ ਮੁਆਫ ਕਰਨ ਦੀ ਸਿਫਾਰਸ਼ ਕੀਤੀ ਸੀ। ਖੇਤ ਮਜ਼ਦੂਰ ਪੂਰੀ ਤਰ੍ਹਾਂ ਇਸ ਕਰਜ਼ਾ ਮੁਆਫੀ ਸਕੀਮ ਵਿਚੋਂ ਬਾਹਰ ਰੱਖੇ ਗਏ ਅਤੇ ਇਸ ਨੋਟੀਫਿਕੇਸ਼ਨ ਵਿਚੋਂ ਵੀ ਬਾਹਰ ਹੀ ਰਹਿਣਗੇ। ਖੁਦਕੁਸ਼ੀ ਪੀੜਤ ਪਰਿਵਾਰ ਦੋ ਲੱਖ ਦੀ ਕਰਜ਼ਾ ਮੁਆਫੀ ਦਾ ਲਾਭ ਤਾਂ ਲੈ ਸਕਣਗੇ ਪਰ ਸਮੁੱਚੇ ਕਰਜ਼ੇ ਬਾਰੇ ਫਿਲਹਾਲ ਫੈਸਲਾ ਨਹੀਂ ਹੋਇਆ। ਕੈਪਟਨ ਅਮਰਿੰਦਰ ਸਿੰਘ ਨੇ 19 ਜੂਨ ਨੂੰ ਵਿਧਾਨ ਸਭਾ ਵਿਚ ਹੱਕ ਕਮੇਟੀ ਦੀਆਂ ਅੰਤ੍ਰਿਮ ਸਿਫਾਰਸ਼ਾਂ ਨੂੰ ਮੰਨਣ ਦਾ ਐਲਾਨ ਕਰ ਦਿੱਤਾ ਸੀ। ਇਸ ਵਾਸਤੇ ਅੰਤ੍ਰਿਮ ਕਮੇਟੀ ਦੀ ਰਿਪੋਰਟ ਮੁਤਾਬਕ 10.22 ਲੱਖ ਕਿਸਾਨਾਂ ਨੂੰ ਲਾਭ ਹੋਣਾ ਸੀ। ਜੇਕਰ ਅੰਤਿਮ ਸਿਫਾਰਸ਼ ਮੰਨ ਲਈ ਜਾਵੇ ਤਾਂ ਲਗਭਗ 3.5 ਲੱਖ ਹੋਰ ਕਿਸਾਨਾਂ ਨੂੰ ਲਾਭ ਮਿਲਣਾ ਸੀ। ਇਸ ਲਈ ਕਰੀਬ 7 ਹਜ਼ਾਰ ਕਰੋੜ ਰੁਪਏ ਵਾਧੂ ਚਾਹੀਦੇ ਹਨ।

ਸਹਿਕਾਰੀ, ਕੌਮੀਕ੍ਰਿਤ ਅਤੇ ਪ੍ਰਾਈਵੇਟ ਬੈਂਕਾਂ ਦੇ ਖਾਤਿਆਂ ਮੁਤਾਬਕ 31 ਮਾਰਚ 2017 ਤੱਕ ਸੂਬੇ ਦੇ ਕਿਸਾਨਾਂ ਸਿਰ ਫਸਲੀ ਕਰਜ਼ਾ 59,620 ਕਰੋੜ ਰੁਪਏ ਹੈ।

ਕਿਸਾਨਾਂ ਦੇ ਕੁੱਲ ਬੈਂਕ ਖਾਤਿਆਂ ਵਿਚੋਂ ਦੋ ਲੱਖ ਰੁਪਏ ਤੱਕ ਦੇ ਫਸਲੀ ਕਰਜ਼ੇ ਵਾਲੇ ਸੀਮਾਂਤ ਕਿਸਾਨਾਂ ਸਿਰ ਕਰਜ਼ਾ ਲਗਭਗ 2747 ਕਰੋੜ ਰੁਪਏ ਬਣਦਾ ਹੈ। ਇਸੇ ਤਰ੍ਹਾਂ ਦੋ ਲੱਖ ਰੁਪਏ ਤੱਕ ਫਸਲੀ ਕਰਜ਼ੇ ਵਾਲੇ ਛੋਟੇ ਕਿਸਾਨਾਂ (ਭਾਵ ਪੰਜ ਏਕੜ ਤੱਕ) ਵਾਲਿਆਂ ਸਿਰ ਕਰਜ਼ਾ ਕਰੀਬ 3353 ਕਰੋੜ ਰੁਪਏ ਹੈ। ਦੋ ਲੱਖ ਤੋਂ ਪੰਜ ਲੱਖ ਰੁਪਏ ਤੱਕ ਦੇ ਕਰਜ਼ੇ ਵਾਲੇ ਸੀਮਾਂਤ ਕਿਸਾਨਾਂ ਅਤੇ ਪੰਜ ਲੱਖ ਰੁਪਏ ਤੋਂ ਵੱਧ ਫਸਲੀ ਕਰਜ਼ੇ ਵਾਲੇ 1,46,000 ਖਾਤਾ ਧਾਰਕ ਸੀਮਾਂਤ ਕਿਸਾਨਾਂ ਨੂੰ ਵੀ ਦੋ ਲੱਖ ਰੁਪਏ ਤੱਕ ਦੀ ਮੁਆਫੀ ਦਾ ਲਾਭ ਮਿਲੇਗਾ ਤਾਂ ਕਰੀਬ 2920 ਕਰੋੜ ਰੁਪਏ ਮੁਆਫ ਹੋਣਗੇ। ਮੋਟੇ ਤੌਰ ਉਤੇ ਜੋ ਕਿਸਾਨ ਦੋ ਲੱਖ ਰੁਪਏ ਦੇ ਫਸਲੀ ਕਰਜ਼ੇ ਦੇ ਦਾਇਰੇ ਵਿਚ ਆਉਂਦੇ ਹਨ, ਉਨ੍ਹਾਂ ਦੇ ਲਗਭਗ 9020 ਕਰੋੜ ਰੁਪਏ ਮੁਆਫ ਹੋਣਗੇ।

ਸੂਤਰਾਂ ਅਨੁਸਾਰ 5,71,292 ਖਾਤਾਧਾਰੀ ਸੀਮਾਂਤ ਕਿਸਾਨਾਂ ਸਿਰ ਕੁੱਲ ਫਸਲੀ ਕਰਜ਼ਾ 9845 ਕਰੋੜ ਰੁਪਏ ਦੇ ਕਰੀਬ ਹੈ। ਬੈਂਕ ਖਾਤੇ ਮੁਤਾਬਕ 8,15,822 ਛੋਟੇ ਕਿਸਾਨਾਂ ਸਿਰ ਕੁੱਲ ਫਸਲੀ ਕਰਜ਼ਾ 18,714 ਕਰੋੜ ਰੁਪਏ ਦੇ ਲਗਭਗ ਹੈ। ਬਾਕੀ ਇਸ ਤੋਂ ਜ਼ਿਆਦਾ ਜ਼ਮੀਨ ਵਾਲੇ 6,36088 ਕਿਸਾਨਾਂ ਸਿਰ 31,061 ਕਰੋੜ ਰੁਪਏ ਦਾ ਫਸਲੀ ਕਰਜ਼ਾ ਮੌਜੂਦ ਹੈ।

### ਰਿਪੋਰਟ ਲਾਗੂ ਕਰਨ ਲਈ 7000 ਕਰੋੜ ਦੀ ਹੋਰ ਲੋੜ



## ਇੰਜ ਹੋਵੇਗੀ ਕਰਜ਼ਾ ਮੁਆਫ਼ੀ ਯੋਜਨਾ ਲਾਗੂ

ਕਿਸਾਨਾਂ ਦੇ ਖਾਤਿਆਂ ਵਾਲੀਆਂ ਬੈਂਕਾਂ ਨੂੰ ਬ੍ਰਾਂਚ ਪੱਧਰ ਉਤੇ ਸਾਰੇ ਖਾਤਿਆਂ ਦੀ ਜਾਣਕਾਰੀ ਇਕ ਜਗ੍ਹਾ ਇਕੱਠੀ ਕਰਨ ਲਈ ਕਿਹਾ ਜਾਵੇਗਾ। ਖਾਤਿਆਂ ਨੂੰ ਆਧਾਰ ਕਾਰਡ ਨਾਲ ਜੋੜਿਆ ਜਾਵੇਗਾ। ਬ੍ਰਾਂਚਾਂ ਵੱਲੋਂ ਵੱਖ-ਵੱਖ ਖਾਤਿਆਂ ਅਤੇ ਇਕ ਕਿਸਾਨ ਦੇ ਕੁੱਲ ਕਰਜ਼ੇ ਦੀ ਜਾਣਕਾਰੀ ਡਿਪਟੀ ਕਮਿਸ਼ਨਰ ਅਤੇ ਸਬੰਧਤ ਐਸ.ਡੀ.ਐਮ. ਨੂੰ ਵੀ ਭੇਜੀ ਜਾਵੇਗੀ। ਪਹਿਲ ਸਹਿਕਾਰੀ ਖਾਤਾ ਨਿੱਲ ਕਰਨ, ਦੂਸਰੇ ਨੰਬਰ ਉਤੇ ਕੌਮੀਕ੍ਰਿਤ ਬੈਂਕ ਅਤੇ ਤੀਸਰੇ ਨੰਬਰ ਉਤੇ ਵਪਾਰਕ ਬੈਂਕਾਂ ਦੀ ਵਾਰੀ ਆਵੇਗੀ। ਫਿਰ ਇਹ ਸੂਚੀਆਂ ਜਨਤਕ ਕੀਤੀਆਂ ਜਾਣਗੀਆਂ। ਕਿਸੇ ਕਿਸਾਨ ਨੂੰ ਕੋਈ ਇਤਰਾਜ਼ ਹੋਵੇਗਾ ਤਾਂ ਉਹ ਖੇਤੀਬਾੜੀ ਵਿਭਾਗ ਦੇ ਡਾਇਰੈਕਟਰ ਕੋਲ ਪਹੁੰਚ ਕਰ ਸਕੇਗਾ।

# ਆਮ ਆਦਮੀ ਪਾਰਟੀ ਦੇ ਵਰਕਰਾਂ ਨੂੰ ਲਾਮਬੰਦ ਕਰਨ ਲਈ ਉਚੇਚਾ ਹੰਭਲਾ



**ਸ਼ਿਕਾਗੋ (ਬਿਊਰੋ):** ਅਮਰੀਕਾ ਦੌਰੇ 'ਤੇ ਆਏ ਆਮ ਆਦਮੀ ਪਾਰਟੀ (ਆਪ) ਪੰਜਾਬ ਇਕਾਈ ਦੇ ਸੀਨੀਅਰ ਆਗੂ ਪ੍ਰੋ. ਜੀ. ਐਸ. ਮੁਲਤਾਨੀ ਨੇ ਆਮ ਆਦਮੀ ਪਾਰਟੀ ਦੇ ਵਰਕਰਾਂ ਨੂੰ ਲਾਮਬੰਦ ਕਰਨ ਲਈ ਸ਼ਿਕਾਗੋ, ਮੈਡੀਸਨ, ਕਲੀਵਲੈਂਡ ਸਮੇਤ ਹੋਰ ਸ਼ਹਿਰਾਂ ਵਿਚ ਬੈਠਕਾਂ ਕੀਤੀਆਂ। ਪ੍ਰੋ. ਮੁਲਤਾਨੀ ਨੇ ਕਿਹਾ ਕਿ ਅਰਵਿੰਦ ਕੇਜਰੀਵਾਲ ਨੇ ਦਿੱਲੀ ਵਿਚ ਭ੍ਰਿਸ਼ਟਾਚਾਰ ਰਹਿਤ ਪ੍ਰਸ਼ਾਸਨ ਦੇ ਕੇ ਸਾਬਤ ਕਰ ਦਿੱਤਾ ਹੈ ਕਿ ਆਮ ਆਦਮੀ ਪਾਰਟੀ ਭਾਰਤ ਦੇ ਭ੍ਰਿਸ਼ਟ ਨਜ਼ਰੀਏ ਨੂੰ ਬਦਲਣ ਲਈ ਵਚਨਬੱਧ ਹੈ। ਉਨ੍ਹਾਂ ਵਰਕਰਾਂ ਨੂੰ ਭਰੋਸਾ ਦਿੱਤਾ ਕਿ ਅਸੀਂ ਸਾਰੇ ਮਿਲ-ਜੁਲ ਕੇ ਪਾਰਟੀ ਦੀ ਮਜ਼ਬੂਤੀ ਲਈ ਕੰਮ ਕਰਾਂਗੇ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਡਾ. ਗੁਰਵਤਨ ਸਿੰਘ, ਡਾ. ਸਰਦਾਰਾ ਸਿੰਘ, ਗੁਲਜ਼ਾਰ ਸਿੰਘ ਮੁਲਤਾਨੀ, ਰਮੇਸ਼ ਠਾਕਰ, ਹਰਜਿੰਦਰ ਸਿੰਘ ਗਿੱਲ, ਸੁਰਜੀਤ ਰਾਣਾ, ਮਹਿੰਦਰ ਸਿੰਘ, ਸੁਰਿੰਦਰ ਸਿੰਘ ਅਤੇ ਹੈਪੀ ਮੁਲਤਾਨੀ ਹਾਜ਼ਰ ਸਨ।

# ਚੀਨ 'ਚ ਬੁਲੇਟ ਟ੍ਰੇਨ ਆਈ ਪਟੜੀ ਉਤੇ

**ਬੀਜ਼ਿੰਗ:** ਚੀਨ ਨੇ ਦੁਨੀਆਂ ਦੀ ਸਭ ਤੋਂ ਤੇਜ਼ ਬੁਲੇਟ ਟ੍ਰੇਨ ਪਟੜੀ 'ਤੇ ਆ ਗਈ ਹੈ ਜੋ ਬੀਜ਼ਿੰਗ ਨੂੰ ਸ਼ੰਘਾਈ ਨਾਲ ਜੋੜੇਗੀ। ਕੋਈ 350 ਕਿਲੋਮੀਟਰ ਘੰਟੇ ਦੀ ਰਫਤਾਰ ਨਾਲ ਦੌੜਨ ਵਾਲੀ ਇਹ ਟ੍ਰੇਨ ਦੋਹਾਂ ਸ਼ਹਿਰਾਂ ਦਾ 1250 ਕਿਲੋਮੀਟਰ ਦਾ ਸਫਰ ਸਿਰਫ 4.5 ਘੰਟੇ ਵਿਚ ਪੂਰਾ ਕਰੇਗੀ।


ਇਹ ਟ੍ਰੇਨ ਇਸੇ ਸਾਲ 25 ਜੂਨ ਨੂੰ ਲਾਂਚ ਹੋ ਚੁੱਕੀ ਹੈ ਜਿਸ ਨੂੰ 350 ਕਿਲੋਮੀਟਰ ਪ੍ਰਤੀ ਘੰਟੇ ਦੀ ਰਫਤਾਰ ਨਾਲ ਚਲਾਇਆ ਗਿਆ। ਭਾਰਤ ਵਿਚ ਇੰਨੀ ਦੂਰੀ ਜੰਮੂ ਤੋਂ ਭੋਪਾਲ ਦੇ ਬਰਾਬਰ ਹੈ। ਅਜੇ ਇਨ੍ਹਾਂ ਦੋਹਾਂ ਸ਼ਹਿਰਾਂ 'ਚ ਸਫਰ ਕਰਨ ਵਿਚ ਛੇ ਘੰਟੇ ਦਾ ਸਮਾਂ ਲੱਗਦਾ ਹੈ। ਇਹ ਦੁਨੀਆਂ ਦੀ ਸਭ ਤੋਂ ਤੇਜ਼ ਬੁਲੇਟ ਟ੍ਰੇਨ ਹੋਵੇਗੀ। ਚੀਨ ਨੇ 350 ਕਿਲੋਮੀਟਰ ਪ੍ਰਤੀ ਘੰਟਾ ਰਫਤਾਰ ਨਾਲ ਚੱਲਣ ਵਾਲੀ ਪਹਿਲੀ ਟ੍ਰੇਨ ਦੀ ਸ਼ੁਰੂਆਤ ਅਗਸਤ 2008 ਵਿਚ ਕੀਤੀ ਸੀ। ਇਹ ਬੀਜ਼ਿੰਗ ਤੋਂ ਤਿਆਨਜਿਨ ਵਿਚਾਲੇ ਚੱਲਦੀ ਹੈ। ਜੁਲਾਈ 2011 ਵਿਚ ਹਾਦਸੇ ਤੋਂ ਬਾਅਦ ਇਸ ਦੀ ਸਪੀਡ ਘਟਾ ਕੇ 250 ਤੋਂ 300 ਕਿਲੋਮੀਟਰ ਪ੍ਰਤੀ ਘੰਟਾ ਕਰ ਦਿੱਤੀ ਗਈ ਸੀ। ਇਸ ਹਾਦਸੇ ਵਿਚ ਯੋਂਗਤਾਇਵੇਨ ਰੇਲਵੇ ਲਾਇਨ 'ਤੇ ਤੇਜ਼ ਰਫਤਾਰ ਟ੍ਰੇਨਾਂ ਦੀ ਟੱਕਰ ਹੋ ਗਈ ਸੀ। ਇਸ ਵਿਚ 40 ਲੋਕਾਂ ਦੀ ਮੌਤ ਤੇ 190 ਤੋਂ ਵੱਧ ਜ਼ਖਮੀ ਹੋ ਗਏ ਸਨ।




*ਹਾਲ ਹੀ ਵਿਚ ਟੈਕਸਸ ਅਤੇ ਫਲੋਰਿਡਾ ਵਿਚ ਆਏ ਹਰੀਕੇਨ ਤੋਂ ਪੀੜਤ ਲੋਕਾਂ ਲਈ ਸਿੱਖ ਸੁਸਾਇਟੀ, ਡੇਅਟਨ ਨੇ ਮਦਦ ਦਾ ਉਪਰਾਲਾ ਕੀਤਾ ਹੈ। ਰੋਜ਼ਾਨਾ ਲੋੜ ਦੀਆਂ ਚੀਜ਼ਾਂ-ਪਾਣੀ ਦੀਆਂ ਬੋਤਲਾਂ ਆਦਿ ਦਾ ਇਕ ਸੈਮੀ ਟਰੱਕ ਭੇਜਿਆ। ਟਰੱਕ ਦੇ ਨਾਲ ਖੜ੍ਹੇ ਗੁਰੂ ਘਰ ਦੇ ਸੇਵਕ*

# ਡਾ. ਗਿੱਲ ਨੇ ਦਿੱਤੀ ਮਾਨਸਿਕ ਰੋਗਾਂ ਬਾਰੇ ਜਾਣਕਾਰੀ

**ਸ਼ਿਕਾਗੋ (ਬਿਊਰੋ):** ਡਾ. ਵਿਕਰਮਜੀਤ ਸਿੰਘ ਗਿੱਲ ਨੇ ਸਿੱਖ ਸੀਨੀਅਰ ਸਿਟੀਜ਼ਨ ਨਾਲ ਇਕ ਲੰਚ ਮੌਕੇ ਮਾਨਸਿਕ ਰੋਗਾਂ ਬਾਰੇ ਜਾਣਕਾਰੀ ਦਿੰਦਿਆਂ ਰੋਗ ਦੀ ਵਜ੍ਹਾ, ਨਿਸ਼ਾਨੀਆਂ ਅਤੇ ਉਪਾਅ ਬਾਰੇ ਦੱਸਿਆ। ਜ਼ਿਕਰਯੋਗ ਹੈ ਕਿ ਬਜ਼ੁਰਗਾਂ ਨਾਲ ਲੰਚ ਮੌਕੇ ਗੱਲਬਾਤ ਦਾ ਇਕ ਵਿਸ਼ਾ ਰੱਖਿਆ ਜਾਂਦਾ ਹੈ ਅਤੇ ਇਸ ਵਾਰ ਵਿਸ਼ਾ ਡਿਪਰੈਸ਼ਨ ਸੀ।



ਡਾ. ਗਿੱਲ ਨੇ ਡਿਪਰੈਸ਼ਨ ਦੇ ਕਾਰਨ ਤੇ ਉਪਾਅ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਕਿ ਕਿਵੇਂ ਇਹ ਰੋਗ ਹੌਲੀ ਹੌਲੀ ਸ਼ੁਰੂ ਹੁੰਦਾ ਹੈ ਤੇ ਕਿਵੇਂ ਇਸ ਦੀ ਪਰਖ ਕੀਤੀ ਜਾ ਸਕਦੀ ਹੈ। ਉਨ੍ਹਾਂ ਦੱਸਿਆ ਕਿ ਬੁਢਾਪਾ, ਹਾਰਮੋਨ ਦੀ ਕਮੀ, ਜਮਾਂਦਰੂ ਨੁਕਸ, ਅਚਾਨਕ ਕੋਈ ਘਾਟਾ ਜਾਂ ਵਾਧਾ ਹੋ ਜਾਣਾ, ਕਈ ਵਾਰ ਆਪਰੇਸ਼ਨ ਤੋਂ ਬਾਅਦ ਜਾਂ ਜਣੇਪੇ ਤੋਂ ਬਾਅਦ ਡਿਪਰੈਸ਼ਨ ਦੇ ਲੱਛਣ ਭਾਰੂ ਹੋ ਜਾਂਦੇ ਹਨ। ਉਨ੍ਹਾਂ ਕਿਹਾ ਕਿ ਵਧੇਰੇ ਦਿੱਕਤ ਇਕੱਲਿਆਂ ਡਿਪਰੈਸ਼ਨ ਨਾਲ ਜੂਝਣ ਕਰਕੇ ਆਉਂਦੀ ਹੈ ਪਰ ਜੇ ਕਿਸੇ ਨਾਲ ਗੱਲ ਸਾਂਝੀ ਕੀਤੀ ਜਾਵੇ ਤਾਂ ਇਸ ਦਾ ਅਸਰ ਘਟ ਸਕਦਾ ਹੈ।

ਡਾ. ਗਿੱਲ ਨੇ ਦੱਸਿਆ ਕਿ ਇਸ ਬਿਮਾਰੀ ਦੀਆਂ ਕਈ ਕਿਸਮ ਦੀਆਂ ਦਵਾਈਆਂ ਵੀ ਉਪਲਬਧ ਹਨ ਪਰ ਪੰਜਾਬੀ ਲੋਕ ਵਧੇਰੇ ਕਰਕੇ ਦਵਾਈਆਂ ਲੈਣ ਤੋਂ ਕਤਰਾਉਂਦੇ ਹਨ ਜਾਂ ਫਿਰ ਦੱਸੀ ਮਾਤਰਾ ਵਿਚ ਨਹੀਂ ਲੈਂਦੇ। ਵੱਡੀ ਗੱਲ ਇਹ ਕਿ ਉਹ ਦੇਸੀ ਦਵਾਈਆਂ ਨਾਲ ਇਸ ਬਿਮਾਰੀ ਦਾ ਇਲਾਜ ਕਰਨਾ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਅੰਗਰੇਜ਼ੀ ਦਵਾਈਆਂ ਦੇ ਬਹੁਤੇ ਭੈੜੇ ਅਸਰ ਵੀ ਨਹੀਂ, ਅੰਗਰੇਜ਼ੀ ਦਵਾਈਆਂ ਜੀਵਨ ਨੂੰ ਸੁਖਾਲਾ ਤੇ ਖੁਸ਼ੀਆਂ ਭਰਪੂਰ ਜੀਣ ਲਈ ਮਦਦ ਕਰਦੀਆਂ ਹਨ।

ਡਾ. ਗਿੱਲ ਜਿਲ੍ਹਾ ਮੋਗਾ ਤੋਂ ਹਨ। ਉਨ੍ਹਾਂ ਪਟਿਆਲੇ ਤੋਂ ਡਾਕਟਰੀ ਕੀਤੀ ਤੇ ਫਿਰ ਮਿਸੀਸਾਗਾ, ਕੈਨੇਡਾ ਰਹੇ। ਉਨ੍ਹਾਂ ਵੈਸਟ ਵਰਜੀਨੀਆ ਤੋਂ ਐਮ.ਡੀ. ਕੀਤੀ ਹੈ ਅਤੇ ਹੁਣ ਐਲਜਿਨ ਹਸਪਤਾਲ ਤੇ ਨਾਲ ਸਾਊਥ ਬੈਰਿੰਗਟਨ 'ਚ ਪ੍ਰਾਈਵੇਟ ਪ੍ਰੈਕਟਿਸ ਕਰਦੇ ਹਨ।

ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?
ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ
ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।
*ਸਸਤੀਆਂ ਦਰਾਂ
*ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ

Rates as low as 2.0%
ਸੰਪਰਕ ਕਰੋ: ਪਾਲ ਫੋਨ 1-800-705-3863
Trucking Companies-Improve Your Cash Flow
*Low Rates *One-Time Discounts *No Minimums
Call Paul at 1-800-705-3863
www.Transportationfunding.com
Transportation Funding Group, Inc.
Minneapolis , MN 55426


The Law Firm Of Fatima Johnson
because you are vital to US
3737 N. Meridian St., Ste 106
Indianapolis, IN 46208
ਤੁਸੀਂ ਸਾਡੇ ਲਈ ਬਹੁਤ ਅਹਿਮ ਹੋ
What we are experienced in?
•Deportation Defense •VAWA •Asylum
•Work Permit •Family and Marriage Based
•SIJS (Special Immigration Juvenile Status)
•Investor Visa (H1B, E-2, EB-5)
Need to talk to an experienced immigration lawyer?
ਇੱਕ ਤਜਰਬੇਕਾਰ ਇਮੀਗ੍ਰੇਸ਼ਨ ਵਕੀਲ ਨਾਲ ਗੱਲ ਕਰਨ ਦੀ ਲੋੜ ਹੈ?
Are you planning on going to your immigration interview or court alone? Don't do it!
ਕੀ ਤੁਸੀਂ ਇਕੱਲੇ ਇਮੀਗ੍ਰੇਸ਼ਨ ਇੰਟਰਵਿਊ ਜਾਂ ਅਦਾਲਤ ਜਾਣਾ ਚਾਹੁੰਦੇ ਹੋ? ਇਹ ਨਾ ਕਰੋ!
Come talk to an experienced immigration attorney.
ਇਕ ਤਜਰਬੇ ਦੇ ਇਮੀਗ੍ਰੇਸ਼ਨ ਅਟਾਰਨੀ ਨਾਲ ਗੱਲ ਕਰੋ।
Languages Spoken
•English •Hindi •Punjabi •Urdu •Spanish •French•Arabic •Chinese
ਅਸੀਂ ਅੰਗਰੇਜ਼ੀ, ਹਿੰਦੀ, ਪੰਜਾਬੀ, ਉਰਦੂ, ਸਪੈਨਿਸ਼, ਫਰੈਂਚ, ਅਰਬੀ ਤੇ ਚੀਨੀ ਬੋਲਦੇ ਹਾਂ
Call to schedule an appointment today
ਅੱਜ ਇਕ ਮੁਲਾਕਾਤ ਨਿਰਧਾਰਤ ਕਰਨ ਲਈ ਕਾਲ ਕਰੋ
Ph: 317-252-0013
info@vitalvisa.com

# ਨੱਚਾਂ ਮੈਂ ਸ਼ਿਕਾਗੋ, ਮੇਰੀ ਧਮਕ ਮਿਲਵਾਕੀ ਪੈਂਦੀ...

**ਸ਼ਿਕਾਗੋ (ਸੁਰਿੰਦਰ ਸਿੰਘ ਭਾਟੀਆ):** 'ਅਸੀਂ ਤੀਆਂ ਮਨਾਵਣ ਚੱਲੀਆਂ, ਆਉ ਸਈਓ ਬੋਲੀ ਪਾਈਏ, ਰਲ-ਮਿਲ ਗਿੱਧਾ ਪਾਈਏ, ਨੱਚ ਨੱਚ ਧਰਤ ਹਿਲਾਈਏ; ਚੰਨ ਮੱਖਣਾ ਵੇ ਮੈਂ ਤੀਆਂ ਵੇਖਣ ਚੱਲੀ ਆਂ।' ਇਹ ਨਜ਼ਾਰਾ



ਬੱਝਦਾ ਹੈ, ਸਾਉਣ ਰੁੱਤੇ ਮਨਾਈਆਂ ਜਾਂਦੀਆਂ ਤੀਆਂ ਦਾ। ਇਸ ਵਿਚ ਕੋਈ ਸ਼ੱਕ ਨਹੀਂ ਕਿ 'ਤੀਆਂ' ਸ਼ਬਦ ਪੰਜਾਬਣਾਂ ਦੇ ਚਿਹਰੇ 'ਤੇ ਖੁਸ਼ੀ ਤੇ ਖੇੜਾ ਲੈ ਆਉਂਦਾ ਹੈ।

ਤੀਆਂ ਦੇ ਮੇਲੇ ਵਿਚ ਜਦੋਂ ਫੁਲਕਾਰੀਆਂ ਉਡਦੀਆਂ ਨੇ, ਪਿੱਪਲ ਪੱਤੀਆਂ ਡਿਗਦੀਆਂ ਨੇ, ਲੌਂਗ ਬੋਲੀਆਂ ਪਾਉਂਦੇ ਨੇ, ਕੰਗਣੇ ਛਣਕਦੇ ਨੇ, ਖੂਬ ਰੰਗ ਬੱਝਦੇ ਨੇ, ਬੋਲੀਆਂ ਦੀ ਮਿਠਾਸ ਤੇ ਤਣਜਾਂ, ਝਾਂਜਰਾਂ ਦੀ ਛਣ ਛਣ। ਜਦੋਂ ਤੀਆਂ ਦਾ ਗਿੱਧਾ ਮੱਘ ਪੈਂਦਾ, ਪੰਜਾਬਣਾਂ ਧੂੜਾਂ ਪੱਟ ਦਿੰਦੀਆਂ ਹਨ-ਨੱਚਾਂ ਮੈਂ ਲੁਧਿਆਣੇ, ਧਮਕ ਜਲੰਧਰ ਪੈਂਦੀ। ਕਹਿ ਸਕਦੇ ਹਾਂ, ਨੱਚਾਂ ਮੈਂ ਪੈਲਾਟਾਈਨ (ਸ਼ਿਕਾਗੋ ਤੇ ਧਮਕ ਮਿਲਵਾਕੀ ਪੈਂਦੀ) ਤੇ ਧਮਕ ਸ਼ਿਕਾਗੋ ਪੈਂਦੀ। ਇਹ ਨਜ਼ਾਰਾ ਸੀ ਨਵੀਂ ਬਣੀ ਸੰਸਥਾ 'ਸਵੇਰਾ' ਵਲੋਂ ਪੈਲਾਟਾਈਨ ਦੇ ਡੀਅਰ ਗਰੂਵ ਫੋਰਸਟ ਪ੍ਰਿਜ਼ਰਵ ਵਿਚ ਕਰਵਾਏ ਗਏ ਇਸ ਦੇ ਪਲੇਠੇ 'ਧੀਆਂ ਦੀਆਂ ਤੀਆਂ' ਮੇਲੇ ਦਾ।

ਤੀਆਂ ਦੇ ਇਸ ਮੇਲੇ ਵਿਚ ਸ਼ਿਕਾਗੋ ਤੋਂ ਇਲਾਵਾ ਵਿਸਕਾਨਸਿਨ, ਇੰਡੀਆਨਾ ਅਤੇ ਮਿਸ਼ੀਗਨ ਤੋਂ ਵੱਡੀ ਗਿਣਤੀ ਵਿਚ ਆਈਆਂ ਬੀਬੀਆਂ ਨੇ ਧਮਾਲਾਂ ਪਾਈਆਂ। ਮੁਸਲਿਮ ਤੇ ਗੁਜਰਾਤੀ ਭਾਈਚਾਰੇ ਦੀਆਂ ਕੁਝ ਬੀਬੀਆਂ ਨੇ ਵੀ ਸ਼ਿਰਕਤ ਕੀਤੀ।

ਮੇਲੇ ਦੀ ਸ਼ੁਰੂਆਤ ਵਿਚ ਸਭ ਨੂੰ ਜੀ ਆਇਆਂ ਆਖਦਿਆਂ ਬੀਬੀ ਜਸਬੀਰ ਕੌਰ ਮਾਨ ਨੇ ਸੰਸਥਾ ਦੀ ਜਾਣ-ਪਛਾਣ ਕਰਵਾਈ। ਬੀਬੀ ਸੁਰਜੀਤ ਕੌਰ ਗਿੱਲ ਨੇ 'ਉਡਦਾ ਵੇ ਜਾਈਂ ਕਾਂਵਾਂ, ਬਹਿੰਦੜਾ ਵੇ ਜਾਈਂ ਮੇਰੇ ਪੇਕੜੇ' ਗੀਤ ਗਾ ਕੇ ਵਾਹ ਵਾਹ ਖੱਟੀ। ਜਸਮੀਨ ਕੌਰ ਤੇ ਸਿਮਰਨ ਕੌਰ ਨੇ ਗੀਤ 'ਕੰਗਣੀ' ਅਤੇ ਰਸਨਾ ਕੌਰ ਨੇ ਗੀਤ 'ਕੱਚ ਦੀਆਂ ਚੂੜੀਆਂ' ਉਤੇ ਨ੍ਰਿਤ ਪੇਸ਼ ਕੀਤਾ।

ਬੇਅੰਤ ਕੌਰ ਨੇ ਇਕ ਗੀਤ ਪੇਸ਼ ਕਰਕੇ ਹਾਜ਼ਰ ਬੀਬੀਆਂ ਦਾ ਮਨ ਮੋਹਿਆ। ਹਰਲੀਨ ਤੇ ਸਿਮਰਨ ਨੇ 'ਤੇਰਾ ਮੇਰਾ ਨਾਂ ਲਿੱਖ ਦੇ' ਗੀਤ 'ਤੇ ਗਿੱਧਾ ਪਾਇਆ। ਮਨਜੀਤ ਕੌਰ ਨੇ 'ਆਹ ਲੈ ਮਾਏ ਸਾਂਭ ਕੁੰਜੀਆਂ' ਗੀਤ ਪੇਸ਼ ਕੀਤਾ। ਸੁਕਰੀਤ ਕੌਰ, ਜਪਜੀਵ ਕੌਰ, ਅੰਮ੍ਰਿਤ ਤੇ ਰਸਲੀਨ ਕੌਰ ਨੇ 'ਜੱਗ ਦੀ ਹੀਰੇ' ਅਤੇ 'ਢੋਲ ਜਗੀਰੋ ਦਾ' ਗੀਤਾਂ ਉਤੇ ਭੰਗੜਾ ਪਾ ਕੇ ਵਾਹ ਵਾਹ ਖੱਟੀ। ਕਿਰਪਾਲ ਕੌਰ ਨੇ ਚੁਟਕਲੇ ਸੁਣਾ ਕੇ ਮਾਹੌਲ ਨੂੰ ਹਾਸੇ-ਠੱਠੇ ਵਾਲਾ ਬਣਾਇਆ। ਉਮਾ ਨੇ ਗੀਤ 'ਚੰਨ ਮੇਰੇ ਮੱਖਣਾ' ਨਾਲ ਹਾਜ਼ਰੀ ਲੁਆਈ। ਉਪਰੰਤ ਉਸ ਨੇ ਬਹੁਤ ਹੀ ਸੁਰਮਈ ਆਵਾਜ਼ ਵਿਚ ਗੀਤ ਸੁਣਾ ਕੇ ਸਰੋਤਿਆਂ ਨੂੰ ਸੁਰਿੰਦਰ ਕੌਰ ਦੇ ਜ਼ਮਾਨੇ ਦੀ ਯਾਦ ਤਾਜ਼ਾ ਕਰਵਾ ਦਿੱਤੀ।

ਮਿਲਵਾਕੀ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਬੇਅੰਤ ਕੌਰ ਤੇ ਸਰਬਜੀਤ ਕੌਰ ਨੇ ਹਾਸੇ-ਠੱਠੇ ਨਾਲ ਭਰੀ ਸਕਿੱਟ 'ਪਾਈਆ ਦੁੱਧ' ਪੇਸ਼ ਕੀਤੀ। ਜਸਬੀਰ ਕੌਰ ਮਾਨ ਨੇ ਵੀ ਸਾਥ ਦਿੱਤਾ।

ਉਮਾ ਨੇ ਆਪਣੇ ਗੀਤਾਂ ਦੇ ਦੂਜੇ ਦੌਰ ਵਿਚ 'ਕਾਲੇ ਰੰਗ ਦਾ ਪਰਾਂਦਾ, ਮੇਰੇ ਸੱਜਣਾਂ ਨੇ ਆਂਦਾ' ਗਾਇਆ ਜਿਸ 'ਤੇ ਕਿਰਪਾਲ ਕੌਰ ਲਾਲ ਤੇ ਅਮਰਜੀਤ ਕੌਰ ਮਾਂਗਟ ਨੇ ਵਾਹਵਾ ਅੱਡੀਆਂ ਖਿਰਕਾਈਆਂ। ਸੂਹੇ ਚੀਰੇ ਵਾਲਾ ਮਾਹੀ ਮੁੱਦਤਾਂ ਤੋਂ ਗਵਾਚਾ ਲੌਂਗ ਲੱਭ ਰਿਹਾ ਸੀ ਅਤੇ ਫਿਰ ਉਮਾ ਨੇ ਦੁਹਾਈ ਦਿੱਤੀ, 'ਪਿਛੇ ਪਿਛੇ ਆਈਂ ਮੇਰੀ ਚਾਲ ਵੇਂਹਦਾ ਆਈਂ, ਚੀਰੇ ਵਾਲਿਆ ਵੇਖਦਾ ਆਈਂ ਵੇ, ਮੇਰਾ ਲੌਂਗ ਗੁਆਚਾ।' ਉਧਰ ਪੀਂਘ ਦੇ ਹੁਲਾਰਿਆਂ ਨਾਲ ਦਰੱਖਤਾਂ ਦੀਆਂ ਟਾਹਣੀਆਂ ਦੂਹਰੀਆਂ ਹੋ ਰਹੀਆਂ ਸਨ।

ਬਹੂਆਂ ਨੇ ਸੱਸ ਨੂੰ ਨਾ ਨਿੰਦਿਆ ਹੋਵੇ ਤਾਂ ਸ਼ਾਇਦ ਮੇਲਾ ਅਧੂਰਾ ਰਹਿ ਜਾਊ। ਦਰਾਣੀਆਂ-ਜਠਾਣੀਆਂ, ਸੱਸ-ਨੂੰਹ, ਨਣਦ-ਭਾਬੋ ਨੇ ਬੋਲੀਆਂ



ਰਾਹੀਂ ਚੰਗੀਆਂ ਚੋਭਾਂ ਲਾਈਆਂ। ਸੱਸ ਨੂੰ ਸਲਾਹੁਣ ਤੇ ਨਿੰਦਣ ਵਾਲੇ ਤਿੱਖੇ ਗੀਤ-ਨਛੱਤਰਾ ਸੱਸ ਕੁੱਟਣੀ, ਨਿੰਮ ਦਾ ਘੋਟਣਾ ਲਿਆਵੀਂ। ਸੱਸ ਕੁੱਟਣੀ, ਕੁੱਟਣੀ ਸੰਦੂਕਾਂ ਓਹਲੇ। ਲੋਕ ਨਾਚ ਗਿੱਧਾ, ਭੰਗੜਾ, ਝੂੰਮਰ, ਸੰਮੀ, ਟੱਪੇਮ ਢੋਲੇ ਤੇ ਮਾਹੀਏ ਦੇ ਗੀਤ ਤੇ ਬੋਲੀਆਂ ਦਾ ਪੂਰਾ ਬੋਲਬਾਲਾ ਸੀ। ਕੁਝ ਬੋਲੀਆਂ ਸਨ-ਬਾਗਾਂ ਦੇ ਵਿਚ ਕੋਇਲਾਂ ਕੂਕਣ, ਖੇਤਾਂ ਵਿਚ ਮੋਰ, ਨੱਚ ਕੇ ਦਿੱਖਾ ਦੇ ਪੰਜਾਬਣੇ, ਤੇਰੀ ਹਿਰਨੀ ਵਰਗੀ ਤੋਰ; ਪੈਰ ਡੱਕ ਲਏ ਜਮਾਨੇ ਕੋਲੋਂ ਡਰ ਕੇ, ਅੱਖੀਆਂ ਨਾ ਜਾਣ ਡੱਕੀਆ; ਵੇ ਮੈਂ ਲੜਾਂਗੀ ਮੁਕੱਦਮਾ ਪਿਆਰ ਦਾ, ਚੰਨ ਨੂੰ ਗਵਾਹ ਰੱਖ ਕੇ।

ਇਕ ਤੁਕੀ ਬੋਲੀਆਂ ਸਨ-ਤੇਰੇ ਲੌਂਗ ਦਾ



ਵੱਜਾ ਲਿਸ਼ਕਾਰਾ, ਆ ਜਾ ਗਿੱਧੇ ਵਿਚ ਮੁਟਿਆਰੇ, ਖਿੜ ਉਠਣਗੇ ਚੰਨ ਤੇ ਤਾਰੇ।

ਲੋਕ-ਤੱਥ, ਦੰਦ ਕਥਾਵਾਂ, ਬਾਤਾਂ ਤੇ ਬਤੋਲੀ ਵਰਗੀਆਂ ਵੰਨਗੀਆਂ ਦਾ ਰੰਗ ਵੀ ਹਾਜ਼ਰ ਸੀ। ਇੰਜ ਗੀਤ-ਸੰਗੀਤ ਦਾ ਸਿਲਸਿਲਾ ਚਲਦਾ ਰਿਹਾ।

'ਸਾਵਣ ਖੀਰ ਨਾ ਖਾਧੀਆਂ' ਦੀ ਮੱਤ 'ਤੇ ਚੱਲਦਿਆਂ ਖੀਰ, ਛੋਲੇ-ਭਠੂਰੇ, ਜਲੇਬੀਆਂ ਅਤੇ







ਪਾਣੀ ਦੀਆਂ ਬੋਤਲਾਂ ਵਾਧੂ ਸਨ। ਪਾਣੀ ਦੀਆਂ ਬੋਤਲਾਂ ਦੀ ਸੇਵਾ ਸਾਹਿਬਾ ਕੌਰ, ਅਮਨ ਢਿੱਲੋਂ ਤੇ ਨਵਜੋਤ ਨੇ ਕੀਤੀ। ਸ਼ਸ਼ੀ ਕਪੂਰ ਨੇ ਜਲੇਬੀਆਂ ਤਲ ਕੇ ਬੀਬੀਆਂ ਦਾ ਮੂੰਹ ਮਿੱਠਾ ਕਰਵਾਇਆ।

ਮੇਲੇ ਦਾ ਸਿਖਰ ਸੀ ਗਿੱਧਾ ਜੋ 'ਧਮਕ ਪੰਜਾਬਣਾਂ ਦੀ' ਟੀਮ ਨੇ ਪੇਸ਼ ਕਰਦਿਆਂ ਜਿਵੇਂ ਧਰਤੀ ਪੱਟਣੀ ਲਾ ਛੱਡੀ। ਗਿੱਧਾ ਪੂਰੇ ਜਲੌਅ 'ਤੇ ਸੀ। ਹਰ ਬੋਲੀ 'ਤੇ ਹੱਥਾਂ-ਪੈਰਾਂ ਤੇ ਅੱਖਾਂ ਦੀ ਚਮਕ ਸਿਖਰ 'ਤੇ ਸੀ। ਖਾਸ ਕਰਕੇ ਕੋਇਲ ਦੀ ਕੂਕ, ਮੈਂ ਪੰਜਾਬਣ ਜੱਟੀ, ਬੋਲੀ ਪਾਵਾਂ ਲਲਕਾਰ ਕੇ ਦਾ ਆਪਣਾ ਹੀ ਰੰਗ ਸੀ। ਕੁੜੀਆਂ ਨੇ ਇਕ ਤੋਂ ਇਕ ਚੜ੍ਹਦੀ ਬੋਲੀ ਚੁਕੀ। ਬੇਸ਼ਕ ਗਿੱਧਾ ਰਿਕਾਰਡ ਬੋਲੀਆਂ 'ਤੇ ਪੈ ਰਿਹਾ ਸੀ ਪਰ ਕੁੜੀਆਂ ਦੇ ਚਿਹਰੇ ਦੇ ਹਾਵ-ਭਾਵ, ਉਨ੍ਹਾਂ ਦੇ ਐਕਸ਼ਨ ਤੇ ਬੋਲੀਆਂ ਦਾ ਅਜਿਹਾ ਸੁਮੇਲ ਸੀ ਕਿ ਇਹ ਪਤਾ ਹੀ ਨਹੀਂ ਲਗਦਾ ਕਿ ਇਹ ਸਪੀਕਰ 'ਤੇ ਹਨ ਜਾਂ ਬੀਬੀਆਂ ਮੂੰਹੋਂ ਪਾ ਰਹੀਆਂ ਹਨ। ਕੁੜੀਆਂ ਮੂੰਹ ਨਾਲ ਗਾਗਰ ਚੁਕ ਕੇ ਗੇੜਾ ਦਿੰਦੀਆਂ ਭੰਬੀਰੀ ਵਾਂਗ ਘੁੰਮਦੀਆਂ ਤਾਂ ਜਾਪਦਾ ਗਾਗਰਾਂ ਗੇੜਾ ਖਾ ਰਹੀਆਂ ਹਨ।

'ਧਮਕ ਪੰਜਾਬਣਾਂ ਦੀ' ਟੀਮ ਨੇ ਪੂਰੀ ਬੱਲੇ ਬੱਲੇ ਕਰਵਾਈ ਜਿਸ ਦੇ ਮੈਂਬਰ ਸਨ-ਮਨਦੀਪ ਕੌਰ ਮਾਨ, ਸੁਖਬੀਰ ਕੌਰ ਢਿੱਲੋਂ, ਪੂਜਾ ਸਾਹਨੀ, ਪੂਜਾ ਸ਼ਰਮਾ, ਹਰਸਿਮਰਨ ਕੌਰ, ਪਰਮਜੋਤ ਕੌਰ ਢਿੱਲੋਂ, ਪਲਵੀ ਕੌਰ ਸਿੰਘ, ਰਿਤੂ ਕੌਰ, ਸਿਮਰਨ ਕੌਰ ਤੇ ਅਰਲੀਨ ਕੌਰ ਢਿੱਲੋਂ।



ਇਸ ਮੌਕੇ ਰੈਫਲ ਵੀ ਕੱਢੇ ਗਏ। ਗਿਫਟ ਸਿਮੀ ਸ਼ਰਮਾ ਦੀ 'ਲੈਵਿਸ਼ ਬਾਰ ਬਿਊਟੀ' ਅਤੇ 'ਪੌਸ਼ ਬੁਟੀਕ' ਨੇ ਦਿੱਤੇ। 'ਬੇਬੇ ਪੰਜਾਬਣ' ਦਾ ਖਿਤਾਬ ਮਿਲਿਆ ਬੀਬੀ ਸੁਰਜੀਤ ਕੌਰ ਸੰਧੂ (ਉਮਰ 90 ਸਾਲ) ਨੂੰ। ਸਭ ਤੋਂ ਛੋਟੀ ਪੰਜਾਬਣ ਦਾ ਖਿਤਾਬ ਅਜੂਨੀ ਕੌਰ ਤੇ ਅਸੀਸ ਕੌਰ ਨੂੰ ਮਿਲਿਆ। ਅਨੁਰੀਤ ਕੌਰ ਤੇ ਮਨਦੀਪ ਕੌਰ ਸੰਧੂ ਬੈਸਟ ਮੇਲਣਾਂ ਚੁਣੀਆਂ ਗਈਆਂ।

ਇਕ ਪਾਸੇ ਮਹਿੰਦੀ ਵਾਲੀ ਇਕ ਬੀਬੀ ਮੁਟਿਆਰਾਂ ਦੇ ਹੱਥਾਂ ਉਤੇ ਮਹਿੰਦੀ ਲਾ ਰਹੀ ਸੀ। ਮੁਟਿਆਰਾਂ ਨੇ ਤਲੀਆਂ 'ਤੇ ਮਹਿੰਦੀ ਦੀ ਮੀਨਾਕਾਰੀ ਕਰਵਾਉਣ ਲਈ ਝੁਰਮਟ ਪਾਇਆ ਹੋਇਆ ਸੀ।

ਫਿਰ ਬੱਝਾ ਗਿੱਧੇ ਦਾ ਖੁੱਲ੍ਹਾ ਪਿੜ। ਬੀਬੀਆਂ ਨੇ ਇਕ ਤੋਂ ਵੱਧ ਇਕ ਬੋਲੀ ਪਾ ਕੇ ਪੂਰਾ ਰੰਗ ਬੰਨਿਆ। ਅਖੀਰ ਵਿਚ ਡੀ. ਜੇ. ਦੇ ਗੀਤਾਂ ਉਤੇ ਨੱਚ ਨੱਚ ਕੇ ਬੀਬੀਆਂ ਨੇ ਆਪਣੇ ਚਾਅ ਪੂਰੇ ਕੀਤੇ।

ਸਵੇਰਾ (ਸਿੱਖ ਵੁਮੈਨ ਐਰਾ) ਸੰਸਥਾ ਦੀ ਮੋਹਰੀ ਬੀਬੀ ਜਸਬੀਰ ਕੌਰ ਮਾਨ ਨੇ ਕਿਹਾ ਕਿ ਸਾਡਾ ਮਕਸਦ ਇਕ ਦੂਜੇ ਨੂੰ ਹੱਲਾਸ਼ੇਰੀ ਦੇਣਾ, ਇਕ ਦੂਜੇ ਦੇ ਦੁਖ-ਦਰਦ ਵਿਚ ਸ਼ਾਮਿਲ ਹੋਣਾ ਤੇ ਹਰ ਪੱਖੋਂ ਔਰਤਾਂ ਨੂੰ ਸੁਚੇਤ ਕਰਨਾ ਅਤੇ ਆਪਸੀ ਸਾਂਝ ਵਧਾਉਣਾ ਹੈ। ਉਨ੍ਹਾਂ ਕਿਹਾ ਕਿ ਗੁਰਪ੍ਰੀਤ ਕੌਰ ਕਾਹਲੋਂ ਮੋਢੇ ਨਾਲ ਮੋਢਾ ਜੋੜ ਕੇ ਤੁਰ ਪਈ ਤੇ ਹੋਰ ਬੀਬੀਆਂ ਦੇ ਸਹਿਯੋਗ ਨਾਲ ਇਹ ਉਪਰਾਲਾ ਸਫਲ ਹੋਇਆ। ਮੇਲੇ ਨੂੰ ਕਾਮਯਾਬ ਕਰਨ ਲਈ ਰਾਜ ਧਾਲੀਵਾਲ, ਪਰਮਜੀਤ ਕੌਰ ਭੱਠਲ, ਗੁਰਪੀਤ ਕੌਰ ਸਿੰਘ, ਨਵਜੋਤ ਡਿਜਾਇਨ, ਅਮਨ ਕੌਰ ਢਿੱਲੋਂ, ਸੁਖਜੀਤ ਕੌਰ ਕਾਹਲੋਂ, ਭੁਪਿੰਦਰ ਕੌਰ ਧਨੋਆ, ਨਰਿੰਦਰ ਕੌਰ ਰੰਗੀ, ਡਾਲੀ ਕੌਰ ਸਿੰਘ, ਡਾ. ਹਰਬੰਸ ਕੌਰ ਦਿਓਲ, ਮਨਦੀਪ ਕੌਰ ਸੰਧੂ, ਹਰਜਿੰਦਰ ਕੌਰ ਬਸਰਾ, ਗੁਰਦੀਪ ਕੌਰ ਸਿੰਘ, ਮੀਨੂ ਜੇਠੀ, ਸਾਹਿਬਾ ਕੌਰ, ਸਰਗੁਨ ਕੌਰ, ਬਲਜੀਤ ਕੌਰ ਤੇ ਹਰਜਸ ਕੌਰ ਨੇ ਭਰਪੂਰ ਸਹਿਯੋਗ ਦਿੱਤਾ।

ਚੰਡੀਗੜ੍ਹ ਵਿਚ ਪੰਜਾਬ ਸਟੇਟ ਗਿੱਧਾ ਟੀਮ ਵਿਚ ਧੁਮਾਂ ਪਾ ਕੇ ਨਾਮਣਾ ਖੱਟਣ ਵਾਲੀ ਮਨਦੀਪ ਮਾਨ ਨੇ ਬੈਨਰ ਬਣਾਉਣ ਤੇ ਤੀਆਂ ਦੀ ਸਟੇਜ ਦੇ ਆਲੇ ਦੁਆਲੇ ਫੁਲਕਾਰੀ ਤੇ ਪੰਖੀਆਂ ਸਜਾਉਣ ਵਿਚ ਹਿੱਸਾ ਪਾਇਆ। ਸੁਖਬੀਰ ਕੌਰ ਢਿੱਲੋਂ ਨੇ ਗਿੱਧਾ ਟੀਮ ਤੇ ਹੋਰ ਕੰਮਾਂ ਵਿਚ ਹੱਥ ਵਟਾਇਆ।

ਜੀਤੂ ਢਿੱਲੋਂ ਨੇ ਕਈ ਕੰਮਾਂ ਨੂੰ ਸਿਰੇ ਚਾੜ੍ਹਨ ਦੀ ਜ਼ਿੰਮੇਵਾਰੀ ਲਈ। ਮੁਖਤਿਆਰ ਕੌਰ ਸਿੱਧੂ, ਸੁਖਵਿੰਦਰ ਕੌਰ ਸਿੱਧੂ ਤੇ ਮਨਜੀਤ ਕੌਰ ਸਿੱਧੂ ਦਾਦੀ-ਮਾਂਵਾਂ-ਧੀਆਂ ਹਮੇਸ਼ਾ ਦੀ ਤਰ੍ਹਾਂ ਸਾਥ ਦੇਣ ਵਾਲੀਆਂ ਸੱਚੀਆਂ ਤੇ ਪੱਕੀਆਂ ਸਹਿਯੋਗੀ ਹੋ ਨਿਬੜੀਆਂ।

ਪੀ.ਸੀ.ਐਸ. ਨੇ ਆਪਣੇ ਬਾਸਕਟਬਾਲ ਟੂਰਨਾਮੈਂਟ ਵਿਚ ਹੀ 'ਸਵੇਰਾ' ਸੰਸਥਾ ਦੇ ਤੀਆਂ ਦੇ ਮੇਲੇ ਦੀ ਤਾਰੀਖ ਅਨਾਊਂਸ ਕਰਕੇ ਆਪਣੇ ਸਹਿਯੋਗ ਦੀ ਹਾਮੀ ਭਰ ਦਿੱਤੀ ਸੀ। ਪੀ.ਐਚ.ਓ. ਦੇ ਬੈਨਰ ਥੱਲੇ ਤਾਂ ਪਹਿਲਾਂ ਹੀ 'ਧੀਆਂ ਦੀਆਂ ਤੀਆਂ' ਹੋ ਚੁਕੀਆਂ ਸਨ। ਹੋਰ ਸਭਿਆਚਾਰਕ ਤੇ ਖੇਡ ਸੰਸਥਾਵਾਂ ਨੇ ਵੀ ਭਰਵਾਂ ਸਹਿਯੋਗ ਦਿੱਤਾ। ਮੀਡੀਏ ਨੇ ਵੀ ਪੂਰਾ ਸਾਥ ਦਿੱਤਾ।

## ਝਲਕੀਆਂ

ਵ੍ਹੀਲ ਚੇਅਰ 'ਤੇ ਬੈਠ ਕੇ ਤੀਆਂ ਦਾ ਅਨੰਦ ਮਾਣਨ ਲਈ ਪਹੁੰਚੀ ਯਾਦਵਿੰਦਰ ਸਿੰਘ ਗਰੇਵਾਲ ਦੇ ਮਾਤਾ ਨੇ ਬੋਲੀ ਪਾਈ, 'ਜੁੱਤੀ ਕਸੂਰੀ ਪੈਰ ਨਾ ਪੂਰੀ, ਹਾਏ ਰੱਬਾ ਵੇ ਸਾਨੂੰ ਤੁਰਨਾ ਪਿਆ।'

---

ਮੇਲੇ ਵਿਚ ਕਈ ਮੁਟਿਆਰਾਂ ਨੇ ਕਾਲੇ ਚਸ਼ਮੇ ਲਾਏ ਹੋਏ ਸਨ। ਮੌਸਮ ਤਾਂ ਠੀਕ ਸੀ, ਚਸ਼ਮੇ ਧੁੱਪ ਤੋਂ ਬਚਣ ਲਈ ਸੀ ਜਾਂ 'ਤੈਨੂੰ ਕਾਲਾ ਚਸ਼ਮਾ ਜਚਦਾ' ਕਰਕੇ, ਰੱਬ ਜਾਣੇ।

---

ਫਾਰੈਸਟ ਪ੍ਰਿਜ਼ਰਵ ਦੇ 2 ਨੰਬਰ ਗਰੂਵ ਦੀਆਂ ਕੰਧਾਂ 'ਤੇ ਫੁਲਕਾਰੀਆਂ ਤੇ ਪੰਖੀਆਂ ਟੰਗੀਆਂ ਹੋਈਆਂ ਸਨ। ਕਈ ਮੁਟਿਆਰਾਂ ਨੇ ਭਾਂਤ-ਸੁਭਾਂਤੀਆਂ ਫੁਲਕਾਰੀਆਂ ਲਈਆਂ ਹੋਈਆ ਸਨ।

---

ਜਾਦੂ ਦੇ ਪਲ ਉਹ ਸਨ ਜਦੋਂ ਗਿੱਧੇ ਦੇ ਪਿੜ ਦੁਆਲੇ ਖੜੀ ਇਕ ਬੇਬੇ ਬੋਲੀਆਂ ਤੇ ਗਿੱਧੇ ਦੀ ਧਮਕ ਸੁਣ ਕੇ ਆਪਣੇ ਆਪ ਨੂੰ ਰੋਕ ਨਾ ਸਕੀ ਤੇ ਆਪਣੀ ਸੋਟੀ ਪਰ੍ਹਾਂ ਵਗਾਹ ਕੇ ਗਿੱਧੇ ਦੇ ਪਿੜ ਵਿਚ ਆ ਧਮਕੀ।

---

ਪਿੱਪਲ ਪੱਤੀਆਂ, ਪਰੀ ਬੰਦ, ਰਾਣੀ ਹਾਰ, ਛੱਲਾ, ਗਾਨੀ, ਗੋਖੜੂ, ਨੱਕ ਮੱਛਲੀ, ਕੋਕਾ, ਕੰਠੀ ਹੰਸ, ਸੋਨ ਚਿੜੀਆਂ, ਨੱਤੀਆਂ, ਵੰਗਾਂ, ਝਾਂਜਰਾਂ, ਕੰਨੀਂ ਝੁਮਕੇ ਤੇ ਬੁੰਦੇ ਗਿੱਧੇ ਦੇ ਪਿੜ ਨੂੰ ਵੱਖਰਾ ਹੀ ਰੰਗ ਦੇ ਰਹੇ ਸਨ। ਪੰਜਾਬੀ ਸੂਟਾਂ, ਰੇਸ਼ਮੀ ਦੁਪੱਟਿਆਂ, ਗੋਟੇ ਅਤੇ ਪੰਜਾਬੀ ਜੁੱਤੀ ਦਾ ਪੂਰਾ ਬੋਲਬਾਲਾ ਸੀ। ਕਿਸੇ ਨੇ ਮੀਢੀਆਂ ਗੁੰਦੀਆਂ ਹੋਈਆਂ ਸਨ ਤੇ ਕਿਸੇ ਨੇ ਸਿਰ 'ਤੇ ਕਲਿਪ-ਸੂਈਆਂ ਲਾਈਆਂ ਹੋਈਆਂ ਸਨ ਪਰ ਸੱਗੀ ਫੁੱਲ ਕਿਸੇ ਦੇ ਪਾਇਆ ਨਜ਼ਰ ਨਾ ਆਇਆ।

# ਕੱਟੜ ਬ੍ਰਾਹਮਣਵਾਦ ਵਿਰੁਧ ਇਕਜੁੱਟ ਹੋਣ ਦਾ ਤਹੱਈਆ





**ਸ਼ਿਕਾਗੋ (ਬਿਊਰੋ):** ਭਾਰਤ ਦੇ ਮੂਲ ਨਿਵਾਸੀਆਂ ਦੀ ਜਥੇਬੰਦੀ ਵਾਮਸੇਵਕ ਅਤੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਕੱਟੜ ਬ੍ਰਾਹਮਣਵਾਦ ਦਾ ਇਕਜੁੱਟ ਹੋ ਕੇ ਵਿਰੋਧ ਕਰਨ ਦਾ ਤਹੱਈਆ ਕੀਤਾ ਹੈ। ਇਹ ਨਿਰਣਾ ਇਥੋਂ ਨੇੜਲੇ ਸ਼ਹਿਰ ਫਰੈਂਕਫੋਰਟ ਵਿਚ ਦੋਹਾਂ ਜਥੇਬੰਦੀਆਂ ਵਲੋਂ ਕੀਤੀ ਗਈ ਇਕ ਪ੍ਰਭਾਵਸ਼ਾਲੀ ਕਾਨਫਰੰਸ ਦੌਰਾਨ ਲਿਆ ਗਿਆ ਜਿਸ ਵਿਚ ਭਾਰਤ ਤੋਂ ਵਾਮਸੇਵਕ ਜਥੇਬੰਦੀ ਦੇ ਇੰਟਰਨੈਸ਼ਨਲ ਪ੍ਰਧਾਨ ਸ਼੍ਰੀ ਵਾਮਨ ਮੇਸ਼ਰਾਮ, ਐਮ. ਕੇ. ਪਰਮਾਰ, ਜੀਵਨ ਬਾਲੇਰਾਉ, ਰਾਜ ਚਿਰਕੋਨਡੇ, ਨੀਸ਼ਾ ਪਰਮਾਰ ਤੇ ਅੰਕੁਸ਼ ਪਾਟਿਲ ਤੇ ਕੁਝ ਹੋਰ ਬੁਲਾਰਿਆਂ ਨੇ ਆਪੋ ਆਪਣੇ ਵਿਚਾਰ ਸਾਂਝੇ ਕੀਤੇ।

ਕਾਨਫਰੰਸ ਵਿਚ ਹਿੱਸਾ ਲੈਣ ਲਈ ਭਾਰਤ ਤੋਂ 100 ਦੇ ਕਰੀਬ ਪਾਰਟੀ ਡੈਲੀਗੇਟ ਪਹੁੰਚੇ ਹੋਏ ਸਨ। ਸ਼ਿਕਾਗੋ ਏਰੀਏ ਦੇ ਵੱਖ ਵੱਖ ਸ਼ਹਿਰਾਂ ਵਿਚੋਂ ਵਾਮਸੇਵਕ ਦੇ ਮੈਂਬਰ ਵੱਡੀ ਗਿਣਤੀ ਵਿਚ ਪਹੁੰਚੇ ਹੋਏ ਸਨ। ਸ਼੍ਰੀ ਵਾਮਨ ਮੇਸ਼ਰਾਮ ਸਮੇਤ ਵਾਮਸੇਵਕਾਂ ਵਲੋਂ ਆਪੋ ਆਪਣੇ ਵਿਚਾਰ ਰੱਖੇ ਗਏ ਤੇ ਸ਼੍ਰੀ ਵਾਮਨ ਮੇਸ਼ਰਾਮ ਨੇ ਸਿੱਖ ਭਾਈਚਾਰੇ ਨਾਲ ਤੇ ਵਿਸ਼ੇਸ਼ ਤੌਰ 'ਤੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨਾਲ ਹੋਈ ਸਿਆਸੀ ਸਾਂਝ ਦਾ ਵਿਸ਼ੇਸ਼ ਤੌਰ 'ਤੇ ਜ਼ਿਕਰ ਕੀਤਾ। ਬ੍ਰਾਹਮਣਵਾਦ ਦੇ ਵਿਰੁਧ ਇਕੱਠੇ ਹੋ ਕੇ ਲੜਾਈ ਲੜਨ ਲਈ ਇਕਜੁਟਤਾ ਦਾ ਤਹੱਈਆ ਕੀਤਾ ਗਿਆ।




ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਕੌਮੀ ਜਨਰਲ ਸਕੱਤਰ ਜੀਤ ਸਿੰਘ ਆਲੋਅਰਖ, ਸ਼ਿਕਾਗੋ ਯੂਨਿਟ ਦੇ ਪ੍ਰਧਾਨ ਲਖਵੀਰ ਸਿੰਘ ਕੰਗ ਤੇ ਪ੍ਰੋਫੈਸਰ ਬਲਜਿੰਦਰ ਸਿੰਘ ਮੋਰਜੰਡ ਨੇ ਪਾਰਟੀ ਅਤੇ ਵਾਮਸੇਵਕ ਨਾਲ ਪਈ ਸਾਂਝ ਦੀ ਗੱਲ ਕੀਤੀ। ਇਸ ਤੋਂ ਇਲਾਵਾ ਸ਼ਿਕਾਗੋ ਦੀ ਸਿੱਖ ਸੰਗਤ ਦੀ ਤਰਫੋਂ ਹਰਕੀਰਤ ਸਿੰਘ ਸੰਧੂ, ਬੀਬੀ ਸੁਖਦੇਵ ਕੌਰ ਘੁਮਾਣ ਅਤੇ ਕਰਮਜੀਤ ਸਿੰਘ ਭਟਨੂਰਾ ਨੇ ਵਿਚਾਰਾਂ ਦੀ ਸਾਂਝ ਪਾਈ। ਮੰਚ ਸੰਚਾਲਨ ਸ਼੍ਰੋਮਣੀ ਅਕਾਲੀ ਦਲ (ਮਾਨ) ਅਮਰੀਕਾ ਦੇ ਯੂਥ ਵਿੰਗ ਦੇ ਮੀਤ ਪ੍ਰਧਾਨ ਸੰਤ ਬਲਵੀਰ ਸਿੰਘ ਨੇ ਕੀਤਾ।

ਕਾਨਫਰੰਸ ਨੂੰ ਕਾਮਯਾਬ ਕਰਨ ਵਿਚ ਪਾਰਟੀ ਦੇ ਸੀਨੀਅਰ ਮੈਂਬਰ ਤੇ ਕੋਆਰਡੀਨੇਸ਼ਨ ਕਮੇਟੀ ਦੇ ਮੈਂਬਰ ਮੱਖਣ ਸਿੰਘ ਕਲੇਰ ਤੇ ਵਾਮਸੇਵਕ ਦੇ ਰਾਜ ਚਿਰਕੋਨਡੇ ਦਾ ਅਹਿਮ ਯੋਗਦਾਨ ਰਿਹਾ। ਅਖੀਰ ਵਿਚ ਅਕਾਲੀ ਦਲ ਦੇ ਮੈਂਬਰਾਂ-ਮੱਖਣ ਸਿੰਘ ਕਲੇਰ, ਲਖਵੀਰ ਸਿੰਘ ਕੰਗ, ਹਰਮਿੰਦਰ ਸਿੰਘ ਖੈਹਰਾ, ਸੁਰਿੰਦਰ ਸਿੰਘ, ਸੰਤ ਬਲਵੀਰ ਸਿੰਘ, ਸੁਖਵਿੰਦਰ ਸਿੰਘ ਗਿੱਲ, ਸੰਤੋਖ ਸਿੰਘ ਭਟਨੂਰਾ ਅਤੇ ਭਰਪੂਰ ਸਿੰਘ ਨੇ ਵਾਮਨ ਮੈਸ਼ਰਾਮ ਦਾ ਸਨਮਾਨ ਚਿੰਨ ਦੇ ਕੇ ਸਨਮਾਨ ਕੀਤਾ।

## ਕਾਨਪੁਰ ਸਿੱਖ ਕਤਲੇਆਮ ਦੀ ਸੁਣਵਾਈ ਅੱਗੇ ਪਈ

**ਨਵੀਂ ਦਿੱਲੀ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਅਖਿਲ ਭਾਰਤੀ ਦੰਗਾ ਰਾਹਤ ਕਮੇਟੀ ਵੱਲੋਂ ਸੁਪਰੀਮ ਕੋਰਟ 'ਚ ਕਾਨਪੁਰ ਸਿੱਖ ਕਤਲੇਆਮ ਬਾਰੇ ਪਾਈ ਗਈ ਪਟੀਸ਼ਨ 'ਤੇ ਸੁਣਵਾਈ 4 ਅਕਤੂਬਰ ਨੂੰ ਹੋਵੇਗੀ।

ਪਟੀਸ਼ਨਕਰਤਾ ਮੁਤਾਬਕ ਨਵੰਬਰ 1984 ਦੇ ਸਿੱਖ ਕਤਲੇਆਮ ਦੌਰਾਨ ਕਾਨਪੁਰ ਵਿਚ 122 ਸਿੱਖ ਸਰਕਾਰੀ ਰਿਕਾਰਡ ਮੁਤਾਬਕ ਮਾਰੇ ਗਏ ਸਨ ਤੇ ਸੂਚਨਾ ਅਧਿਕਾਰ ਤਹਿਤ ਮਿਲੀ ਜਾਣਕਾਰੀ ਅਨੁਸਾਰ 32 ਦੋਸ਼ੀਆਂ ਬਾਰੇ ਪਤਾ ਲੱਗਾ ਸੀ। ਪਟੀਸ਼ਨ ਵਿਚ ਪੁਲਿਸ ਵੱਲੋਂ ਸਬੂਤ ਮਿਟਾਉਣ ਤੇ ਚਾਰਜਸ਼ੀਟ ਦਾਖਲ ਨਾ ਕਰਨ ਕਰਕੇ ਸੀ. ਬੀ. ਆਈ. ਤੋਂ ਜਾਂਚ ਦੀ ਮੰਗ ਕੀਤੀ ਗਈ ਸੀ।




Madan Khatri
BHHS Berkshire Hathaway HomeServices
Want to Buy/Sell
Homes, THs, Condos!
Call Madan Khatri
Ph: 847-530-1550
www.PropertyZoo.com
CALL TO BUY / SELL HOME TODAY!
Top Producer at the office in 2011-2013-2014
*****A Broker who can work with you from Beginning to End, Call Now!!!*****
BHHS American Heritage
1010 Rohwing Road, Elk Grove Village, IL

Personalized Service-Committed To Quality
Solutions Financial Mortgage Company
Purchase & Refinance Your Home Loans

ਆਪਣਾ ਘਰ ਖਰੀਦਣ ਜਾਂ ਘਰ ਉਪਰ ਲੋਨ ਰੀਫਾਇਨਾਂਸ ਕਰਾਉਣ ਲਈ ਸੰਪਰਕ ਕਰੋ
Cell 312-608-0006
1701 E. Lake Avenue #280, Glenview, IL 60025- Office: 847-834-0100 Fax: 847-834-0106
AMRIK P. SINGH Mortgage Loan Originator NMLS # 232904
Illinois Residential Mortgage Licensee.
Email: asingh@solutionsfn.com
Web: www.solutionsfn.com

Michigan Truck Driving School
6405 Middlebelt Road, Romulus, MI 48174
ਸਭ ਸਹੂਲਤਾਂ ਨਾਲ ਲੈਸ ਨਵਾਂ ਟਰੱਕ ਡਰਾਈਵਿੰਗ ਸਕੂਲ

*ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਈਵਰ ਬਣੋ
Raj Jamarai Cell:734-644-1010 Office:734-747-4298

Sistar Mortgage
Minimizing Cost, Maximizing Investment
www.SistarMortgage.com

Balbir (Bill) Grewal, Loan Officer (NMLS 353442)
Residential & Commercial Loans
(734) 330-8859 Mobile
(586) 802-7385 Fax
Balbir.Grewal@SistarMortgage.com
Loans Available In Most States!
*Refinance up to 125% value of the house.
•Residential Loans (Purchase, Refinance & Cash Out Refinance). •Self Employed and H1 Visa •Jumbo loans •Commercial Property With Business or Business Only. •Business Equity Line of Credit. •Multi Unit Investment Property.




# ਛੇੜਛਾੜ ਖਿਲਾਫ ਰੋਸ ਕਰਦੀਆਂ ਵਿਦਿਆਰਥਣਾਂ 'ਤੇ ਪੁਲਿਸ ਦਾ ਕਹਿਰ

**ਵਾਰਾਣਸੀ/ਲਖਨਊ:** ਲੜਕੀਆਂ ਨਾਲ ਛੇੜਛਾੜ ਵਿਰੁੱਧ ਬਨਾਰਸ ਹਿੰਦੂ ਯੂਨੀਵਰਸਿਟੀ ਵਿਚ ਰੋਸ ਮੁਜ਼ਾਹਰੇ ਦੌਰਾਨ ਪੁਲਿਸ ਵੱਲੋਂ ਵਿਦਿਆਰਥੀਆਂ 'ਚੇ ਖੁੱਲ੍ਹ ਕੇ ਡੰਡੇ ਵਰ੍ਹਾਏ। ਗੜਬੜ ਉਦੋਂ ਸ਼ੁਰੂ ਹੋਈ ਜਦੋਂ ਕੁਝ ਵਿਦਿਆਰਥੀ ਜੋ ਲੜਕੀਆਂ ਨੂੰ ਛੇੜਨ ਵਿਰੁੱਧ ਰੋਸ ਪ੍ਰਗਟਾਅ ਰਹੇ ਸਨ, ਨੇ ਉਪ ਕੁਲਪਤੀ ਨੂੰ ਉਸ ਦੀ ਰਹਾਇਸ਼ ਉਤੇ ਮਿਲਣ ਦੀ ਕੋਸ਼ਿਸ਼ ਕੀਤੀ। ਸੁਰੱਖਿਆ ਗਾਰਡਾਂ ਨੇ ਵਿਦਿਆਰਥੀਆਂ ਨੂੰ ਰੋਕ ਦਿੱਤਾ ਅਤੇ ਪੁਲਿਸ ਨੂੰ ਸੂਚਨਾ ਦਿੱਤੀ।


ਵਾਰਾਣਸੀ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ਲੋਕ ਸਭਾ ਹਲਕਾ ਹੈ। ਸਮੁੱਚਾ ਘਟਨਾਕ੍ਰਮ ਪ੍ਰਧਾਨ ਮੰਤਰੀ ਮੋਦੀ ਦੀ ਵਾਰਾਣਸੀ ਫੇਰੀ ਤੋਂ ਕੁਝ ਘੰਟੇ ਬਾਅਦ ਵਾਪਰਿਆ, ਇਸ ਲਈ ਇਸ ਨੂੰ ਸਿਆਸੀ ਰੰਗਤ ਵੀ ਖੁੱਲ੍ਹ ਕੇ ਦਿੱਤੀ ਜਾ ਰਹੀ ਹੈ। ਆਰਟਸ ਫੈਕਲਟੀ ਦੀ ਇਕ ਵਿਦਿਆਰਥਣ ਨੂੰ ਯੂਨੀਵਰਸਿਟੀ ਕੈਂਪਸ ਦੇ ਅੰਦਰ ਤਿੰਨ



ਮੋਟਰਸਾਈਕਲ ਸਵਾਰਾਂ ਵੱਲੋਂ ਛੇੜਛਾੜ ਤੋਂ ਮਾਮਲਾ ਭਖਿਆ। ਵਿਦਿਆਰਥੀਆਂ ਦਾ ਦਾਅਵਾ ਹੈ ਕਿ ਸ਼ਿਕਾਇਤ ਮਿਲਣ 'ਤੇ ਹੋਸਟਲ ਵਾਰਡਨ ਨੇ ਮਾਮਲੇ ਦੀ ਸੂਚਨਾ, ਯੂਨੀਵਰਸਿਟੀ ਅਧਿਕਾਰੀਆਂ ਨੂੰ ਦੇਣ ਦੀ ਥਾਂ ਉਸ ਵਿਦਿਆਰਥਣ ਤੋਂ ਹੀ ਰਾਤ ਵੇਲੇ ਹੋਸਟਲ ਤੋਂ ਬਾਹਰ ਘੁੰਮਣ ਦੀ ਵਜ੍ਹਾ ਪੁੱਛਣੀ ਸ਼ੁਰੂ ਕਰ ਦਿੱਤੀ। ਇਸ ਬਾਰੇ ਪਤਾ ਲੱਗਣ 'ਤੇ ਵਿਦਿਆਰਥੀਆਂ ਨੇ ਰੋਸ ਪ੍ਰਗਟਾਉਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਨੂੰ ਸ਼ਾਂਤ ਕਰਨ ਦੀ ਥਾਂ ਯੂਨੀਵਰਸਿਟੀ ਅਧਿਕਾਰੀਆਂ ਨੇ ਟਕਰਾਅ ਵਾਲਾ ਰੁਖ ਅਖਤਿਆਰ ਕਰ ਲਿਆ। ਉਪ ਕੁਲਪਤੀ ਦਾ ਦਾਅਵਾ ਹੈ ਕਿ ਸਮੁੱਚੇ ਘਟਨਾਕ੍ਰਮ ਲਈ 'ਬਾਹਰੀ ਬੰਦੇ' ਜ਼ਿੰਮੇਵਾਰ ਹਨ ਜਿਨ੍ਹਾਂ ਨੇ ਜਾਣ-ਬੁੱਝ ਕੇ ਯੂਨੀਵਰਸਿਟੀ ਅੰਦਰ ਹਿੰਸਕ ਮਾਹੌਲ ਪੈਦਾ ਕੀਤਾ। ਉਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆ ਨਾਥ ਨੇ ਡਿਊਟੀ ਪ੍ਰਤੀ ਕੋਤਾਹੀ ਦੇ ਦੋਸ਼ਾਂ ਹੇਠ ਤਿੰਨ ਡਿਊਟੀ ਮੈਜਿਸਟਰੇਟ, ਇਕ ਥਾਣਾ ਮੁਖੀ ਤੇ ਇਕ ਸਰਕਲ ਅਫਸਰ ਨੂੰ ਮੁਅੱਤਲ ਕਰ ਦਿੱਤਾ ਹੈ, ਪਰ ਇਹ ਕਾਰਵਾਈਆਂ ਨਾਰਾਜ਼ ਵਿਦਿਆਰਥੀਆਂ ਨੂੰ ਸ਼ਾਂਤ ਕਰਨ ਪੱਖੋਂ ਨਾਕਾਫੀ ਜਾਪਦੀਆਂ ਹਨ।

### ਮੋਦੀ ਸਾਹਮਣੇ ਵਿਦਿਆਰਥਣ ਨੇ ਮੁੰਨਿਆ ਸਿਰ

**ਵਾਰਾਣਸੀ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਵਾਰਾਣਸੀ ਦੌਰੇ ਦੌਰਾਨ ਬਨਾਰਸ ਹਿੰਦੂ ਯੂਨੀਵਰਸਿਟੀ ਦੀਆਂ ਵਿਦਿਆਰਥਣਾਂ ਨੇ ਜ਼ੋਰਦਾਰ ਪ੍ਰਦਰਸ਼ਨ ਕੀਤਾ। ਉਸ ਦੇ ਸਮਰਥਨ ਵਿਚ ਯੂਨੀਵਰਸਿਟੀ ਦੀਆਂ ਕਾਫੀ ਕੁੜੀਆਂ ਨਿੱਤਰ ਆਈਆਂ। ਵਿਦਿਆਰਥਣਾਂ ਨੇ ਦੋਸ਼ ਲਾਇਆ ਕਿ ਕੈਂਪਸ ਦੇ ਬਾਹਰ ਵਾਲੇ ਮੁੰਡਿਆਂ ਨੇ ਉਨ੍ਹਾਂ ਦੀ ਜ਼ਿੰਦਗੀ ਨੂੰ ਨਰਕ ਬਣਾ ਦਿੱਤਾ ਹੈ। ਛੇੜਖਾਨੀ ਕਰਨ ਵਾਲਿਆਂ ਦੀ ਹਿੰਮਤ ਇੰਨੀ ਵਧ ਗਈ ਹੈ ਕਿ ਉਹ ਕੁੜੀਆਂ ਦੇ ਹੋਸਟਲ ਵਿਚ ਰੋੜੇ ਵੀ ਮਾਰਦੇ ਹਨ।




# ਮੋਦੀ ਰਾਜ ਦੇ ਤਿੰਨ ਸਾਲਾਂ 'ਚ ਪਾਕਿਸਤਾਨ ਤੇ ਭਾਰਤ ਵਿਚ ਤਣਾਅ ਵਧਿਆ

**ਚੰਡੀਗੜ੍ਹ:** ਕੌਮਾਂਤਰੀ ਸਰਹੱਦ ਉਤੇ ਇਸ ਵਰ੍ਹੇ ਗੋਲੀਬੰਦੀ ਦੀ ਉਲੰਘਣਾ ਵਿਚ ਭਾਰੀ ਵਾਧਾ ਹੋਣ ਕਾਰਨ ਪਾਕਿਸਤਾਨ ਤੇ ਭਾਰਤ ਵਿਚ ਤਣਾਅ ਵਧ ਰਿਹਾ ਹੈ।

ਸੂਚਨਾ ਦੇ ਅਧਿਕਾਰ (ਆਰ.ਟੀ.ਆਈ.) ਤਹਿਤ ਕੇਂਦਰੀ ਗ੍ਰਹਿ ਵਿਭਾਗ ਤੋਂ ਮਿਲੀ ਜਾਣਕਾਰੀ ਤੋਂ ਪਤਾ ਲੱਗਾ ਹੈ ਕਿ ਪਿਛਲੇ ਤਿੰਨ ਸਾਲਾਂ ਦੌਰਾਨ ਨਰੇਂਦਰ ਮੋਦੀ ਦੀ ਅਗਵਾਈ ਹੇਠ ਬਣੀ ਐਨ.ਡੀ.ਏ. ਸਰਕਾਰ ਦੌਰਾਨ 2014 ਵਿਚ ਸਭ ਤੋਂ ਵੱਧ ਗੋਲੀਬੰਦੀ ਦੀ ਉਲੰਘਣਾ ਹੋਈ ਹੈ ਅਤੇ ਇਸ ਵਰ੍ਹੇ ਮੁੜ ਅਜਿਹੀਆਂ ਘਟਨਾਵਾਂ ਵਿਚ ਵਾਧਾ ਹੋਇਆ ਹੈ। ਕੇਂਦਰੀ ਗ੍ਰਹਿ ਵਿਭਾਗ ਵੱਲੋਂ ਸਾਲ 2014 ਤੋਂ ਲੈ ਕੇ ਅਗਸਤ 2017 ਤੱਕ ਇਸ ਬਾਬਤ ਦਿੱਤੀ ਜਾਣਕਾਰੀ ਵਿਚ ਸਪੱਸ਼ਟ ਸੰਕੇਤ ਮਿਲੇ ਹਨ ਕਿ ਇਸ ਵਰ੍ਹੇ ਗੋਲੀਬੰਦੀ ਦੀ ਉਲੰਘਣਾ ਵਿਚ ਭਾਰੀ ਵਾਧਾ ਹੋਇਆ ਹੈ। ਸਾਲ 2014 ਦੌਰਾਨ ਜੰਮੂ ਤੇ ਕਸ਼ਮੀਰ (ਐਲ.ਓ.ਸੀ.) ਅਤੇ ਕੌਮਾਂਤਰੀ ਸਰਹੱਦ ਉਪਰ 583 ਵਾਰ ਗੁਆਂਢੀ ਦੇਸ਼ ਵੱਲੋਂ ਗੋਲੀਬੰਦੀ ਦੀ ਉਲੰਘਣਾ ਕੀਤੀ ਗਈ ਜਿਸ ਦੌਰਾਨ ਫੌਜ ਅਤੇ ਬੀ.ਐਸ.ਐਫ. ਦੇ ਤਿੰਨ ਜਵਾਨ ਸ਼ਹੀਦ ਅਤੇ 14 ਆਮ ਲੋਕਾਂ ਦੀਆਂ ਜਾਨਾਂ ਗਈਆਂ ਹਨ। ਸਾਲ 2015 ਦੌਰਾਨ ਭਾਵੇਂ ਗੋਲੀਬੰਦੀ ਦੀ ਉਲੰਘਣਾ ਦੀਆਂ ਘਟਨਾਵਾਂ ਘਟੀਆਂ ਪਰ ਮੌਤਾਂ ਦੀ ਗਿਣਤੀ ਵਧੀ।

### ਕੌਮਾਂਤਰੀ ਸਰਹੱਦ 'ਤੇ ਗੋਲੀਬੰਦੀ ਦੀ ਸਭ ਤੋਂ ਵੱਧ ਉਲੰਘਣਾ




ਜੰਮੂ ਤੇ ਕਸ਼ਮੀਰ ਅਤੇ ਕੌਮਾਂਤਰੀ ਸਰਹੱਦ ਉਪਰ ਗੋਲੀਬੰਦੀ ਦੀ ਉਲੰਘਣਾ ਦੀਆਂ 405 ਘਟਨਾਵਾਂ ਵਾਪਰੀਆਂ ਸਨ। ਇਸ ਦੌਰਾਨ ਬੀ.ਐਸ.ਐਫ. ਅਤੇ ਫੌਜ ਦੇ 10 ਜਵਾਨ ਸ਼ਹੀਦ ਅਤੇ 16 ਆਮ ਲੋਕਾਂ ਦੀਆਂ ਜਾਨਾਂ ਗਈਆਂ। ਇਸ ਤਰ੍ਹਾਂ ਭਾਵੇਂ ਸਾਲ 2015 ਦੌਰਾਨ ਗੋਲੀਬੰਦੀ ਉਲੰਘਣਾ ਦੀਆਂ 78 ਘਟਨਾਵਾਂ ਘੱਟ ਵਾਪਰੀਆਂ ਪਰ 7 ਫੌਜੀਆਂ ਅਤੇ 2 ਆਮ ਵਿਅਕਤੀਆਂ ਦੀਆਂ ਪਿਛਲੇ ਸਾਲ ਨਾਲੋਂ ਵੱਧ ਮੌਤਾਂ ਹੋਈਆਂ।

ਸਾਲ 2016 ਦੌਰਾਨ ਜੰਮੂ ਤੇ ਕਸ਼ਮੀਰ ਵਿਚ ਗੋਲੀਬੰਦੀ ਦੀ ਉਲੰਘਣਾ ਦੀਆਂ 449 ਘਟਨਾਵਾਂ ਵਾਪਰੀਆਂ। ਇਸ ਦੌਰਾਨ ਬੀ.ਐਸ.ਐਫ. ਅਤੇ ਫੌਜ ਦੇ ਜਵਾਨ ਅਤੇ ਇੰਨੇ ਹੀ ਆਮ ਲੋਕ ਗੋਲੀਆਂ ਦਾ ਸ਼ਿਕਾਰ ਹੋਏ। ਇਸੇ ਤਰ੍ਹਾਂ ਸਾਲ 2015 ਅਤੇ ਸਾਲ 2016 ਦੌਰਾਨ 26-26 ਫੌਜੀ ਅਤੇ ਆਮ ਲੋਕ ਮਾਰੇ ਗਏ ਹੋਏ। ਅਗਸਤ 2017 ਤੱਕ ਹੀ ਜੰਮੂ ਤੇ ਕਸ਼ਮੀਰ ਅਤੇ ਕੌਮਾਂਤਰੀ ਸਰਹੱਦ ਉਪਰ ਗੋਲੀਬੰਦੀ ਉਲੰਘਣਾ ਦੀਆਂ 418 ਘਟਨਾਵਾਂ ਵਾਪਰ ਚੁੱਕੀਆਂ ਹਨ। ਹੁਣ ਤੱਕ ਬੀ.ਐਸ.ਐਫ. ਅਤੇ ਫੌਜ ਦੇ 14 ਜਵਾਨ ਸ਼ਹੀਦ ਅਤੇ 7 ਆਮ ਲੋਕਾਂ ਦੀਆਂ ਜਾਨਾਂ ਗਈਆਂ ਹਨ। ਸਾਲ 2014 ਤੋਂ ਲੈ ਕੇ ਅਗਸਤ 2017 ਦੌਰਾਨ ਜੰਮੂ ਤੇ ਕਸ਼ਮੀਰ (ਐਲ.ਓ.ਸੀ.) ਵਿਚ 1855 ਵਾਰ ਗੋਲੀਬੰਦੀ ਦੀ ਉਲੰਘਣਾ ਹੋਈ ਹੈ। ਇਸ ਵਰ੍ਹੇ 31 ਅਗਸਤ ਤੱਕ ਔਸਤਨ ਤਿੰਨ ਦਿਨਾਂ ਦੌਰਾਨ ਪੰਜ ਵਾਰ ਗੋਲੀਬੰਦੀ ਦੀ ਉਲੰਘਣਾ ਹੁੰਦੀ ਆ ਰਹੀ ਹੈ।

### ਮੀਰਵਾਇਜ਼ ਨੇ ਵਾਜਪਾਈ ਫਾਰਮੂਲੇ ਨੂੰ ਢੁਕਵਾਂ ਦੱਸਿਆ

**ਸ੍ਰੀਨਗਰ:** ਹੁਰੀਅਤ ਕਾਨਫਰੰਸ ਦੇ ਨਰਮ ਧੜੇ ਦੇ ਵੱਖਵਾਦੀ ਆਗੂ ਮੀਰਵਾਇਜ਼ ਉਮਰ ਫਾਰੂਕ ਨੇ ਕਿਹਾ ਹੈ ਕਿ ਉਹ ਕੇਂਦਰ ਨਾਲ ਬਿਨਾਂ ਸ਼ਰਤ ਵਾਰਤਾ ਦੇ ਹੱਕ 'ਚ ਹਨ ਪਰ ਗੱਲਬਾਤ ਤਾਂ ਹੀ ਸਿਰੇ ਚੜ੍ਹ ਸਕਦੀ ਹੈ ਜੇਕਰ 2000 ਦੇ ਸ਼ੁਰੂ ਵਿਚ ਵਾਜਪਾਈ ਸਰਕਾਰ ਦੇ ਸਿਧਾਂਤ ਦਾ ਪਾਲਣ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਵਾਜਪਾਈ ਫਾਰਮੂਲੇ 'ਚ ਸਾਰੀਆਂ ਧਿਰਾਂ ਦੀ ਸ਼ਮੂਲੀਅਤ ਸੀ। ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਵੱਲੋਂ ਵਾਰਤਾ ਦੇ ਦਿੱਤੇ ਗਏ ਸੁਝਾਅ ਦਾ ਸਵਾਗਤ ਕਰਦਿਆਂ 44 ਵਰ੍ਹਿਆਂ ਦੇ ਮੀਰਵਾਇਜ਼ ਨੇ ਕਿਹਾ ਕਿ ਗੱਲਬਾਤ ਦਾ ਅਮਲ ਸ਼ੁਰੂ ਹੋਣਾ ਚਾਹੀਦਾ ਹੈ ਅਤੇ ਨਤੀਜਿਆਂ ਦੀ ਪ੍ਰਵਾਹ ਨਹੀਂ ਕਰਨੀ ਚਾਹੀਦੀ ਪਰ ਪ੍ਰਕਿਰਿਆ ਸੰਜੀਦਾ ਹੋਵੇ। ਉਂਜ ਮੀਰਵਾਇਜ਼ ਦੇ ਸੁਝਾਅ ਨੂੰ ਸਰਕਾਰ ਨਹੀਂ ਮੰਨਣ ਵਾਲੀ ਕਿਉਂਕਿ ਵਾਜਪਾਈ ਫਾਰਮੂਲੇ 'ਚ ਪਾਕਿਸਤਾਨ ਵੀ ਸ਼ਾਮਲ ਹੈ।



## 'ਹਾਰਵੇ' ਪੀੜਤਾਂ ਲਈ ਭਾਰਤੀ ਜੋੜੇ ਵੱਲੋਂ ਇਕ ਕਰੋੜ 62 ਲੱਖ ਡਾਲਰ ਦਾਨ

**ਹਿਊਸਟਨ:** ਤੂਫਾਨ ਹਾਰਵੇ ਤੋਂ ਝੰਬੇ ਹੋਏ ਅਮਰੀਕਾ ਨੂੰ ਇਕ ਭਾਰਤੀ ਮੂਲ ਦੇ ਅਮਰੀਕੀ ਜੋੜੇ ਨੇ ਵੱਡਾ ਜੇਰਾ ਕਰਦਿਆਂ ਹਿਊਸਟਨ ਮੇਅਰ ਰਾਹਤ ਫੰਡ ਵਿਚ ਇਕ ਕਰੋੜ 62 ਲੱਖ ਰੁਪਏ (2,50000) ਅਮਰੀਕੀ ਡਾਲਰ ਦਾਨ ਵਜੋਂ ਦਿੱਤੇ ਹਨ। ਸਥਾਨਕ ਸ਼ਹਿਰ ਵਾਸੀ ਅਮਿਤ ਭੰਡਾਰੀ ਤੇ ਉਸ ਦੀ ਪਤਨੀ ਅਰਪਿਤਾ ਬ੍ਰਹਮਭੱਟ ਭੰਡਾਰੀ ਨੇ ਇਹ ਰਕਮ ਸ਼ਹਿਰ ਦੇ ਮੇਅਰ ਸਿਲਵੇਸਟਰ ਟਰਨਰ ਨੂੰ ਗ੍ਰੇਟਰ ਹਿਊਸਟਨ ਕਮਿਊਨਿਟੀ ਫਾਊਂਡੇਸ਼ਨ ਨੂੰ ਹਾਰਵੇ ਤੂਫਾਨ ਲਈ ਰਾਹਤ ਵਜੋਂ ਸੌਂਪੀ ਹੈ। ਭੰਡਾਰੀ, ਊਰਜਾ ਤੇ ਖੇਤੀਬਾੜੀ ਸਬੰਧਤ ਕੰਪਨੀ ਬਾਇਓਊਰਜਾ ਗਰੁੱਪ ਦੇ ਸੀ.ਈ.ਓ. ਹਨ। ਉਨ੍ਹਾਂ ਦਾ ਕਾਰੋਬਾਰ ਹਿਊਸਟਨ ਸਮੇਤ ਦੁਨੀਆਂ ਦੇ ਕਈ ਦੇਸ਼ਾਂ ਵਿਚ ਹੈ।

## ਸਿੱਧੂ ਵੱਲੋਂ ਈਦੂ ਸ਼ਰੀਫ ਦੀ ਮਾਲੀ ਮਦਦ

**ਚੰਡੀਗੜ੍ਹ:** ਪੰਜਾਬ ਦੇ ਸਭਿਆਚਾਰਕ ਮਾਮਲਿਆਂ ਤੇ ਸੈਰ ਸਪਾਟਾ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਅਧਰੰਗ ਦੀ ਬਿਮਾਰੀ ਨਾਲ ਜੂਝ ਰਹੇ ਢਾਡੀ ਲੋਕ ਗਾਇਕ ਈਦੂ ਸ਼ਰੀਫ ਦੇ ਘਰ ਜਾ ਕੇ ਉਨ੍ਹਾਂ ਨੂੰ ਦੋ ਲੱਖ ਰੁਪਏ ਦੀ ਵਿੱਤੀ ਸਹਾਇਤਾ ਭੇਟ ਕੀਤੀ। ਮਨੀਮਾਜਰਾ ਸਥਿਤ ਈਦੂ ਸ਼ਰੀਫ ਦੇ ਘਰ ਇਹ ਵਿੱਤੀ ਸਹਾਇਤਾ ਭੇਟ ਕਰਨ ਮੌਕੇ ਕਲਾ ਪ੍ਰੀਸ਼ਦ ਦੇ ਚੇਅਰਮੈਨ ਡਾ. ਸੁਰਜੀਤ ਪਾਤਰ ਵੀ ਉਨ੍ਹਾਂ ਦੇ ਨਾਲ ਸਨ।

ਸ੍ਰੀ ਸਿੱਧੂ ਨੇ ਪਰਿਵਾਰ ਨੂੰ ਹੋਰ ਵੀ ਹਰ ਸੰਭਵ ਮਦਦ ਕਰਨ ਦਾ ਭਰੋਸਾ ਦਿੱਤਾ।

# ਗੁਰੂਆਂ ਦੀ ਧਰਤੀ 'ਤੇ ਦਲਿਤਾਂ ਦੇ ਮੁਰਦਿਆਂ ਨਾਲ ਵੀ ਵਿਤਕਰਾ

## ਇਤਿਹਾਸਕ ਪਿੰਡ ਕੋਟਗੁਰੂ ਦੀ ਪੰਚਾਇਤੀ ਨੇ ਸ਼ਮਸ਼ਾਨਘਾਟ ਵਿਚ ਕੱਢੀ ਕੰਧ

**ਚੰਡੀਗੜ੍ਹ:** ਆਜ਼ਾਦੀ ਦੇ 70 ਸਾਲਾਂ ਬਾਅਦ ਵੀ ਭਾਰਤੀਆਂ ਵਿਚ ਛੂਤਛਾਤ ਵਾਲੀ ਸੋਚ ਹਾਵੀ ਹੈ। ਪੰਜਾਬ ਵਿਚ ਵੀ ਇਹ ਸੋਚ ਲੋਕਾਂ ਦਾ ਪਿੱਛਾ ਨਹੀਂ ਛੱਡ ਰਹੀ ਹੈ। ਦਸਵੇਂ ਪਾਤਸ਼ਾਹੀ ਦੇ ਚਰਨ ਛੋਹ ਪ੍ਰਾਪਤ ਬਠਿੰਡਾ ਦੇ ਇਤਿਹਾਸਕ ਪਿੰਡ ਕੋਟਗੁਰੂ ਵਿਚ ਦਲਿਤਾਂ ਨਾਲ ਵਿਤਕਰੇ ਦੀ ਇਕ ਘਟਨਾ ਨੇ ਮਨੁੱਖਤਾ ਨੂੰ ਸ਼ਰਮਸਾਰ ਕੀਤਾ ਹੈ। ਜਿੰਦਾ ਵਿਅਕਤੀਆਂ ਨਾਲ ਵਿਤਕਰੇ ਦੀਆਂ ਘਟਨਾਵਾਂ ਤਾਂ ਆਮ ਸੁਣਨ ਨੂੰ ਮਿਲਦੀਆਂ ਹਨ ਪਰ ਇਸ ਪਿੰਡ ਵਿਚ ਤਾਂ ਮੁਰਦਿਆਂ ਨਾਲ ਹੀ ਜਾਤੀ ਵਿਤਕਰਾ ਹੁੰਦਾ ਹੈ।

ਪਿੰਡ ਵਿਚ ਦਲਿਤਾਂ ਤੇ ਜਰਨਲ ਵਰਗ ਦੇ ਲੋਕਾਂ ਦੇ ਸਿਵਿਆਂ ਵਿਚਾਲੇ ਪੰਚਾਇਤ ਨੇ ਕੰਧ ਕੱਢ ਦਿੱਤੀ। ਹੋਰ ਵੀ ਨਮੋਸ਼ੀ ਵਾਲੀ ਗੱਲ ਇਹ ਹੈ ਕਿ ਦਲਿੱਤਾਂ ਦੇ ਸਿਵਿਆਂ ਵਿਚ ਜਾਣ ਲਈ ਕੋਈ ਰਸਤਾ ਨਹੀਂ ਦਿੱਤਾ। ਇਸ ਲਈ ਦਲਿਤ ਮੁਰਦੇ ਦੀ ਅਰਥੀ ਕੰਧ ਉਪਰੋਂ ਲੰਘਾਉਣੀ ਪੈਂਦੀ ਹੈ। ਪਿੰਡ ਦੇ ਦਲਿਤ ਭਾਈਚਾਰੇ ਨਾਲ ਸਬੰਧਤ ਜਸਪਾਲ ਸਿੰਘ ਦਾ ਕਹਿਣਾ ਹੈ ਕਿ ਪਹਿਲਾਂ ਸਾਰਿਆਂ ਲਈ ਇਕੋ ਹੀ ਸ਼ਮਸ਼ਾਨਘਾਟ ਹੁੰਦਾ ਸੀ, ਫਿਰ ਬਾਅਦ ਵਿਚ ਗੰਧ ਬਣਾ ਕੇ ਇਸ ਨੂੰ ਦੋ ਹਿੱਸਿਆਂ ਵਿਚ ਵੰਡ ਦਿੱਤਾ ਗਿਆ। ਇਕ ਜਰਨਲ ਵਰਗ ਲਈ ਤੇ ਦੂਜਾ ਦਲਿਤ ਭਾਈਚਾਰੇ ਲਈ। ਇੰਨਾ ਹੀ ਨਹੀਂ, ਦਲਿਤਾਂ ਦੇ ਸ਼ਮਸ਼ਾਨਘਾਟ ਨੂੰ ਜਾਂਦਾ ਰਸਤਾ ਵੀ ਕੰਧ ਬਣਾ ਕੇ ਬੰਦ ਕਰ ਦਿੱਤਾ ਗਿਆ। ਕੰਧ ਵਿਚਕਾਰ ਇਕ ਆਰਜ਼ੀ ਗੇਟ ਰੱਖਿਆ ਗਿਆ





ਸੀ ਜਿਹੜਾ ਕਿ ਕੰਧ ਬਣਾ ਕੇ ਬੰਦ ਕਰ ਦਿੱਤਾ। ਦਲਿਤ ਭਾਈਚਾਰੇ ਦੇ ਲੋਕ ਮ੍ਰਿਤਕ ਦੇਹ ਨੂੰ ਇਸ ਕੰਧ ਉਤੋਂ ਚੁੱਕ ਕੇ ਲੈ ਜਾਂਦੇ ਹਨ, ਕਿਉਂਕਿ ਅਰਥੀ ਨੂੰ ਸਿਵਿਆਂ ਵਿਚ ਲਿਜਾਣ ਦਾ ਹੋਰ ਕੋਈ ਰਸਤਾ ਨਹੀਂ ਹੈ।

ਪਿੰਡ ਦੇ ਜਗਤਾਰ ਸਿੰਘ ਦਾ ਕਹਿਣਾ ਹੈ ਕਿ ਪਿੰਡ ਵਿਚ ਅਕਾਲੀ ਦਲ ਨਾਲ ਸਬੰਧਤ ਮਹਿਲਾ ਸਰਪੰਚ ਹੈ ਪਰ ਸਾਰਾ ਕੰਮ ਉਸ ਦਾ ਘਰ ਵਾਲਾ ਬਲਕਰਨ ਸਿੰਘ ਹੀ ਕਰਦਾ ਹੈ। ਸਰਪੰਚ ਨੇ ਬਿਨਾਂ ਕਿਸੇ ਪੰਚਾਇਤੀ ਮਤੇ ਤੋਂ ਇਸ ਕੰਧ ਦਾ ਨਿਰਮਾਣ ਕੀਤਾ ਹੈ। ਪਿੰਡ ਵਿਚ ਜ਼ਿਆਦਾਤਰ ਘਰ ਦਲਿਤਾਂ ਦੇ ਹਨ। ਇਸ ਭਾਈਚਾਰੇ ਦੇ ਲੋਕ ਪਿੰਡ ਦੇ ਭੱਠਿਆਂ ਤੋਂ ਇਲਾਵਾ ਸ਼ਰਾਬ ਫੈਕਟਰੀਆਂ ਵਿਚ ਵੀ ਕੰਮ ਕਰਦੇ ਹਨ। ਪਿੰਡ ਵਿਚ ਜ਼ਿਆਦਾਤਰ ਛੋਟੀ ਜਾਂ ਸੀਮਾਂਤ ਕਿਸਾਨੀ ਹੈ।

ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਆਗੂ ਲਛਮਣ ਸੇਵੇਵਾਲ ਨੇ ਕਿਹਾ ਕਿ ਪਿੰਡ ਦਲਿਤ ਭਾਈਚਾਰੇ ਦੋ ਲੋਕਾਂ ਨੇ ਇਸ ਦੀ ਸ਼ਿਕਾਇਤ ਬਲਾਕ ਵਿਕਾਸ ਤੇ ਪੰਚਾਇਤ ਅਫਸਰ ਨੂੰ ਕੀਤੀ ਹੈ। ਜੇਕਰ ਇਹ ਮੁੱਦਾ ਛੇਤੀ ਹੱਲ ਨਾ ਹੋਇਆ ਤਾਂ ਉਨ੍ਹਾਂ ਦੀ ਜਥੇਬੰਦੀ ਸੰਘਰਸ਼ ਕਰੇਗੀ।

ਜ਼ਿਕਰਯੋਗ ਹੈ ਕਿ ਕੋਟਗੁਰੂ ਕੋਈ ਆਮ ਪਿੰਡ ਨਹੀਂ ਹੈ, ਇਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨ ਛੋਹ ਪ੍ਰਾਪਤ ਇਤਿਹਾਸਕ ਗੁਰਦੁਆਰਾ ਸ੍ਰੀ ਗੁਰੂਸਰ ਸਾਹਿਬ ਹੈ। ਜਿਥੇ ਹਰ ਸਾਲ ਇਤਿਹਾਸਕ ਜੋੜ ਮੇਲਾ ਸ਼ਰਧਾ ਨਾਲ ਮਨਾਇਆ ਜਾਂਦਾ ਹੈ। ਬਰਾਬਰਤਾ ਤੇ ਮਨੁੱਖਤਾ ਦੀ ਗੱਲ ਕਰਨ ਵਾਲੇ ਸਿੱਖ ਧਰਮ ਦੇ ਪੈਰੋਕਾਰਾਂ ਲਈ ਵੀ ਸਵਾਲ ਖੜ੍ਹਾ ਹੁੰਦਾ ਹੈ, ਆਖਰ ਸਿੱਖੀ ਕਿੱਧਰ ਜਾ ਰਹੀ ਹੈ? ਗੁਰਾਂ ਦੀ ਚਰਨ ਛੋਹ ਪ੍ਰਾਪਤ ਇਤਿਹਾਸਕ ਪਿੰਡ ਵਿਚ ਜੇਕਰ ਅਜਿਹੇ ਮਾਮਲੇ ਸਾਹਮਣੇ ਆਉਂਦੇ ਹਨ ਤਾਂ ਹੋਰ ਪਿੰਡਾਂ ਦਾ ਕੀ ਹਾਲ ਹੋਵੇਗਾ।

### 'ਆਪ' ਦੇ ਹੱਕ ਵਿਚ ਭੁਗਤਣ ਦੀ ਸਜ਼ਾ

ਫਰਵਰੀ 2017 ਵਿਚ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਬਾਅਦ ਇਹ ਕੰਧ ਬਣੀ ਹੈ। ਬਠਿੰਡਾ ਦਿਹਾਤੀ ਵਿਧਾਨ ਸਭਾ ਹਲਕੇ ਵਿਚ ਦਲਿਤ ਭਾਈਚਾਰੇ ਲਈ ਰਾਖਵੀਂ ਸੀਟ ਉਤੇ 'ਆਪ' ਦੀ ਉਮੀਦਵਾਰ ਰੁਪਿੰਦਰ ਕੌਰ ਰੂਬੀ ਜਿੱਤ ਗਈ। ਇਸ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਪੰਚਾਇਤ, ਮਜ਼੍ਹਬੀ ਸਿੱਖਾਂ ਨਾਲ ਗੁੱਸੇ ਹੋ ਗਏ ਅਤੇ ਸ਼ਮਸ਼ਾਨਘਾਟ ਵਿਚ ਦੀਵਾਰ ਬਣਾ ਦਿੱਤੀ। ਹਾਲਾਂਕਿ ਪਿੰਡ ਵਾਲਿਆਂ ਵੱਲੋਂ ਕਿਹਾ ਜਾ ਰਿਹਾ ਹੈ ਕਿ ਦਲਿਤ ਭਾਈਚਾਰੇ ਨੇ 'ਆਪ' ਦੀ ਵਿਧਾਇਕ ਨੂੰ ਵੋਟਾਂ ਨਾਲ ਜਿਤਾ ਤਾਂ ਦਿੱਤਾ ਪਰ ਰੂਬੀ ਨੇ ਅੱਜ ਤੱਕ ਦਲਿਤਾਂ ਦੀ ਬਾਤ ਨਹੀਂ ਪੁੱਛੀ ਹੈ।

# ਅਮਰੀਕੀ ਫੌਜੀ ਗੁਰਦੁਆਰਾ ਰੈਂਟਨ ਵਿਖੇ ਨਤਮਸਤਕ ਹੋਣ ਪਹੁੰਚੇ

**ਰੈਂਟਨ, ਵਾਸ਼ਿੰਗਟਨ (ਬਿਊਰੋ):** ਯੂ.ਐਸ. ਆਰਮੀ ਦੀ 100ਵੀਂ ਟਰੂਪ ਕਮਾਂਡ ਦੇ ਫੌਜੀ ਕਮਾਂਡਰ ਕਰਨਲ ਰੌਬਰਟ ਵੁੱਡਰਿੱਜ ਦੀ ਕਮਾਂਡ ਹੇਠ ਸਥਾਨਕ ਗੁਰਦੁਆਰਾ ਸਿੰਘ ਸਭਾ ਵਿਖੇ ਪੂਰੀ ਸ਼ਰਧਾ ਤੇ ਪਿਆਰ-ਸਤਿਕਾਰ ਸਹਿਤ ਹਾਜ਼ਰ ਹੋਏ। ਉਨ੍ਹਾਂ ਗੁਰਦੁਆਰਾ ਸਾਹਿਬ ਵਿਖੇ ਮੱਥਾ ਟੇਕਿਆ ਅਤੇ ਤਿੰਨ ਸੌ ਡਾਲਰ ਦੀ ਰਸੀਦ ਗਿਆ। ਇਸ ਦਾ ਸ਼ੁਕਰੀਆ ਅਦਾ ਕਰਨ ਉਹ ਵਿਸ਼ੇਸ਼ ਤੌਰ 'ਤੇ ਗੁਰਦੁਆਰਾ ਸਾਹਿਬ ਆਏ। ਇਨ੍ਹਾਂ ਵਿਚ ਇੱਕ ਅਮਰੀਕਨ ਫੌਜੀ ਸਿੱਖ ਬੀਬੀ ਬਲਰੀਤ ਕੌਰ ਵੀ ਸ਼ਾਮਲ ਸੀ, ਜਿਸ ਨੇ ਅਮਰੀਕੀ ਫੌਜ ਵਿਚ ਸੇਵਾ ਕਰਦਿਆਂ ਸਿੱਖ ਕੌਮ ਦਾ ਮਾਣ ਵਧਾਇਆ ਹੈ। ਬਲਰੀਤ ਕੌਰ ਨੇ ਦੱਸਿਆ ਕਿ ਹੁਣ ਸਿੱਖਾਂ ਵਾਸਤੇ ਅਮਰੀਕੀ ਫੌਜ ਵਿਚ ਭਰਤੀ





ਵੀ ਕਟਾਈ।

ਇਸ ਮੌਕੇ ਕਮਾਂਡਰ ਨੇ ਸੰਗਤ ਨੂੰ ਸੰਬੋਧਨ ਕਰਦਿਆਂ ਗੁਰਦੁਆਰਾ ਸਿੰਘ ਸਭਾ ਵਲੋਂ ਕੀਤੀ ਜਾ ਰਹੀ ਲੰਗਰ ਦੀ ਸੇਵਾ ਦਾ ਵਿਸ਼ੇਸ਼ ਤੌਰ 'ਤੇ ਜ਼ਿਕਰ ਕਰਦਿਆਂ ਧੰਨਵਾਦ ਕੀਤਾ ਅਤੇ ਮਾਣ ਪੱਤਰ ਦਿੱਤਾ। ਫੌਜ ਨੂੰ ਲੰਗਰ ਛਕਾਉਣ ਜਾਂਦੇ ਸ. ਗੁਰਜੋਤ ਸਿੰਘ ਬਰਾੜ ਅਤੇ ਹੋਰ ਵਾਲੰਟੀਅਰਾਂ ਨੂੰ ਵੀ ਧੰਨਵਾਦ ਸਰਟੀਫਿਕੇਟ ਦਿੱਤੇ ਗਏ।

ਜ਼ਿਕਰਯੋਗ ਹੈ ਕਿ ਅਮਰੀਕਾ ਵਿਚ ਭਾਰਤੀ ਫੌਜ ਦੇ ਫੌਜੀ, ਜਿਸ ਵਿਚ ਸਿੱਖ ਅਤੇ ਗੈਰ ਸਿੱਖ ਸਾਂਝੇ ਤੌਰ 'ਤੇ ਮਿਲਟਰੀ ਟ੍ਰੇਨਿੰਗ ਲੈ ਰਹੇ ਹਨ, ਨੂੰ ਅਮਰੀਕਨ ਖਾਣੇ (ਜਿਸ ਵਿਚ ਗਾਂ ਦਾ ਮੀਟ ਪਰੋਸਿਆ ਜਾਂਦਾ ਹੈ) ਪਸੰਦ ਨਹੀਂ। ਉਨ੍ਹਾਂ ਤੱਕ ਗੁਰੂ ਕਾ ਲੰਗਰ ਪੁੱਜਦਾ ਕਰਨ ਦਾ ਪ੍ਰਬੰਧ ਕੀਤਾ ਹੋਣ ਲਈ ਕੋਈ ਦਿੱਕਤ ਨਹੀਂ। ਦਸਤਾਰ, ਲੰਬੇ ਕੇਸ ਅਤੇ ਦਾਹੜੀ ਰੱਖ ਕੇ ਮਿਲਟਰੀ ਵਿਚ ਸੇਵਾ ਕੀਤੀ ਜਾ ਸਕਦੀ ਹੈ।

ਗੁਰਦੁਆਰਾ ਸਿੰਘ ਸਭਾ ਦੇ ਸਕੱਤਰ ਸ. ਅਵਤਾਰ ਸਿੰਘ ਆਦਮਪੁਰੀ ਨੇ ਫੌਜੀਆਂ ਨੂੰ ਜੀ ਆਇਆਂ ਕਿਹਾ। ਉਨ੍ਹਾਂ ਸਿੱਖੀ ਦੇ ਉਦੇਸ਼ 'ਸਰਬੱਤ ਦਾ ਭਲਾ' ਅਤੇ ਸਮੁੱਚੀ ਮਾਨਵਤਾ ਲਈ ਬਿਨਾ ਵਿਤਕਰੇ ਸੇਵਾਵਾਂ ਕਰ ਰਹੇ ਗੁਰਦੁਆਰਾ ਸਾਹਿਬ ਬਾਰੇ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਸਿੱਖ ਦੁਨੀਆਂ ਵਿਚ ਹਰ ਲੋੜਵੰਦ ਲਈ ਲੰਗਰ ਅਤੇ ਲੋੜੀਂਦੀਆਂ ਵਸਤਾਂ ਪਹੁੰਚਾਉਣ ਦੀ ਕੋਸ਼ਿਸ਼ ਕਰਦੇ ਰਹਿੰਦੇ ਹਨ। ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਨਮਾਨ ਵਜੋਂ ਫੌਜੀਆਂ ਨੂੰ ਸਿੱਖ ਧਰਮ ਬਾਰੇ ਕਿਤਾਬਾਂ ਦੇ ਸੈਟ ਭੇਟ ਕੀਤੇ।

# ਮੈਕਸੀਕੋ ਵਿਚ ਭੂਚਾਲ ਨੇ ਮਚਾਈ ਤਬਾਹੀ

**ਮੈਕਸੀਕੋ ਸਿਟੀ:** ਮੈਕਸੀਕੋ ਵਿਚ ਭੂਚਾਲ ਨੇ ਵੱਡੀ ਤਬਾਹੀ ਮਚਾਈ ਹੈ। ਇਸ ਕਾਰਨ ਘੱਟੋ-ਘੱਟ 273 ਜਾਨਾਂ ਚਲੀਆਂ ਗਈਆਂ। ਮ੍ਰਿਤਕਾਂ ਵਿਚ ਵੱਡੀ ਗਿਣਤੀ ਸਕੂਲੀ ਬੱਚੇ ਵੀ ਸ਼ਾਮਲ ਹਨ। ਇਹ ਬੱਚੇ ਭੂਚਾਲ ਕਾਰਨ ਢਹਿ ਢੇਰੀ ਹੋਈ ਇਕ ਸਕੂਲ ਦੀ ਇਮਾਰਤ ਹੇਠਾਂ ਦੱਬਣ ਕਾਰਨ ਮਾਰੇ ਗਏ। ਰਿਕਟਰ ਪੈਮਾਨੇ ਉਤੇ ਭੂਚਾਲ ਦੀ ਤੀਬਰਤਾ 7.1 ਮਾਪੀ ਗਈ। ਭੁਚਾਲ ਕਾਰਨ ਮੈਕਸੀਕੋ ਸਿਟੀ, ਮੋਰਲਿਓਸ, ਗੁਏਰੀਓ ਅਤੇ ਪੁਏਬਲਾ ਸੂਬਿਆਂ ਵਿਚ ਭਾਰੀ ਤਬਾਹੀ ਹੋਈ ਹੈ। ਕਈ ਲੋਕਾਂ ਨੂੰ ਮਲਬੇ ਵਿਚੋਂ ਜਿਊਂਦੇ ਕੱਢਿਆ ਗਿਆ ਹੈ।

ਭੂਚਾਲ ਕਾਰਨ ਸ਼ਹਿਰ ਦੀਆਂ 44 ਇਮਾਰਤਾਂ ਬੁਰੀ ਤਰ੍ਹਾਂ ਨੁਕਸਾਨੀਆਂ ਗਈਆਂ ਹਨ। ਜਿਨ੍ਹਾਂ ਵਿਚ ਇਕ ਪ੍ਰਾਇਮਰੀ ਸਕੂਲ ਵੀ ਸ਼ਾਮਲ ਹੈ ਅਤੇ ਕਈ ਮਕਾਨ ਢਹਿ ਢੇਰੀ ਹੋ ਗਏ। ਭੂਚਾਲ ਦਾ ਕੇਂਦਰ ਪੁਏਬਲਾ ਸੂਬੇ ਦੇ ਟੇਂਸਿਗੋ ਦੇ ਨੇੜੇ ਸੀ। ਇਹ ਇਲਾਕਾ ਮੈਕਸੀਕੋ ਸਿਟੀ ਤੋਂ 120 ਕਿਲੋਮੀਟਰ ਦੂਰ ਹੈ। ਅਮਰੀਕੀ ਭੂ-ਵਿਗਿਆਨ ਸਰਵੇਖਣ ਮੁਤਾਬਕ ਭੂਚਾਲ ਦੀ ਡੂੰਗਾਈ 51 ਕਿਲੋਮੀਟਰ ਸੀ।

ਇਸ ਸ਼ਕਤੀਸ਼ਾਲੀ ਭੂਚਾਲ ਨਾਲ ਹੋਈ ਤਬਾਹੀ ਨੇ ਸਾਲ 1985 ਦੇ ਸ਼ਕਤੀਸ਼ਾਲੀ ਭੂਚਾਲ ਦੀਆਂ ਕਾਲੀਆ ਯਾਦਾਂ ਨੂੰ ਤਾਜ਼ਾ ਕਰ ਦਿੱਤਾ। ਉਸ ਵੇਲੇ ਭੂਚਾਲ ਕਾਰਨ ਤਕਰੀਬਨ 10,000 ਲੋਕਾਂ ਦੀ ਮੌਤ ਹੋ ਗਈ ਸੀ। ਹੁਣ ਮੁੜ 1985 ਦੇ ਵਿਨਾਸ਼ਕਾਰੀ ਭੂਚਾਲ ਦੀ 32ਵੀਂ ਬਰਸੀ ਮੌਕੇ ਸ਼ਕਤੀਸ਼ਾਲੀ ਭੂਚਾਲ ਆਇਆ ਹੈ। ਉਸ ਵੇਲੇ ਇਸੇ ਦਿਨ ਭੂਚਾਲ ਨੇ ਭਾਰੀ ਤਬਾਹੀ ਮਚਾਈ ਸੀ। ਭੂਚਾਲ ਦੇ ਸ਼ਕਤੀਸ਼ਾਲੀ ਝਟਕੇ ਉਸ ਵੇਲੇ ਮਹਿਸੂਸ ਕੀਤੇ ਗਏ ਜਦੋਂ ਮੈਕਸੀਕੋ ਸਿਟੀ 'ਚ ਲੋਕ ਭੂਚਾਲ ਦੌਰਾਨ ਬਚਾਅ ਸਬੰਧੀ ਅਭਿਆਸ ਕਰ ਰਹੇ ਸਨ। ਇਸ ਇਸ ਤਬਾਹੀ ਦੇ ਬਾਅਦ ਮੈਕਸੀਕੋ ਦੇ ਹਵਾਈ ਅੱਡੇ ਉਤੇ ਥੋੜ੍ਹੀ ਦੇਰ ਲਈ ਹਵਾਈ ਉਡਾਣਾਂ ਰੋਕ ਦਿੱਤੀਆਂ ਗਈਆਂ ਸਨ। ਇਸ ਦੇ ਬਾਅਦ ਪੂਰੇ ਸ਼ਹਿਰ ਦੀਆਂ ਇਮਾਰਤਾਂ ਨੂੰ ਖਾਲੀ ਕਰਵਾ ਲਿਆ ਗਿਆ।

ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਏਂਟੋਨੀਓ ਗੁਟੇਰੇਸ ਨੇ ਮੈਕਸੀਕੋ 'ਚ ਸ਼ਕਤੀਸ਼ਾਲੀ ਭੂਚਾਲ ਕਾਰਨ ਮਚੀ ਤਬਾਹੀ ਉਤੇ ਦੁਖ ਪ੍ਰਗਟ ਕਰਦਿਆ ਕਿਹਾ ਕਿ ਸੰਯੁਕਤ ਰਾਸ਼ਟਰ ਉਸ ਦੀ ਸਹਾਇਤਾ ਲਈ ਪੂਰੀ ਤਰ੍ਹਾਂ ਤਿਆਰ ਹੈ। ਗੁਟੇਰੇਸ ਦੇ ਬੁਲਾਰੇ ਸਟੀਫੈਨ ਦੁਜਾਰਿਕ ਨੇ ਕਿਹਾ ਕਿ ਇਹ ਭੁਚਾਲ ਦੇਸ਼ 'ਚ ਦੋ ਹਫਤੇ ਪਹਿਲਾਂ ਆਏ ਸ਼ਕਤੀਸ਼ਾਲੀ ਭੂਚਾਲ ਦੇ ਬਾਅਦ ਆਇਆ ਹੈ, ਜਿਸ ਕਾਰਨ ਪਹਿਲਾਂ ਹੀ ਵੱਡੇ ਪੱਧਰ ਉਤੇ ਜਾਨੀ ਤੇ ਮਾਲੀ ਨੁਕਸਾਨ ਹੋਇਆ ਸੀ।

## 1985 'ਚ ਵੀ ਇਸੇ ਦਿਨ ਆਇਆ ਸੀ ਭੂਚਾਲ

ਭੂਚਾਲ ਦੇ ਸ਼ਕਤੀਸ਼ਾਲੀ ਝਟਕੇ ਉਸ ਵੇਲੇ ਮਹਿਸੂਸ ਕੀਤੇ ਗਏ ਜਦੋਂ ਮੈਕਸੀਕੋ ਸਿਟੀ 'ਚ ਲੋਕ ਭੂਚਾਲ ਦੌਰਾਨ ਬਚਾਅ ਸਬੰਧੀ ਅਭਿਆਸ ਕਰ ਰਹੇ ਸਨ।

ਇਸ ਇਸ ਤਬਾਹੀ ਦੇ ਬਾਅਦ ਮੈਕਸੀਕੋ ਦੇ ਹਵਾਈ ਅੱਡੇ ਉਤੇ ਥੋੜੀ ਦੇਰ ਲਈ ਹਵਾਈ ਉਡਾਣਾਂ ਰੋਕ ਦਿੱਤੀਆਂ ਗਈਆਂ ਸਨ। ਇਸ ਦੇ ਬਾਅਦ ਪੂਰੇ ਸ਼ਹਿਰ ਦੀਆਂ ਇਮਾਰਤਾਂ ਨੂੰ ਖਾਲੀ ਕਰਵਾ ਲਿਆ ਗਿਆ। 1985 ਦੇ ਵਿਨਾਸ਼ਕਾਰੀ ਭੂਚਾਲ ਦੀ 32ਵੀਂ ਬਰਸੀ ਮੌਕੇ ਸ਼ਕਤੀਸ਼ਾਲੀ ਭੂਚਾਲ ਆਇਆ ਹੈ। ਉਸ ਵੇਲੇ ਇਸੇ ਦਿਨ ਭੂਚਾਲ ਨੇ ਭਾਰੀ ਤਬਾਹੀ ਮਚਾਈ ਸੀ।











# ਰਮਤਾ, ਤੂੰਬੀ ਤੇ ਸੁਰ-ਤਾਲ

## ਕਲਾ ਪਰਿਕਰਮਾ

**ਹਰਦਿਆਲ ਸਿੰਘ ਥੂਹੀ**
**ਫੋਨ: +91- 84271-00341**

ਪੁਰਾਣੀ ਪੀੜ੍ਹੀ ਦੇ ਪੰਜਾਬੀਆਂ ਲਈ ਰਮਤਾ ਕਿਸੇ ਜਾਣ ਪਛਾਣ ਦਾ ਮੁਥਾਜ ਨਹੀਂ। ਹਾਂ, ਅੱਠਵੇਂ ਦਹਾਕੇ ਤੋਂ ਬਾਅਦ ਜਨਮੀ ਪੀੜ੍ਹੀ ਜ਼ਰੂਰ ਉਸ ਦੇ ਨਾਂ ਤੋਂ ਨਾਵਾਕਫ਼ ਹੈ। ਨਵੀਂ ਪੀੜ੍ਹੀ ਦੀ ਜਾਣਕਾਰੀ ਲਈ ਇਹ ਦੱਸਣਾ ਕਾਫ਼ੀ ਹੈ ਕਿ ਰਿਕਾਰਡਿੰਗ ਗਾਇਕੀ ਵਿਚ ਉਸਾਰੂ ਤੇ ਸਾਫ਼ ਸੁਥਰੀ ਕਾਮੇਡੀ (ਹਸਰਸ ਗਾਇਕੀ) ਦਾ ਆਰੰਭ ਹਜ਼ਾਰਾ ਸਿੰਘ ਰਮਤਾ ਨੇ ਹੀ ਕੀਤਾ। ਤੂੰਬੀ ਨਾਲ ਵੱਖਰੇ ਹੀ ਅੰਦਾਜ਼ ਵਿਚ ਆਪਣੀਆਂ ਨਜ਼ਮਾਂ ਪੇਸ਼ ਕਰ ਕੇ ਰਮਤੇ ਨੇ ਗਾਇਕੀ ਵਿਚ ਆਪਣੀ ਨਿਵੇਕਲੀ ਪਛਾਣ ਬਣਾਈ।

ਹਜ਼ਾਰਾ ਸਿੰਘ ਦਾ ਜਨਮ ਪਹਿਲੀ ਅਗਸਤ, 1926 ਨੂੰ ਮਿੰਟਗੁਮਰੀ ਜ਼ਿਲ੍ਹੇ ਦੇ ਪਿੰਡ ਗਿੱਲ ਚੱਕ ਵਿਖੇ ਕਿਸਾਨ ਪਰਿਵਾਰ ਵਿਚ ਹੋਇਆ। ਦਸਵੀਂ ਤਕ ਦੀ ਪੜ੍ਹਾਈ ਪਿੰਡ ਦੇ ਸਕੂਲ ਤੋਂ ਪ੍ਰਾਪਤ ਕੀਤੀ। ਉਚੇਰੀ ਵਿਦਿਆ ਪ੍ਰਾਪਤ ਕਰਨ ਲਈ ਪਰਿਵਾਰ ਨੇ ਹਜ਼ਾਰਾ ਸਿੰਘ ਨੂੰ ਅਲੀਗੜ੍ਹ ਯੂਨੀਵਰਸਿਟੀ ਭੇਜ ਦਿੱਤਾ। ਇਥੋਂ ਉਸ ਨੇ ਬੀ.ਐਸਸੀ. ਦੀ ਡਿਗਰੀ ਪ੍ਰਾਪਤ ਕੀਤੀ। ਹਜ਼ਾਰਾ ਸਿੰਘ ਨੂੰ ਬਚਪਨ ਤੋਂ ਹੀ ਸੰਗੀਤ ਨਾਲ ਲਗਾਓ ਸੀ। ਜਵਾਨੀ ਦੀ ਦਹਿਲੀਜ਼ ਤਕ ਪਹੁੰਚਣ 'ਤੇ ਉਹ ਗਾਇਕੀ ਵੱਲ ਖਿਚਿਆ ਗਿਆ। ਧਾਰਮਿਕ ਵਿਚਾਰਾਂ ਵਾਲੇ ਬਾਪੂ ਨੇ ਗਾਇਕੀ ਦੀ ਜਗ੍ਹਾ ਕੀਰਤਨ ਸਿੱਖਣ ਲਈ ਕਿਹਾ। ਸਾਊ ਧੀਆਂ ਪੁੱਤਾਂ ਵਾਂਗ ਹਜ਼ਾਰਾ ਸਿੰਘ ਨੇ ਪਿਓ ਦੀ ਗੱਲ ਮੰਨ ਲਈ। ਆਪਣੇ ਪਿੰਡ ਦੇ ਪ੍ਰਸਿਧ ਰਾਗੀ ਇਮਾਮ ਬਖ਼ਸ਼ ਤੋਂ ਕੀਰਤਨ ਦੀ ਦੀਖਿਆ ਲੈਣੀ ਸ਼ੁਰੂ ਕਰ ਦਿੱਤੀ।

ਦੇਸ਼ ਦੇ ਬਟਵਾਰੇ ਵੇਲੇ ਹਜ਼ਾਰਾ ਸਿੰਘ ਨੂੰ ਆਪਣੀ ਜਨਮ ਭੂਮੀ ਪਿੰਡ ਗਿੱਲ ਚੱਕ ਛੱਡ ਕੇ ਇਧਰ ਆਉਣਾ ਪਿਆ। ਇਧਰ ਲੁਧਿਆਣਾ ਦੇ ਨੇੜੇ ਪਿੰਡ ਜ਼ਮਾਲਪੁਰੇ ਇਸ ਪਰਿਵਾਰ ਨੂੰ ਜ਼ਮੀਨ ਅਲਾਟ ਹੋਈ। ਹਜ਼ਾਰਾ ਸਿੰਘ ਜਲਦੀ ਹੀ ਜਮਾਲਪੁਰਾ ਛੱਡ ਕੇ ਦਿੱਲੀ ਚਲਾ ਗਿਆ। ਉਥੇ ਉਸ ਦਾ ਵਾਹ ਪੰਜਾਬੀ ਦੇ ਪ੍ਰਸਿਧ ਕਵੀਆਂ ਨਾਲ ਪਿਆ ਜਿਨ੍ਹਾਂ ਵਿਚ ਤੇਜਾ ਸਿੰਘ ਸਾਬਰ ਤੇ ਈਸ਼ਰ ਸਿੰਘ ਈਸ਼ਰ ਸ਼ਾਮਲ ਸਨ। ਈਸ਼ਰ ਸਿੰਘ ਈਸ਼ਰ ਨੂੰ ਉਸ ਨੇ ਆਪਣਾ ਕਾਵਿ ਗੁਰੂ ਧਾਰਿਆ। ਸਾਥੀ ਕਵੀਆਂ ਦੀਆਂ ਮਹਿਫ਼ਲਾਂ ਵਿਚ ਸ਼ਾਮਲ ਹੋਣਾ ਆਮ ਵਰਤਾਰਾ ਬਣ ਗਿਆ। ਸਾਥੀਆਂ ਨੇ ਉਸ ਨੂੰ 'ਰਮਤੇ' ਦਾ ਤਖ਼ੱਲਸ ਦੇ ਦਿੱਤਾ ਅਤੇ ਉਹ ਹਜ਼ਾਰਾ ਸਿੰਘ ਗਿੱਲ ਤੋਂ ਹਜ਼ਾਰਾ ਸਿੰਘ ਰਮਤਾ ਬਣ ਗਿਆ। ਆਪਣੀਆਂ ਹਾਸਰਸੀ ਕਵਿਤਾਵਾਂ ਸਦਕਾ ਜਲਦੀ ਹੀ ਉਹ ਦਿੱਲੀ ਦੀਆਂ ਕਾਵਿ ਮਹਿਫ਼ਲਾਂ ਦਾ ਸ਼ਿੰਗਾਰ ਬਣ ਗਿਆ। ਬਾਅਦ ਵਿਚ ਉਸ ਦੀਆਂ ਨਜ਼ਮਾਂ ਦੀਆਂ ਚਾਰ ਕਿਤਾਬਾਂ ਪ੍ਰਕਾਸ਼ਿਤ ਹੋਈਆਂ।

1954 ਵਿਚ ਉਸਨੇ ਲਾਲ ਚੰਦ ਯਮਲਾ ਜੱਟ ਨੂੰ ਤੂੰਬੀ ਨਾਲ ਗਾਉਂਦੇ ਹੋਏ ਸੁਣਿਆ। ਯਮਲੇ ਦੀ ਤੂੰਬੀ ਨੇ ਰਮਤੇ ਨੂੰ ਕੀਲ ਲਿਆ। ਉਸੇ ਦਿਨ ਤੋਂ ਰਮਤਾ ਤੂੰਬੀ ਦਾ ਦੀਵਾਨਾ ਬਣ ਗਿਆ। ਹੁਣ ਉਹ ਆਪਣੀਆਂ ਹਾਸਰਸੀ ਕਵਿਤਾਵਾਂ ਸਿੱਧੇ ਸਾਦੇ ਲਹਿਜ਼ੇ ਵਿਚ ਤੂੰਬੀ ਨਾਲ ਗਾਉਣ ਲੱਗ ਪਿਆ। ਇਸੇ ਸਮੇਂ ਦੌਰਾਨ ਰਮਤੇ ਨੂੰ ਆਪਣੀ ਆਵਾਜ਼ ਆਲ ਇੰਡੀਆ ਰੇਡੀਓ ਦਿੱਲੀ ਰਾਹੀਂ ਲੋਕਾਂ ਤਕ ਪਹੁੰਚਾਉਣ ਦਾ ਮੌਕਾ ਮਿਲਿਆ। ਉਸ ਦਾ ਪਹਿਲਾ ਰੇਡੀਓ ਤੋਂ ਪ੍ਰਸਾਰਿਤ ਹੋਇਆ ਗੀਤ 'ਜੁਗਨੀ' ਸੀ। 1956 ਵਿਚ ਉਸ ਨੂੰ ਸੰਸਾਰ ਪ੍ਰਸਿਧ ਰਿਕਾਰਡਿੰਗ ਕੰਪਨੀ ਐਚ.ਐਮ.ਵੀ. ਨੇ ਰਿਕਾਰਡ ਕੀਤਾ। ਤਵਾ ਸੀ 'ਲੰਡਨ ਦੀ ਸੈਰ' ਇਸ ਦੇ ਨਾਲ ਹੀ ਉਸ ਦੀ ਆਵਾਜ਼ ਬਨੇਰਿਆਂ 'ਤੇ ਵੱਜਦੇ ਸਪੀਕਰਾਂ ਰਾਹੀਂ ਪਿੰਡ ਪਿੰਡ, ਘਰ ਘਰ ਪਹੁੰਚ ਗਈ। ਗਾਇਕੀ ਦੀ ਇਸ ਨਵੀਂ ਵੰਨਗੀ ਨੂੰ ਲੋਕਾਂ ਨੇ ਭਰਪੂਰ ਹੁੰਗਾਰਾ ਦਿੱਤਾ। ਐਚ.ਐਮ.ਵੀ. ਕੰਪਨੀ ਨੇ ਰਮਤੇ ਨੂੰ ਧੜਾ ਧੜ ਰਿਕਾਰਡ ਕਰ ਕੇ ਸਪੀਕਰਾਂ ਵਾਲਿਆਂ ਦੀਆਂ ਪੇਟੀਆਂ ਦਾ ਸ਼ਿੰਗਾਰ ਬਣਾਇਆ।

ਦਿੱਲੀ ਦੀਆਂ ਪੰਜਾਬਣ ਗਾਇਕਾਵਾਂ ਵਿਚ ਸੁਰਿੰਦਰ ਕੌਰ ਤੇ ਪ੍ਰਕਾਸ਼ ਕੌਰ ਦਾ ਪੂਰਾ ਬੋਲਬਾਲਾ ਸੀ। ਰਮਤੇ ਨੇ ਪ੍ਰਕਾਸ਼ ਕੌਰ ਨਾਲ ਸੈੱਟ ਬਣਾ ਕੇ ਲੰਮਾ ਸਮਾਂ ਸਟੇਜ ਪ੍ਰੋਗਰਾਮ ਕੀਤੇ। ਇਸ ਸਮੇਂ ਦੌਰਾਨ ਇਨ੍ਹਾਂ ਨੇ ਕਈ ਵਿਦੇਸ਼ੀ ਟੂਰ ਵੀ ਲਾਏ। ਦਿੱਲੀ ਰਹਿੰਦਿਆਂ ਹੀ ਹਜ਼ਾਰਾ ਸਿੰਘ ਰਮਤੇ ਦਾ ਵਿਆਹ ਚੋਪੜਾ ਖ਼ਾਨਦਾਨ ਦੀ ਧੀ ਨਾਲ ਹੋ ਗਿਆ। 1969 ਵਿਚ ਰਮਤਾ ਕੈਨੇਡਾ ਚਲਾ ਗਿਆ ਅਤੇ ਪਰਿਵਾਰ ਸਮੇਤ ਉਥੇ ਸੈੱਟ ਹੋ ਗਿਆ। ਪਰਾਏ ਦੇਸ਼ ਵਿਚ ਵਿਚਰਦਿਆਂ ਉਸ ਨੂੰ ਬਹੁਤ ਸਾਰੇ ਕੌੜੇ ਮਿੱਠੇ ਅਨੁਭਵ ਹੋਏ। ਸ਼ੁਰੂ ਸ਼ੁਰੂ ਵਿਚ ਉਹ ਪੈਟਰੋਲ ਪੰਪ 'ਤੇ ਕੰਮ ਕਰਨ ਲੱਗ ਪਿਆ।

ਇੱਕ ਦਿਨ ਕੋਈ ਗਾਹਕ ਆਪਣੀ ਕਾਰ ਵਿਚ ਪੈਟਰੋਲ ਪੁਆਉਣ ਆਇਆ। ਰਮਤੇ ਨੇ ਤੇਲ ਪਾਉਣ ਤੋਂ ਬਾਅਦ ਪੰਜਾਬੀਆਂ ਵਾਲਾ ਹੇਜ਼ ਜਤਾਉਂਦਿਆਂ ਕਾਰ ਦੀ ਵਿੰਡ ਸਕਰੀਨ 'ਤੇ ਕੱਪੜਾ ਫੇਰ ਦਿੱਤਾ। ਉਸ ਭੱਦਰ ਪੁਰਸ਼ ਨੇ ਬਖ਼ਸ਼ੀਸ਼ ਵਜੋਂ ਇੱਕ ਡਾਲਰ ਰਮਤੇ ਦੇ ਹੱਥ 'ਤੇ ਧਰ ਦਿੱਤਾ। ਰਮਤਾ ਕਦੇ ਹੱਥ 'ਤੇ ਪਏ ਡਾਲਰ ਵੱਲ ਵੇਖੇ ਤੇ ਕਦੇ ਉਸ ਭੱਦਰ ਪੁਰਸ਼ ਦੇ ਮੂੰਹ ਵੱਲ। ਜਦੋਂ ਉਹ ਚਲਾ ਗਿਆ ਤਾਂ ਰਮਤੇ ਨੇ ਸੋਚਿਆ ਕਿ ਪੰਜਾਬ ਦੇ ਹਰਮਨ ਪਿਆਰੇ ਗਾਇਕ ਜਿਸ ਦੀ ਤੂੰਬੀ ਦੀ ਟੁਣਕਾਰ ਅਤੇ ਸੁਰੀਲੀ ਆਵਾਜ਼ 'ਤੇ ਲੱਖਾਂ ਪੰਜਾਬੀ ਵਾਰੇ ਵਾਰੇ ਜਾਂਦੇ ਸਨ ਤੇ ਰੁਪਈਆਂ ਦਾ ਮੀਂਹ ਵਰ੍ਹਾ ਦਿੰਦੇ ਸਨ, ਅੱਜ ਪਰਾਏ ਦੇਸ਼ ਵਿਚ ਉਸ ਦੀ ਕੀ ਹਾਲਤ ਹੈ! ਮੁੜ ਕੈਨੇਡਾ ਵਿਚ ਹੀ ਉਸ ਨੇ ਆਪਣੀ ਰੂਹ ਨੂੰ ਖਿੜਿਆ ਰੱਖਣ ਲਈ ਤੂੰਬੀ ਟੁਣਕਾਉਣੀ ਸ਼ੁਰੂ ਕਰ ਦਿੱਤੀ।



ਰਮਤੇ ਨੇ ਬਹੁਤ ਸਾਰੀਆਂ ਹਾਸਰਸ ਭਰਪੂਰ ਲੰਮੀਆਂ ਨਜ਼ਮਾਂ ਨੂੰ ਰਿਕਾਰਡ ਕਰਵਾਇਆ ਜਿਨ੍ਹਾਂ ਵਿਚ ਜੁਗਨੀ, ਲੰਡਨ ਦੀ ਸੈਰ, ਰਮਤਾ ਭੁਲੇਖਾ ਖਾ ਗਿਆ, ਰਮਤਾ ਮੇਮਾਂ ਵਿਚ, ਰਮਤਾ ਅਫ਼ਰੀਕਾ ਵਿਚ, ਰਮਤਾ ਨਵੀਂ ਦਿੱਲੀ ਵਿਚ, ਰਮਤੇ ਦਾ ਦੂਸਰਾ ਵਿਆਹ, ਰਮਤਾ ਗੱਡੀ ਰਾਹੀਂ ਲੁਧਿਆਣੇ ਤੋਂ ਦਿੱਲੀ ਅਤੇ ਦਿੱਲੀ ਸ਼ਹਿਰ ਵਿਚ ਆਦਿ ਤੋਂ ਇਲਾਵਾ 'ਮਰਦਾਨਾ ਕੌਡੇ ਰਾਖਸ਼ ਕੋਲ', 'ਮਰਦਾਨੇ ਦੀ ਪਿਆਸ' ਜਿਹੇ ਧਾਰਮਿਕ ਪ੍ਰਸੰਗ ਸ਼ਾਮਲ ਹਨ। ਕੁਝ ਵੰਨਗੀਆਂ ਦੇਖੋ:

ਜੁਗਨੀ ਫੈਸ਼ਨ ਦੀ ਮਤਵਾਲੀ,
ਥੱਪੇ ਪਾਊਡਰ ਲਾਵੇ ਲਾਲੀ
ਢਿੱਡੋਂ ਭੁੱਖੀ ਜੇਬੋਂ ਖਾਲੀ,
ਓਏ ਵੀਰ ਮੇਰਿਆ ਓ ਜੁਗਨੀ ਬਹਿੰਦੀ ਨੀ।
ਉਹ ਗੱਲ ਕਿਸੇ ਦੀ ਸਹਿੰਦੀ ਨੀ...

---

ਮੈਂ ਦਿੱਲੀ ਵੇਖਣ ਆਇਆ ਸਾਂ
ਛੱਡ ਕੇ ਲੁਧਿਆਣਾ।
ਪਰ ਬੀਬੀਆਂ ਵੇਖ ਕੇ ਹਿੱਲ ਗਿਆ
ਮੇਰਾ ਪੇਟਾ ਤਾਣਾ।
ਜਾ ਅੱਪੜਿਆ ਮੈਂ ਕਰੋਲ ਬਾਗ਼
ਉਹ ਐਸੀ ਬਸਤੀ।
ਬਿਨ ਪੀਤਿਆਂ ਜਿਥੇ ਯਾਰ ਜੀ
ਚੜ੍ਹ ਜਾਏ ਮਸਤੀ।

---

ਮੈਂ ਦੁਨੀਆਂ ਵੇਖਣ ਤੁਰ ਪਿਆ
ਕਰ ਹੀਲਾ ਚਾਰਾ।
ਪਹਿਲੋਂ ਵੈਸਟ ਏਸ਼ੀਆ ਵੇਖਿਆ
ਫੇਰ ਯੌਰਪ ਸਾਰਾ।
ਤੇ ਪਿੰਡ ਦੇ ਵਿਚ ਹੋ ਗਈ
ਫੇਰ ਬੱਲੇ ਬੱਲੇ।
ਜਦ ਰਮਤੇ ਹੋਰੀਂ ਵੇਖਣ ਬਈ
ਅਫ਼ਰੀਕਾ ਚੱਲੇ।

ਹਜ਼ਾਰਾ ਸਿੰਘ ਰਮਤਾ ਵੱਲੋਂ ਪੰਜਾਬੀ ਗਾਇਕੀ ਦੇ ਖੇਤਰ ਵਿਚ ਪਾਏ ਯੋਗਦਾਨ ਸਦਕਾ ਫ਼ਿਲਮਸਾਜ਼ ਜੋਗਿੰਦਰ ਕਲਸੀ ਨੇ ਉਸ ਦੇ ਜੀਵਨ 'ਤੇ ਦਸਤਾਵੇਜ਼ੀ ਫ਼ਿਲਮ 'ਲਿਵਿੰਗ ਲੀਜੈਂਡ ਹਜ਼ਾਰਾ ਸਿੰਘ ਰਮਤਾ' ਬਣਾਈ ਜਿਸ ਨੂੰ ਇੰਟਰਨੈੱਟ 'ਤੇ ਵੇਖਿਆ ਜਾ ਸਕਦਾ ਹੈ।

ਕਈ ਸਾਲ ਪਹਿਲਾਂ ਪ੍ਰੋ. ਮੋਹਨ ਸਿੰਘ ਮੇਲੇ 'ਤੇ ਲੁਧਿਆਣਾ ਵਿਖੇ ਪੰਜਾਬੀ ਗਾਇਕੀ ਪ੍ਰਤੀ ਉਸ ਦੀਆਂ ਸੇਵਾਵਾਂ ਕਾਰਨ ਉਸ ਨੂੰ ਸਨਮਾਨਿਤ ਕੀਤਾ ਗਿਆ ਸੀ। ਹਮੇਸ਼ਾ ਚੜ੍ਹਦੀ ਕਲਾ ਵਿਚ ਰਹਿਣ ਵਾਲਾ ਇਹ ਰੰਗਲਾ ਗਾਇਕ 91 ਸਾਲ ਦੀ ਸਿਹਤਮੰਦ ਅਤੇ ਲੰਮੀ ਉਮਰ ਹੰਢਾ ਕੇ 6 ਸਤੰਬਰ, 2017 ਨੂੰ ਕੈਨੇਡਾ ਵਿਚ ਇਸ ਫਾਨੀ ਜਹਾਨ ਨੂੰ ਅਲਵਿਦਾ ਕਹਿ ਗਿਆ। ਹਜ਼ਾਰਾ ਸਿੰਘ ਰਮਤਾ ਭਾਵੇਂ ਅੱਜ ਸਾਡੇ ਦਰਮਿਆਨ ਨਹੀਂ ਰਿਹਾ, ਪਰ ਉਸ ਦੀ ਆਵਾਜ਼ ਰੇਡੀਓ ਅਤੇ ਤਵਿਆਂ ਵਿਚੋਂ ਹਮੇਸ਼ਾ ਬੋਲਦੀ ਰਹੇਗੀ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 7 ਅਕਤੂਬਰ 2017 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-293



*ਨੂੰਹ ਰਾਣੀ ਨੇ ਪੁੱਤ ਦੇ ਸਿਰ 'ਤੇ ਕਰਿਆ ਸੋਹਣਾ ਜੂੜਾ।*
*ਬਾਬਾ ਛੱਡਣ ਗਿਆ ਸਕੂਲੇ, ਪੜ੍ਹ ਲੈ ਕਾਕਾ ਊੜਾ!*

## ਕੈਪਸ਼ਨ ਮੁਕਾਬਲਾ-291



ਕਰਨ ਯਾਤਰਾ ਅਮਰਨਾਥ ਦੀ
ਤੁਰ ਪਿਆ ਟੱਬਰ ਸਾਰਾ।
ਬੱਚੇ, ਬੁੱਢੇ ਸਣੇ ਤ੍ਰੀਮਤਾਂ
ਸੰਗ ਹੋ ਗਿਆ ਭਾਰਾ।
ਬਿਖੜਾ ਪੈਂਡਾ ਵਿਚ ਪਹਾੜਾਂ
ਅੱਗੇ ਪੈਰ ਪੁੱਟੇ ਨਾ ਜਾਵਣ।
ਡੋਲੀ ਚੁੱਕ ਕੇ ਮੁਸਲਮਾਨ ਭਰਾ
ਹਿੰਦੂ ਧਰਮ ਦਾ ਭਾਰ ਵੰਡਾਵਣ।
***-ਸੇਵਾ ਸਿੰਘ ਨੂਰਪੁਰੀ***

---

ਪਹਿਲਾਂ ਖਾ ਖਾ ਭਾਰ ਵਧਾਉਂਦੇ
ਫੇਰ ਦਰਸ਼ਨ ਕਰੇ ਯਾਦ ਪਏ ਆਵਣ।
ਤੁਰਨ ਦੀ ਹਿੰਮਤ ਹਾਰ ਗਈ ਤਾਂ
ਚਾਰ ਜਣੇ ਫੇਰ ਮੋਢਾ ਲਾਵਣ।
ਮਨੁੱਖ, ਮਨੁੱਖ ਦੀ ਕਰ ਅਸਵਾਰੀ
ਧਰਮ ਦਾ ਕਾਰਜ ਸਿਰੇ ਚੜ੍ਹਾਵਣ।
***-ਜਗਮੀਤ ਸਿੰਘ ਪੰਧੇਰ***

---

ਯਾਤਰਾ 'ਤੇ ਸ਼ਰਧਾਲੂ ਚੱਲੇ
ਪੈਦਲ ਕੋਈ ਪਾਲਕੀ 'ਤੇ ਅਸਵਾਰ।
ਸਰੀਰ ਭਾਵੇਂ ਸਾਥ ਨਾ ਦੇਵੇ
ਮਨ 'ਚ ਉਠਣ ਮੰਨਤਾਂ ਦੇ ਵਿਚਾਰ।
ਫੁਰਨਾ ਐਸਾ ਉਠਿਆ
ਦੇਵੀ ਦੇ ਦਰਸ਼ਨ ਪਾਉਣ ਲਈ।
ਪਰ ਲੱਤਾਂ 'ਚ ਜਾਨ ਨਹੀਂ
ਸਰੀਰ 'ਤੇ ਮੋਟਾਪੇ ਨੇ ਜਾਨ ਲਈ।
ਸ਼ੁਕਰਾਨਾ ਉਨ੍ਹਾਂ ਵੀਰਾਂ ਦਾ
ਜਿਨ੍ਹਾਂ ਮਨੋਕਾਮਨਾ ਕਰਵਾਈ ਪੂਰੀ।
ਉਨ੍ਹਾਂ ਦੇ ਸਹਿਯੋਗ ਬਿਨਾ
ਯਾਤਰਾ ਰਹਿਣੀ ਸੀ ਅਧੂਰੀ।
***-ਗਿਆਨੀ ਜਗਜੀਤ ਕੌਰ ਤੂਰ***

---

ਤੀਰਥ ਯਾਤਰਾ, ਕਦੇ ਡੇਰੇ,
ਭੋਲੀ ਜਨਤਾ ਮਾਰੇ ਗੇੜੇ।
ਸੁੱਖਾਂ ਸੁੱਖਣ, ਮੁਕਤੀ ਭਾਲਣ,
ਚਹੁੰ ਬੰਦਿਆਂ ਦੇ ਚੜ੍ਹ ਕੰਧੇੜੇ।
ਸੁੱਖ ਸਹੂਲਤਾਂ ਮਾਣਨ ਰੱਜ-ਰੱਜ,
ਪਰ ਤਰਕ ਦੇ ਜਾਣ ਨਾ ਨੇੜੇ।
***-ਦਵਿੰਦਰ ਕੌਰ***

---

ਪਾਲਕੀ 'ਤੇ ਸਵਾਰ ਸ਼ਰਧਾਲੂ ਜਾਣ
ਆਤਮਿਕ ਸ਼ਾਂਤੀ, ਰੀਝਾਂ ਤੇ
ਮੰਨਤ ਮਨਾਉਣ ਲਈ।
ਡੋਲੇ 'ਚ ਡਿਕਡੋਲੇ ਖਾਂਦੀ ਜਾਵੇ
ਧਾਰਮਿਕ ਅਕੀਦੇ ਨੂੰ ਪਾਉਣ ਲਈ।
ਔਖੀਆਂ ਹੁੰਦੀਆਂ ਮੰਜ਼ਿਲਾਂ ਪਾਉਣੀਆਂ
ਬਿਖੜੇ ਪੈਂਡੇ ਪਿਛੋਂ ਆਵੇ ਉਹਦਾ ਦਵਾਰ।
ਕਿਸੇ ਲਈ ਧਾਰਮਿਕ ਆਸਥਾ,
ਕਿਸੇ ਲਈ ਸਾਧਨ ਰੁਜ਼ਗਾਰ।
ਪਰ ਰੱਬ ਸੱਚਾ ਮਿਲਦਾ ਲੋਕੋ
ਨੀਅਤਾਂ ਚੰਗੀਆਂ ਤੇ ਮਿਹਨਤਾਂ ਨਾਲ।
***-ਅਮਰਜੀਤ ਸਿੰਘ ਤੂਰ***

---

ਸ਼ਰਧਾ, ਲਗਨ, ਰੀਝ ਹੈ ਭਾਰੂ
ਭੇਡ ਚਾਲ ਹੈ ਫੜੀ ਜਨੂਨੀਆਂ ਨੇ।
ਲੱਤਾਂ ਤੁਰਨ ਦੇ ਕਾਬਿਲ ਨਹੀਂ
ਕਾਫਲੇ 'ਤੇ ਕਾਫਲਾ ਜਾ ਰਿਹਾ।
ਚੜ੍ਹਾਈ ਅੰਤਾਂ ਦੀ, ਪਹਾੜੀ ਰਸਤਾ
ਪੱਲੇਦਾਰ ਦਿਹਾੜੀ ਕਰ ਢਿੱਡ ਭਰਦੇ।
ਜਨੂਨੀ ਧਰ ਚੜ੍ਹਾਵਾ ਸੰਤੁਸ਼ਟੀ ਕਰਦੇ
ਬੈਠੇ ਪੁਜਾਰੀ ਮਨੌਤਾਂ ਲੈਂਦੇ
ਸਰਕਾਰੀ ਸੇਵਾਦਾਰ ਰਾਖੀ ਕਰਦੇ।
ਪਰਜੀਵੀ ਲੋਕਾਂ ਬਣਾਏ ਢਕਵੰਜ
ਤੁਰਦੇ ਹੀ ਰਹਿਣਾ
ਪੜ੍ਹਨਗੇ ਨਹੀਂ ਜਦ ਤੱਕ ਦਾਭੋਲਕਰ ਨੂੰ।
***-ਦਰਸ਼ਨਪਾਲ ਦੋਸਾਂਝ***

# ਲਾਰਿਆਂ ਦੇ ਲੱਡੂ...

## ਨੋਕ-ਝੋਕ



ਐਸ. ਅਸ਼ੋਕ ਭੌਰਾ
ਫੋਨ: 510-415-3315

***ਤਾਰੀਖ ਤਾਂ ਦਿਨ ਚੜ੍ਹਨ ਨਾਲ ਬਦਲਦੀ ਹੈ, ਪਰ ਬੰਦੇ ਅੱਖ ਝਪਕਨ ਨਾਲ ਹੀ ਉਹ ਨਹੀਂ ਰਹਿੰਦੇ। ਕਈ ਡੁੱਬੇ ਤਾਂ ਈਰਖਾ ਤੇ ਸਾੜੇ 'ਚ ਪਏ ਨੇ, ਪਰ ਚਾਹੁੰਦੇ ਇਹ ਨੇ ਕਿ ਸਮਾਜ ਉਨ੍ਹਾਂ ਦੇ ਗਲੇ 'ਚ ਸਤਿਕਾਰ ਤੇ ਮਾਨਤਾ ਦੇ ਹਾਰ ਪਾਵੇ। ਸਿਆਸੀ ਲੋਕਾਂ ਨੇ ਹੀ ਦੱਸਿਆ ਹੈ ਕਿ ਪਰਜਾ ਛੋਟੀ ਹੋਵੇ ਜਾਂ ਵੱਡੀ, ਭਜਨ ਸਿਹੁੰ ਹੋਵੇ, ਜਾਂ ਸੰਤ ਰਾਮ, ਨਰੰਜਣ ਕੌਰ ਹੋਵੇ ਜਾਂ ਕੌਸ਼ੱਲਿਆ ਦੇਵੀ-ਸਾਡੇ ਲਈ ਧੁੱਪੇ ਜਾਂ ਠੰਡ 'ਚ ਕਤਾਰ ਬਣਾ ਕੇ ਖੜੀਆਂ ਵੋਟਾਂ ਹੀ ਹੁੰਦੀਆਂ ਹਨ। ਕਈਆਂ ਨੂੰ ਵਹਿਮ ਹੀ ਹੈ ਕਿ ਉਹ ਸੁਚੇਤ ਹੋ ਗਏ ਹਨ, ਪਰ ਅਸਲ 'ਚ ਨੇਤਾ ਜੀ ਨੇ ਇਹ ਸਾਰੇ ਪਾਟੀ ਪੈਂਟ ਹੀ ਪ੍ਰੈਸ ਕਰਨ ਲਈ ਲਾਏ ਹੋਏ ਹਨ। ਸਾਧ ਤਾਂ ਭੂਤਰੇ ਪਏ ਨੇ, ਕਿਉਂਕਿ ਉਨ੍ਹਾਂ ਨੂੰ ਪਤਾ ਹੈ ਕਿ ਸ਼ਰਧਾ ਦੀ ਖੁਰਾਕ ਨੂੰ ਵੋਟਾਂ 'ਚ ਬਦਲਣ ਦਾ ਉਨ੍ਹਾਂ ਕੋਲ ਹੀ ਮੰਤਰ ਹੈ ਤੇ ਹਾਕਮ ਇਸ ਮੰਤਰ ਦਾ ਮੁਰੀਦ ਹੈ। ਜੇ ਲੀਡਰ ਨੂੰ ਸੇਵਾ ਦਾ ਇਸ਼ਕ ਚੜ੍ਹਿਆ ਹੋਇਆ ਹੈ ਤਾਂ ਉਨ੍ਹਾਂ ਦੇ ਆਸ਼ਕ ਬਣਨ ਵਿਚ ਸਮੱਸਿਆ ਕਿਉਂ ਆਵੇਗੀ? ਵੋਟਾਂ ਦੇ ਦਿਨਾਂ 'ਚ ਪਰਜਾ ਨੇ ਨਾਅਰੇ ਤੇ ਜੈਕਾਰੇ ਮਾਰਨੇ ਹੁੰਦੇ ਨੇ, ਬਾਕੀ ਤਾਂ ਸਾਲਾਂਬੱਧੀ ਚੀਕਾਂ ਹੀ ਨਿਕਲਣੀਆਂ ਹੁੰਦੀਆਂ ਹਨ। ਇਹ ਜਾਦੂ ਸਿਰਫ ਨੇਤਾਵਾਂ ਨੂੰ ਹੀ ਆਉਂਦਾ ਹੈ ਕਿ ਵੋਟਾਂ ਤੋਂ ਪਹਿਲਾਂ ਹੱਥ 'ਚ ਲਾਰਿਆਂ ਦੀ ਬੂੰਦੀ ਵਾਲੇ ਮੋਤੀ ਚੂਰ ਦੇ ਲੱਡੂ ਨੂੰ ਪਿੱਛੋਂ 'ਬੇਹਾ ਪਕੌੜਾ' ਕਿਵੇਂ ਬਣਾਈਦਾ ਹੈ? ਪ੍ਰੇਮਿਕਾ ਦੇ ਲਿਖੇ ਸ਼ਬਦਾਂ ਨੂੰ ਪਹਿਲਾਂ ਲਵ ਲੈਟਰ ਮੰਨਿਆ ਜਾਂਦਾ ਸੀ ਪਰ ਹੁਣ ਲੋਕ ਚੋਣ ਮਨੋਰਥ ਪੱਤਰ ਨੂੰ ਹੀ ਲਵ ਲੈਟਰ ਤੋਂ ਵੱਧ ਮਹੱਤਤਾ ਦੇਣ ਲੱਗ ਪਏ ਹਨ। ਸਿਆਸਤ 'ਚ ਲੋਕਾਂ ਲਈ ਕੈਸਾ 'ਦੁਸਾਂਦਾ' ਤਿਆਰ ਹੋ ਰਿਹਾ ਹੈ ਕਿ ਵਰਦਾਨ ਤਾਂ ਪੁੱਤਰ ਜੰਮਣ ਦਾ ਦਿੱਤਾ ਜਾਂਦਾ ਹੈ ਪਰ ਜੰਮ ਖੁਸਰਾ ਰਿਹਾ ਹੈ। ਕਿਸੇ ਸ਼ਾਇਰ ਤੋਂ ਤਾਂ ਕਈ ਵਾਰੀ ਸਾਰੀ ਨਜ਼ਮ ਕਮਾਲ ਦੀ ਨਹੀਂ ਲਿਖ ਹੁੰਦੀ ਪਰ ਨੇਤਾ ਦਾ ਭਾਸ਼ਣ ਗਜ਼ਲ ਦੇ ਹਰ ਸ਼ਿਅਰ ਵਾਂਗ ਹੀ ਪਰਜਾ ਨੂੰ 'ਬਈ ਵਾਹ, ਇਰਸ਼ਾਦ!' ਕਹਿਣ ਲਈ ਮਜਬੂਰ ਕਰ ਰਿਹਾ ਹੈ। ਲੋਕ ਚਟਣੀ ਤੇ ਆਚਾਰ ਦੇ ਸੁਆਦ ਨਾਲ ਸ਼ੁਦਾਈ ਹੁੰਦੇ ਜਾ ਰਹੇ ਹਨ ਤੇ ਜਦੋਂ ਤੱਕ ਦਾਲ ਸਬਜ਼ੀ ਆਉਣੀ ਹੁੰਦੀ ਹੈ ਤਾਂ ਵਰਤਾਵਾ ਬਦਲ ਜਾਂਦਾ ਹੈ। ਜਿਸ ਦਿਨ ਇਹ ਸਮਝ ਆ ਗਿਆ ਉਸ ਦਿਨ ਲੋਕ ਦੇਸ਼ ਦੀ ਸੇਵਾ ਲਈ ਹੱਥ ਜੋੜਨ ਵਾਲਿਆਂ ਨੂੰ ਸੱਚੀ ਮੁੱਚੀਂ ਹੀ ਹੱਥ ਦਿਖਾਉਣ ਲਈ ਕਾਹਲੇ ਪੈ ਜਾਣਗੇ।***

"ਓਏ ਸਾਲਿਆ ਚੱਪਣ ਕੱਦੂਆ ਜਿਹਿਆ, ਦਿਖਿਆ ਨ੍ਹੀਂ ਕਈ ਦਿਨਾਂ ਦਾ।" ਭਜਨੇ ਨੇ ਜਾਗਰ ਅਮਲੀ ਦੇ ਆਉਂਦੇ ਸਾਰ ਹੀ ਆਜ ਲਾ ਦਿੱਤੀ।

"ਓਏ ਮੂੰਹ ਸੰਭਾਲ ਕੇ ਬੋਲਿਆ ਕਰ, ਮੈਨੂੰ ਪਤੈ ਤੂੰ ਕਿੱਥੇ ਬੋਲਦੈਂ। ਮੈਨੂੰ ਚੱਪਣ ਕੱਦੂ ਦਸਦੈਂ, ਸਾਲਿਆ ਆਪਣਾ ਮੂੰਹ ਦੇਖਿਆ ਜਿਵੇਂ ਨੇਪਾਲੀਆਂ ਨੇ ਕੁੱਟ ਕੇ ਘਰੋਂ ਕੱਢਿਆ ਹੁੰਦਾ।"

"ਬੜਾ ਕਰੰਟ ਲੱਗਿਆ, ਸਾਲਿਆ ਮੈਂ ਤਾਂ ਉਂਈਂ ਮਜ਼ਾਕ ਕੀਤਾ ਸੀ। ਤੂੰ ਮੇਰੇ ਨਾਲ ਗੱਲ ਈ ਨਾ ਕਰਿਆ ਕਰ। ਸਾਲਾ ਅਵਾਰਾ ਕੁੱਤੇ ਵਾਂਗੂੰ ਹਰ ਵੇਲੇ ਜੀਭ ਕੱਢੀ ਰੱਖਦੈ।"

"ਓ...ਅ...! ਗੱਲ ਸੁਣ ਲੈ ਜਾਗਰਾ, ਸਾਲਿਆਂ ਜਿੱਦਾਂ ਖੇਤ 'ਚੋਂ ਡਰਨਾ ਪੁੱਟ ਕੇ ਲਿਆਂਦਾ ਹੁੰਦਾ, ਇਕ ਨ੍ਹੀਂ ਖਾਣੀ ਤੂੰ।"

"ਪਤੰਦਰੋ ਗਰਮੀ ਤਾਂ ਮੁੱਕ ਚੱਲੀ ਆ, ਹੁਣ ਤੁਸੀਂ ਗਰਮੀ ਕੱਢੀ ਜਾਨੇ ਓਂ।" ਬੰਤਾ ਸਿਉਂ ਨੇ ਵੀ ਥੜ੍ਹੇ 'ਤੇ ਬੈਠਦਿਆਂ ਠੰਡੇ ਪਾਣੀ ਦਾ ਛਿੱਟਾ ਦੇਣ ਦੀ ਕੋਸ਼ਿਸ਼ ਕੀਤੀ।

"ਬੰਤਿਆ, ਇਹ ਭਜਨਾ ਜਦੋਂ ਵੀ ਗੱਲ ਕਰਦਾ 'ਸਾਲਾ' ਲਾ ਕੇ ਗੱਲ ਕਰਦਾ।"

"ਓ..ਅ...! ਕੀ ਕਹਿ ਦਿੱਤਾ ਮੈਂ ਤੈਨੂੰ, ਇਹੀ ਕਿਹਾ ਕਿ ਦਿਖਿਆ ਨ੍ਹੀਂ ਕਈ ਦਿਨ।"

"ਉਂ ਜਾਗਰਾ ਗੱਲ ਤਾਂ ਕੁਛ ਨ੍ਹੀਂ।" ਬੰਤੇ ਨੇ ਫਿਰ ਗੱਲ ਮੁਕਾਉਣ ਦੀ ਕੋਸ਼ਿਸ਼ ਕੀਤੀ।

"ਬੰਤਿਆ, ਇਹ ਮੈਨੂੰ ਪਰਸੋਂ ਮਿਲਿਆ ਸੀ, ਦੋ ਦਿਨ 'ਚ ਕਿੱਡਾ ਕੁ ਉਦਾਸ ਹੋ ਗਿਆ! ਤੂੰ ਨ੍ਹੀਂ ਸਮਝਦਾ, ਇਹ ਸਾਲਾ ਲਾਉਂਦਾ ਕਿੱਥੇ ਐ? ਅਸਲ 'ਚ ਵੋਟਾਂ ਅਸੀਂ ਪਾਈਆਂ ਫੌਜੀ ਨੂੰ, ਉਹ ਹੁਣ ਲੱਭਦਾ ਨ੍ਹੀਂ। ਇਹ ਜਿੱਥੇ ਟੱਕਰਦਾ ਸਾਲਾ ਤੱਕਲਾ ਮਾਰਦਾ ਮੇਰੇ।"

"ਚੱਲ ਐਂ ਈਂ ਰੱਖ ਲੈ ਫਿਰ, ਤੂੰ ਚੜ੍ਹਾ ਕੁੱਤੀ ਜਿਹੜੀ ਤਾਰ 'ਤੇ ਚੜ੍ਹਾਉਣੀ ਐਂ। ਮੈਨੂੰ ਬਬੇਰਾ ਕਿਹਾ ਵੋਟਾਂ ਏਧਰ ਨਾ ਪਾਓ, ਸਾਲੇ ਲੈਨ 'ਚ ਲੱਗ ਲੱਗ ਜਾਂਦੇ ਰਹੇ।"

"ਓ ਥੋਡਾ ਵੀ ਪਤੈ, ਬਾਰੀਆਂ ਬਦਲ ਕੇ ਆਈ ਜਾਨੇ ਓਂ, ਕਰਤੂਤਾਂ ਓਹੀ ਆ।"

"ਬਈ ਗੱਲ ਤਾਂ ਓਦਾਂ ਭਜਨੇ ਦੀ ਕੁਝ ਠੀਕ ਵੀ ਆ। ਸਾਲਾ ਮੇਰਾ ਮੁੰਡਾ ਹੁਣ ਨਵਾਂ ਫੋਨ ਮੰਗਦਾ। ਮੈਂ ਉਹਨੂੰ ਕਿਹਾ ਕਿ ਤੈਂ ਛੇ ਮਹੀਨੇ ਪਹਿਲਾਂ ਤਾਂ ਮੇਰਾ ਖੂਨ ਪੀ ਕੇ ਨਵਾਂ ਲਿਆ ਸੀ। ਹੁਣ ਇਹਨੂੰ ਕੀ ਬੁਖਾਰ ਚੜ੍ਹ ਗਿਆ। ਉਹ ਆਂਹਦਾ ਇਹ ਤਾਂ ਮੈਂ ਟੁੱਟਿਆ ਜਿਹਾ ਤਾਂ ਲਿਆ ਸੀ ਕਿ ਮੈਨੂੰ ਤਾਂ ਸਰਕਾਰ ਵਲੋਂ ਸਮਾਰਟ ਫੋਨ ਆ ਜਾਣਾ, ਉਹ ਮੈਂ ਰੱਖ ਲੈਣਾ ਤੇ ਇਹ ਤੈਨੂੰ ਦੇਣਾ ਸੀ। ਹੁਣ ਸਮਾਰਟ ਫੋਨ ਮਿਲਣ ਦੀ ਤਾਂ ਆਸ ਨਹੀਂ, ਤੇ ਸਾਲਾ ਜਦੋਂ ਟੱਕਰਦਾ ਉਦੋਂ ਕਹੂ, ਫੋਨ ਲੈ ਕੇ ਦੇਣਾ ਕਿ ਨਹੀਂ?"

"ਗੱਲ ਤਾਂ ਤੇਰੀ ਬੰਤਿਆ ਠੀਕ ਆ, ਤੇਰੇ ਗਲ ਕਾਹਨੂੰ ਗੂਠਾ ਦਿੰਦਾ, ਜਿਹੜਾ ਕਹਿ ਕੇ ਗਿਆ ਸੀ, ਉਹਤੋਂ ਲੇਵੇ ਜਾ ਕੇ।"

"ਉਹ ਕਿਤੇ ਲੱਭਦਾ?"

ਇੰਨੇ ਨੂੰ ਮਾਸਟਰ ਬਸੰਤ ਸਿਹੁੰ ਵੀ ਆ ਕੇ ਬੈਠ ਗਿਆ ਸੱਥ 'ਚ। ਉਹ ਆਉਂਦਾ ਆਪਣਾ ਈ ਪਿੱਟ ਸਿਆਪਾ ਪਾ ਕੇ ਬਹਿ ਗਿਆ। ਆਂਹਦਾ, ਮੁੰਡਾ ਔਖਾ ਪੜ੍ਹਾਇਆ, ਘਰ 'ਚ ਅਸੀਂ ਤਿੰਨ ਜੀਅ ਆਂ। ਬਾਹਰ ਨੂੰ ਜਾਣ ਨੂੰ ਕਾਹਲਾ ਸੀ। ਏਨੇ ਨੂੰ ਪਤਾ ਲੱਗ ਗਿਆ ਕਿ ਸਰਕਾਰ ਨੇ ਹਰ ਘਰ 'ਚ ਇਕ ਬੰਦੇ ਨੂੰ ਨੌਕਰੀ ਦੇਣੀ ਆ। ਜਿਹੜੇ ਚਾਰ ਪੈਸੇ ਕੋਲ ਸੀ, ਪਤੰਦਰ ਦਾ ਵਿਆਹ ਕਰ ਦਿੱਤਾ ਕਿ ਨੌਕਰੀ ਤਾਂ ਮਿਲ ਹੀ ਜਾਣੀ ਆ, ਇੱਕੋ ਇਕ ਮੁੰਡਾ ਆ ਉਹ ਤਾਂ ਵਿਆਹ ਲਈਏ। ਹੁਣ ਸਰਕਾਰ ਦੀ ਪੇਸ਼ਿਆਂ ਵਾਲੀ ਗਾਗਰ ਟੁੱਟ ਗਈ। ਕਹਿੰਦੇ, ਟਕਾ ਸਾਡੇ ਕੋਲ ਨਹੀਂ।

ਉਧਰ ਬਹੂ ਉਹ ਪੜ੍ਹੀ-ਲਿਖੀ ਲਿਆਂਦੀ ਜਿਹੜੀ ਮਾਪਿਆਂ ਦੀ 'ਕੱਲੀ 'ਕੱਲੀ ਲਾਡਲੀ ਧੀ ਸੀ। ਚਲੋ ਕੁੜੀ ਤਾਂ ਮਾੜੀ-ਮੋਟੀ ਨੌਕਰੀ ਕਰਦੀ ਸੀ ਪਰ ਹੁਣ ਘਰ 'ਚ ਟਿੰਡ 'ਚ ਕਾਨ੍ਹਾ ਪੈਣ ਲੱਗ ਪਿਆ। ਬਹੂ ਕਲੇਸ਼ ਕਰਦੀ ਆ ਕਿ ਨੌਕਰੀ ਤਾਂ ਮਿਲ ਨ੍ਹੀਂ ਰਹੀ ਇਹਨੂੰ, ਹੁਣ ਮੈਂ ਕਮਾ ਕੇ ਖਲਾਊਂ? ਚੰਗੇ ਭਲੇ ਵਸਦੇ ਸੀ, ਸਾਲੀਆਂ ਵੋਟਾਂ ਆਈਆਂ ਤੋਂਟਾਂ ਪੈ ਗਈਆਂ।

ਬੰਤਾ ਵਿਚ ਦੀ ਬੋਲਿਆ, "ਮਾਹਟਰਾ, ਇਕ ਗੱਲ ਹੋਰ ਨ੍ਹੀਂ ਸੁਣੀ? ਜਿਹੜਾ ਆਪਣੇ ਪਿੰਡ ਆਲਾ ਸਾਧੂ ਕਿਆਂ ਦਾ ਧੰਨਾ ਆ, ਉਹ ਚੰਗਾ ਭਲਾ ਪੰਜ-ਸੱਤ ਸੌ ਨੂੰ ਸੀਰੀ ਲੱਗਾ ਸੀ। ਉਪਰੋਂ ਐਲਾਨ ਹੋ ਗਿਆ, ਬਈ ਬੁੱਢਿਆਂ ਨੂੰ ਸਰਕਾਰ ਪੱਚੀ-ਪੱਚੀ ਸੌ ਦਊ। ਧੰਨਾ ਤਾਂ ਪਾਵੇ ਲੁੱਡੀਆਂ, ਪਈ ਪੱਚੀ ਸੌ ਮੇਰਾ, ਪੱਚੀ ਸੌ ਪ੍ਰਸਿੰਨੀ ਦਾ-ਸਾਲਿਓ ਕਿੱਥੇ ਪੰਜ ਸੌ, ਕਿੱਥੇ ਪੰਜ ਹਜ਼ਾਰ? ਉਹ ਤਾਂ ਦੂਏ ਦਿਨ ਹੀ ਜਾ ਕੇ ਭੁੰਮਣ ਨੂੰ ਜਾ ਕੇ ਕਹਿੰਦਾ ਕਿ ਪੰਜ ਹਜ਼ਾਰ ਸਰਕਾਰ ਪੈਲਸ਼ਨ (ਪੈਨਸ਼ਨ) ਦਊ। ਕੁੱਤੇ ਨੇ ਵੱਡਿਆ ਤੁਹਾਡੇ ਪੰਜ ਸੌ ਨੂੰ ਕੰਮ ਕਰੂ? ਵਿਹਲਾ ਖਾਊਂ, ਸਰਕਾਰੀ ਪੈਸੇ ਨਾਲ ਲੁੱਡੀਆਂ ਪਾਊਂ। ਨਾ ਹੁਣ ਛੇਤੀ ਮੈਂ ਮਰੂੰ, ਨਾ ਮਰੂ ਪ੍ਰਸਿੰਨੀ। ਕਹਿੰਦਾ ਮਾਰ ਕੇ ਦੁਹੱਥੜਾ ਪਿੱਟੇ, ਸਰਕਾਰ ਨੇ ਧੋਤੀ ਤਾਂ ਕੀ ਦੇਣੀ ਸੀ ਲੰਗੋਟੀ ਵੀ ਲਾਹ ਲਈ। ਜੋ ਢਾਈ ਤਿੰਨ ਸੌ ਮਿਲਦਾ ਸੀ, ਉਹ ਵੀ ਬੰਦ ਹੋ ਗਿਆ।"

"ਲੈ ਜਾਗਰਾ, ਸਰਕਾਰ 'ਚ ਬੱਕਰਾ ਇਕ ਹੋਰ ਆ ਗਿਆ।" ਭਜਨ ਸਿਹੁੰ ਨੇ ਫਿਰ ਸੁਰਲੀ ਛੱਡ ਦਿੱਤੀ।

"ਤੂੰ ਹੁਣ ਕਾਮਰੇਡ ਬਿੱਕਰ ਸਿਹੁੰ ਨੂੰ ਬੱਕਰਾ ਦੱਸਦੈਂ? ਜਿੱਦਣ ਕਿਤੇ ਲਾਲ ਝੰਡੇ ਵਾਲਿਆਂ ਦਾ ਰਾਜ ਆ ਗਿਆ। ਆਊ ਇਨਕਲਾਬ, ਆਹ ਢਿੱਡ ਭਰਨ ਵਾਲਿਆਂ ਦੇ ਮੂਧੇ ਪਾ ਕੇ ਢੂਹਾ ਲਾਲ ਕਰ ਦੇਣਗੇ।"

"ਉਹ ਕਮਲਿਆ, ਨੌਂ ਮਣ ਤੇਲ ਵੀ ਹੈਗਾ, ਰਾਧਾ ਵੀ ਹੈਗੀ ਆ। ਰਾਧਾ ਨੱਚੂ ਕਿੱਦਾਂ? ਢੋਲਕੀ ਵਜਾਉਣ ਵਾਲਾ ਹੈਨੀ।"



"ਇਹ ਢੋਲਕੀ ਦਾ ਕੀ ਮਤਲਬ ਹੋਇਆ?"

"ਮਾਸਟਰਾ, ਤੂੰ ਵੀ ਕਾਗਜ਼ਾਂ 'ਚ ਈ ਪੜ੍ਹਿਆ ਲੱਗਦੈਂ। ਇਹ ਬਾਰੀ ਤਾਂ ਨੀਲੀਆਂ ਤੇ ਚਿੱਟੀਆਂ ਵਾਲਿਆਂ ਦੀ ਹੀ ਆਉਂਦੀ ਹੈ। 50 ਸਾਲ ਹੋ ਗਏ ਇਨ੍ਹਾਂ ਕੋਲ ਝੰਡਾ ਈ ਆ, ਡੰਡਾ ਨ੍ਹੀਂ ਮਿਲਿਆ। ਹੁਣ ਸਮਝ ਲੱਗ ਗਈ ਢੋਲਕੀ ਦੀ? ਇਨ੍ਹਾਂ ਪਿੱਛੇ ਲੋਕ ਨ੍ਹੀਂ ਤੁਰਦੇ। ਰੱਬ ਜਾਣੇ ਕਿਉਂ?"

"ਨਾ ਕਮਾਰੇਡਾ, ਜਿਹੜਾ ਤੇਰਾ ਮਿੱਤਰ ਆ, ਉਹਦੀ ਪਿੰਡ 'ਚ ਬੜੀ ਥੂ ਥੂ ਹੋਈ ਪਈ ਆ। ਸਾਲਾ ਜਦ ਦੇਖ ਲਓ, ਉਦੋਂ ਈਂ ਠਾਕਰੀ ਦੇ ਘਰ ਵੜ੍ਹਿਆ ਰਹਿੰਦੈ।"

"ਓ ਸ਼ਰਮ ਕਰ ਜਾਗਰਾ, ਉਹ ਮਿੱਤਰ ਸਾਡਾ ਬੁੜਾ-ਛੜਾ ਆ ਸੱਤਰਾਂ ਸਾਲਾਂ ਦਾ। ਠਾਕਰੀ ਦੇ ਉਹਦੇ ਵੀ ਉਪਰ ਦੀ ਦੋ ਸਾਲ ਹੋਊ। 'ਕੱਲੀ ਵਿਚਾਰੀ ਰਹਿੰਦੀ ਆ। ਜੇ ਕਿਤੇ ਚਾਹ ਦਾ ਘੁੱਟ ਪੀਣ ਚਲਾ ਜਾਂਦਾ ਤਾਂ ਲੋਕਾਂ ਦਾ ਢਿੱਡ ਕੀ ਦੁਖਦਾ?"

"ਨਾ ਮਾਹਟਰਾ! ਸਿਆਣੇ ਬਿਆਣੇ ਨੂੰ ਫਿਰ ਵੀ ਮਾੜੀ ਮੋਟੀ ਸ਼ਰਮ ਚਾਹੀਦੀ ਆ। ਤੀਵੀਂ ਮਾਨੀ ਕੋਲ 'ਕੱਲਾ ਬੰਦਾ ਜਾਊ, ਉਹ ਵੀ ਛੜਾ ਤਾਂ ਲੋਕਾਂ ਨੇ ਗੱਲਾਂ ਤਾਂ ਕਰਨੀਆਂ ਈ ਆ।"

"ਨਾ ਜਾਗਰਾ, ਕਹਿੰਦੇ ਨੂੰ ਸ਼ਰਮ ਨ੍ਹੀਂ ਆਉਂਦੀ ਹੋਣੀ! ਸਾਲਿਆ ਥੋਡੇ ਆਲਾ ਫੌਜੀ ਕੀ ਕਰਦਾ? ਕਦੀ ਕਿਤਿਓਂ ਖਬਰਾਂ ਆਉਂਦੀਆਂ, ਕਦੀ ਕਿਤਿਓਂ, ਕਦੀ ਫਲਾਣੇ ਥਾਂ ਨਾਲ ਐ, ਕਦੀ ਫਲਾਣੇ ਥਾਂ। ਉਨ੍ਹਾਂ ਦਾ ਤਾਂ ਹਾਣ ਮੰਗਲ ਵੀ ਹੈਨੀ।"

"ਤੇਰਾ ਮਤਲਬ ਆ ਕਿ ਵੱਡਿਆਂ ਨੂੰ ਸਾਰੀ ਛੋਟ ਐ, ਤੇ ਮਾੜਿਆਂ ਨਾਲ ਕੁਪੱਤ? ਬਾਦਸ਼ਾਹ ਇਸ਼ਕ ਕਰੇ ਤਾਂ ਦੋਸਤੀ, ਗਰੀਬ ਪਿਆਰ ਕਰੇ ਤਾਂ ਗੁਨਾਹ। ਦਿਨ ਖੜ੍ਹੇ ਈ ਅੱਖਾਂ 'ਚ ਘੱਟਾ ਪਾਈ ਫਿਰਦੇ ਆ।"

"ਮਾਸਟਰਾ, ਤੂੰ ਤਾਂ ਐਂ ਘੇਰਦਾਂ, ਜਿੱਦਾਂ ਕਿਤੇ ਮੈਨੂੰ ਸਰਕਾਰ ਨੇ ਕੋਈ ਲਾਲ ਬੱਤੀ ਵਾਲੀ ਗੱਡੀ ਦੇ ਦਿੱਤੀ ਹੁੰਦੀ ਐ। ਜੇ ਵੋਟਾਂ ਦੋ ਪਾ 'ਤੀਆਂ ਤਾਂ ਸਾਲਾ ਗੁਨਾਹ ਕੀ ਕਰ ਲਿਆ। ਜਿਨ੍ਹਾਂ ਨੂੰ ਪਹਿਲਾਂ ਪਾਈਆਂ ਸੀ, ਦਿੱਤੀ ਉਨ੍ਹਾਂ ਨੇ ਵੀ ਸੁੱਸਰੀ ਖਾਧੇ ਦਾਣਿਆਂ ਦੀ ਬੋਰੀ ਈ ਆ। ਬਾਕੀ ਲਾਰਿਆਂ ਦੇ ਲੱਡੂ ਹੀ ਖੁਆ ਗਏ।"

"ਫਿਰ ਹੁਣ ਕਰੀਏ ਕੀ?"

ਭਜਨਾ ਕਹਿੰਦਾ, ਹੁਣ ਅਗਲੀ ਵਾਰੀ ਸਾਨੂੰ ਵੋਟਾਂ ਪਾ ਦਿਓ।

"ਥੋਡਾ ਹਾਲੇ ਢਿੱਡ ਨ੍ਹੀਂ ਭਰਿਆ? ਪੰਜਾਬ ਕੰਗਾਲ, ਜੁਆਨੀ ਉਜੜ ਗਈ, ਕਿਸਾਨੀ ਤਬਾਹ ਹੋ ਗਈ। ਜ਼ਿਮੀਂਦਾਰ ਬਿਲਕਿਆ, ਮਜ਼ਦੂਰ ਬਿਲਕਿਆ। ਉਧਰ ਦਿੱਲੀ ਆਲੇ ਨੇ ਨੋਟ ਬਦਲ 'ਤੇ। ਉਹਦਾ 15-15 ਲੱਖ ਨ੍ਹੀਂ ਆਉਂਦਾ। ਇਹ ਸਭ ਜੱਟੀਦਾਰ 'ਕੱਠੇ ਹੋਏ ਸੀ। ਫੋੜਾ ਸਾਡੇ ਨਿਕਲਣਾ, ਇਨ੍ਹਾਂ ਦਾ ਤਾਂ ਖਾ ਕੇ ਵੀ ਸਿਰ ਨਾ ਦੁਖੇ।"

"ਆਹ ਚੰਨੋ ਪਿੱਟਦੀ ਆਉਂਦੀ ਆ, ਇਹਨੂੰ ਕੀ ਹੋਇਆ?"

"ਪੁੱਛ ਤਾਂ ਜਾਗਰਾ ਜਾ ਕੇ।"

"ਵੇ ਤੁਸੀਂ ਕੀ ਪੁੱਛਣਾ, ਮੈਂ ਲੁੱਟੀ ਗਈ, ਮੈਂ ਪੁੱਟੀ ਗਈ। ਪਿਛਲੇ ਮਹੀਨੇ ਮੇਰਾ ਸਿਰ ਦਾ ਸਾਈਂ ਫਾਹਾ ਲੈ ਕੇ ਮਰ ਗਿਆ। ਅੱਜ ਪੁੱਤ ਨੇ ਸਲਫਾਸ ਖਾ ਲਈ। ਵੇ ਤਿੰਨ ਲੱਖ ਦਾ ਕਰਜ਼ਾ, ਛੇ-ਛੇ ਫੁੱਟੇ ਦੋ ਜੁਆਨ ਘਰੋਂ ਚਲੇ ਗਏ। ਵੇ ਆਂਹਦੇ ਸੀ, ਕਰਜ਼ਾ ਮੁਆਫ ਕਰ ਦਿਆਂਗੇ। ਚਾਰ-ਪੰਜ ਮਹੀਨੇ ਤਾਂ ਬੈਂਕਾਂ ਆਲਿਆਂ ਤੋਂ ਐਧਰ-ਉਧਰ ਹੋ ਕੇ ਕੱਟ ਲਏ। ਹੁਣ ਜਦੋਂ ਫਿਰ ਨਾਸੀਂ ਧੂੰਆਂ ਚੜ੍ਹਿਆ ਤਾਂ ਇਕ ਪਹਿਲਾ ਮਰ ਗਿਆ, ਇਕ ਹੁਣ। ਜੁਆਨ ਪੁੱਤ ਛੇ ਮਹੀਨੇ ਪਹਿਲਾਂ ਵਿਆਹਿਆ, ਘਰ 'ਚ ਰਹਿ ਗਈਆਂ ਦੋ ਵਿਧਵਾਵਾਂ। ਹੁਣ ਕਿਹੜੇ ਖੂਹ 'ਚ ਜਾਈਏ। ਹੁਣ ਤਾਂ ਅੱਗ ਲੱਗਣੀਆਂ ਵੋਟਾਂ 'ਚ ਵੀ ਬਹੁਤ ਟੈਮ ਆ, ਕਿਹੜੀ ਕੰਧ 'ਚ ਮੱਥਾ ਮਾਰੀਏ?"

"ਦੇਖ ਲਿਆ ਜਾਗਰਾ, ਧਰੂ ਤਾਰਾ ਚੜ੍ਹਿਆ। ਗੱਲ ਮਾੜੀ ਨ੍ਹੀਂ ਜਰਦੇ। ਥੋਡੇ ਤੋਂ ਸੁਖੀ ਕਿਹੜਾ?"

"ਬਈ ਅੱਜ ਨਾ ਸੱਥ 'ਚ ਤਾਸ਼, ਨਾ ਕੌਡਾਂ, ਖਿੱਲਰੇ ਜਿਹੇ ਫਿਰਦੇ ਓਂ, ਗੱਲ ਕੀ ਐ?" ਸਰਪੰਚ ਨੇ ਸ਼ਹਿਰੋਂ ਆਉਂਦੇ ਨੇ ਸਕੂਟਰ ਲਾ ਕੇ ਸੱਥ 'ਚ ਨਵਾਂ ਧੂੰਆਂ ਛੱਡਿਆ।

"ਸਰਪੰਚਾ, ਨਾ ਦਾ ਈ ਸਰਪੰਚ ਐਂ। ਟਕੇ ਨੂੰ ਤੈਨੂੰ ਕੋਈ ਪੁੱਛਦਾ ਨ੍ਹੀਂ। ਜੂੰਆਂ ਝੋਟੇ ਦੇ ਨਾਲ ਈ ਮਰ ਗਈਆਂ। ਜਿਨ੍ਹਾਂ ਦਾ ਤੂੰ ਸੀਗਾ, ਉਹ ਆਪ ਨ੍ਹੀਂ ਰਹੇ। ਚਿੱਟੀਆਂ ਆਲੇ ਤੇਰਾ ਝੱਗਾ ਚੁੱਕਣ ਨੂੰ ਫਿਰਦੇ ਆ। ਤੇਰੀ ਨੀਲੀ ਪਗੜੀ ਸੁਆਹ ਰੰਗ ਲਿਆਊ! ਪਿੰਡ 'ਚ ਓਵੇਂ ਈ ਚਿੱਟਾ ਵਿਕਦੈ, ਉਵੇਂ ਸ਼ਰਾਬ, ਉਵੇਂ ਈ ਭੁੱਕੀ, ਉਵੇਂ ਈ ਸਮੈਕ, ਉਵੇਂ ਈ ਨਾਗਣੀ-ਤੂੰ ਵੀ ਉਵੇਂ ਈ ਤੁਰਿਆ ਫਿਰਦੈਂ।" ਨਾਜਰ ਨੇ ਇੱਕੋ ਵਾਰੀ ਸਾਰੀ ਭੜਾਸ ਕੱਢ ਮਾਰੀ।

"ਦਲਾਲ ਨੇ ਬਥੇਰੇ ਪੈਸੇ ਜੋੜੇ ਆ। ਉਪਰ ਆਲੇ ਨਾਲ ਇਹ ਵੀ ਰਲਿਆ ਹੋਇਆ ਸੀ। ਇਹਦੀ ਸ਼ਹਿ ਨਾਲ ਤਿੰਨ ਮੁੰਡੇ ਮਰ'ਗੇ। ਇਹ ਕਾਲੇ ਨਾਗ ਆਲਾ ਸੇਵਾ ਸੂੰ ਸਰਪੰਚ, ਪਿੰਡ 'ਚ ਚਿੱਟਾ ਲੈ ਕੇ ਆਇਆ। ਉਹ ਤਾਂ ਸੇਵਾ ਨਹੀਂ, ਰਾਜ ਕਹਿੰਦੇ ਰਹੇ, ਇਹ ਸਾਲਾ ਨਾਮ ਸੇਵਾ ਰੱਖੀ ਫਿਰਦਾ। ਓ ਬਹਿ ਜਾਏ ਤੇਰਾ ਬੇੜਾ ਸਰਪੰਚਾ! ਆ ਲੈਣ ਦੇ ਵੋਟਾਂ, ਜੇ ਤੇਰੀਆਂ ਪੂਛਾਂ ਨਾ ਚਕਾਈਆਂ ਤਾਂ ਜਾਗਰ ਨੂੰ ਵੀ ਜਾਗਰ ਨਾ ਕਹੀਂ।"

"ਤੂੰ ਬੋਲਦੈਂ ਹੁਣ ਉਹ ਬੋਲੀ, ਪੈਗ ਜੁ ਪਟਿਆਲੇ ਵਾਲਾ ਪੀਨਾਂ। ਜਿੱਦਣ ਜਗਾਧਰੀ ਨੰਬਰ ਵਨ ਚੱਲੂ, ਫੇਰ ਪਤਾ ਲੱਗੂ ਬਈ ਪਾਣੀ ਪੁਲ ਦੇ ਉਪਰੋਂ ਲੰਘਦੈ ਕਿ ਥੱਲਿਓਂ?"

"ਨਾ ਇਹ ਪਟਿਆਲਾ ਤੇ ਜਗਾਧਰੀ ਕੀ ਐ?" ਮਾਸਟਰ ਨੇ ਬੜੀ ਹੈਰਾਨੀ ਨਾਲ ਪੁੱਛਿਆ।

"ਟੱਟੂ ਪੜ੍ਹੇ ਆਂ ਤੁਸੀਂ। ਜੇ ਪੈਗ ਤੇ ਪਟਿਆਲੇ ਦਾ ਨ੍ਹੀਂ ਪਤਾ ਤਾਂ ਜਗਾਧਰੀ ਤੇਰੀ ਭੂਆ ਤੈਨੂੰ ਕਿੱਥੋਂ ਸਮਝ ਆਉਣੀ ਆ। ਇਹ ਰਾਜ ਭਾਗ ਬਦਲਦਿਆਂ ਦੀਆਂ ਨਿਸ਼ਾਨੀਆਂ ਆ ਮਾਸਟਰਾ।"

"ਅੱਛਾ ਸਰਪੰਚਾ! ਆਇਆ ਕਿੱਥੋਂ ਐਂ, ਸੱਚੋ ਸੱਚ ਦੱਸੀਂ। ਰੌਲਾ ਤੇਰਾ ਵੀ ਇਕ ਪੈਂਦਾ।"

"ਕਾਹਦਾ ਰੌਲਾ ਓਏ, ਸਾਲਿਆ ਟਕੇ ਦਾ ਅਮਲੀ ਨ੍ਹੀਂ, ਸਿਰ ਨੂੰ ਚੜ੍ਹੀ ਆਉਨੈ। ਵੀਹ ਵਾਰੀ ਤੈਨੂੰ ਪੁਲਿਸ ਤੋਂ ਛੁਡਾਇਆ, ਤਿੰਨ ਵਾਰੀ ਥਾਣਿਓਂ ਲਿਆਂਦਾ। ਸਾਡੀ ਦੋ ਵਾਰ ਸਰਕਾਰ ਬਣੀ, ਸਾਲਿਆ ਦਸ ਦਸ ਸੇਰ ਪੱਕੀ ਭੁੱਕੀ ਦਿੱਤੀ ਹੋਣੀ ਐ। ਅਸੀਂ ਤੇਰਾ ਢਿੱਡ ਭਰੀਏ, ਤੂੰ ਸਾਡੇ ਢਿੱਡ 'ਚ ਲੱਤਾਂ ਮਾਰੇ, ਕੱਟ ਲੈ ਚਾਰ ਸਾਲ ਸੌਖੇ, ਫੇਰ ਦੇਖੀਂ ਬੱਕਰੀ ਗੁੱਲਾਂ 'ਤੇ ਚੜ੍ਹਦੀ ਐ ਕਿ ਫੁੱਲਾਂ 'ਤੇ। ਸਾਲੇ ਸਿਰ ਨੂੰ ਚੜ੍ਹੀ ਆਉਂਦੇ ਆ।"

"ਸਾਡੀ ਤਾਂ ਜਿਹੜੀ ਲੰਘਣੀ ਸੀ ਲੰਘ ਗਈ। ਅਮਲੀ ਤਾਂ ਜਾਂ ਠੇਕੇ ਹੁੰਦੇ ਆ ਜਾਂ ਠਾਣੇ। ਹਾਂ, ਹੁਣ ਤੇਰੇ ਜੋ ਸੁਆਹ ਸਿਰ ਪਊ, ਉਹ ਪਤਾ ਲੱਗੂ।"

"ਮੈਂ ਕੀ ਕਰ'ਤਾ? ਤੇਰੇ ਇਸ਼ਕ ਪੇਚੇ ਦਾ ਪਤਾ ਲੱਗ ਗਿਆ ਸਾਨੂੰ। ਹੁਣ ਨ੍ਹੀਂ ਗੁੱਝਾ ਰਹਿੰਦਾ ਸਰਪੰਚਾ। ਤੂੰ ਗਰੀਬ ਦੀ ਮਜ਼ਬੂਰੀ ਦਾ ਫਾਇਦਾ ਉਠਾ ਕੇ ਜਿਹਦੇ ਤੋਂ ਘਰੇ ਕੰਮ ਕਰਾਉਂਦਾ ਸੀ, ਉਹ ਪਿੱਟਦੀ ਆ ਕਿ ਸਰਪੰਚ ਨੇ ਪੁੱਤ ਮਰਾਇਆ, ਉਹਨੂੰ ਚਿੱਟਾ ਵੇਚਣ ਤੇ ਪੀਣ ਲਾਇਆ ਅਤੇ ਮੇਰੀ ਇੱਜਤ ਨਾਲ ਖੇਡਦਾ ਰਿਹਾ। ਹੁਣ ਬੁਝੇ ਦੀਵਿਆਂ ਦੀਆਂ ਲਾਟਾਂ ਨਹੀਂ, ਭਾਂਬੜ ਉਠਦੇ ਦਿਖਣਗੇ।"

"ਉਹ ਕਾਹਨੂੰ ਮੂਰਖੋ ਸਿੰਗ ਫਸਾਈ ਬੈਠੇ ਓਂ, ਉਹੀ ਖੂਹ ਤੇ ਉਹੀ ਡੱਡੂ। ਸਾਲਿਓ ਇੱਕੋ ਈ ਪਿੰਡ ਐ, ਇੱਕੋ ਥਾਂ ਜੰਮੇ ਪਲੇ ਆਂ। ਕਿਸੇ ਦਾ ਚੜ੍ਹਦੇ ਨੂੰ, ਕਿਸੇ ਦਾ ਲਹਿੰਦੇ ਨੂੰ ਘਰ ਆ। ਓ ਜਿਨ੍ਹਾਂ ਪਿੱਛੇ ਲੜਦੇ ਓਂ, ਉਹ ਤੁਹਾਨੂੰ ਜੁੱਤੀ ਦੀਆਂ ਨੋਕਾਂ ਨ੍ਹੀਂ ਸਮਝਦੇ। ਕਾਹਨੂੰ ਚਿੰਜੜੀਆਂ ਪਿੰਡਾਂ 'ਚ ਛੇੜਦੇ ਓਂ। ਕੋਈ ਟੋਪੀ ਪਾਵੇ, ਕੋਈ ਚਿੱਟੀ ਬੰਨ੍ਹੇ, ਕੋਈ ਨੀਲੀ ਬੰਨ੍ਹੇ-ਕੋਈ ਫਰਕ ਨ੍ਹੀ ਪੈਂਦਾ। ਸ਼ਰਮ ਕਰੋ, ਆ ਚੰਨੋ ਪਿੱਟਦੀ ਗਈ ਆ ਤੁਹਾਡੇ ਕੋਲੋਂ। 'ਕੱਠੇ ਜਿੱਡਾ ਘਰ ਵਾਲਾ ਮਰ ਗਿਆ ਕਰਤਾਰ ਸਿਹੁੰ। ਪਹਿਲਾ ਪਤੀ ਮਰ ਗਿਆ, ਅੱਜ ਪੁੱਤ ਮਰ ਗਿਆ, ਤੁਸੀਂ ਨੀਲੀਆਂ-ਚਿੱਟੀਆਂ 'ਚ ਉਲਝੇ ਪਏ ਓਂ। ਤੁਹਾਡੇ ਸਿਰਾਂ 'ਤੇ ਇਨ੍ਹਾਂ ਨੇ ਖੱਫਣ (ਕੱਫਣ) ਰੱਖ ਦਿੱਤੇ ਨੇ।" ਕੋਲੋਂ ਲੰਘਦੇ ਸਿਆਣੇ ਚੌਕੀਦਾਰ ਤੋਂ ਰਿਹਾ ਨਾ ਗਿਆ ਤੇ ਇਹ ਕਹਿ ਕੇ ਉਸ ਨੇ ਕੈਂਚੀ ਵਾਂਗੂੰ ਲੁਤਰ ਲੁਤਰ ਚੱਲਦੀ ਸਭ ਦੀ ਜ਼ੁਬਾਨ ਚੁੱਪ ਕਰਾ ਦਿੱਤੀ।

"ਚੌਕੀਦਾਰਾ ਕੁਝ ਹੋਰ ਕਹਿਣਾ, ਮਾਸਟਰ ਨੇ ਸਵਾਲ ਕੀਤਾ।"

"ਬੱਲੇ ਓ ਮਾਸਟਰਾ! ਖਰਬੂਜੇ ਵੀ ਚਿੱਬੜ ਈ ਬਣ ਗਏ। ਮੈਂ ਅਨਪੜ੍ਹ ਬੰਦਾ, ਤੂੰ ਪੜ੍ਹਿਆ-ਲਿਖਿਆ। ਇਨ੍ਹਾਂ ਨੂੰ ਦੱਸਿਆ ਕਰ ਕਿ ਦਾਣੇ ਆਪੇ ਈ ਕਮਾਉਨੇ ਓਂ, ਆਪੇ ਈ ਪੈਦਾ ਕਰਦੇ ਓਂ, ਫਿਰ ਉਨ੍ਹਾਂ ਤੋਂ ਮੰਗਣ ਜਾਨੇ ਓਂ ਜਿਹੜੇ ਤੁਹਾਡੇ ਮੂਹਰੇ ਹੱਥ ਜੋੜ ਕੇ ਵੋਟਾਂ ਮੰਗਣ ਆਉਂਦੇ ਆ। ਪਤੰਦਰੋ! ਪੈਲਸਣਾਂ, ਪੈਲਸਣਾਂ, ਪੈਲਸਣਾਂ-ਉਧਰ ਲਹਿੰਦੇ ਪਾਸੇ ਫੱਗੂ ਦੁਹਾਈ ਪਾਉਂਦਾ ਪਈ ਕੁੜੀ ਵਿਆਹੁਣੀ ਸੀ, ਸਰਕਾਰ ਬਦਲ'ਗੀ, ਠਹਿਰ ਕੇ ਵਿਆਹਲਾਂਗੇ। ਇਕਵੰਜਾ ਹਜ਼ਾਰ ਰੁਪਏ ਸ਼ਗਨ ਮਿਲਣੈ। ਖੈਰ ਤਾਂ ਕੀ ਪੈਣੀ ਸੀ, ਕਾਸਾ ਈ ਟੁੱਟ ਗਿਆ ਲੱਗਦੈ।"

ਤੇ ਕਰਜ਼ੇ ਨਾਲ ਮਰ ਗਏ ਜ਼ਿਮੀਂਦਾਰ ਦੀ ਸਿਵਿਆਂ ਵੱਲ ਨੂੰ ਜਾਂਦੀ ਅਰਥੀ ਦੇਖ ਕੇ ਸੱਥ 'ਚ ਕਬਰਾਂ ਵਰਗੀ ਹੀ ਚੁੱਪ ਛਾ ਗਈ ਸੀ। ਐਂ ਲੱਗਦਾ ਸੀ ਕਿ ਢਿੱਡ ਤਾਂ ਸਾਰਿਆਂ ਦਾ ਦੁਖਦਾ ਸੀ, ਪਰ ਉਂਗਲਾਂ ਹੀ ਇਕ ਦੂਜੇ ਦੇ ਮਾਰ ਰਹੇ ਸਨ।

## ਗੱਲ ਬਣੀ ਕਿ ਨਹੀਂ

-ਐਸ. ਅਸ਼ੋਕ ਭੌਰਾ

### *ਨਹੀਂ ਮੇਰੇ ਕੋਈ ਪਿੰਡ ਜਿਹਾ*

ਹੁਣ ਸਿਆਣਿਆਂ ਦੀ ਸੱਥ ਨਹੀਂ ਜੁੜਦੀ, ਉਜੜੇ ਪਏ ਦਰਵਾਜ਼ੇ ਨੇ।
ਚਿੱਟਾ ਪੀ ਪੀ ਗੱਭਰੂ ਹੋ ਗਏ, ਪਿੰਡ ਦੇ ਬੋਰੇ ਬਾਜੇ ਨੇ।
ਜੋ ਗੁਲਾਬ ਸੀ ਖਿੜਿਆ ਰਹਿੰਦਾ, ਲਗਦਾ ਏ ਹੁਣ ਰਿੰਡ ਜਿਹਾ।
ਫਿਰ ਵੀ ਆਖੇ ਕਮਲਾ ਦਿਲ ਇਹ, ਨਹੀਂ ਮੇਰੇ ਕੋਈ ਪਿੰਡ ਜਿਹਾ।

ਗੋਲਕ ਸਿੰਘ ਸਰਪੰਚੀ ਲੈ ਗਿਆ, ਨਸ਼ਾ ਖੁਆ ਕੇ ਲੋਕਾਂ ਨੂੰ।
ਬੱਕਰੀਆਂ ਤੇ ਲੇਲੇ ਡਰ ਗਏ, ਵੇਖ ਭੂਤਰਿਆਂ ਬੋਕਾਂ ਨੂੰ।
ਖੂਨ ਬਣ ਗਿਆ ਪਾਣੀ, ਪੈ ਗਈ ਬੇਇਤਫਾਕੀ ਭਾਈਆਂ ਵਿਚ,
ਸੁੰਨਾ ਅਤੇ ਵਿਰਾਨ ਜਾਪਦਾ ਹੁਣ ਲਾਲੇ ਦੀ ਟਿੰਡ ਜਿਹਾ...।

ਦੋ ਮਰਲੇ ਲਈ ਪੁੱਤ ਨੇ ਵੱਢ'ਤਾ, ਬਾਪੂ ਕਹਿਣ ਨਿਆਈਆਂ ਵਿਚ।
ਨਹੀਂ ਭੋਰਾ ਵੀ ਫਰਕ ਰਹਿ ਗਿਆ, ਕੁਆਰੀਆਂ ਅਤੇ ਵਿਆਹੀਆਂ ਵਿਚ।
ਹਰ ਵਾਰੀ ਇਕ ਨੇਤਾ ਕੋਲੇ, ਵਿਕਦੇ ਮੇਰੇ ਗਰਾਈਂ ਨੇ
ਸ਼ਹਿਦ ਦੀਆਂ ਮੱਖੀਆਂ ਤੋਂ ਆਉਂਦਾ, ਕਾਬੂ ਨਹੀਂ ਭਰਿੰਡ ਜਿਹਾ...।

ਪੀ 'ਅਸ਼ੋਕ' ਕਈ ਗੰਧਲਾ ਪਾਣੀ, ਬਣ ਗਏ ਕੈਂਸਰ ਰੋਗੀ ਨੇ।
ਬੀਨ ਤੋੜ ਕੇ ਨਾਗ ਹੀ ਛੱਡ'ਤਾ, ਲੱਗਦੈ ਵਿਗੜੇ ਜੋਗੀ ਨੇ।
ਜਿੱਧਰ ਦੇਖੋ ਪਾਏ ਪੁਆੜੇ, 'ਭੌਰੇ' ਹਰ ਥਾਂ ਵੋਟਾਂ ਨੇ,
ਨੀਲੀ, ਚਿੱਟੀ, ਭਗਵੀਂ ਬੰਨ੍ਹ ਕੇ, ਖੇਲਣ ਮੈਚ ਫਰੈਂਡ ਜਿਹਾ...।

# ਕਰਾਚੀ ਦੀ 'ਬਰਮਾ ਕਾਲੋਨੀ'



ਡਾ. ਗੁਰਨਾਮ ਕੌਰ, ਕੈਨੇਡਾ

ਕਹਾਵਤ ਹੈ ਕਿ ਬੰਦਾ ਜਿੱਥੇ ਵੀ ਜਾਂਦਾ ਹੈ, ਉਸ ਦੀ ਕਿਸਮਤ ਉਸ ਦੇ ਨਾਲ ਹੀ ਜਾਂਦੀ ਹੈ। ਭੁੱਖ ਅਤੇ ਦੁੱਖ ਦੇ ਮਾਰੇ ਲੋਕ ਕੁਝ ਆਪਣੇ ਆਪ ਤੇ ਕੁਝ ਧੱਕੇ-ਧਕਾਏ ਰੋਜ਼ੀ-ਰੋਟੀ ਦੀ ਭਾਲ ਵਿਚ ਮੁੱਢ ਕਦੀਮ ਤੋਂ ਹੀ ਸਫਰ (ਪੰਜਾਬੀ ਤੇ ਅੰਗਰੇਜ਼ੀ-ਦੋਵਾਂ ਵਾਲਾ) ਵਿਚ ਪੈਂਦੇ ਆਏ ਹਨ। ਛੋਟੇ ਹੁੰਦਿਆਂ ਪਿੰਡ ਵਿਚ ਵਿਆਹ-ਸ਼ਾਦੀ ਸਮੇਂ ਜਾਂ 'ਤੀਆਂ' ਦੇ ਗਿੱਧੇ ਵਿਚ ਇੱਕ ਬੋਲੀ ਆਮ ਸੁਣੀ ਜਾਂਦੀ ਸੀ, 'ਨਾ ਜਾਹ ਬਰਮਾ ਨੂੰ, ਲੇਖ ਜਾਣਗੇ ਨਾਲੇ।' ਜਿਸ ਵੇਲੇ ਇਹ ਬੋਲੀ ਕਿਸੇ ਨੇ ਘੜੀ ਹੋਵੇਗੀ, ਉਦੋਂ ਬਰਮਾ (ਹੁਣ ਦਾ ਮਿਆਂਮਾਰ) ਸ਼ਾਇਦ ਕਮਾਈ ਕਰਨ ਲਈ ਵਧੀਆ ਮੁਲਕ ਹੁੰਦਾ ਹੋਵੇਗਾ ਜਾਂ ਸ਼ਾਇਦ ਜਿਵੇਂ ਪੰਜਾਬੀਆਂ ਦਾ ਸੁਭਾਅ ਟਿਕ ਕੇ ਨਾ ਬੈਠ ਸਕਣ ਦਾ ਹੈ, ਉਸ ਅਨੁਸਾਰ ਰੀਸੋ-ਰੀਸ ਕਮਾਈ ਕਰਨ ਬਰਮਾ ਨੂੰ ਤੁਰ ਪੈਂਦੇ ਹੋਣਗੇ। ਬੋਲੀ ਦਾ ਮਕਸਦ ਸ਼ਾਇਦ ਇਹ ਦੱਸਣਾ ਰਿਹਾ ਹੋਵੇ ਕਿ ਜਿਸ ਨੇ ਕਮਾਈ ਕਰਨੀ ਹੈ, ਉਸ ਨੇ ਆਪਣੇ ਵਤਨ 'ਚ ਰਹਿ ਕੇ ਵੀ ਭੁੱਖਾ ਨਹੀਂ ਮਰਨਾ ਤੇ ਜਿਸ ਨੇ ਮਿਹਨਤ ਕਰਨ ਤੋਂ ਜੀਅ ਚੁਰਾਉਣਾ ਹੈ, ਉਹ ਭਾਵੇਂ ਜਿੱਥੇ ਮਰਜ਼ੀ ਚਲਾ ਜਾਵੇ, ਉਸ ਨੇ ਆਪਣਾ ਢਿੱਡ ਕਿਧਰੇ ਵੀ ਭਰ ਨਹੀਂ ਸਕਣਾ।

ਜਿਨ੍ਹਾਂ ਲੋਕਾਂ ਦੀ ਅੱਜ ਕੱਲ ਅਖਬਾਰਾਂ ਵਿਚ ਚਰਚਾ ਹੋ ਰਹੀ ਹੈ, ਉਹ ਪੰਜਾਬੀ ਨਹੀਂ ਹਨ ਅਤੇ ਨਾ ਹੀ ਉਨ੍ਹਾਂ ਦਾ ਪੰਜਾਬੀ ਸੁਭਾਅ ਜਾਂ ਉਪਰਲੀ ਬੋਲੀ ਨਾਲ ਕੋਈ ਸਬੰਧ ਹੈ। ਹਾਂ, ਉਨ੍ਹਾਂ ਦਾ ਸਬੰਧ ਕਿਸੇ ਵੇਲੇ ਬਰਮਾ ਭਾਵ ਹੁਣ ਦੇ ਮਿਆਂਮਾਰ ਨਾਲ ਜ਼ਰੂਰ ਹੈ। ਖਬਰਾਂ ਅਨੁਸਾਰ ਇਹ 'ਰੋਹਿੰਗਿਆ' ਲੋਕ 200 ਕੁ ਸੌ ਸਾਲ ਪਹਿਲਾਂ ਭਾਵ ਅੰਗਰੇਜ਼ਾਂ ਵੇਲੇ ਬੰਗਾਲ ਤੋਂ ਬਰਮਾ ਵਿਚ ਜਾ ਕੇ ਵੱਸੇ ਅਤੇ ਜੰਗਲਾਂ ਨੂੰ ਕੱਟ ਕੱਟ ਕੇ ਇਨ੍ਹਾਂ ਨੇ ਜਮੀਨਾਂ ਵਾਹੀ ਯੋਗ ਕੀਤੀਆਂ, ਜਿਨ੍ਹਾਂ 'ਤੇ ਹੁਣ ਕਈ ਪੁਲਿਸ ਅਫਸਰਾਂ ਦੀ ਅੱਖ ਹੈ। ਮਿਆਂਮਾਰ, ਜਿੱਥੇ ਇਹ ਜੰਮੇ ਪਲੇ ਹਨ, ਦੀ ਸਰਕਾਰ ਨੇ ਇਨ੍ਹਾਂ ਨੂੰ ਮਿਆਂਮਾਰ ਦੇ ਸ਼ਹਿਰੀ ਮੰਨਣ ਤੋਂ ਹੀ ਇਨਕਾਰ ਕਰ ਦਿੱਤਾ ਹੈ। ਇਹ ਲੋਕ ਕੌਣ ਹਨ, ਇਨ੍ਹਾਂ ਨੂੰ ਕਿਉਂ ਤੇ ਕਿਵੇਂ ਕੱਢਿਆ ਜਾ ਰਿਹਾ ਹੈ ਅਤੇ ਗੁਆਂਢੀ ਮੁਲਕ-ਭਾਰਤ ਤੇ ਬੰਗਲਾਦੇਸ਼ ਇਨ੍ਹਾਂ ਬੇਘਰ ਹੋਏ ਲੋਕਾਂ ਨੂੰ ਲੈਣ ਤੋਂ ਕਿਉਂ ਨਾਂਹ ਕਰ ਰਹੇ ਹਨ ਤੇ ਇਨ੍ਹਾਂ ਵਿਚੋਂ ਕਿੰਨੇ ਮੁਸਲਿਮ ਹਨ ਤੇ ਕਿੰਨੇ ਹਿੰਦੂ? ਆਦਿ ਸਭ ਕੁਝ ਪਾਠਕਾਂ 'ਪੰਜਾਬ ਟਾਈਮਜ਼' ਦੇ ਪਿਛਲੇ ਅੰਕਾਂ ਵਿਚ ਪੜ੍ਹ ਚੁਕੇ ਹਨ।

ਗੁਆਂਢੀ ਮੁਲਕਾਂ ਦਾ ਆਪਣਾ ਤਰਕ ਹੈ ਪਰ ਹੈਰਾਨੀ ਮਿਆਂਮਾਰ ਦੀ ਸਰਕਾਰ 'ਤੇ ਹੁੰਦੀ ਹੈ ਕਿ ਏਨੇ ਲੰਬੇ ਸਮੇਂ ਤੋਂ ਰਹਿ ਰਹੇ ਲੋਕਾਂ ਨੂੰ ਉਥੋਂ ਦੇ ਵਸਨੀਕ ਮੰਨਣ ਤੋਂ ਹੀ ਇਨਕਾਰ ਕਿਵੇਂ ਕੀਤਾ ਜਾ ਸਕਦਾ ਹੈ! ਜੋ ਉਥੇ ਹੀ ਜੰਮੇ-ਪਲੇ ਤੇ ਪਰਵਾਨ ਚੜ੍ਹੇ ਹਨ, ਉਨ੍ਹਾਂ ਦੀ ਨਾਗਰਿਕਤਾ ਕੁਦਰਤੀ ਹੈ ਜਿਸ ਤੋਂ ਨਾਂਹ ਨਹੀਂ ਕੀਤੀ ਜਾ ਸਕਦੀ ਭਾਵੇਂ ਕਦੀ ਉਨ੍ਹਾਂ ਦੀਆਂ ਜੜ੍ਹਾਂ ਹੁਣ ਦੇ ਬੰਗਲਾਦੇਸ਼ ਜਾਂ ਭਾਰਤੀ ਬੰਗਾਲ ਵਿਚ ਹੁੰਦੀਆਂ ਹੋਣਗੀਆਂ।

ਮੈਨੂੰ ਸਾਲ 2006 ਦੀ ਇੱਕ ਗੱਲ ਚੇਤੇ ਆ ਗਈ ਹੈ। ਮੈਂ ਆਪਣੇ ਪੋਤੇ ਦੇ ਜਨਮ 'ਤੇ ਇਥੇ ਕੈਨੇਡਾ ਆਈ ਹੋਈ ਸਾਂ। ਉਦੋਂ ਮੇਰੇ ਬੇਟੇ ਦੇ ਗੁਆਂਢ ਵਿਚ ਇੱਕ ਵੈਸਟ ਇੰਡੀਜ਼ ਤੋਂ ਜਾਪਦਾ ਨੌਜੁਆਨ ਰਹਿੰਦਾ ਸੀ। ਉਹ ਮੇਰੇ ਪੋਤੇ ਨੂੰ ਸ਼ਗਨ ਦੇਣ ਘਰ ਆਇਆ ਤਾਂ ਉਸ ਨੇ ਦੱਸਿਆ ਕਿ ਉਨ੍ਹਾਂ ਦੇ ਵਡੇਰੇ ਦੱਖਣੀ ਭਾਰਤ ਦੇ ਸਮੁੰਦਰ ਕੰਢੇ ਕਿਸੇ ਥਾਂ ਜਾਂ ਸ਼ਾਇਦ ਕਿਸੇ ਟਾਪੂ ਦੇ ਵਸਨੀਕ ਸਨ ਜਿਨ੍ਹਾਂ ਨੂੰ ਦੋ ਢਾਈ ਸੌ ਸਾਲ ਪਹਿਲਾਂ ਅੰਗਰੇਜ਼ ਜਬਰੀ ਗੰਨੇ ਦੇ ਖੇਤਾਂ ਵਿਚ ਕੰਮ ਕਰਨ ਲਈ ਲੈ ਆਏ ਅਤੇ ਅੱਜ ਵੀ ਉਨ੍ਹਾਂ ਦੇ ਘਰਾਂ ਵਿਚ, ਉਸ ਦੇ ਕਹਿਣ ਅਨੁਸਾਰ 'ਮਾਂ ਲਕਸ਼ਮੀ' ਦੀ ਪੂਜਾ ਹੁੰਦੀ ਹੈ। ਉਸ ਨੇ ਦੱਸਿਆ ਕਿ ਉਹ ਭਾਰਤ ਜਾ ਕੇ ਆਪਣੀਆਂ ਜੜ੍ਹਾਂ ਤਲਾਸ਼ ਕਰਨੀਆਂ ਚਾਹੁੰਦਾ ਹੈ ਕਿ ਉਸ ਦੇ ਵਡੇਰੇ ਕਿੱਥੋਂ ਦੇ ਰਹਿਣ ਵਾਲੇ ਸਨ? ਉਸ ਦੇ ਪੰਜਾਬੀ ਦੋਸਤ ਇੰਦਰਜੀਤ ਤੂਰ ਨੇ ਉਸ ਨਾਲ ਵਾਅਦਾ ਕੀਤਾ ਹੈ ਕਿ ਉਹ ਉਸ ਨੂੰ ਭਾਰਤ ਲੈ ਕੇ ਜਾਵੇਗਾ। ਅਫਰੀਕਾ ਤੋਂ ਅਨੇਕਾਂ ਸਿਆਹਫਾਮ ਲੋਕਾਂ ਨੂੰ ਗੁਲਾਮ ਬਣਾ ਕੇ ਕਪਾਹ ਦੇ ਖੇਤਾਂ 'ਚ ਕੰਮ ਕਰਨ ਲਈ ਅਮਰੀਕਾ ਲਿਆਂਦਾ ਗਿਆ ਪਰ ਅਮਰੀਕਾ ਉਨ੍ਹਾਂ ਦਾ ਪੱਕਾ ਮੁਲਕ ਹੈ ਅਤੇ ਰਹੇਗਾ। ਇਸੇ ਤਰ੍ਹਾਂ ਸਦੀਆਂ ਤੋਂ ਰਹਿ ਰਹੇ 'ਰੋਹਿੰਗਿਆ' ਲੋਕਾਂ ਦਾ ਵੀ ਮਿਆਂਮਾਰ ਪੱਕਾ ਮੁਲਕ ਹੈ ਅਤੇ ਉਨ੍ਹਾਂ ਨੂੰ ਉਥੋਂ ਦੇ ਸ਼ਹਿਰੀ ਨਾ ਮੰਨਣਾ ਅਤੇ ਦਰ-ਬ-ਦਰ ਕਰ ਦੇਣਾ ਜਿੱਥੇ ਗੈਰ-ਸੰਵਿਧਾਨਕ ਹੈ, ਉਥੇ ਅਨੈਤਿਕ ਵੀ ਹੈ।

ਪਾਕਿਸਤਾਨ 'ਚ ਇਸ ਗੱਲ 'ਤੇ ਕਾਫੀ ਹੋ-ਹੱਲਾ ਮੱਚ ਰਿਹਾ ਹੈ ਕਿ ਮਿਆਂਮਾਰ ਦੇ ਰੋਹਿੰਗਿਆ ਸ਼ਰਨਾਰਥੀਆਂ ਨੂੰ ਬੰਗਲਾਦੇਸ਼ ਜਾਂ ਭਾਰਤ 'ਚ ਪਨਾਹ ਮਿਲਣੀ ਚਾਹੀਦੀ ਹੈ। ਪਾਕਿਸਤਾਨੀ ਅਖਬਾਰ 'ਡਾਨ' ਦੀ ਇੱਕ ਰਿਪੋਰਟ ਅਨੁਸਾਰ ਮਿਆਂਮਾਰ ਦੇ ਰਖਾਇਨ ਸੂਬੇ ਦੇ ਮੁਸਲਿਮ ਘੱਟ ਗਿਣਤੀ ਰੋਹਿੰਗਿਆ ਵੱਸੋਂ ਨੂੰ ਨਿਸ਼ਾਨਾ ਬਣਾਏ ਜਾਣ ਨੇ ਕਰਾਚੀ ਦੇ ਆਪਣੇ ਅਹਿਮ ਰੋਹਿੰਗਿਆ ਵੱਸੋਂ 'ਤੇ ਰੌਸ਼ਨੀ ਪਾਈ ਹੈ। ਕਮਾਲ ਦੀ ਗੱਲ ਹੈ ਕਿ ਪਾਕਿਸਤਾਨ 'ਚ ਰਹਿ ਰਹੇ 'ਰੋਹਿੰਗਿਆ' ਲੋਕਾਂ ਦੀ ਵੱਸੋਂ ਵਾਲੀ ਥਾਂ ਨੂੰ ਵੀ 'ਬਰਮਾ ਕਾਲੋਨੀ' ਕਰਕੇ ਜਾਣਿਆ ਜਾਂਦਾ ਹੈ, ਜਿਸ ਤੋਂ ਇਉਂ ਲੱਗਦਾ ਹੈ ਕਿ ਇਨ੍ਹਾਂ ਦਾ ਅਸਲੀ ਮੁਲਕ ਮਿਆਂਮਾਰ ਹੀ ਹੈ।

ਖਬਰ ਅਨੁਸਾਰ ਉਨ੍ਹਾਂ ਦਾ ਕਹਿਣਾ ਹੈ ਕਿ ਪਾਕਿਸਤਾਨੀ ਪਾਸਪੋਰਟ ਹੋਣਾ ਕੋਈ ਮਾਇਨੇ ਨਹੀਂ ਰੱਖਦਾ, ਖਾਸ ਕਰਕੇ ਉਨ੍ਹਾਂ ਦੇ ਸਾਹਮਣੇ ਜਿਨ੍ਹਾਂ ਕੋਲ ਤਾਕਤ ਹੈ। ਮੁਹੰਮਦ ਨਾਂ ਦਾ ਇੱਕ ਸ਼ਖਸ ਦੱਸਦਾ ਹੈ ਕਿ ਉਸ ਦੇ ਪਾਸਪੋਰਟ 'ਤੇ ਜੇ ਜਾਰੀ ਕਰਨ ਦੀ ਤਰੀਕ ਦੇਖੀ ਜਾਵੇ ਤਾਂ ਇਹ '31 ਜੁਲਾਈ 1954' ਲਿਖੀ ਹੋਈ ਹੈ ਜਦੋਂ ਪਾਸਪੋਰਟ ਜਾਰੀ ਕੀਤਾ ਗਿਆ ਅਤੇ ਉਨ੍ਹਾਂ ਨੂੰ ਫਿਰ ਵੀ ਪੁੱਛਦੇ ਹਨ ਕਿ ਆਪਣੀ ਕੌਮੀਅਤ (ਨੈਸ਼ਨੈਲਿਟੀ) ਸਾਬਤ ਕਰੋ, ਤੇ ਸਾਰੇ ਰੋਹਿੰਗੇ ਇਸ 'ਤੇ ਇਕਸੁਰ ਹੋ ਕੇ ਬੋਲਦੇ ਹਨ। ਮੁਹੰਮਦ ਅਨੁਸਾਰ ਉਹ ਕੋਈ ਨੌਂ ਜਣੇ ਅਰਾਕਾਨ ਮੁਸਲਿਮ ਪ੍ਰਾਇਮਰੀ ਸਕੂਲ ਤੇ ਸੈਕੰਡਰੀ ਸਕੂਲ ਦੇ ਬਾਹਰ ਗੋਲ ਦਾਇਰੇ ਵਿਚ ਝੁੰਡ ਬਣਾ ਕੇ ਬੈਠੇ ਹਨ, ਜਦਕਿ ਉਨ੍ਹਾਂ ਦੇ ਦੁਆਲੇ ਜ਼ਿੰਦਗੀ ਆਮ ਰੂਪ 'ਚ ਅੱਗੇ ਵਧ ਰਹੀ ਹੈ। ਇਹ ਕਰਾਚੀ ਦੀ 'ਬਰਮਾ ਕਾਲੋਨੀ' ਹੈ ਜਿਸ ਵਿਚ ਕਰੀਬ 55,000 ਰੋਹਿੰਗਿਆ ਮੁਸਲਿਮ ਰਹਿੰਦੇ ਹਨ। ਭਾਵੇਂ ਹੋਰ ਕਾਲੋਨੀਆਂ ਵੀ ਹਨ ਜਿਨ੍ਹਾਂ 'ਚ ਰੋਹਿੰਗਿਆ ਮੁਸਲਿਮ ਰਹਿੰਦੇ ਹਨ ਪਰ ਇਹ ਸਭ ਤੋਂ ਵੱਡੀ ਕਾਲੋਨੀ ਹੈ ਜੋ ਸ਼ਹਿਰ ਦੇ ਕੋਰੰਗੀ ਸਨਅਤੀ ਖੇਤਰ ਦੇ ਕੰਢੇ ਵਸੀ ਹੋਈ ਹੈ। ਉਤਪਾਦਾਂ ਦੇ ਨਾਲ ਨਾਲ ਕੋਰੰਗੀ ਤੇ ਨੇੜਲਾ ਖੇਤਰ ਲੰਧੀ ਘੱਟ ਤਨਖਾਹਦਾਰ ਮਜ਼ਦੂਰ ਵੀ ਪੈਦਾ ਕਰਦਾ ਹੈ ਜੋ ਦੋਵਾਂ ਖੇਤਰਾਂ ਤੋਂ ਪਾਰ ਲੰਘਦੀ ਮੁੱਖ ਸੜਕ ਦੇ ਕੰਢਿਆਂ ਤੋਂ ਪਰੇ ਛੋਟੀਆਂ ਛੋਟੀਆਂ ਵਸਤੀਆਂ ਵਿਚ ਰਹਿ ਰਹੇ ਹਨ। ਬਰਮਾ ਕਾਲੋਨੀ ਦਾ ਪ੍ਰਬੰਧ ਵੀ ਦੂਜੀਆਂ ਕਾਲੋਨੀਆਂ ਵਾਂਗ ਐਥਨਿਕ ਆਧਾਰ 'ਤੇ ਕੀਤਾ ਜਾਂਦਾ ਹੈ। ਔਸ-ਪੜੌਸ ਵਿਚ ਬਹੁਤ ਸਾਰੇ ਅਜਿਹੇ ਹਨ ਜਿਨ੍ਹਾਂ ਦਾ ਦਾਅਵਾ ਹੈ ਕਿ ਉਹ ਬੰਗਲਾਦੇਸ਼ ਬਣਨ ਤੋਂ ਬਹੁਤ ਪਹਿਲਾਂ ਦੇ (ਪੱਛਮੀ) ਪਾਕਿਸਤਾਨ ਵਿਚ ਆਏ ਹੋਏ ਹਨ।

ਰੋਹਿੰਗਿਆ ਵਿਚੋਂ ਬਹੁਤੇ ਜਣੇ ਅਫਸਰਾਂ ਕੋਲ ਆਪਣੇ ਆਪ ਦੀ ਪਛਾਣ 'ਬੰਗਾਲੀ' ਵਜੋਂ ਕਰਾਉਂਦੇ ਹਨ ਕਿਉਂਕਿ ਇਸ ਨਾਲ ਉਨ੍ਹਾਂ ਨੂੰ ਪਾਕਿਸਤਾਨੀ ਨਾਗਰਿਕਤਾ ਦੇ ਦਾਅਵੇ ਦਾ ਮੌਕਾ ਮਿਲ ਜਾਂਦਾ ਹੈ। ਇਹ ਕੇਵਲ ਮਿਆਂਮਾਰ ਵਿਚ ਹੋਈਆਂ ਸੱਜਰੀਆਂ ਘਟਨਾਵਾਂ ਹਨ, ਜਿਨ੍ਹਾਂ ਨੇ ਉਨ੍ਹਾਂ ਨੂੰ ਜਨਤਕ ਤੌਰ 'ਤੇ ਆਪਣੀ ਪਛਾਣ ਅਪਨਾਉਣ ਲਈ ਪ੍ਰੇਰਿਆ ਹੈ। ਇੱਕ ਬਜ਼ੁਰਗ ਦੁਕਾਨਦਾਰ ਜੋ ਮੁਸ਼ਕਿਲ ਨਾਲ ਹੀ ਉਰਦੂ ਬੋਲ ਸਕਦਾ ਹੈ, ਨੇ ਦੱਸਿਆ ਕਿ ਉਹ 1965 ਵਿਚ ਗਭਰੇਟ ਉਮਰੇ ਇੱਥੇ ਆਇਆ ਸੀ। ਉਸ ਦਾ ਪੁੱਤ ਹੁਣ ਤਿੰਨ ਬੱਚਿਆਂ ਦਾ ਬਾਪ ਹੈ। 25 ਸਾਲਾ ਮੁਹੰਮਦ ਦੱਸਦਾ ਹੈ ਕਿ ਇੱਥੇ ਰਹਿਣਾ ਸਰਾਪ ਹੈ। ਲੋਕ ਉਨ੍ਹਾਂ ਦੀਆਂ ਨੌਕਰੀ ਦੀਆਂ ਅਰਜ਼ੀਆਂ ਨਕਾਰ ਦਿੰਦੇ ਹਨ, ਜਦੋਂ ਉਨ੍ਹਾਂ ਨੂੰ ਪਤਾ ਲੱਗਦਾ ਹੈ ਕਿ ਉਹ ਬਰਮਾ ਕਾਲੋਨੀ ਤੋਂ ਹਨ। ਸ਼ਾਇਦ ਦੂਜਿਆਂ ਵੱਲੋਂ ਉਨ੍ਹਾਂ ਨੂੰ ਇਸ ਤਰ੍ਹਾਂ ਨਕਾਰਨਾ ਹੀ ਹੈ ਜੋ ਰੋਹਿੰਗਿਆਂ ਅੰਦਰ ਇੱਕ-ਦੂਜੇ ਦੀ ਮਦਦ ਲਈ ਪਹੁੰਚਣ ਦੀ ਭਾਵਨਾ ਨੂੰ ਤਕੜਿਆਂ ਕਰਦਾ ਹੈ। ਬਰਮਾ ਕਾਲੋਨੀ ਪੂਰੀ ਤਰ੍ਹਾਂ ਸੰਯੁਕਤ ਹੋਇਆ ਭਾਈਚਾਰਾ ਹੈ ਜਿੱਥੇ ਹਰ ਕੋਈ ਇੱਕ ਦੂਜੇ ਨੂੰ ਜਾਣਦਾ ਹੈ। ਇਸ ਨਾਲ ਉਨ੍ਹਾਂ 'ਚ ਇਹ ਵਿਸ਼ਵਾਸ ਦ੍ਰਿੜ ਹੋਇਆ ਹੈ ਕਿ ਜਿਉਂਦੇ ਰਹਿਣ ਦਾ ਇੱਕੋ ਇੱਕ ਰਸਤਾ ਪਰੰਪਰਾ ਨਾਲ ਜੁੜੇ ਹੋਣਾ ਹੈ, ਜੋ ਬਦਲੇ ਵਿਚ ਸਮਾਜਿਕ ਸੁਰੱਖਿਆ ਅਤੇ ਸੰਭਾਲ ਪ੍ਰਦਾਨ ਕਰਦੀ ਹੈ। ਕਾਲੋਨੀ ਵਿਚ ਔਰਤਾਂ ਇਧਰ-ਉਧਰ ਨਹੀਂ ਘੁੰਮਦੀਆਂ ਤੇ ਜੋ ਨਜ਼ਰ ਆਉਂਦੀਆਂ ਹਨ, ਉਹ ਸਿਰ ਤੋਂ ਪੈਰਾਂ ਤੱਕ ਢਕੀਆਂ ਟੋਲਿਆਂ ਵਿਚ ਹੁੰਦੀਆਂ ਹਨ ਜਾਂ ਆਦਮੀ ਦੀ ਸੁਰੱਖਿਆ ਵਿਚ ਹੁੰਦੀਆਂ ਹਨ। ਕਾਲੋਨੀ ਨੇ ਆਪਣਾ ਵਿਸ਼ਵਾਸ 'ਸੋਸ਼ਲ ਏਡ ਕਮੇਟੀ' ਵਿਚ ਦ੍ਰਿੜਾਇਆ ਹੈ।

ਇੱਕ ਕਮਿਉਨਿਟੀ ਕਾਰਕੁਨ ਇਫਤਿਕਾਰ, ਜੋ ਪੜੌਸ ਦੀ ਮਸਜਿਦ ਵਿਚ ਧਾਰਮਿਕ ਕਾਰਜ ਕਰਦਾ ਹੈ, ਅਨੁਸਾਰ ਉਹ ਦਫਨਾਉਣ ਵਰਗੇ ਕਾਰਜ ਕਰਦੇ ਹਨ, ਰਾਤ ਵੇਲੇ ਕਾਲੋਨੀ 'ਚ ਪਹਿਰਾ ਦਿੰਦੇ ਹਨ। ਜੇ ਕਿਸੇ ਥਾਂ ਕੋਈ ਮਸਲਾ ਆ ਜਾਵੇ ਤਾਂ ਲੋਕ ਉਨ੍ਹਾਂ ਨੂੰ ਖਬਰ ਦੇ ਦਿੰਦੇ ਹਨ। ਉਸ ਅਨੁਸਾਰ ਉਨ੍ਹਾਂ ਦੇ ਕੁਝ ਨੌਜਵਾਨ ਨਸ਼ਿਆਂ ਦੇ ਆਦੀ ਹੋ ਗਏ ਹਨ। ਉਨ੍ਹਾਂ ਨੇ ਅਜਿਹੇ ਨੌਜਵਾਨਾਂ ਨੂੰ ਸਿਖਿਅਤ ਕਰ ਕੇ ਉਨ੍ਹਾਂ ਨੂੰ ਇਲਾਜ ਲਈ ਦਾਖਲ ਕਰਾਇਆ ਹੈ। ਉਨ੍ਹਾਂ ਦੀ ਯੂਨੀਅਨ ਦਾ ਚੇਅਰਮੈਨ ਅਬਦੁਲ ਹਲੀਮ ਇੱਕ ਦਾੜ੍ਹੀ ਵਾਲਾ



ਬਜ਼ੁਰਗ ਹੈ ਜੋ 1979 ਤੋਂ ਸਥਾਨਕ ਚੋਣਾਂ ਲੜਦਾ ਆ ਰਿਹਾ ਹੈ। ਪਹਿਲਾਂ ਇਫਤਿਕਾਰ ਦਾ ਬਾਪ ਮੌਲਾਨਾ ਅਬਦੁਲ ਕੁਦੁਸ ਮੋਜ਼ਾਹਿਰੀ ਕੌਂਸਲਰ ਸੀ। ਹੁਣ ਅਬਦੁਲ ਹਲੀਮ ਆਪਣੀ ਨਾਗਰਿਕਤਾ ਬਹਾਲ ਕਰਨ ਲਈ ਥਾਂ ਥਾਂ ਦੇ ਧੱਕੇ ਖਾ ਰਿਹਾ ਹੈ, ਜਿਸ ਦਾ ਪਹਿਲਾ ਸ਼ਨਾਖਤੀ ਕਾਰਡ ਜ਼ੁਲਿਫਕਾਰ ਭੁੱਟੋ ਦੇ ਸਮੇਂ 1973-74 ਵਿਚ ਬਣਿਆ ਸੀ। ਪੁਰਾਣੀ ਪੀੜ੍ਹੀ ਦੇ 80% ਲੋਕਾਂ ਕੋਲ ਇਸ ਕਿਸਮ ਦੇ ਸ਼ਨਾਖਤੀ ਕਾਰਡ ਹਨ। ਉਨ੍ਹਾਂ ਨੇ ਸੋਚਿਆ ਕਿ ਜਦੋਂ ਉਨ੍ਹਾਂ ਦੇ ਹੱਥ ਉਹ ਸ਼ਨਾਖਤੀ ਕਾਰਡ ਇੱਕ ਵਾਰ ਆ ਗਏ, ਤਾਂ ਉਨ੍ਹਾਂ ਨੂੰ ਕਿਸੇ ਹੋਰ ਦਸਤਾਵੇਜ਼ ਦੀ ਲੋੜ ਨਹੀਂ ਤੇ ਉਹ ਹੁਣ ਸਦਾ ਲਈ ਸੁਰਖਿੱਅਤ ਹਨ। ਕਮਿਉਨਿਟੀ ਕਾਰਕੁਨ ਇਬਰਾਹੀਮ ਦਬੀ ਹਾਸੀ ਹੱਸਦਿਆਂ ਕਹਿੰਦਾ ਹੈ ਕਿ ਉਸ ਵਿਅੰਗ ਦੀ ਕਲਪਣਾ ਕਰੋ ਕਿ ਉਨ੍ਹਾਂ ਨੇ ਹਲੀਮ ਸਾਹਿਬ ਕਾਰਨ ਸ਼ਨਾਖਤੀ ਕਾਰਡ ਲਏ ਅਤੇ ਹੁਣ ਉਹ ਆਪ ਹੀ ਸ਼ਨਾਖਤੀ ਕਾਰਡ ਦੇ ਯੋਗ ਨਹੀਂ ਹੈ।

ਬਰਮਾ ਕਾਲੋਨੀ 'ਚ ਕੋਈ ਅਜਿਹਾ ਘਰ ਨਹੀਂ ਬਚਿਆ ਜਿਸ ਨੇ ਮਿਆਂਮਾਰ ਦੀ ਘਟਨਾ ਵਿਚ ਕੋਈ ਮਿੱਤਰ-ਪਿਆਰਾ ਨਾ ਖੋਇਆ ਹੋਵੇ। ਇਬਰਾਹਿਮ ਅਨੁਸਾਰ ਹੁਣੇ ਜਿਹੇ ਉਸ ਦੇ ਸਹੁਰੇ ਦੇ ਭਰਾ ਦਾ ਮਿਆਂਮਾਰ ਦੀ ਫੌਜ ਵੱਲੋਂ ਕਤਲ ਕਰ ਦਿੱਤਾ ਗਿਆ। ਭਰਾ ਵੀ ਮਾਰਿਆ ਜਾਂਦਾ ਪਰ ਸਹੁਰੇ ਨੇ ਬੰਗਲਾਦੇਸ਼ ਪਹੁੰਚਣ ਲਈ ਉਸ ਦਾ ਪ੍ਰਬੰਧ ਕਰ ਦਿੱਤਾ। ਉਹ ਇਸ ਕਰਕੇ ਹੋ ਸਕਿਆ ਕਿ ਇਬਰਾਹਿਮ ਨੇ ਉਸ ਨੂੰ ਪੈਸੇ ਭੇਜੇ ਸਨ। ਉਸ ਨੇ ਸਾਰੀ ਕਹਾਣੀ ਦੱਸੀ ਕਿ ਉਨ੍ਹਾਂ ਨੂੰ ਫੋਨ 'ਤੇ ਸੁਨੇਹਾ ਮਿਲਿਆ ਸੀ ਕਿ ਮਿਆਂਮਾਰ ਤੇ ਬੰਗਲਾਦੇਸ਼ ਵਿਚ ਪੈਂਦਾ ਦਰਿਆ ਪਾਰ ਕਰਨ ਲਈ ਉਸ ਨੂੰ ਦਸ ਹਜ਼ਾਰ ਬੰਗਲਾਦੇਸ਼ੀ ਟਕਾ ਚਾਹੀਦਾ ਹੈ। ਜਿਹੜੇ ਬੰਦੇ ਸਰਹੱਦ 'ਤੇ ਲੋਕਾਂ ਨੂੰ ਦਰਿਆ ਪਾਰ ਕਰਾ ਕੇ ਬੰਗਲਾਦੇਸ਼ ਤੱਕ ਪਹੁੰਚਾਉਣ ਲਈ ਕਿਸ਼ਤੀ ਚਲਾਉਂਦੇ ਹਨ, ਉਹ ਖੈਰੀਅਤ ਨਾਲ ਪਾਰ ਲਗਾਉਣ ਲਈ ਪ੍ਰਤੀ ਵਿਅਕਤੀ ਪੰਜ ਹਜ਼ਾਰ ਟਕਾ ਲੈਂਦੇ ਹਨ ਅਤੇ ਬਾਕੀ ਦਾ ਪੰਜ ਹਜ਼ਾਰ ਬੰਗਲਾਦੇਸ਼ ਦੇ ਰਫਿਊਜ਼ੀ ਕੈਂਪਾਂ 'ਚ ਰਿਸ਼ਵਤ ਵਜੋਂ ਦੇਣਾ ਪੈਂਦਾ ਹੈ। ਜੇ ਤੁਸੀਂ ਇਹ ਰਕਮ ਅਦਾ ਕਰ ਦਿੰਦੇ ਹੋ ਤਾਂ ਤੁਹਾਡੇ ਦਸਤਾਵੇਜ਼ਾਂ ਦੀ ਛਾਣਬੀਣ ਛੇਤੀ ਹੋ ਜਾਂਦੀ ਹੈ ਅਤੇ ਤੁਹਾਨੂੰ ਮਰਜ਼ੀ ਦਾ ਮੁਹੱਲਾ ਮਿਲ ਜਾਂਦਾ ਹੈ। ਇਬਰਾਹਿਮ ਨੇ ਬੰਗਲਾਦੇਸ਼ ਵਿਚ ਭਰੋਸੇਯੋਗ ਸੂਤਰ ਨੂੰ ਪੈਸੇ ਭੇਜ ਦਿੱਤੇ ਅਤੇ ਉਸ ਸੂਤਰ ਨੇ ਉਸੇ ਵਕਤ ਉਹ ਪੈਸਾ ਕਿਸ਼ਤੀ ਵਾਲੇ ਵਿਚੋਲੇ ਦੇ ਬੈਂਕ-ਖਾਤੇ ਵਿਚ ਬਦਲੀ ਕਰਾ ਦਿੱਤਾ। ਉਨ੍ਹਾਂ ਨੇ 14,000 ਰੁਪਏ ਭੇਜੇ ਸਨ ਜੋ ਦਸ ਹਜ਼ਾਰ ਟਕੇ ਦੇ ਬਰਾਬਰ ਹਨ।

ਉਸ ਦੱਸਿਆ ਕਿ ਬਰਮਾ ਕਾਲੋਨੀ ਦੇ ਬਾਸ਼ਿੰਦੇ ਕਿਵੇਂ ਰਹਿ ਰਹੇ ਹਨ ਅਤੇ ਕਿਸ ਤਰ੍ਹਾਂ ਪੈਸਾ ਬਚਾਇਆ ਤੇ ਖਰਚਿਆ ਜਾਂਦਾ ਹੈ। ਇੱਕ ਪਰਿਵਾਰ ਔਸਤਨ 10 ਜੀਆਂ ਦਾ ਹੈ, ਜਿਸ ਵਿਚ ਪਤੀ-ਪਤਨੀ ਉਨ੍ਹਾਂ ਦੇ ਘੱਟੋ ਘੱਟ ਛੇ ਬੱਚੇ ਅਤੇ ਪਤੀ ਦੇ ਮਾਂ-ਬਾਪ ਸ਼ਾਮਲ ਹੁੰਦੇ ਹਨ। ਜੋ ਚੰਗਾ ਕਮਾਉਂਦੇ ਹਨ, ਉਨ੍ਹਾਂ ਦੀ ਆਮਦਨ ਕਰੀਬ 25,000 ਰੁਪਏ ਮਹੀਨਾ ਹੈ ਅਤੇ ਹਰ ਪਰਿਵਾਰ ਵਿਚੋਂ ਘੱਟੋ ਘੱਟ ਇੱਕ ਜੀਅ ਬਾਹਰਲੇ ਮੁਲਕ ਵਿਚ ਕੰਮ ਕਰਦਾ ਹੈ। ਕੰਮ ਦੀ ਆਮ ਮਸ਼ਹੂਰ ਥਾਂ ਸਾਉਦੀ ਅਰਬ ਹੈ ਤੇ ਫਿਰ ਅਰਬ ਅਮੀਰਾਤ, ਦੁਬਈ, ਮਲਾਇਆ ਤੇ ਤੁਰਕੀ ਆਉਂਦੇ ਹਨ। ਕਰਾਚੀ ਵਿਚ ਰਹਿਣ ਵਾਲੇ ਆਪਣੇ ਟੱਬਰ ਦਾ ਢਿੱਡ ਭਰਨ ਲਈ ਦੋ-ਦੋ, ਤਿੰਨ-ਤਿੰਨ ਨੌਕਰੀਆਂ ਕਰਦੇ ਹਨ ਅਤੇ ਪਰਿਵਾਰ ਦੇ ਬਾਹਰ ਰਹਿੰਦੇ ਬੰਦੇ ਵੀ ਪੈਸਾ ਭੇਜਦੇ ਰਹਿੰਦੇ ਹਨ। ਅਜਿਹਾ ਪੈਸਾ ਵੱਡੇ ਖਰਚਾਂ ਜਿਵੇਂ ਵਿਆਹ-ਸ਼ਾਦੀਆਂ ਅਤੇ ਅਚਾਨਕ ਪੈਣ ਵਾਲੀਆਂ ਲੋੜਾਂ ਲਈ ਬਚਾ ਕੇ ਰੱਖਿਆ ਜਾਂਦਾ ਹੈ। ਇਸ ਸਮੇਂ ਬੱਚਤ ਦਾ ਬਹੁਤਾ ਹਿੱਸਾ ਮਿਆਂਮਾਰ ਵਿਚ ਫਸੇ ਪਰਿਵਾਰਾਂ ਨੂੰ ਬੰਗਲਾਦੇਸ਼ ਵਿਚ ਪਹੁੰਚਣ ਲਈ ਮਦਦ ਕਰਨ ਵਿਚ ਵਰਤਿਆ ਜਾ ਰਿਹਾ ਹੈ।

ਅਰਾਕਾਨ ਨਿਊਜ਼ ਏਜੰਸੀ ਵੱਲੋਂ ਪਾਈ ਇੱਕ ਵੀਡੀਓ ਵਿਚ ਬੰਗਲਾਦੇਸ਼ ਦੇ ਕੈਂਪ ਵਿਚਲੀਆਂ ਦੋ ਔਰਤਾਂ ਦੀ ਇੰਟਰਵਿਊ ਦਿਖਾਈ ਹੋਈ ਹੈ ਜਿਨ੍ਹਾਂ ਦੀ ਉਮਰ 60 ਤੇ 70 ਸਾਲ ਹੈ ਅਤੇ ਦੋਵਾਂ ਦੇ ਪਤੀ ਮਿਆਂਮਾਰ ਦੀ ਫੌਜ ਵੱਲੋਂ ਮਾਰ ਦਿੱਤੇ ਗਏ। ਇੱਕ ਵਿਧਵਾ ਔਰਤ ਦੱਸ ਰਹੀ ਹੈ ਕਿ ਔਰਤਾਂ ਨਾਲ ਕਿਸ ਤਰ੍ਹਾਂ ਬਲਾਤਕਾਰ ਕੀਤਾ ਜਾ ਰਿਹਾ ਹੈ, ਕਿਸ ਤਰ੍ਹਾਂ ਉਨ੍ਹਾਂ ਦੇ ਗੁਪਤ ਅੰਗਾਂ ਵਿਚ ਤਸੀਹੇ ਦੇ ਕੇ ਪੁੱਛਿਆ ਜਾਂਦਾ ਹੈ ਕਿ ਕੀ ਉਨ੍ਹਾਂ ਨੇ ਰੋਹਿੰਗਿਆ ਬੱਚਿਆਂ ਨੂੰ ਜਨਮ ਦਿੱਤਾ ਹੈ ਅਤੇ ਜੇ ਉਹ 'ਹਾਂ' ਕਹਿੰਦੀਆਂ ਹਨ ਤਾਂ ਗੋਲੀ ਮਾਰ ਦਿੱਤੀ ਜਾਂਦੀ ਹੈ। ਯੁਨਾਈਟਿਡ ਨੇਸ਼ਨਜ਼ ਦੇ ਹਾਈ ਕਮਿਸ਼ਨ ਦੇ ਰਫਿਊਜ਼ੀਆਂ ਲਈ ਨਿਯੁਕਤ ਅਫਸਰਾਂ ਨੇ ਵੀ ਅਜਿਹੇ ਖੁਲਾਸੇ ਕੀਤੇ ਹਨ। ਬੱਚਿਆਂ ਬਾਰੇ ਬਹੁਤ ਭਿਆਨਕ ਖਬਰਾਂ ਮਿਲੀਆਂ ਹਨ ਜਿਨ੍ਹਾਂ ਅਨੁਸਾਰ ਛੋਟੀ ਉਮਰ ਦੇ ਬੱਚਿਆਂ ਨੂੰ ਕਿਵੇਂ ਚਾਕੂਆਂ ਨਾਲ ਤਸੀਹੇ ਦੇ ਦੇ ਕੇ ਮਾਰਿਆ ਗਿਆ ਹੈ। ਸਕਿਉਰਿਟੀ ਅਫਸਰਾਂ ਵੱਲੋਂ ਔਰਤਾਂ ਦਾ ਗੈਂਗ-ਰੇਪ ਕੀਤਾ ਜਾ ਰਿਹਾ ਹੈ। ਉਨ੍ਹਾਂ ਦੇ ਰਿਸ਼ਤੇਦਾਰਾਂ ਦਾ ਕਹਿਣਾ ਹੈ ਕਿ ਇਹ ਸਭ ਕੁਝ ਰੋਹਿੰਗਿਆ ਦੀ ਜ਼ਮੀਨ ਹਥਿਆਉਣ ਦੀ ਯੋਜਨਾ ਅਨੁਸਾਰ ਕੀਤਾ ਜਾ ਰਿਹਾ ਹੈ ਤਾਂ ਕਿ ਉਥੇ ਨਵੇਂ ਪ੍ਰਾਜੈਕਟ ਲਾਏ ਜਾ ਸਕਣ।

1947 ਦੀ ਵੰਡ ਯਾਦ ਆ ਜਾਂਦੀ ਹੈ ਜਦੋਂ ਇਸੇ ਤਰ੍ਹਾਂ ਹਿੰਦੂ-ਮੁਸਲਿਮ ਫਸਾਦਾਂ ਵਿਚ ਲੋਕ ਵੱਢੇ-ਟੁੱਕੇ ਗਏ ਅਤੇ ਉਹ ਜ਼ਖਮ ਹਾਲੇ ਤੱਕ ਠੀਕ ਨਹੀਂ ਹੋਏ। ਖਦਸ਼ਾ ਇਹ ਹੈ ਕਿ ਮਿਆਂਮਾਰ ਵਿਚ ਹੋ ਰਿਹਾ ਕਤਲੇਆਮ ਕਿਤੇ ਕਰਾਚੀ ਵਿਚ ਤਾਂ ਅਜਿਹੀ ਹਿੰਸਾ ਨਹੀਂ ਭੜਕਾ ਦੇਵੇਗਾ? ਇਹ ਬੇਵਸੀ ਕਿੱਥੋਂ ਤੱਕ ਮਾਰ ਕਰੇਗੀ? ਉਸ ਦਾ ਕਹਿਣਾ ਹੈ ਕਿ ਹਰ ਘਰ ਨੇ ਮਿਆਂਮਾਰ ਵਿਚ ਕਿਸੇ ਨਾ ਕਿਸੇ ਰਿਸ਼ਤੇਦਾਰ ਨੂੰ ਖੋਇਆ ਹੈ ਪਰ ਉਨ੍ਹਾਂ ਵਿਚੋਂ ਕਿਸੇ ਨੇ ਵੀ ਨਿਰਾਸ਼ ਹੋ ਕੇ ਅਪਰਾਧ ਵਾਲਾ ਪੱਖ ਨਹੀਂ ਅਪਨਾਇਆ। ਉਨ੍ਹਾਂ ਲਈ ਇਸ ਵੇਲੇ ਸਭ ਤੋਂ ਅਹਿਮ ਗੱਲ ਆਪਣੇ ਫਸ ਚੁਕੇ ਰਿਸ਼ਤੇਦਾਰਾਂ ਨਾਲ ਰਾਬਤਾ ਕਾਇਮ ਕਰਨਾ ਹੈ।

# ਨੀਚ ਜਾਤਿ ਹਰਿ ਜਪਤਿਆ ਉਤਮ ਪਦਵੀ ਪਾਇ

## ਗੁਰਬਾਣੀ ਗਿਆਨ

ਸੂਹੀ ਮਹਲਾ ੪ ਘਰੁ ੬
ੴ ਸਤਿਗੁਰ ਪ੍ਰਸਾਦਿ॥
ਨੀਚ ਜਾਤਿ ਹਰਿ ਜਪਤਿਆ
ਉਤਮ ਪਦਵੀ ਪਾਇ॥
ਪੂਛਹੁ ਬਿਦਰ ਦਾਸੀ ਸੁਤੈ
ਕਿਸਨੁ ਉਤਰਿਆ ਘਰਿ ਜਿਸੁ ਜਾਇ॥
ਹਰਿ ਕੀ ਅਕਥ ਕਥਾ ਸੁਨਹੁ ਜਨ ਭਾਈ
ਜਿਤੁ ਸਹਸਾ ਦੂਖ ਭੂਖ ਸਭ ਲਹਿ ਜਾਇ॥ ਰਹਾਉ॥
ਰਵਿਦਾਸੁ ਚਮਾਰੁ ਉਸਤਤਿ ਕਰੇ
ਹਰਿ ਕੀਰਤਿ ਨਿਮਖ ਇਕ ਗਾਇ॥
ਪਤਿਤ ਜਾਤਿ ਉਤਮ ਭਇਆ
ਚਾਰਿ ਵਰਨ ਪਏ ਪਗਿ ਆਇ॥
ਨਾਮਦੇਅ ਪ੍ਰੀਤਿ ਲਗੀ ਹਰਿ ਸੇਤੀ
ਲੋਕੁ ਛੀਪਾ ਕਹੈ ਬੁਲਾਇ॥
ਖਤ੍ਰੀ ਬ੍ਰਾਹਮਣ ਪਿਠਿ ਦੇ ਛੋਡੇ
ਹਰਿ ਨਾਮਦੇਉ ਲੀਆ ਮੁਖਿ ਲਾਇ॥
ਜਿਤਨੇ ਭਗਤ ਹਰਿ ਸੇਵਕਾ ਮੁਖਿ
ਅਠਸਠਿ ਤੀਰਥ ਤਿਨ ਤਿਲਕੁ ਕਢਾਇ॥
ਜਨੁ ਨਾਨਕੁ ਤਿਨ ਕਉ ਅਨਦਿਨੁ ਪਰਸੇ
ਜੇ ਕ੍ਰਿਪਾ ਕਰੇ ਹਰਿ ਰਾਇ॥

ਗੁਰੂ ਰਾਮਦਾਸ ਮਹਾਰਾਜ ਹਰੀ ਦੇ ਨਾਮ ਦੀ ਮਹਿਮਾ ਵਰਣਨ ਕਰਦਿਆਂ ਆਖਦੇ ਹਨ, ਹੇ ਭਾਈ! ਜੇ ਨੀਵੀਂ ਜਾਤ ਦਾ ਮਨੁਖ ਭੀ ਉਸ ਪਰਮਾਤਮਾ ਦਾ ਨਾਮ ਜਪਣ ਲੱਗ ਜਾਵੇ ਤਾਂ ਉਹ ਭੀ ਉਚੀ ਪਦਵੀ ਹਾਸਲ ਕਰ ਲੈਂਦਾ ਹੈ। ਭਾਈ! ਜੇ ਯਕੀਨ ਨਹੀਂ ਆਉਂਦਾ ਤਾਂ ਕਿਸੇ ਕੋਲੋਂ ਦਾਸੀ ਦੇ ਪੁੱਤਰ ਬਿਦਰ ਦੀ ਗੱਲ ਪੁੱਛ ਕਿ ਕ੍ਰਿਸ਼ਨ ਜੀ ਦੁਰਯੋਧਨ ਦੇ ਮਹਿਲ ਛੱਡ ਕੇ ਉਸ ਬਿਦਰ ਦੇ ਘਰ ਜਾ ਕੇ ਠਹਿਰੇ ਸਨ।

ਹਰਿ ਕੀ ਅਕਥ ਕਥਾ ਸੁਨਹੁ ਜਨ ਭਾਈ
ਜਿਤੁ ਸਹਸਾ ਦੂਖ ਭੂਖ ਸਭ ਲਹਿ ਜਾਇ॥ ਰਹਾਉ॥

ਗੁਰਦੇਵ ਜਗਤ ਦੇ ਜੀਵਾਂ ਨੂੰ ਮੁਖਾਤਬ ਹੁੰਦੇ ਆਖਦੇ ਹਨ, ਹੇ ਦੁਨੀਆਂ ਦੇ ਲੋਕੋ! ਉਸ ਅਕਾਲ ਪੁਰਖ ਪ੍ਰਭੂ ਦੀ ਅਕਥ ਕਥਾ, ਭਾਵ ਅਸਚਰਜ ਕਰ ਦੇਣ ਵਾਲੀ ਕਥਾ ਸਿਫਤਿ ਸਾਲਾਹ ਸੁਣਿਆ ਕਰੋ, ਇਸ ਦੀ ਬਖਸ਼ਿਸ਼ ਨਾਲ ਹਰ ਕਿਸਮ ਦੇ ਸਹਿਮ ਤੇ ਦੁਖ ਦੂਰ ਹੋ ਜਾਂਦੇ ਹਨ ਅਤੇ ਮਾਇਆ ਦੀ ਭੁੱਖ ਵੀ ਮਰ ਮੁੱਕ ਜਾਂਦੀ ਹੈ। ਇਸ ਲਈ ਹੇ ਭਾਈ! ਨਾਮ ਸਿਮਰਨ ਕਰਿਆ ਕਰੋ।

ਰਵਿਦਾਸੁ ਚਮਾਰੁ ਉਸਤਤਿ ਕਰੇ
ਹਰਿ ਕੀਰਤਿ ਨਿਮਖ ਇਕ ਗਾਇ॥
ਪਤਿਤ ਜਾਤਿ ਉਤਮ ਭਇਆ
ਚਾਰਿ ਵਰਨ ਪਏ ਪਗਿ ਆਇ॥

ਸਤਿਗੁਰੂ ਆਖਦੇ ਹਨ, ਹੇ ਭਾਈ (ਭਗਤ) ਰਵਿਦਾਸ ਤਾਂ ਜਾਤ ਦਾ ਚਮਾਰ ਸੀ, ਉਹ ਪਰਮਾਤਮਾ ਦੇ ਨਾਮ ਦੀ ਸਿਫਤਿ ਸਾਲਾਹ ਕਰਦਾ ਸੀ ਅਤੇ ਹਰ ਵੇਲੇ ਹੀ ਮਿਹਰਬਾਨ ਪ੍ਰਭੂ ਦੀ ਕੀਰਤੀ ਗਾਉਂਦਾ ਰਹਿੰਦਾ ਸੀ। ਹਰੀ ਨਾਮ ਦਾ ਸਿਮਰਨ ਕਰਨ ਕਰਕੇ ਰਵਿਦਾਸ ਵੀ ਉਤਮ ਹੋ ਗਿਆ ਭਾਵ ਮਹਾਂ ਪੁਰਖ ਬਣ ਗਿਆ ਅਤੇ ਚਹੁੰ ਵਰਨਾਂ ਦੇ ਮਨੁੱਖ ਉਸ ਦੇ ਪੈਰਾਂ ਉਤੇ ਆ ਪਏ। ਇਹ ਪ੍ਰਭੂ ਸਿਮਰਨ ਦਾ ਹੀ ਪ੍ਰਤਾਪ ਹੈ।

ਨਾਮਦੇਅ ਪ੍ਰੀਤਿ ਲਗੀ ਹਰਿ ਸੇਤੀ
ਲੋਕੁ ਛੀਪਾ ਕਹੈ ਬੁਲਾਇ॥
ਖਤ੍ਰੀ ਬ੍ਰਾਹਮਣ ਪਿਠਿ ਦੇ ਛੋਡੇ
ਹਰਿ ਨਾਮਦੇਉ ਲੀਆ ਮੁਖਿ ਲਾਇ॥

ਗੁਰਦੇਵ ਜੀ ਨਾਮ ਦੀ ਮਹਿਮਾ ਦਾ ਵਰਣਨ ਕਰਦਿਆਂ ਆਖਦੇ ਹਨ, ਹੇ ਭਾਈ! ਭਗਤ ਨਾਮਦੇਵ ਦੀ ਪਰਮਾਤਮਾ ਨਾਲ ਪ੍ਰੀਤ ਬਣ ਗਈ। ਜਗਤ ਦੇ ਲੋਕ ਤਾਂ ਭਾਵੇਂ ਉਸ ਨੂੰ ਛੀਬਾ ਆਖ ਕੇ ਹੀ ਬੁਲਾਇਆ ਕਰਦੇ ਸਨ ਪਰ ਉਸ ਪਰਮਾਤਮਾ ਨੇ ਖੱਤਰੀਆਂ-ਬ੍ਰਾਹਮਣਾਂ ਵੱਲ ਤਾਂ ਆਪਣੀ ਪਿਠ ਕਰ ਦਿੱਤੀ ਅਤੇ ਆਪਣੇ ਪਿਆਰੇ ਨਾਮਦੇਵ ਨੂੰ ਗਲ ਨਾਲ ਲਾ ਲਿਆ।

ਜਿਤਨੇ ਭਗਤ ਹਰਿ ਸੇਵਕਾ ਮੁਖਿ
ਅਠਸਠਿ ਤੀਰਥ ਤਿਨ ਤਿਲਕੁ ਕਢਾਇ॥
ਜਨੁ ਨਾਨਕੁ ਤਿਨ ਕਉ ਅਨਦਿਨੁ ਪਰਸੇ
ਜੇ ਕ੍ਰਿਪਾ ਕਰੇ ਹਰਿ ਰਾਇ॥

ਸ਼ਬਦ ਦੇ ਅਖੀਰ 'ਚ ਸਤਿਗੁਰੂ ਆਖਦੇ ਹਨ, ਹੇ ਭਾਈ! ਜਿੰਨੇ ਭੀ ਪ੍ਰਭੂ ਭਗਤ ਜਾਂ ਸੇਵਕ ਹਨ-ਅਠਾਹਠ ਤੀਰਥ ਤਾਂ ਉਨ੍ਹਾਂ ਦੇ ਮੱਥੇ ਉਤੇ ਤਿਲਕ ਲਾਉਂਦੇ ਹਨ ਭਾਵ ਉਨ੍ਹਾਂ ਦਾ ਸਤਿਕਾਰ ਕਰਦੇ ਹਨ। ਜੇ ਮੇਰਾ ਪ੍ਰਭੂ ਪ੍ਰੀਤਮ ਪਾਤਸ਼ਾਹ ਮਿਹਰ ਕਰੇ ਤਾਂ ਇਹ ਦਾਸ ਨਾਨਕ ਭੀ ਉਨ੍ਹਾਂ ਪਰਮਾਤਮਾ ਦੇ ਪਿਆਰੇ ਭਗਤਾਂ-ਸੇਵਕਾਂ ਦੇ ਹਰ ਰੋਜ਼, ਹਰ ਵੇਲੇ ਚਰਨ ਪਰਸਦਾ ਰਹੇ। ਪ੍ਰਭੂ ਅਤੇ ਉਸ ਦੇ ਭਗਤਾਂ ਵਿਚ ਕੋਈ ਫਰਕ ਨਹੀਂ ਹੈ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*

# ਡੇਰਾ ਸਿਰਸਾ ਕਾਂਡ: ਸਿੱਟੇ ਤੇ ਸਬਕ

ਡੇਰਾ ਸਿਰਸਾ ਦਾ ਅਖੌਤੀ ਸਾਧ ਹੁਣ ਸਲਾਖਾਂ ਪਿੱਛੇ ਬੰਦ ਹੈ। ਉਸ ਨੂੰ ਦੋ ਸ਼ਰਧਾਲੂ ਲੜਕੀਆਂ ਨਾਲ ਬਲਾਤਕਾਰ ਕਰਨ ਦੇ ਦੋਸ਼ ਵਿਚ ਸੀ.ਬੀ.ਆਈ. ਅਦਾਲਤ ਨੇ 10-10 ਭਾਵ 20 ਸਾਲ ਦੀ ਬਾ-ਮੁਸ਼ੱਕਤ ਸਜ਼ਾ ਸੁਣਾਈ ਹੈ। ਇਨ੍ਹਾਂ ਦੋਸ਼ਾਂ ਨੂੰ ਸਾਬਤ ਕਰਨ ਲਈ ਪੀੜਤ ਲੜਕੀਆਂ ਤੇ ਉਨ੍ਹਾਂ ਦੇ ਸਹਾਇਕ ਵਿਅਕਤੀਆਂ ਨੂੰ 17-18 ਸਾਲ ਦਾ ਲੰਮਾ ਸਮਾਂ ਲੱਗਾ ਹੈ। ਇਸ ਸਮੇਂ ਵਿਚ ਉਹ ਅਸੀਮ ਔਕੜਾਂ, ਡਰ ਤੇ ਦਬਾਅ ਝੱਲ ਕੇ ਇਨਸਾਫ ਦੇ ਦਰ ਤੀਕ ਪਹੁੰਚੀਆਂ ਹਨ। ਰਿਸ਼ੀਆਂ-ਮੁਨੀਆਂ ਤੇ ਗੁਰੂ ਪੀਰਾਂ ਦੀ ਗਾਹੀ ਨਿਵਾਜ਼ੀ ਧਰਤੀ ਤੋਂ ਇਕ ਵੀ ਬੰਦੇ ਨੇ ਉਨ੍ਹਾਂ ਦੀ ਬਾਂਹ ਨਹੀਂ ਫੜੀ। ਇਹ ਧਰਮ ਦੇ ਫੋਕੜਪੁਣੇ ਦੀ ਇਕ ਜ਼ਿੰਦਾ ਮਿਸਾਲ ਹੈ। ਧਰਮੀ ਸਦਾਉਣ ਵਾਲੇ

**ਡਾ. ਗੋਬਿੰਦਰ ਸਿੰਘ ਸਮਰਾਓ**
ਫੋਨ: 408-634-2310

ਸਾਰੇ ਚੇਲੇ ਤੇ ਸ਼ਰਧਾਲੂ ਉਸੇ ਬਲਾਤਕਾਰੀ ਦੇ ਹੱਕ ਵਿਚ ਡਟੇ ਰਹੇ ਜਾਂ ਖਾਮੋਸ਼ ਰਹੇ ਜਿਸ ਉਤੇ ਕਈ ਹੋਰ ਮੁੱਕਦਮੇ ਹੁਣ ਵੀ ਚਲ ਰਹੇ ਹਨ।

ਕੇਸ ਦਾ ਝਟਕਾ ਤਾਜ਼ਾ ਹੋਣ ਕਰਕੇ ਮੀਡੀਏ ਵਿਚ ਸੂਚਨਾ ਸਮੱਗਰੀ ਤੇ ਟਿੱਪਣੀਆਂ ਦਾ ਇਵੇਂ ਹੜ੍ਹ ਆਇਆ ਹੋਇਆ ਹੈ ਜਿਵੇਂ ਕਿਸੇ ਨੇ ਕਿਸੇ ਵੱਡੇ ਡੈਮ ਦੇ ਗੇਟ ਖੋਲ੍ਹ ਦਿੱਤੇ ਹੋਣ। ਪਰ ਜਿਉਂ ਹੀ ਵਕਤ ਨਿਕਲਦਾ ਜਾਵੇਗਾ, ਇਹ ਸਾਰੀ ਸੂਚਨਾ ਪੁਰਾਣੀ ਹੋ ਜਾਵੇਗੀ ਤੇ ਲੋਕ ਇਸ ਕਾਂਡ ਨੂੰ ਭੁੱਲ ਜਾਣਗੇ। ਇਸ ਤੋਂ ਪਹਿਲਾਂ ਕਿ ਨਵੇਂ ਮੁੱਦਿਆਂ ਦੀ ਧੁੰਦ ਇਸ ਘਟਨਾ ਨੂੰ ਧੁੰਦਲਾ ਕਰੇ, ਸਮੁੱਚੇ ਸਮਾਜ ਨੂੰ ਇਸ ਦਾ ਲੇਖਾ-ਜੋਖਾ ਕਰਕੇ ਇਸ ਤੋਂ ਸਬਕ ਸਿੱਖਣੇ ਚਾਹੀਦੇ ਹਨ। ਕਾਰਨ ਇਹ ਕਿ ਇਸ ਸਮਾਜ ਦਾ ਤਾਣਾ-ਪੇਟਾ ਹਰ ਪਾਸਿਓਂ ਖਸਤਾ ਹੋ ਗਿਆ ਹੈ। ਜੇ ਇਸ ਦੀ ਅਧੋਗਤੀ ਰੋਕਣ ਵਲ ਹੁਣ ਵੀ ਧਿਆਨ ਨਾ ਦਿੱਤਾ ਤਾਂ ਇਸ ਵਿਚ ਰਹਿਣਾ ਵੀ ਸ਼ਰਮ ਦੀ ਗੱਲ ਹੋ ਜਾਵੇਗਾ। ਜਿੰਨੇ ਲੋਕ ਇਹ ਗੱਲ ਸਮਝਦੇ ਹੋਣ, ਉਨੇ ਹੀ ਸਹਿਯੋਗ ਕਰਨ ਕਿਉਂਕਿ ਸਾਰਿਆਂ ਦੇ ਤਾਂ ਇਹ ਗੱਲ ਹਾਲੇ ਪੱਲੇ ਵੀ ਨਹੀਂ ਪੈ ਸਕਦੀ।

ਪਹਿਲੀ ਗੱਲ ਇਹ ਕਿ ਧਰਮ ਵਿਚ ਹਮੇਸ਼ਾ ਹੀ ਕਹਿਣੀ ਤੇ ਕਰਨੀ ਦਾ ਭਾਰੀ ਅੰਤਰ ਹੁੰਦਾ ਹੈ। ਇਹ ਅੰਤਰ ਸਰਬ-ਵਿਆਪਕ ਹੈ। ਧਰਮ ਦਾ ਉਜਲ ਬਾਣਾ ਪਾ ਕੇ ਗੱਲ ਕਰਨ ਵਾਲਿਆਂ ਦੀ ਕਹਿਣੀ ਕੁਝ ਹੋਰ ਹੁੰਦੀ ਹੈ ਤੇ ਕਰਨੀ ਕੁਝ ਹੋਰ। ਕਹਿਣੀ ਦੀ ਪੁਨੀਤਤਾ ਤੇ ਕਾਰਗੁਜ਼ਾਰੀ ਵਿਚ ਪਤਿੱਤਤਾ ਦੇ ਕਾਰਨ ਸਭ ਧਾਰਮਿਕ ਸੰਸਥਾਵਾਂ ਤੇ ਡੇਰਿਆਂ ਦੀ ਫਿਤਰਤ ਇਕੋ ਜਿਹੀ ਬਣ ਜਾਂਦੀ ਹੈ। ਪੂਰੇ ਸੁਧਾਰਕ ਪ੍ਰਬੰਧਾਂ ਉਪਰੰਤ ਵੀ ਇੱਥੇ ਸਰਧਾਲੂਆਂ ਦਾ ਸ਼ੋਸ਼ਣ ਹੋਣਾ ਹੀ ਹੋਣਾ ਹੈ। ਮਾਨਸਿਕ, ਵਿਸਾਹਿਕ, ਮਾਇਕ, ਰਾਜਨੀਤਕ ਤੇ ਸਰੀਰਕ-ਸਭ ਤਰ੍ਹਾਂ ਦੇ ਸ਼ੋਸ਼ਣ ਇਸ ਦੀ ਹੋਣੀ ਵਿਚ ਸ਼ਾਮਲ ਹੁੰਦੇ ਹਨ। ਕਈ ਲੋਕ ਕਹਿੰਦੇ ਹਨ ਕਿ ਸਾਰੇ ਡੇਰੇ ਇਕੋ ਜਿਹੇ ਨਹੀਂ ਹੁੰਦੇ ਪਰ ਗੱਲ ਚੰਗੇ ਤੇ ਮਾੜੇ ਡੇਰਿਆਂ ਦੀ ਨਹੀਂ ਸਗੋਂ ਸਮੁੱਚੇ ਧਾਰਮਿਕ ਢਾਂਚੇ ਵਿਚ ਪੈਦਾ ਹੋਏ ਡੇਰਾ ਕਲਚਰ ਦੀ ਹੈ। ਇਸ ਕਲਚਰ ਦਾ ਮੁੱਖ ਤੱਤ ਹੈ ਕਿ ਧਾਰਮਿਕ ਭੇਖ ਤੋਂ ਬਿਨਾ ਲੋਕ ਇਕੱਠੇ ਨਹੀਂ ਹੁੰਦੇ ਤੇ ਜੇ ਇਨ੍ਹਾਂ ਇਕੱਠਾਂ ਦਾ ਸ਼ੋਸ਼ਣ ਨਾ ਕੀਤਾ ਜਾਵੇ ਤਾਂ ਭੀੜਾਂ ਇਕੱਠੀਆਂ ਕਰਨ ਦਾ ਕੀ ਲਾਭ? ਇਸ ਲਈ ਜੋ ਦੇਖ ਲਏ ਹਨ, ਉਹ ਤਾਂ ਮਾੜੇ ਹਨ ਹੀ ਪਰ ਜੋ ਦੇਖੇ ਨਹੀਂ, ਉਨ੍ਹਾਂ ਨੂੰ ਵੀ ਚੰਗੇ ਕਹਿਣਾ ਕੋਈ ਵਧੀਆ ਦਲੀਲ ਨਹੀਂ। ਗੱਲ ਇਤਿਹਾਸ, ਤਰਕ ਤੇ ਅਨੁਭਵ 'ਤੇ ਆਧਾਰਤ ਸਬਕ ਦੀ ਹੈ ਜਿਸ ਦਾ ਸਬੰਧ ਕਿਸੇ ਇਕ ਸੰਸਥਾ ਨਾਲ ਨਹੀਂ ਸਗੋਂ ਸੰਸਥਾਵਾਂ ਦੇ ਸਮੂਹ ਨਾਲ ਹੈ।

ਪਿਛਲੇ ਕੁਝ ਸਮੇਂ ਵਿਚ ਹੀ ਕਈ ਡੇਰਿਆਂ ਦੀਆਂ ਮਿਸਾਲਾਂ ਸਾਹਮਣੇ ਆ ਚੁਕੀਆਂ ਹਨ ਜੋ ਉਨ੍ਹਾਂ ਦੇ ਮੁਖੀਆਂ ਤੇ ਕਾਰਕੁਨਾਂ ਦੇ ਮਨੁੱਖਤਾ ਤੋਂ ਗਿਰੇ ਕਿਰਦਾਰ ਦੀ ਹਾਮੀ ਭਰਦੀਆਂ ਹਨ। ਸਾਹਮਣੇ ਆਏ ਸਭ ਡੇਰਾ ਮੁਖੀਆਂ ਦੇ ਦੋਸ਼ ਜੱਗ ਜ਼ਾਹਰ ਹੋਏ ਤੇ ਅਦਾਲਤਾਂ ਨੇ ਉਨ੍ਹਾਂ ਨੂੰ ਸਖਤ ਸਜ਼ਾਵਾਂ ਦਿੱਤੀਆਂ। ਇਕ ਸਰਬ-ਵਿਆਪਕ ਨਿਯਮ ਨੂੰ ਹਰ ਕੇਸ ਉਤੇ ਵੱਖ-ਵੱਖ ਤੌਰ 'ਤੇ ਲਾਗੂ ਕਰ ਕੇ ਪ੍ਰਮਾਣਤਾ ਪਰਖਣ ਦੀ ਲੋੜ ਨਹੀਂ ਹੁੰਦੀ। ਇਕ ਹਾਂਡੀ ਵਿਚ ਉਬਲ ਰਹੇ ਸਭ ਚੌਲਾਂ ਦੀ ਕੱਚ-ਪਕਾਈ ਇਕੋ ਜਿਹੀ ਹੁੰਦੀ ਹੈ। ਜਿਸ ਸਮਾਜ ਵਿਚ ਸਰਬ-ਪੱਖੀ ਨੈਤਿਕ ਅੰਧਕਾਰ ਪਸਰ ਰਿਹਾ ਹੋਵੇ, ਉਥੇ ਕਿਸੇ ਇਕ ਧਾਰਮਿਕ ਸੰਸਥਾ ਜਾਂ ਡੇਰੇ ਦੇ ਖਾਲਸ ਹੋਣ ਦੀ ਆਸ ਰੱਖਣਾ ਵਿਅਰਥ ਹੈ। ਉਸ ਵਿਚ ਤਾਂ ਪੁਰਾਤਨ ਕਾਲ ਦੀਆਂ ਟਕਸਾਲੀ ਸੰਸਥਾਵਾਂ ਵੀ ਸਿਹਤਮੰਦ ਅਵਸਥਾ ਵਿਚ ਕਾਇਮ ਨਹੀਂ ਰਹਿ ਸਕਦੀਆਂ।

ਡੇਰਾ ਸਾਧਾਂ ਦੇ ਜ਼ਬਰ ਜਨਾਹਾਂ ਦੇ ਕਿੱਸਿਆਂ ਦੀ ਗਵਾਹੀ ਵਿਚ ਇਕ ਨਹੀਂ ਸਗੋਂ ਸਾਰੇ ਸਾਧ ਸੰਤ ਅਤੇ ਧਾਰਮਿਕ ਸੰਸਥਾਨਾਂ ਦੇ ਮੁਖੀ ਪਾਪਾਂ ਵਿਚ ਗ੍ਰਸੇ ਚਿੱਟ-ਕਪੜੀਏ ਜਾਂ ਭਗਮ-ਭੇਸੀਏ ਪਖੰਡੀ ਸਾਬਤ ਹੋਏ ਹਨ। ਚੰਗੇ ਉਹੀ ਹਨ, ਜਿਨ੍ਹਾਂ ਨੂੰ ਹਾਲੇ ਛੇੜਿਆ ਨਹੀਂ ਗਿਆ। ਹੁਣ ਤਾਂ ਇੰਜ ਲਗਦਾ ਹੈ ਕਿ ਡੇਰੇ ਤਾਂ ਬਣੇ ਹੀ ਸ਼ੋਸ਼ਣ ਲਈ ਹਨ, ਜਿੱਥੇ ਧਰਮ ਤੇ ਮਜਬੂਰੀ ਦੀ ਆੜ ਹੇਠ ਭੋਲੇ-ਭਾਲੇ ਸ਼ਰਧਾਲੂਆਂ ਦੀ ਇੱਜ਼ਤ-ਆਬਰੂ ਨਾਲ ਖੇਡਿਆ ਜਾਂਦਾ ਹੈ ਤੇ ਉਨ੍ਹਾਂ ਦੀਆਂ ਵੋਟਾਂ ਦੀ ਤਜ਼ਾਰਤ ਕਰ ਕੇ ਉਨ੍ਹਾਂ ਨਾਲ ਸਿਆਸੀ ਛਲ-ਕਪਟ ਕੀਤਾ ਜਾਂਦਾ ਹੈ। ਇਹ ਸੰਸਥਾਵਾਂ ਨਾ ਕੇਵਲ ਸਮਾਜ ਦੀ ਨੈਤਿਕ ਅਧੋਗਤੀ ਦੀਆਂ ਸੂਚਕ ਹਨ ਸਗੋਂ ਦੇਸ਼ ਦੀ ਤਰੱਕੀ ਦੇ ਰਾਹ ਵਿਚ ਰੁਕਾਵਟ ਵੀ ਹਨ। ਭਾਵੇਂ ਇਹ ਲੋਕਾਂ ਨੂੰ ਰੂਹਾਨੀ ਸੇਧ ਦੇਣ ਤੇ ਸਮਾਜ ਸੇਵਾ ਕਰਨ ਦਾ ਢੌਂਗ ਵੀ ਰਚਣ, ਤਾਂ ਵੀ ਮੰਨ ਕੇ ਚਲਣਾ ਚਾਹੀਦਾ ਹੈ ਕਿ ਡੇਰਾ ਜਮਾਤ ਅੰਧਵਿਸ਼ਵਾਸ ਫੈਲਾ ਕੇ ਸਮਾਜ 'ਤੇ ਨਾਕਾਰਾਤਮਕ ਪ੍ਰਭਾਵ ਪਾਉਂਦੀ ਹੈ।

ਯੂਰਪ ਵਿਚ ਜਦੋਂ 15ਵੀਂ ਸਦੀ ਵਿਚ ਉਥੋਂ ਦੇ ਡੇਰਿਆਂ (Monasteries) ਵਿਚ ਅਜਿਹੀ ਗਿਰਾਵਟ ਆਈ ਤਾਂ ਉਨ੍ਹਾਂ ਨੇ ਸੁਧਾਰਵਾਦੀ ਲਹਿਰ ਨਾਲ ਇਨ੍ਹਾਂ ਨੂੰ ਉਦੋਂ ਹੀ ਖਤਮ ਕਰ ਦਿੱਤਾ ਸੀ। ਉਸ ਮਹਾਂਦੀਪ ਦੀ ਉਨਤੀ ਦਾ ਸਿਹਰਾ ਇਸੇ ਲਹਿਰ ਦੇ ਸਿਰ ਮੰਨਿਆ ਜਾਂਦਾ ਹੈ। ਇਸ ਲਈ ਅਜੋਕਾ ਡੇਰਾ ਕਲਚਰ ਭਾਰਤੀ ਸਮਾਜ ਦਾ ਕੈਂਸਰ ਹੈ ਅਤੇ ਮਾਨਵ ਤਰੱਕੀ ਦੇ ਹਿੱਤ ਵਿਚ ਇਸ ਨੂੰ ਇਕ ਪਾਸੇ ਕਰਨਾ ਚਾਹੀਦਾ ਹੈ।

ਇੱਥੇ ਗੱਲ ਡੇਰਿਆਂ ਨੂੰ ਅਚਨਚੇਤ ਤੇ ਹਿੰਸਾਤਮਕ ਢੰਗ ਨਾਲ ਖਤਮ ਕਰਨ ਦੀ ਨਹੀਂ ਸਗੋਂ ਇਨ੍ਹਾਂ ਦੇ ਕਾਰਜ ਖੇਤਰ ਨੂੰ ਕਾਨੂੰਨੀ ਘੇਰੇ ਵਿਚ ਲਿਆ ਕੇ ਨਿਯਮਿਤ ਤੇ ਸੀਮਤ ਕਰਨ ਦੀ ਹੈ। ਜਦੋਂ ਤੱਕ ਇਹ ਪਖੰਡ ਪੂਰੀ ਤਰ੍ਹਾਂ ਖਤਮ ਨਹੀਂ ਹੋ ਜਾਂਦਾ, ਉਦੋਂ ਤੱਕ ਸੰਵਿਧਾਨਕ ਉਪਾਅ ਵਰਤ ਕੇ ਲੋਕਾਂ ਦੀ ਸਿਹਤ ਸੁਰੱਖਿਆ ਦੇ ਹਿੱਤ ਵਿਚ ਇਨ੍ਹਾਂ ਦੀਆਂ ਗਤੀਵਿਧੀਆਂ 'ਤੇ ਰੋਕ ਲੱਗੀ ਰਹਿਣੀ ਚਾਹੀਦੀ ਹੈ। ਸਭ ਡੇਰਿਆਂ ਦੇ ਮੁਖੀਆਂ ਦੇ ਪਿਛੋਕੜ ਤੇ ਉਨ੍ਹਾਂ ਦੇ ਆਚਰਣ ਦੀ ਜਾਂਚ ਕਰਨੀ ਚਾਹੀਦੀ ਹੈ। ਲੋਕਾਂ ਨਾਲ ਰੂਹਾਨੀ ਸੰਪਰਕ ਬਣਾਉਣ ਵਾਲੇ ਸਭ ਧਾਰਮਿਕ ਅਦਾਰੇ ਤੇ ਡੇਰੇ ਸਰਕਾਰੀ ਤੌਰ 'ਤੇ ਰਜਿਸਟਰ ਹੋਣੇ ਚਾਹੀਦੇ ਹਨ। ਇਨ੍ਹਾਂ ਨੂੰ ਟਰੱਸਟਾਂ ਵਿਚ ਤਬਦੀਲ ਕਰਨਾ ਚਾਹੀਦਾ ਹੈ। ਇਨ੍ਹਾਂ ਦੇ ਸੰਚਾਲਨ ਲਈ ਪ੍ਰਬੰਧਕੀ ਮੰਡਲ ਹੋਣੇ ਚਾਹੀਦੇ ਹਨ ਜਿਨ੍ਹਾਂ ਵਿਚ ਕੁਝ ਸਰਕਾਰੀ ਨੁਮਾਇੰਦੇ ਵੀ ਹੋਣ ਜੋ ਇਨ੍ਹਾਂ ਦੀਆਂ ਮਨਮਰਜ਼ੀਆਂ ਦੀ ਸਰਕਾਰ ਨੂੰ ਜਾਣਕਾਰੀ ਦੇਣ।

ਧਾਰਮਿਕ ਸੰਸਥਾਵਾਂ ਤੇ ਡੇਰਿਆਂ ਨੂੰ ਸਰਕਾਰ ਵਲੋਂ ਸਭ ਤਰ੍ਹਾਂ ਦੀ ਮਾਇਕ ਸਹਾਇਤਾ ਫੌਰੀ ਤੌਰ 'ਤੇ ਬੰਦ ਹੋਣੀ ਚਾਹੀਦੀ ਹੈ। ਇਨ੍ਹਾਂ ਦੇ ਚੜ੍ਹਾਵਿਆਂ ਦਾ ਹਿਸਾਬ-ਕਿਤਾਬ ਰੱਖਿਆ ਜਾਣਾ ਚਾਹੀਦਾ ਹੈ। ਧਾਰਮਿਕ ਸੰਸਥਾਵਾਂ ਦੀ ਆਮਦਨ ਦੂਜੀਆਂ ਕਾਰਪੋਰੇਸ਼ਨਾਂ ਵਾਂਗ ਆਮਦਨ ਕਰ ਦੇ ਘੇਰੇ 'ਚ ਆਉਣੀ ਚਾਹੀਦੀ ਹੈ ਜਾਂ ਫਿਰ ਇਨ੍ਹਾਂ ਦੀ ਆਮਦਨ ਦਾ ਚੋਖਾ ਹਿੱਸਾ ਲੋਕ ਹਿੱਤ ਵਿਚ ਸਰਕਾਰੀ ਖਜ਼ਾਨੇ ਵਿਚ ਜਮ੍ਹਾਂ ਕਰਵਾਇਆ ਜਾਣਾ ਚਾਹੀਦਾ ਹੈ। ਇਨ੍ਹਾਂ ਸੰਸਥਾਵਾਂ ਨੂੰ ਦਾਨ ਦੇਣ ਵਾਲਿਆਂ ਲਈ ਵੀ ਦਾਨ ਰਾਸ਼ੀ ਤੇ ਆਮਦਨ ਕਰ ਦੀ ਛੋਟ ਖਤਮ ਕਰ ਦੇਣੀ ਚਾਹੀਦੀ ਹੈ। ਇਨ੍ਹਾਂ ਉਪਚਾਰਾਂ ਤੋਂ ਹੋਣ ਵਾਲੇ ਲਾਭ ਨਾਲ ਸਰਕਾਰ ਗਰੀਬ ਤਬਕਿਆਂ ਲਈ ਸਿੱਖਿਆ, ਸਿਹਤ-ਸਹੂਲਤਾਂ, ਰੁਜ਼ਗਾਰ ਦੇ ਮੌਕੇ ਤੇ ਪੈਨਸ਼ਨਾਂ ਆਦਿ ਦਾ ਪ੍ਰਬੰਧ ਕਰ ਸਕਦੀ ਹੈ ਤਾਂ ਜੋ ਮੁਹਤਾਜ ਲੋਕ ਡੇਰਿਆਂ ਪਿੱਛੇ ਨਾ ਜਾਣ।

ਧਰਮ ਨਿਰਪੱਖਤਾ ਨੂੰ ਮਜ਼ਬੂਤ ਕਰਨ ਲਈ ਸਕੂਲੀ ਸਿੱਖਿਆ 'ਤੇ ਫੌਰਨ ਜ਼ੋਰ ਦੇਣਾ ਬਣਦਾ ਹੈ। ਇਸ ਦਿਸ਼ਾ ਵਿਚ ਇਕ ਠੋਸ ਕਦਮ ਇਹ ਹੋਵੇਗਾ ਕਿ ਸਰਕਾਰ ਮੁਢਲੀ ਸਿੱਖਿਆ ਸਭ ਲਈ ਮੁਫਤ ਤੇ ਲਾਜ਼ਮੀ ਕਰੇ। ਇਸ ਦੇ ਨਾਲ ਹੀ ਸਕੂਲੀ ਸਿਲੇਬਸਾਂ ਵਿਚੋਂ ਧਾਰਮਿਕ ਤੇ ਸੰਪਰਦਾਇਕ ਸਿੱਖਿਆ ਮਨਫੀ ਕੀਤੀ ਜਾਵੇ ਤੇ ਇਸ ਦੀ ਥਾਂ ਵਿਗਿਆਨਕ ਤੇ ਤਕਨੀਕੀ ਸਿੱਖਿਆ ਸ਼ਾਮਲ ਕੀਤੀ ਜਾਵੇ। ਧਾਰਮਿਕ ਸੰਸਥਾਵਾਂ ਨਾਲ ਜੁੜੇ ਵਿਅਕਤੀਆਂ ਨੂੰ ਸਿੱਖਿਆ ਸਬੰਧੀ ਨੀਤੀਆਂ ਘੜਨ ਵਾਲੇ ਅਦਾਰਿਆਂ ਤੋਂ ਦੂਰ ਰੱਖਿਆ ਜਾਵੇ। ਸਕੂਲਾਂ-ਕਾਲਜਾਂ ਵਿਚ ਧਾਰਮਿਕ ਨੇਤਾਵਾਂ ਦੇ ਭਾਸ਼ਣਾਂ ਦੀ ਮਨਾਹੀ ਹੋਵੇ। ਰਾਜਸੀ ਨੇਤਾਵਾਂ ਨੂੰ ਸਰਬਜਨਕ ਤੌਰ 'ਤੇ ਆਪਣਾ ਧਰਮ ਜ਼ਾਹਰ ਕਰਨ 'ਤੇ ਰੋਕ ਹੋਵੇ। ਜੇ ਕੋਈ ਰਾਜਸੀ ਨੇਤਾ ਆਪਣੇ ਕਾਰਜਕਾਲ ਵਿਚ ਸਰਜਨਕ ਰੂਪ ਵਿਚ ਕਿਸੇ ਧਰਮ ਅਸਥਾਨ ਜਾਂ ਡੇਰੇ 'ਤੇ ਜਾਂਦਾ ਹੈ ਤਾਂ ਉਸ ਨੂੰ ਉਸ ਦੇ ਅਹੁਦੇ ਤੋਂ ਹਟਾਏ ਜਾਣ ਦੀ ਵਿਵਸਥਾ ਹੋਣੀ ਚਾਹੀਦੀ ਹੈ। ਸਭ ਨੂੰ ਆਪਣਾ ਧਰਮ ਮੰਨਣ ਜਾਂ ਨਾ ਮੰਨਣ ਦੀ ਆਜ਼ਾਦੀ ਤਾਂ ਹੋਣੀ ਚਾਹੀਦੀ ਹੈ ਪਰ ਕਿਸੇ ਦੀਆਂ ਧਾਰਮਿਕ ਮਾਨਤਾਵਾਂ ਨਾਲ ਸਿੱਖਿਆ ਤੇ ਰਾਜਨੀਤੀ ਪ੍ਰਭਾਵਤ ਨਹੀਂ ਹੋਣੀ ਚਾਹੀਦੀ। ਧਰਮ ਦੀ ਆੜ ਹੇਠ ਵੋਟਾਂ ਲੈਣ ਵਾਲੇ ਦਲਾਲਾਂ ਨੂੰ ਤੁਰੰਤ ਜੇਲ੍ਹ ਭੇਜਣ ਦੀ ਵਿਵਸਥਾ ਹੋਣੀ ਚਾਹੀਦੀ ਹੈ। ਧਾਰਮਿਕ ਕਾਰਜਾਂ ਨੂੰ ਨਿਜੀ ਤੇ ਵਿਅਕਤਿਗਤ ਕਾਰਜਾਂ ਦੀ ਸੂਚੀ ਵਿਚ ਸ਼ਾਮਲ ਕੀਤਾ ਜਾਵੇ ਤੇ ਸਭ ਨਾਗਰਿਕ ਇਨ੍ਹਾਂ ਨੂੰ ਦੂਜੇ ਨਿਜੀ ਕਾਰਜਾਂ ਵਾਂਗ ਆਪਣੇ ਸਮੇਂ ਵਿਚ ਹੀ ਨਿਪਟਾਉਣ। ਇਨ੍ਹਾਂ ਕਾਰਜਾਂ ਲਈ ਸਰਕਾਰੀ ਛੁੱਟੀਆਂ ਦੇਣ ਦਾ ਰਿਵਾਜ਼ ਖਤਮ ਹੋਣਾ ਚਾਹੀਦਾ ਹੈ।




ਰਾਜਨੀਤੀ ਤੇ ਧਰਮ ਨੂੰ ਪੂਰੀ ਤਰ੍ਹਾਂ ਵੱਖ ਮੰਨਿਆ ਹੀ ਨਹੀਂ ਜਾਣਾ ਚਾਹੀਦਾ ਸਗੋਂ ਕਰ ਦੇਣਾ ਚਾਹੀਦਾ ਹੈ। ਧਾਰਮਿਕ ਅਦਾਰੇ ਦੂਜੇ ਸਭ ਅਦਾਰਿਆਂ ਦੀ ਤਰ੍ਹਾਂ ਰਾਜ ਅਧੀਨ ਹੋਣੇ ਚਾਹੀਦੇ ਹਨ। ਰਾਜ ਸਰਬਉੱਚ ਹੈ ਤੇ ਸਰਕਾਰ ਨੂੰ ਇਹ ਗੱਲ ਪੂਰੇ ਮਾਣ ਨਾਲ ਦਰਸਾਉਣੀ ਚਾਹੀਦੀ ਹੈ। ਧਰਮ ਨਿਰਪੇਖਤਾ ਦਾ ਭਾਵ ਸਭ ਧਰਮਾਂ ਤੋਂ ਪਰ੍ਹੇ ਰਹਿਣ ਦਾ ਹੈ, ਨਾ ਕਿ ਸਭ ਧਰਮਾਂ ਨੂੰ ਬਰਾਬਰ ਮਾਣ ਦੇਣ ਦਾ। ਸਰਕਾਰ ਦੇ ਨੁਮਾਇੰਦੇ ਸਭ ਧਰਮਾਂ ਦੇ ਧਾਰਮਿਕ ਆਗੂਆਂ ਦੇ ਪਿੱਛੇ ਫਿਰਨ ਦੀ ਥਾਂ ਇਨ੍ਹਾਂ ਤੋਂ ਦੂਰੀ ਬਣਾ ਕੇ ਰੱਖਣ ਤਾਂ ਜੋ ਸਭ ਸਮੁਦਾਇਆਂ ਤੇ ਲੋਕਾਂ ਵਿਚ ਕਾਨੂੰਨ ਦੇ ਰਾਜ ਦੀ ਪ੍ਰਭੁਤਾ ਦਾ ਕਰੜਾ ਸੁਨੇਹਾ ਪਹੁੰਚੇ। ਮੰਨਿਆ ਕਿ ਇਨ੍ਹਾਂ ਵਿਚੋਂ ਕਈ ਗੱਲਾਂ ਦਾ ਸੰਵਿਧਾਨ 'ਚ ਪਹਿਲਾਂ ਹੀ ਵਿਸਥਾਰਪੂਰਵਕ ਜ਼ਿਕਰ ਹੈ ਪਰ ਲੋੜ ਜ਼ੋਰ ਦੇ ਕੇ ਅਮਲ ਕਰਨ ਦੀ ਹੈ, ਕੁਤਾਹੀ ਵਰਤਣ ਦੀ ਨਹੀਂ।

ਭਾਰਤੀ ਸੰਵਿਧਾਨ ਵਿਚ ਧਰਮ-ਨਿਰਪੱਖਤਾ ਦਾ ਸਿਧਾਂਤ ਰਾਜਤੰਤਰ ਤੇ ਧਰਮ ਵਿਚ ਵਿੱਥ ਬਣਾਉਣ ਦਾ ਮੰਤਵ ਰੱਖਦਾ ਹੈ। ਇਸ ਦਾ ਮਨੋਰਥ ਸਿਆਸਤਦਾਨਾਂ ਤੇ ਧਾਰਮਿਕ ਸੰਸਥਾਨਾਂ ਦੀ ਆਪਸੀ ਨਿਰਭਰਤਾ ਖਤਮ ਕਰਨਾ ਹੈ। ਸਭ ਆਧੁਨਿਕ ਲੋਕਤੰਤਰਾਂ ਵਿਚ ਇਸੇ ਗੱਲ ਨੂੰ ਆਧਾਰ ਬਣਾਇਆ ਗਿਆ ਹੈ। ਪਰ ਭਾਰਤ ਵਿਚ ਸਥਿਤੀ ਇਹ ਹੈ ਕਿ ਅਜੋਕਾ ਭਾਰਤੀ ਲੋਕਤੰਤਰ ਜਨ-ਹਿੱਤ ਵਿਚ ਨਹੀਂ ਸਗੋਂ ਡੇਰਾ ਨੁਮਾ ਕੁਝ ਇਕ ਧਾਰਮਿਕ ਸੰਪਰਦਾਵਾਂ ਦੇ ਹਿੱਤ ਵਿਚ ਚਲ ਰਿਹਾ ਹੈ। ਇਹ ਧਾਰਮਿਕ ਅਸਥਾਨ ਤੇ ਡੇਰੇ ਧਾਰਮਿਕ ਭਾਵਨਾਵਾਂ ਤਹਿਤ ਲੋਕਾਂ ਨੂੰ ਆਪਣੇ ਨਾਲ ਜੋੜਦੇ ਹਨ ਤੇ ਫਿਰ ਨਾਜਾਇਜ਼ ਤੇ ਅਨੈਤਿਕ ਢੰਗ ਨਾਲ ਲੋਕਾਂ ਦੇ ਵਿਸ਼ਵਾਸ ਨੂੰ ਵੋਟ-ਬੈਂਕਾਂ ਵਿਚ ਤਬਦੀਲ ਕਰਕੇ ਇਨ੍ਹਾਂ ਨੂੰ ਰਾਜਸੀ ਸੌਦਿਆਂ ਰਾਹੀਂ ਸਿਆਸੀ ਪਾਰਟੀਆਂ ਅੱਗੇ ਪਰੋਸਦੇ ਹਨ। ਸੱਤਾ ਵਿਚ ਆਈਆਂ ਇਨ੍ਹਾਂ ਪਾਰਟੀਆਂ ਨੂੰ ਫਿਰ ਉਹ ਆਪਣੇ ਪਾਪਾਂ ਤੇ ਜੁਰਮਾਂ ਨੂੰ ਕੱਜਣ ਲਈ ਵਰਤਦੇ ਹਨ। ਕਈ ਪ੍ਰਮੁੱਖ ਰਾਜਸੀ ਦਲ ਤਾਂ ਧਾਰਮਿਕ ਸੰਸਥਾਵਾਂ ਦੇ ਰਾਜਸੀ ਵਿੰਗ ਵਜੋਂ ਸਥਾਪਤ ਹੋਏ ਹਨ ਤੇ ਉਹ ਸੱਤਾ ਪ੍ਰਾਪਤੀ ਲਈ ਆਪਣੇ ਧਰਮ ਅਦਾਰਿਆਂ ਤੋਂ ਸਿੱਧੀ-ਅਸਿੱਧੀ ਹਰ ਮਦਦ ਪ੍ਰਾਪਤ ਕਰਦੇ ਹਨ। ਇਹ ਵਿਸ਼ੈਲਾ ਚੱਕਰ ਦਹਾਕਿਆਂ ਤੋਂ ਚਲ ਰਿਹਾ ਹੈ।

ਹਾਲ ਦੀ ਘੜੀ ਕੋਈ ਤਾਕਤ ਨਜ਼ਰ ਨਹੀਂ ਆਉਂਦੀ ਜੋ ਅਖੌਤੀ ਧਰਮਾਂ ਤੇ ਸਿਆਸਤ ਦੇ ਇਸ ਗੈਰ ਜਮਹੂਰੀ ਸਬੰਧ ਨੂੰ ਤੋੜਨ ਦਾ ਦਮ ਭਰੇ। ਸੰਵਿਧਾਨ ਰਚੇਤਾ ਇਸ ਗੱਲ ਪ੍ਰਤੀ ਪੂਰੀ ਤਰ੍ਹਾਂ ਸੁਚੇਤ ਸਨ। ਇਸ ਲਈ ਉਨ੍ਹਾਂ ਨੇ ਸੰਵਿਧਾਨ ਵਿਚ ਇਸ ਕੁਰੀਤੀ ਵਿਰੁਧ ਪੂਰਾ ਇੰਤਜ਼ਾਮ ਬਣਾਇਆ ਹੋਇਆ ਹੈ। ਉਨ੍ਹਾਂ ਨੇ ਪੀਪਲਜ਼ ਰਿਪਰੀਜ਼ੈਂਟੇਸ਼ਨ ਐਕਟ, ਚੋਣ ਕਮਿਸ਼ਨ ਤੇ ਅਦਾਲਤਾਂ ਦਾ ਗਠਨ ਕੀਤਾ। ਪਰ ਇਨ੍ਹਾਂ ਕਾਰਜਾਂ ਪ੍ਰਤੀ ਲੋਕ ਚੇਤਨਾ ਲਗਭਗ ਲੋਪ ਹੋ ਚੁਕੀ ਹੈ। ਇਨ੍ਹਾਂ ਉਪਾਵਾਂ ਨੂੰ ਮੁੜ ਸੁਰਜੀਤ ਕਰਕੇ ਅਸਰਦਾਰ ਢੰਗ ਨਾਲ ਵਰਤਣ ਲਈ ਜਾਗਰੂਕ ਲੋਕਾਂ ਦੀਆਂ ਸਭ ਪੀੜ੍ਹੀਆਂ ਤੇ ਸਭ ਜਮਾਤਾਂ ਨੂੰ ਅੱਗੇ ਆਉਣਾ ਚਾਹੀਦਾ ਹੈ।

ਸਿਰਸਾ ਡੇਰਾ ਕਾਂਡ ਦੇ ਸਬੰਧ ਵਿਚ ਸਰਕਾਰ ਵਲੋਂ ਕੁਝ ਹੋਰ ਗੱਲਾਂ ਵੀ ਕਰਨ ਵਾਲੀਆਂ ਹਨ। ਜਿਨ੍ਹਾਂ ਸਾਧੂ, ਸਾਧਵੀਆਂ ਜਾਂ ਹੋਰ ਲੋਕਾਂ 'ਤੇ ਗੈਰ-ਮਨੁੱਖੀ ਜ਼ੁਲਮ ਹੋਏ ਹਨ ਜਾਂ ਜਿਨ੍ਹਾਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਹੋਇਆ ਹੈ-ਸਰਕਾਰ ਉਨ੍ਹਾਂ ਸਭਨਾਂ ਨੂੰ ਡੇਰੇ ਦੀ ਜਾਇਦਾਦ 'ਚੋਂ ਮੁਆਵਜ਼ਾ ਦਿਵਾਏ। ਡੇਰੇ ਤੋਂ ਬਾਹਰ ਉਨ੍ਹਾਂ ਦਾ ਮੁੜ ਵਸੇਬਾ ਕਰਨ ਦੀ ਸਾਰੀ ਜ਼ਿੰਮੇਵਾਰੀ ਡੇਰੇ ਦੀ ਹੈ, ਜਿਸ ਨੇ ਸਾਲਾਂ ਬੱਧੀ ਉਨ੍ਹਾਂ ਦੇ ਜੀਵਨ ਨੂੰ ਨਿਚੋੜਿਆ ਹੈ। ਇਸ ਕੰਮ ਲਈ ਇਕ ਸ਼ਕਤੀਸ਼ਾਲੀ ਕਮਿਸ਼ਨ ਸਥਾਪਤ ਕਰਨਾ ਚਾਹੀਦਾ ਹੈ। ਕਾਰਨ ਇਹ ਹੈ ਕਿ ਸ਼ਰਧਾਲੂ ਡੇਰੇ ਨਾਲ ਸ਼ਰਧਾ ਭਾਵ ਨਾਲ ਜੁੜੇ ਸਨ, ਜੁਰਮ ਭਾਵਨਾ ਨਾਲ ਨਹੀਂ। ਉਨ੍ਹਾਂ ਨੂੰ ਗੁਮਰਾਹ ਕਰਕੇ ਉਨ੍ਹਾਂ ਦੀ ਮਾਇਕ ਹਾਨੀ ਤੇ ਸਮੇਂ ਦੀ ਬਰਬਾਦੀ ਕੀਤੀ ਗਈ ਹੈ। ਉਨ੍ਹਾਂ ਨੂੰ ਜੇਲ੍ਹ ਜਿਹੇ ਵਾਤਾਵਰਣ ਵਿਚ ਰੱਖ ਕੇ ਉਨ੍ਹਾਂ ਦੀਆਂ ਮਨੋਵਿਗਿਆਨਕ ਭਾਵਨਾਵਾਂ ਤੇ ਸੂਖਮ ਸੋਚਾਂ ਨੂੰ ਕੁਚਲਿਆ ਗਿਆ। ਇਨ੍ਹਾਂ ਦੇ ਇਵਜ਼ ਵਿਚ ਉਨ੍ਹਾਂ ਨੂੰ ਮੁਆਵਜ਼ਾ ਦੇਣਾ ਹੀ ਬਣਦਾ ਹੈ।

ਨਿਆਂਪਾਲਿਕਾ ਦੇਸ਼ ਦੇ ਸੰਵਿਧਾਨ ਵਲੋਂ ਹਮੇਸ਼ਾ ਹੀ ਸਰਕਾਰ ਦਾ ਸਨਮਾਨਯੋਗ ਅੰਗ ਸਮਝੀ ਗਈ ਹੈ ਪਰ ਇਸ ਡੇਰੇ ਦੇ ਕੇਸ ਵਿਚ ਤਾਂ ਇਸ ਨੇ ਬਹੁਤ ਹੀ ਸੁਲਝੀ ਤੇ ਸ਼ਲਾਘਾਯੋਗ ਭੂਮਿਕਾ ਨਿਭਾਈ ਹੈ। ਇਸ ਨਾਲ ਦੇਸ਼ ਨੂੰ ਘੋਰ ਹਨੇਰੇ ਵਿਚ ਵੀ ਚਾਨਣ ਦੀ ਇਕ ਅਜਿਹੀ ਕਿਰਨ ਦਿਖਾਈ ਦਿੱਤੀ ਹੈ ਜਿਸ 'ਤੇ ਭਰੋਸੇ ਨਾਲ ਟੇਕ ਰੱਖੀ ਜਾ ਸਕਦੀ ਹੈ। ਅਜੋਕੇ ਰਾਜਸੀ ਢਾਂਚੇ ਵਿਚ ਇਹੀ ਇਕ ਸੰਵਿਧਾਨਕ ਅੰਗ ਹੈ, ਜਿਸ ਨੇ 'ਕਾਨੂੰਨ ਦੇ ਸ਼ਾਸਨ' ਦਾ ਪੱਖ ਪੂਰਿਆ ਹੈ ਤੇ ਦੇਸ਼ ਨੂੰ ਸਹੀ ਜਮਹੂਰੀ ਸੇਧ ਦਿੱਤੀ ਹੈ।

ਜਿਨ੍ਹਾਂ ਲੋਕਾਂ ਨੇ ਸਿਰਸਾ ਸਾਧ ਦੇ ਧਾਰਮਿਕ ਪਖੰਡ ਤੇ ਸ਼ੋਸ਼ਣਗਾਹ ਦਾ ਪਰਦਾ ਫਾਸ਼ ਕਰਕੇ ਦੋਸ਼ੀਆਂ ਨੂੰ ਕਾਨੂੰਨ ਹਵਾਲੇ ਕਰਵਾਇਆ ਹੈ, ਉਨ੍ਹਾਂ ਨੂੰ ਸਰਕਾਰੀ ਸਨਮਾਨ ਮਿਲਣਾ ਚਾਹੀਦਾ ਹੈ। ਇਨ੍ਹਾਂ ਵਿਚ ਦੋ ਸਾਧਵੀਆਂ, ਮਰਹੂਮ ਰਣਜੀਤ ਸਿੰਘ, ਮਰਹੂਮ ਪੱਤਰਕਾਰ ਛਤਰਪਤੀ, ਸੀ.ਬੀ.ਆਈ. ਦੇ ਅਫਸਰ, ਡੇਰਾ-ਸਾਧ ਦਾ ਡਰਾਈਵਰ ਖੱਟਾ ਸਿੰਘ, ਹਨੀਪ੍ਰੀਤ ਦਾ ਤਲਾਕਸ਼ੁਦਾ ਪਤੀ ਪ੍ਰਕਾਸ਼, ਤੇ ਹੋਰ ਸਭ ਵਿਆਕਤੀ ਜਿਨ੍ਹਾਂ ਨੇ ਨਿਧੜਕ ਹੋ ਕੇ ਇਨਸਾਫ ਦੀ ਲੜਾਈ ਲੜੀ ਹੈ, ਨੂੰ ਢੁਕਵੇਂ ਕੌਮੀ ਪੁਰਸਕਾਰਾਂ ਨਾਲ ਸਨਮਾਨਿਤ ਕਰਨਾ ਚਾਹੀਦਾ ਹੈ। ਜੇ ਜ਼ੁਲਮ ਦਾ ਸ਼ਿਕਾਰ ਹੋਈ ਪਾਕਿਸਤਾਨੀ ਬਹਾਦਰ ਲੜਕੀ ਮਲਾਲਾ ਨੋਬਲ ਪ੍ਰਾਈਜ਼ ਲੈ ਕੇ ਸੰਸਾਰਕ ਸ਼ਾਂਤੀ ਦੀ ਅਲੰਬਰਦਾਰ ਬਣ ਸਕਦੀ ਹੈ ਤਾਂ ਡੇਰਾ ਸਾਧ ਦੇ ਜ਼ੁਲਮ ਦਾ ਟਾਕਰਾ ਕਰਨ ਵਾਲੀ ਦਲੇਰ ਸਾਧਵੀ ਦੇਸ਼ ਦੇ ਕੌਮੀ ਸਨਮਾਨ ਦੀ ਹੱਕਦਾਰ ਕਿਉਂ ਨਹੀਂ ਬਣ ਸਕਦੀ? ਸੀ.ਬੀ.ਆਈ. ਅਤੇ ਹਾਈਕੋਰਟ ਦੇ ਜੱਜਾਂ ਦੀ ਨਿਡਰ ਤੇ ਮਿਸਾਲੀ ਭੂਮਿਕਾ ਦੀ ਸਮੂਹਿਕ ਤੌਰ 'ਤੇ ਸ਼ਲਾਘਾ ਹੋਣੀ ਚਾਹੀਦੀ ਹੈ।

ਸਮਾਜਿਕ ਤੌਰ 'ਤੇ ਪੱਛੜੇ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗ ਹੀ ਬਹੁਤੇ ਅੰਨੀ ਸ਼ਰਧਾ ਵਸ ਡੇਰਿਆਂ ਦੇ ਸ਼ਰਧਾਲੂ ਬਣਦੇ ਹਨ। ਇਸ ਲਈ ਉਚ-ਵਰਗੀ ਸਮਾਜਿਕ ਸ਼੍ਰੇਣੀਆਂ ਦੇ ਧਕੇਲੇ ਤੇ ਜੀਵਨ ਦੀਆਂ ਤੰਗੀਆਂ-ਤੁਰਸ਼ੀਆਂ ਤੋਂ ਬੇਵਸ ਸ਼ਰਧਾਲੂ ਅਖੌਤੀ ਸਾਧਾਂ ਦੇ ਸ਼ੋਸ਼ਣ ਦਾ ਸ਼ਿਕਾਰ ਬਣ ਜਾਂਦੇ ਹਨ। ਜੇ ਸਰਕਾਰ ਸੰਵਿਧਾਨ ਦੇ ਨਿਰਦੇਸ਼ਕ ਸਿਧਾਂਤਾਂ ਨੂੰ ਭਲੀਭਾਂਤ ਲਾਗੂ ਕਰ ਕੇ ਲੋਕਾਂ ਦਾ ਜੀਵਨ-ਪੱਧਰ ਉਚਾ ਚੁੱਕਣ ਦਾ ਉਪਰਾਲਾ ਕਰਦੀ ਤਾਂ ਅਜਿਹੀ ਨੌਬਤ ਨਾ ਆਉਂਦੀ। ਹੁਣ ਵੀ ਵਕਤ ਹੈ ਕਿ ਕੇਂਦਰੀ ਸਰਕਾਰ ਤੇ ਰਾਜ ਸਰਕਾਰਾਂ ਆਪਣੇ ਆਪਣੇ ਵਾਹ-ਵਸੀਲੇ ਲਾ ਕੇ ਤੇ ਪਾਰਟੀਬਾਜ਼ੀ ਤੋਂ ਉਪਰ ਉਠ ਕੇ ਸਭ ਲਈ ਬਰਾਬਰ, ਮੁਫਤ ਤੇ ਲਾਜ਼ਮੀ ਸਿੱਖਿਆ ਦਾ ਪ੍ਰਬੰਧ ਕਰਨ। ਸਭ ਨੂੰ ਮਾਣ ਭਰਿਆ ਜੀਵਨ ਦੇਣ ਲਈ ਸਰਕਾਰਾਂ ਨਾਗਰਿਕਾਂ ਦੇ ਬੁਨਿਆਦੀ ਹੱਕਾਂ ਦੀ ਰਾਖੀ ਦਾ ਮਾਹੌਲ ਸਿਰਜਣ। ਜਨ-ਸੰਖਿਆ ਸੀਮਿਤ ਕਰਨ ਲਈ ਜ਼ਰੂਰੀ ਤੇ ਠੋਸ ਕਦਮ ਚੁੱਕਣ। ਔਰਤਾਂ ਦੀ ਮਰਦਾਂ ਨਾਲ ਸਮਾਨਤਾ ਯਕੀਨੀ ਬਣਾਉਣ ਤੇ ਉਨ੍ਹਾਂ ਪ੍ਰਤੀ ਜੁਲਮ-ਵਧੀਕੀਆਂ ਨੂੰ ਰੋਕਣ ਦੇ ਭਰਪੂਰ ਯਤਨ ਕਰਨ।

ਇਨ੍ਹਾਂ ਸਭ ਗੱਲਾਂ ਤੋਂ ਵੀ ਪਹਿਲਾਂ, ਸਰਕਾਰਾਂ ਪ੍ਰਸਾਰ ਦੇ ਸਭ ਮਾਧਿਅਮਾਂ ਰਾਹੀਂ ਅੰਧ-ਵਿਸ਼ਵਾਸ ਤੇ ਦਕੀਆਨੂਸੀ ਸੋਚ ਨੂੰ ਦਰ-ਕਿਨਾਰੇ ਕਰ ਕੇ ਵਿਗਿਆਨਕ ਸੋਚ ਫੈਲਾਉਣ ਦਾ ਸੰਵਿਧਾਨਕ ਫਰਜ਼ ਵੀ ਪੂਰਾ ਕਰਨ। ਜੇ ਇੰਨਾ ਵੀ ਨਾ ਕਰ ਸਕਣ ਤਾਂ ਘੱਟੋ ਘੱਟ ਗੁਰੂ ਨਾਨਕ ਦੇਵ ਦੇ ਜਪੁਜੀ ਸਾਹਿਬ ਦੇ ਵਿਗਿਆਨਕ (ਭਾਵ ਵਿਗਿਆਨਕ) ਅਨੁਵਾਦ ਵਾਲਾ ਕੋਈ ਟੀਕਾ ਸਭ ਸਿੱਖਿਆ ਸੰਸਥਾਵਾਂ ਵਿਚ ਪੜ੍ਹਾਇਆ ਜਾਣਾ ਲਾਜ਼ਮੀ ਕਰ ਦੇਣ ਤਾਂ ਜੋ ਇਸ ਦੇ ਚਾਨਣ ਨਾਲ ਆਉਣ ਵਾਲੀਆਂ ਪੀੜ੍ਹੀਆਂ ਵਿਚ ਅੰਧਵਿਸ਼ਵਾਸ ਫੈਲਣੋਂ ਰੁਕ ਜਾਵੇ।

## ਸੌਦਾ ਸਾਧ

ਸਿਰਸੇ ਵਾਲੇ ਨੂੰ ਪਿਆ ਪੰਗਾ
ਵਿਚ ਜਹਾਨ ਦੇ ਹੋ ਗਿਆ ਨੰਗਾ
ਨਾਮ ਘਰ ਸਭ ਬੰਦ ਹੋ ਗਏ
ਸੌਦਾ ਸਾਧ ਮਲੰਗ ਹੋ ਗਏ।

ਜੇਲ੍ਹ ਵਿਚ ਬਾਬੇ ਦਾ ਡੇਰਾ
ਜਿੱਥੇ ਨਾ ਭਗਤਾਂ ਦਾ ਫੇਰਾ
ਹਨੀ ਬਿਨਾ ਕਿੱਦਾਂ ਵਕਤ ਗੁਜ਼ਾਰੇ
ਰੋ ਰੋ ਕੰਧੀਂ ਟੱਕਰਾਂ ਮਾਰੇ।

ਕਲਗੀਧਰ ਦੀ ਨਕਲ ਸੀ ਕਰਦਾ
ਚੱਪਣੀ ਨੱਕ ਡੋਬ ਨਹੀਂ ਮਰਦਾ
ਖੰਭਾਂ ਵਾਲੇ ਚੌਹਰੇ ਚਿਹਰੇ
ਦੁਰ ਫਿੱਟੇਮੂੰਹ ਲਾਹਨਤ ਤੇਰੇ।

ਸਾਧ ਕਾਹਦਾ, ਬਾਬਾ ਸਾਨ੍ਹ ਹੋ ਗਿਆ
ਗੋਪੀਆਂ ਦੇ ਵਿਚ ਕਾਨ੍ਹ ਹੋ ਗਿਆ
ਹੁਣ ਨਾ ਹਨੀ ਸੁਪਨੇ ਵਿਚ ਆਉਂਦੀ
ਨਾ ਕੋਈ ਭਗਤਣੀ ਪੈਰ ਦਬਾਉਂਦੀ।

ਐਨਾ ਗਿਰ ਗਿਆ ਨੀਚ ਨਿਕੰਮੇ
ਕਰੇ ਕੁਕਰਮ ਤੂੰ ਲੰਮੇ ਲੰਮੇ
ਰੱਬ ਦੀ ਰਮਜ਼ ਨਾ ਮੂਲ ਪਛਾਣੇ
ਧੀਆਂ ਤੁੱਲ ਤੂੰ ਰਖੇਲਾਂ ਜਾਣੇ।

ਸੌਦਾ ਸਾਧ ਪੇਸ਼ੀ 'ਤੇ ਆਇਆ
ਚੇਲੇ-ਚੇਲੀਆਂ ਨਾਲ ਲਿਆਇਆ
ਚੇਲੀਆਂ ਭੌਂਕਣ ਬਹੁਤ ਨਿਕੰਮੀਆਂ
ਬਾਬੇ ਦੇ ਚਰਨੀਂ ਪੈ ਗਈਆਂ ਲੰਮੀਆਂ।

ਸੌਦਾ ਸਾਧ ਸੂਪਰ-ਡੂਪਰ ਹੋ ਗਿਆ
ਬਲਾਤਕਾਰੀ ਰੱਬ ਤੋਂ ਉਪਰ ਹੋ ਗਿਆ
ਭੁੱਲ ਬੈਠਾ ਸੀ ਰੱਬ ਦਾ ਭਾਣਾ
ਪੈ ਗਿਆ ਵਿਚ ਜੇਲ੍ਹ ਦੇ ਜਾਣਾ।

ਬਾਬਾ ਕਹੇ ਮੇਰੀ ਕਿਸਮਤ ਸੜ ਗਈ
ਨੀ ਹਨੀਏ! ਤੂੰ ਕਿੱਥੇ ਮਰ ਗਈ!
ਜੇ ਫੋਨ ਨਹੀਂ, ਕਾਲ ਮਿਸ ਹੀ ਕਰ ਦੇਹ
ਜਾਂ ਫਿਰ ਫਲਾਇੰਗ ਕਿਸ ਹੀ ਕਰ ਦੇਹ।

ਹੱਥ ਕਾਨੂੰਨ ਦੇ ਹੁੰਦੇ ਹਨ ਲੰਬੇ
ਬਾਬਾ ਜੀ ਫਸ ਗਏ ਵਿਚ ਸ਼ਿਕੰਜੇ
ਸ਼ੀਸ਼ ਮਹੱਲ ਬਾਬੇ ਦਾ ਢੱਠਾ
ਸੌਦੇ ਸਾਧ ਦਾ ਬਹਿ ਗਿਆ ਭੱਠਾ।

ਜਗਦੀਪ ਜੱਜ ਨੇ ਹੁਕਮ ਸੁਣਾਇਆ
'ਮੋਹਣ ਖਹਿਰੇ' ਲਿਖ ਗੀਤ ਸੁਣਾਇਆ
ਹਵਾਲਾਤ ਹੋਏ ਪੱਕੇ ਟਿਕਾਣੇ
ਹੁਣ ਮੰਨੂੰ ਬਾਬਾ ਰੱਬ ਦੇ ਭਾਣੇ।

*-ਮਨਮੋਹਨ ਸਿੰਘ ਖਹਿਰਾ*
*ਮਨਟੀਕਾ, ਕੈਲੀਫੋਰਨੀਆ।*
*ਫੋਨ: 209-610-4345*

# ਕਿੱਸਾ ਅਜਮੇਰ ਔਲਖ ਦੀ 'ਆਸ਼ਕੀ' ਦਾ

*ਨਾਟਕਕਾਰ ਅਜਮੇਰ ਸਿੰਘ ਔਲਖ ਨੇ ਪੰਜਾਬੀ ਸਾਹਿਤ ਜਗਤ ਅਤੇ ਰੰਗਮੰਚ ਨੂੰ ਖੂਬ ਮਾਲਾਮਾਲ ਕੀਤਾ ਹੈ। ਪੰਜਾਬੀ ਕਿੱਸੇ ਪੜ੍ਹਨ-ਗੁੜ੍ਹਨ ਤੋਂ ਸ਼ੁਰੂ ਕਰ ਕੇ ਖੁਦ ਪੰਜਾਬੀ ਸਾਹਿਤ ਦਾ ਇਕ ਕਿੱਸਾ ਬਣ ਜਾਣ ਵਾਲੇ ਇਸ ਲਿਖਾਰੀ ਬਾਰੇ ਪ੍ਰਿੰਸੀਪਲ ਸਰਵਣ ਸਿੰਘ ਨੇ ਇਹ ਲਿਖਤ ਜੋੜੀ ਹੈ। ਇਸ ਵਿਚ ਅਜਮੇਰ ਸਿੰਘ ਔਲਖ ਦੇ ਉਡਾਰੂ ਦਿਨਾਂ ਦੀਆਂ ਗੱਲਾਂ-ਬਾਤਾਂ ਹਨ ਜਿਸ ਵਿਚ ਇਸ਼ਕ ਅਤੇ ਆਸ਼ਕੀ ਬਾਰੇ ਨਿੱਠ ਕੇ ਗੱਲਾਂ ਛੇੜੀਆਂ ਗਈਆਂ ਹਨ। -ਸੰਪਾਦਕ*

ਨਾਟਕਕਾਰ ਅਜਮੇਰ ਸਿੰਘ ਔਲਖ ਨਿੱਕਾ ਹੁੰਦਾ ਹੀ ਗੀਤ ਲਿਖਣ ਲੱਗ ਪਿਆ ਸੀ ਤੇ ਆਪਣੇ ਬਚਪਨ ਦੇ ਦੋਸਤ ਸੁਖਦੇਵ ਨਾਲ ਕਾਨਫਰੰਸਾਂ 'ਤੇ ਗਾ ਵੀ ਲੈਂਦਾ ਸੀ। ਇਹ ਗੀਤ ਉਹ ਆਮ ਗਾਉਂਦੇ:

ਇਹ ਤਾਂ ਦੂਹਰੀਆਂ ਪੁਸ਼ਾਕਾਂ ਪਾਉਂਦੇ
ਤੈਨੂੰ ਫਿੱਡੇ ਛਿੱਤਰ ਨਾ ਥਿਆਉਂਦੇ
ਹੁਣ ਹੋ ਹੁਸ਼ਿਆਰ, ਕਰ ਜੱਟਾ ਮਾਰੋ-ਮਾਰ
ਜਾ ਕੇ ਵੈਰੀ ਦੇ ਬੂਹੇ 'ਤੇ ਅੜ ਜਾ।
ਵੈਰੀ ਦੇ ਟਾਕਰੇ ਨੂੰ ਤਿਆਰ ਹੋ ਕੇ ਤੂੰ ਖੜ੍ਹ ਜਾ।

ਵੱਡਾ ਹੋ ਕੇ ਉਹ ਨਾਟਕ ਲਿਖ ਲੱਗ ਪਿਆ ਅਤੇ ਵਿਦਿਆਰਥੀਆਂ ਤੇ ਘਰ ਦੇ ਜੀਆਂ ਨੂੰ ਨਾਲ ਲਾ ਕੇ ਖੇਡਣ ਵੀ ਲੱਗ ਪਿਆ। ਰਿਹਰਸਲ ਦੇ ਅੱਗੋਂ-ਪਿੱਛੋਂ ਕਦੇ-ਕਦੇ ਉਹ ਹਾਸੇ-ਠੱਠੇ ਦੀਆਂ ਗੱਲਾਂ ਕਰ ਕੇ ਅਦਾਕਾਰਾਂ ਦਾ ਅਕੇਵਾਂ ਦੂਰ ਕਰਦਾ ਤੇ ਕਦੇ ਸਿਰੇ ਦੀਆਂ ਉਰਲੀਆਂ-ਪਰਲੀਆਂ ਸੁਣਾ ਕੇ ਸੁਣਨ ਵਾਲਿਆਂ ਦੀਆਂ ਵਾਛਾਂ ਖਿੜਾ ਦਿੰਦਾ। ਹਾਸਾ-ਠੱਠਾ ਉਹਦੇ ਸੁਭਾਅ ਦਾ ਅੰਗ ਸੀ। ਅਮਲੀਆਂ ਤੇ ਛੜਿਆਂ ਦੀਆਂ ਹਸਾਉਣੀਆਂ ਗੱਲਾਂ



ਪ੍ਰਿੰ. ਸਰਵਣ ਸਿੰਘ
ਫੋਨ: 905-799-1661

ਉਹ ਆਪਣੇ ਨਾਟਕਾਂ ਵਿਚ ਵੀ ਪਾ ਦਿੰਦਾ ਜਿਨ੍ਹਾਂ ਨੂੰ ਸੁਣ ਕੇ ਪੇਂਡੂ ਦਰਸ਼ਕ ਲੋਟ-ਪੋਟ ਹੁੰਦੇ।

ਉਸ ਨੇ ਆਪਣੀਆਂ ਜੀਵਨ ਯਾਦਾਂ ਦੀ ਪੁਸਤਕ 'ਭੁੰਨੀ ਹੋਈ ਛੱਲੀ' ਦੇ ਇਕ ਕਾਂਡ ਦਾ ਨਾਂ 'ਦਰਸ਼ਨ ਦੇਖ ਜੀਵਾਂ 'ਦਰਸ਼ਨ' ਤੇਰਾ...!' ਰੱਖਿਐ। ਉਸ ਵਿਚੋਂ ਉਹਦੇ 'ਆਸ਼ਕ' ਹੋਣ ਦੇ ਭੁਲੇਖੇ ਪੈਂਦੇ ਹਨ ਜੋ ਉਸ ਨੂੰ 'ਪਾਗਲ' ਬਣਾ ਗਏ ਸਨ। ਪੇਸ਼ ਹੈ ਉਹਦੀ 'ਆਸ਼ਕੀ' ਦਾ ਕਿੱਸਾ:

ਨਿੱਕਾ ਹੁੰਦਾ ਉਹ ਨਿੱਕੇ ਨਾਂ ਵਾਲਾ 'ਜਮੇਰ' ਸੀ, ਸਕੂਲ ਦਾਖਲ ਹੋਣ ਵੇਲੇ 'ਅਜਮੇਰ ਸਿੰਘ' ਹੋ ਗਿਆ ਤੇ ਜਦੋਂ ਕਵਿਤਾ ਲਿਖਣ ਲੱਗਾ ਤਾਂ ਨਾਂ ਨਾਲ ਭਾਂਤ-ਸੁਭਾਂਤੇ ਤਖੱਲਸ ਲਾਉਣ ਲੱਗ ਪਿਆ। ਇਕ ਰਾਤ ਦੋਸਤਾਂ ਕੋਲ ਆਪਣੀ 'ਆਸ਼ਕੀ' ਦਾ ਗੱਪ ਮਾਰਨ ਕਰ ਕੇ ਆਸ਼ਕ ਬਣ ਗਿਆ ਅਤੇ ਨਾਂ ਰੱਖ ਲਿਆ ਅਜਮੇਰ ਸਿੰਘ 'ਪਾਗਲ'!

'ਪਾਗਲ' ਦੇ ਤਖੱਲਸ ਤਕ ਪਹੁੰਚਣ ਲਈ ਉਸ ਨੇ 'ਦਰਦੀ', 'ਦੁਖੀਆ' ਤੇ 'ਕੌਮੀ' ਤਖੱਲਸ ਵਾਰੋ-ਵਾਰੀ ਆਪਣੇ ਨਾਂ ਨਾਲ ਲਾਏ, ਲਿਖੇ ਤੇ ਲਾਹੇ। ਫੇਰ ਵੀ ਉਹਦੀ ਤਸੱਲੀ ਨਾ ਹੋਈ। ਸੋਚਣ ਲੱਗਾ, ਹੁਣ ਕਿਹੜਾ ਤਖੱਲਸ ਲਾਵਾਂ? ਆਖਰ ਤਿੰਨਾਂ ਤਖੱਲਸਾਂ ਦੇ ਉਤੋਂ ਦੀ ਪੈ ਗਿਆ 'ਖਿਆਲੀ।' ਅਜਮੇਰ ਸਿੰਘ 'ਖਿਆਲੀ!' ਲੱਗਾ ਕਿ ਇਹ ਤਖੱਲਸ ਨਿਭੇਗਾ। ਨਿਭਾਅ ਹੋਣ ਹੀ ਲੱਗਾ ਸੀ ਕਿ ਇਕ ਸੀਨੀਅਰ ਵਿਦਿਆਰਥੀ ਉਹਦੇ ਮਗਰ ਪੈ ਗਿਆ, ਬਈ ਜਮੇਰ! ਮੈਥੋਂ ਜੋ ਮਰਜ਼ੀ ਲੈ-ਲਾ, ਪਰ 'ਖਿਆਲੀ' ਮੈਨੂੰ ਦੇ-ਦੇ। ਅਜਮੇਰ ਕੋਲ ਕਿਹੜਾ ਘਾਟਾ ਸੀ ਤਖੱਲਸਾਂ ਦਾ? ਜਿਥੇ ਤਿੰਨ ਛੱਡੇ, ਉਥੇ ਚੌਥਾ ਵੀ ਸਹੀ। ਉਸ ਨੇ ਖੁੱਲ੍ਹ-ਦਿਲੀ ਨਾਲ 'ਖਿਆਲੀ' ਦਾ ਤਖੱਲਸ ਆਪਣੇ ਸੀਨੀਅਰ ਜਮਾਤੀ ਨੂੰ ਸੌਂਪ ਕੇ ਆਪ 'ਪਾਗਲ' ਦਾ ਤਖੱਲਸ ਰੱਖ ਲਿਆ। ਅਜਮੇਰ ਸਿੰਘ 'ਪਾਗਲ' ਉਦੋਂ ਤਕ ਉਹ ਇਸ਼ਕ ਦੇ ਰਾਹ ਜੁ ਪੈ ਗਿਆ ਸੀ।

ਪਾਗਲਪਣ ਦੀ ਹੱਦ ਵੇਖੋ ਕਿ ਉਹਦੇ ਬੀ. ਏ. ਤਕ ਦੇ ਸਰਟੀਫਿਕੇਟਾਂ ਉਤੇ ਉਹਦਾ ਨਾਂ ਅਜੇ ਵੀ 'ਅਜਮੇਰ ਸਿੰਘ ਪਾਗਲ' ਹੀ ਦਰਜ ਹੈ। 'ਪਾਗਲ' ਜਾਂ 'ਪਾਗਲ ਸਾਹਿਬ' ਤੋਂ 'ਔਲਖ' ਜਾਂ 'ਔਲਖ ਸਾਹਿਬ' ਤਾਂ ਉਸ ਨੂੰ ਉਦੋਂ ਕਿਹਾ ਜਾਣ ਲੱਗਾ, ਜਦੋਂ ਉਹ ਨਹਿਰੂ ਮੈਮੋਰੀਅਲ ਕਾਲਜ, ਮਾਨਸਾ ਦੀਆਂ ਸਭਿਆਚਾਰਕ ਸਰਗਰਮੀਆਂ ਦਾ ਇੰਚਾਰਜ ਬਣਿਆ ਅਤੇ ਵਿਦਿਆਰਥੀਆਂ ਨੂੰ ਨਾਟਕ ਖਿਡਾਉਣ ਲੱਗਾ।

ਤਖੱਲਸ 'ਪਾਗਲ' ਉਹਦੀ ਨਿਆਣ-ਮੱਤ ਦੀ ਮੁਹੱਬਤ ਦਾ ਫਲ ਸੀ। ਇਹ ਉਹਦੇ ਆਪਣੇ ਦੱਸਣ ਦੀ ਗੱਲ ਹੈ। ਅਖੇ, 1953 ਵਿਚ ਬਾਹਰਲੇ ਪਿੰਡਾਂ ਦੇ ਚਾਰ-ਪੰਜ ਪਰਿਵਾਰ ਉਨ੍ਹਾਂ ਦੇ ਪਿੰਡ ਕਿਸ਼ਨਗੜ੍ਹ ਫਰਵਾਹੀ ਖੇਤੀ-ਪੱਤੀ ਕਰਨ ਆ ਵਸੇ। ਉਨ੍ਹਾਂ ਨੇ ਜਗੀਰਦਾਰ ਦੀ ਜ਼ਮੀਨ ਪੰਜ ਸਾਲਾਂ ਲਈ ਠੇਕੇ 'ਤੇ ਲਈ ਸੀ। ਉਨ੍ਹਾਂ 'ਚੋਂ ਬਾਕੀ ਪਰਿਵਾਰ ਤਾਂ ਮਾਲਵੇ ਦੇ ਹੀ ਸਨ, ਪਰ ਇਕ ਪਰਿਵਾਰ ਮਾਝੇ ਦਾ ਸੀ। ਲੀੜੇ-ਕੱਪੜੇ ਵੱਲੋਂ ਇਸ ਪਰਿਵਾਰ ਦੀ ਬਾਹਰੀ ਦਿੱਖ ਮਲਵਈਆਂ ਨਾਲੋਂ ਸ਼ੁਕੀਨ ਸੀ। ਮਲਵਈ ਬੰਦੇ-ਬੁੜ੍ਹੀਆਂ ਤਾਂ ਬੌਂਦਲੇ ਜਿਹੇ ਦਿਸਦੇ ਜਦ ਕਿ ਮਝੈਲ ਟਹਿਕਦੇ ਲੱਗਦੇ। ਕਿਸ਼ਨਗੜ੍ਹੀਆਂ ਲਈ ਇਹ ਇੰਜ ਹੀ ਸੀ ਜਿਵੇਂ ਪੇਂਡੂਆਂ ਲਈ ਸ਼ਹਿਰੀਏ ਹੁੰਦੇ ਹਨ। ਭਾਊ ਚਿੱਟੇ-ਦੁੱਧ ਪਹਿਰਾਵਿਆਂ ਨਾਲ ਚੰਗੇ ਜਚਦੇ ਤੇ ਉਨ੍ਹਾਂ ਦੀਆਂ ਜਨਾਨੀਆਂ ਨੂੰ ਵੀ ਕਪੜਾ-ਲੱਤਾ ਪਾਉਣ ਦਾ ਵਾਹਵਾ ਵੱਲ ਸੀ।

ਅੰਬਰਸਰੀਏ ਭਾਊਆਂ ਦੇ ਪਰਿਵਾਰ ਵਿਚ ਚੜ੍ਹਦੀ ਵਰੇਸ ਦੀਆਂ ਦੋ ਕੁੜੀਆਂ ਸਨ। ਵੱਡੀ ਦਾ ਨਾਂ ਦਰਸ਼ਨ ਸੀ ਜਿਸ ਨੂੰ ਦਰਸ਼ੋ ਕਹਿੰਦੇ। ਅਜਮੇਰ ਉਦੋਂ ਬਾਰਾਂ-ਤੇਰਾਂ ਸਾਲਾਂ ਦਾ ਸੀ ਤੇ ਦਰਸ਼ਨ ਹੋਵੇਗੀ ਤੇਰਾਂ ਚੌਦਾਂ ਸਾਲਾਂ ਦੀ। ਪਹਿਨਣ-ਪਚਰਣ ਤੋਂ ਉਹ ਕੁੜੀਆਂ ਪੇਂਡੂ ਘੱਟ ਤੇ ਸ਼ਹਿਰਨਾਂ ਵੱਧ ਲੱਗਦੀਆਂ। ਬੋਲਣ-ਚੱਲਣ ਲੱਗੀਆਂ ਵੀ ਉਹ ਵੱਡਿਆਂ ਨੂੰ ਸਤਿਕਾਰ ਨਾਲ 'ਜੀ' ਕਹਿੰਦੀਆਂ। ਅਜਮੇਰ ਨੇ ਲਿਖਿਐ, "ਸਾਡੇ ਪਿੰਡ ਦੀਆਂ ਕੁੜੀਆਂ ਤਾਂ ਕੀ, ਮੇਰੇ ਸਮੇਤ ਮੁੰਡਿਆਂ ਨੂੰ ਵੀ ਪਿੰਡ ਦੇ ਵੱਡਿਆਂ ਨੂੰ 'ਜੀ' ਕਹਿੰਦਿਆਂ ਸੰਗ ਲਗਦੀ ਸੀ। ਸਕੂਲ ਵਿਚ ਤਾਂ ਆਪਣੇ ਮਾਸਟਰਾਂ ਨੂੰ 'ਮਾਸਟਰ ਜੀ, ਮਾਸਟਰ ਜੀ' ਜ਼ਰੂਰ ਕਹਿੰਦੇ ਰਹਿੰਦੇ, ਪਰ ਘਰ ਆ ਕੇ ਉਹੀ 'ਨੀ ਬੇਬੇ, ਉਇ ਬਾਪੂ' ਵਾਲਾ ਵਰਤਾਰਾ ਚਲਦਾ। ਮੈਨੂੰ ਲੱਗਦੈ, ਸਾਡੇ ਪਿੰਡ ਵਿਚ ਜੇ ਕਿਸੇ ਕਿਰਤੀ ਕਿਸਾਨ ਦੀ ਧੀ ਨੇ ਸਭ ਤੋਂ ਪਹਿਲਾਂ 'ਜੀ' ਸ਼ਬਦ ਦੀ ਵਰਤੋਂ ਕੀਤੀ ਹੋਣੀ ਹੈ ਤਾਂ ਉਹ ਇਨ੍ਹਾਂ ਅੰਬਰਸਰੀ ਭੈਣਾਂ ਨੇ ਹੀ ਕੀਤੀ ਹੋਣੀ ਹੈ। ਉਨ੍ਹਾਂ ਦੇ ਸੁਹਜਮਈ ਵਰਤਾਰੇ ਦਾ ਹੋਰਾਂ ਉਤੇ ਤਾਂ ਪਤਾ ਨਹੀਂ ਕਿਹੋ ਜਿਹਾ ਅਸਰ ਪੈਂਦਾ ਰਿਹਾ, ਪਰ ਮੇਰੇ 'ਤੇ ਸੱਚਮੁੱਚ ਹੀ ਇਹ ਜਾਦੂ-ਅਸਰ ਕਰਨ ਵਾਲਾ ਸੀ। ਮੈਨੂੰ ਤਾਂ ਉਹ ਸਾਡੇ ਪਿੰਡ ਅਰਸ਼ੋਂ ਉਤਰੀਆਂ ਪਰੀਆਂ ਹੀ ਲਗਦੀਆਂ। ਖਾਸ ਤੌਰ 'ਤੇ ਦਰਸ਼ਨ ਤਾਂ ਬਹੁਤ ਹੀ ਚੰਗੀ ਲੱਗਣ ਲਗ ਪਈ। ਜਿਉਂ ਜਿਉਂ ਦਿਨ, ਮਹੀਨੇ ਕਰ ਕੇ ਤਿੰਨ-ਚਾਰ ਸਾਲ ਲੰਘ ਗਏ, ਇਸ ਵਰਤਾਰੇ ਦਾ ਰੰਗ ਮੇਰੇ ਉਤੇ ਹੋਰ ਵੀ ਗੂੜ੍ਹਾ ਹੁੰਦਾ ਗਿਆ। ਉਦੋਂ (1956-57) ਤਕ ਮੇਰੀ ਉਮਰ 14-15 ਸਾਲ ਦੀ ਹੋ ਚੁਕੀ ਸੀ ਤੇ ਦਰਸ਼ਨ ਦੀ 16-17 ਸਾਲ ਦੀ।"

ਅਜਮੇਰ ਨੇ ਤਾਂ ਆਪਣੀ ਤੇ ਦਰਸ਼ਨ ਦੀ 'ਪ੍ਰੇਮ ਕਹਾਣੀ' ਲੰਮੀ ਕਰ ਕੇ ਲਿਖੀ ਹੈ, ਆਪਾਂ ਸੰਖੇਪ ਕਰ ਲੈਨੇ ਆਂ। ਆਖਰ ਉਹਦੇ ਤਖੱਲਸ 'ਪਾਗਲ' ਤਕ ਵੀ ਤਾਂ ਪਹੁੰਚਣਾ ਹੈ। ਭਾਊ ਪਰਿਵਾਰ, ਬਾਹਰੋਂ ਆਏ ਪਰਿਵਾਰਾਂ ਨਾਲ ਸਰਦਾਰਾਂ ਦੀ ਖਾਲੀ ਪਈ ਹਵੇਲੀ ਵਿਚ ਰਹਿੰਦਾ ਸੀ, ਜਿਥੋਂ ਅਜਮੇਰ ਹੋਰਾਂ ਦਾ ਘਰ ਥੋੜ੍ਹੀ ਵਿੱਥ ਉਤੇ ਸੀ। ਅੱਧ-ਵਿਚਾਲੇ ਨਾਈ ਬੁੱਧ ਰਾਮ ਦਾ ਘਰ ਸੀ ਜੋ ਬੇਔਲਾਦ ਸੀ। ਉਹਦੀ ਘਰ ਵਾਲੀ ਭਾਨੋ ਅਜਮੇਰ ਦੇ ਨਾਨਕੇ ਪਿੰਡ ਰਾਜੀਆਂ ਦੀ ਧੀ ਸੀ ਜਿਸ ਕਰ ਕੇ ਉਹ ਉਸ ਨੂੰ ਮਾਸੀ ਕਹਿੰਦਾ ਤੇ ਬੁੱਧ ਰਾਮ ਨੂੰ ਮਾਸੜ। ਉਹ ਸਕੂਲੋਂ ਮਿਲਿਆ ਹੋਮ ਵਰਕ ਲੈ ਕੇ ਮਾਸੜ ਦੇ ਘਰ ਚਲਾ ਜਾਂਦਾ। ਉਧਰੋਂ ਦਰਸ਼ੋ ਘਰ ਦਾ ਕੰਮ-ਕਾਰ ਮੁਕਾ ਕੇ ਮਾਸੀ ਭਾਨੋ ਕੋਲ ਆ ਬਹਿੰਦੀ। ਚੌਂਕੇ ਦੀ ਭਲਾਨੀ ਉਹਲੇ ਬੈਠੀਆਂ ਦੋਹੇਂ ਜਣੀਆਂ ਆਪਸ ਵਿਚ ਗੱਲਾਂ ਕਰੀ ਜਾਂਦੀਆਂ ਜੋ ਅਜਮੇਰ ਤੇ ਉਹਦੇ ਮਾਸੜ ਨੂੰ ਘੱਟ-ਵਧ ਹੀ ਸੁਣਦੀਆਂ।

ਬੁੱਧ ਰਾਮ ਕਪੜੇ ਸਿਉਣ ਦਾ ਕੰਮ ਕਰੀ ਜਾਂਦਾ ਤੇ ਮੂੰਹ-ਦਾੜ੍ਹੀਆਂ ਮੁੰਨਣ ਦਾ ਪਿਤਾ-ਪੁਰਖੀ ਧੰਦਾ ਵੀ। ਉਹ ਨਿੱਕੀਆਂ-ਨਿੱਕੀਆਂ ਕਿਤਾਬੜੀਆਂ ਵੀ ਰੱਖਦਾ ਜਿਨ੍ਹਾਂ ਨੂੰ ਕਿੱਸੇ ਕਿਹਾ ਜਾਂਦਾ। ਉਹ ਕਿੱਸੇ ਅਜਮੇਰ ਬੜੇ ਸ਼ੌਕ ਨਾਲ ਪੜ੍ਹਦਾ। ਬੁੱਧ ਰਾਮ ਕਪੜੇ ਸਿਉਂਦਾ ਰਹਿੰਦਾ, ਭਾਨੋ ਤੇ ਦਰਸ਼ੋ ਗੱਲੀਂ ਲੱਗੀਆਂ ਰਹਿੰਦੀਆਂ ਅਤੇ ਅਜਮੇਰ ਕਿੱਸਿਆਂ ਵਿਚੋਂ ਨੁਸਖੇ ਤੇ ਟੋਟਕੇ ਪੜ੍ਹ-ਪੜ੍ਹ ਸੁਣਾਉਂਦਾ ਰਹਿੰਦਾ। ਬੁੱਧ ਰਾਮ ਕੀ ਸਬਾਤ ਆਰ-ਪਾਰ ਦੇ ਬੂਹਿਆਂ ਵਾਲੀ ਸੀ ਜਿਸ ਕਰ ਕੇ ਗਰਮੀਆਂ 'ਚ ਹਵਾ-ਹਾਰੇ ਬਹਿਣ ਵਾਲੀ ਸੀ। ਭਾਨੋ ਕਈ ਵਾਰ ਸਬਾਤ ਵਾਲੇ ਮੰਜੇ 'ਤੇ ਆ ਪੈਂਦੀ ਤੇ ਦਰਸ਼ੋ ਕੋਲ ਬੈਠੀ ਚਾਦਰ ਕਢਦੀ ਰਹਿੰਦੀ। ਅਜਮੇਰ ਤੇ ਦਰਸ਼ੋ ਨੇ ਆਪਸ ਵਿਚ ਸ਼ਾਇਦ ਹੀ ਕਦੇ ਕੋਈ ਗੱਲ ਕੀਤੀ ਹੋਵੇ। ਗੱਲ ਤਾਂ ਤਦੇ ਹੋਵੇ ਜੇ ਕੋਈ 'ਗੱਲ' ਹੋਵੇ। ਉਹ ਇਕ ਦੂਜੇ ਵੱਲ ਵੇਖਦੇ ਵੀ ਘੱਟ ਕਿ ਕੋਈ ਵੇਖ ਨਾ ਲਵੇ, ਪਰ ਸੱਚੀ ਗੱਲ ਇਹ ਸੀ ਕਿ ਉਨ੍ਹਾਂ ਦਾ ਧਿਆਨ ਸਦਾ ਇਕ ਦੂਜੇ ਵੱਲ ਹੀ ਰਹਿੰਦਾ।


ਇਹ ਅਜਬ ਰੁਮਾਂਸ ਸੀ! ਹੋ ਸਕਦੈ, ਅਜਮੇਰ ਮਾਸੜ ਬੁੱਧ ਰਾਮ ਨੂੰ ਕਿੱਸਾ ਸੁਣਾਉਣ ਦੇ ਬਹਾਨੇ ਦਰਸ਼ਨ ਨੂੰ ਹੀ ਕਿੱਸਾ ਸੁਣਾਉਣ ਦਾ ਭਰਮ ਪਾਲਦਾ ਹੋਵੇ! ਤੇ ਦਰਸ਼ੋ ਵੀ ਚਾਦਰ ਉਤੇ ਵੇਲ-ਬੂਟੇ ਪਾਉਂਦੀ ਅਜਮੇਰ ਨੂੰ ਹੀ ਚਿਤਵਦੀ ਹੋਵੇ ਅਤੇ ਉਤੋਂ-ਉਤੋਂ ਹੀ ਭਾਨੋ ਦੀਆਂ ਗੱਲਾਂ ਦਾ ਹੁੰਗਾਰਾ ਭਰਦੀ ਹੋਵੇ! ਐਵੇਂ ਤਾਂ ਨਹੀਂ ਕਹਿੰਦੇ, ਦਿਲ ਦਰਿਆ ਸਮੁੰਦਰੋਂ ਡੂੰਘੇ ਕੌਣ ਦਿਲਾਂ ਦੀਆਂ ਜਾਣੇ!

ਉਂਜ ਸੱਚ ਨਹੀਂ ਆਉਂਦਾ ਕਿ ਅਜਮੇਰ ਵਰਗਾ ਸਾਊ ਪੁੱਤ ਤੇ ਦਰਸ਼ੋ ਵਰਗੀ ਸਾਊ ਧੀ ਇੰਜ ਸੋਚਦੇ ਹੋਣ। ਇਹ ਗੱਲ ਜ਼ਰੂਰ ਸੱਚ ਸੀ ਕਿ ਭਾਨੋ ਜਦੋਂ ਦਰਸ਼ੋ ਤੋਂ ਅੰਮ੍ਰਿਤਸਰ ਵੱਲ ਦੀਆਂ ਗੱਲਾਂ ਪੁਛਦੀ ਤਾਂ ਉਹ ਮਾਝੇ ਦੀਆਂ ਸਿਫਤਾਂ ਹੀ ਕਰਦੀ। ਭਾਨੋ ਅਕਸਰ ਆਖਦੀ, "ਸਿਆਣੇ ਐ ਭਾਈ ਥੋਡੇ ਕੰਨੀ ਦੇ ਲੋਕ ਤਾਂ। ਸਾਡੇ ਤਾਂ ਨਿਰੇ ਡੰਗਰ ਐ! ਨਾ ਖਾਣ ਦੀ ਸੁਹ, ਨਾ ਪਹਿਨਣ-ਪਚਰਣ ਦੀ।"

ਭਾਨੋ ਦੀ ਗੱਲ ਅਜਮੇਰ ਨੂੰ ਵੀ ਸੱਚੀ ਲੱਗਦੀ। ਅਜਿਹੀ ਗੱਲ ਸੁਣ ਕੇ ਦਰਸ਼ੋ ਬੁੱਲ੍ਹੀਆਂ 'ਚ ਮੁਸਕਰਾਉਂਦੀ ਤੇ ਵਿਚ ਦੀ ਕਦੇ ਅਜਮੇਰ ਤੇ ਕਦੇ ਬੁੱਧ ਰਾਮ ਵੱਲ ਝਾਤ ਮਾਰ ਲੈਂਦੀ।

ਮਾਸੀ-ਮਾਸੜ ਦੇ ਘਰ ਉਹ ਆਮ ਹੀ 'ਕੱਠੇ ਹੁੰਦੇ, ਉਨ੍ਹਾਂ ਦੀਆਂ ਗੱਲਾਂ ਵੀ ਇਕ ਦੂਜੇ ਦੇ ਕੰਨੀਂ ਪੈਂਦੀਆਂ, ਪਰ ਉਨ੍ਹਾਂ ਦੀ ਆਪਸ ਵਿਚ ਕਦੇ 'ਗੱਲ-ਬਾਤ' ਨਾ ਹੁੰਦੀ। ਦਰਸ਼ਨ ਬਹੁਤ ਧੀਮੀ ਆਵਾਜ਼ ਵਿਚ ਭਾਨੋ ਨਾਲ ਗੱਲਾਂ ਕਰਦੀ। ਉਹਦੇ ਮੁਕਾਬਲੇ ਅਜਮੇਰ ਆਪਣੇ ਮਾਸੜ ਨਾਲ ਗੱਲਾਂ ਕਰਦਾ ਦਰਸ਼ੋ ਦਾ ਧਿਆਨ ਖਿੱਚਣ ਲਈ ਕਈ ਵਾਰ ਬੇਥਵੀਆਂ ਮਾਰਨ ਲੱਗਦਾ। ਇਕ ਵਾਰ ਮਾਸੀ ਭਾਨੋ ਨੇ ਹਿਸਾਬ ਨਾਲ ਸਮਝਾਇਆ ਵੀ, "ਜਦ ਮੁਟਿਆਰ ਕੁੜੀਆਂ ਕੋਲੇ ਬੈਠੀਆਂ ਹੋਣ, ਉਦੋਂ ਬਹੁਤਾ ਕਮਲ ਨੀ ਮਾਰੀਦਾ ਕਮਲਿਆ ਪੁੱਤਾ!"

ਅਜਮੇਰ ਨੂੰ ਸਮਝ ਨਹੀਂ ਸੀ ਲਗਦੀ, ਬਈ ਇਸ ਵਿਚ ਕਮਲ ਮਾਰਨ ਵਾਲੀ ਕਿਹੜੀ ਗੱਲ ਸੀ? ਉਹ ਕਦੇ ਦਰਸ਼ਨ ਵੱਲ ਟੇਢਾ-ਮੇਢਾ ਨਹੀਂ ਸੀ ਝਾਕਦਾ, ਪਰ ਮਨੋਂ ਮੰਨਦਾ ਸੀ ਕਿ ਉਹ





ਅਜਮੇਰ ਸਿੰਘ ਔਲਖ ਨੂੰ ਆਪਣੀ ਕਿਤਾਬ ਭੇਟ ਕਰ ਰਹੇ ਪ੍ਰਿੰ. ਸਰਵਣ ਸਿੰਘ।

ਮਾਸੜ ਨਾਲ ਨਹੀਂ, ਦਰਸ਼ਨ ਨਾਲ ਹੀ ਗੱਲਾਂ ਕਰ ਰਿਹਾ ਹੁੰਦਾ ਸੀ। ਕੀ ਪਤਾ ਦਰਸ਼ੋ ਵੀ ਭਾਨੋ ਨਾਲ ਨਹੀਂ, ਅਜਮੇਰ ਨਾਲ ਹੀ ਗੱਲਾਂ ਕਰਦੀ ਹੋਵੇ!

ਅਜਮੇਰ ਲਿਖਦੈ, "ਮੇਰੇ ਨਾਲ ਗੱਲਾਂ ਕਰਨ ਦੀ ਗੱਲ ਤਾਂ ਕੋਹਾਂ ਦੂਰ, ਉਲਟਾ ਇਕ ਦਿਨ ਮਾਸੀ ਭਾਨੋ ਨੇ ਮੈਨੂੰ ਦੱਸਿਆ ਸੀ, ਦਰਸ਼ੋ ਇਕ ਦਿਨ ਕਹਿੰਦੀ ਸੀ, ਬਈ ਇਹ ਮੁੰਡਾ ਤਾਂ ਨਿਰਾ ਪਾਗਲ ਐ! ਉਈਂ ਪਾਗਲਾਂ ਵਾਂਗੂੰ ਬੋਲਦਾ ਰਹਿੰਦੈ। ਤਾਂਹੀਂ ਤਾਂ ਮੈਂ ਤੈਨੂੰ ਸਮਝਾਉਨੀ ਆਂ ਪੁੱਤਾ, ਬਈ ਮੁਟਿਆਰ ਕੁੜੀ ਕੋਲ ਐਵੇਂ ਨੀ ਚਪੜ-ਚਪੜ ਕਰੀਦਾ ਹੁੰਦਾ। ਚੰਗਾ ਅਸਰ ਨੀ ਪੈਂਦਾ ਬਗਾਨੀ ਧੀ 'ਤੇ।"

ਮਾਸੀ ਭਾਨੋ ਦੀ ਐਵੇਂ ਚਪੜ-ਚਪੜ ਕਰਨ ਦੀ ਗੱਲ ਮੰਨਣ ਦੀ ਥਾਂ ਅਜਮੇਰ ਸਿੰਘ 'ਖਿਆਲੀ' ਨੇ, ਜਿਸ ਵਿਦਿਆਰਥੀ ਨੂੰ ਖਿਆਲੀ ਪਿਆਰੀ ਸੀ, 'ਖਿਆਲੀ' ਦਾ ਤਖੱਲਸ ਉਹਨੂੰ ਦੇ ਦਿੱਤਾ ਤੇ ਆਪ ਦਰਸ਼ਨ ਦੇ ਮੂੰਹੋਂ ਸੁਣਿਆ ਨਿਰਾ 'ਪਾਗਲ' ਆਪਣੇ ਨਾਂ ਨਾਲ ਜੋੜ ਲਿਆ। ਇਉਂ ਕਵਿਤਾ ਵਿਚ ਹੀ ਨਹੀਂ, ਉਹਦੇ ਸਰਟੀਫਿਕੇਟਾਂ ਵਿਚ ਵੀ 'ਪਾਗਲ' ਅਜਮੇਰ ਸਿੰਘ ਦੇ ਨਾਂ ਚੜ੍ਹ ਗਿਆ।

ਦਸਵੀਂ ਦਾ ਇਮਤਿਹਾਨ ਦੇਣ ਲਈ ਫਾਰਮ ਭਰੇ ਗਏ। ਕਵੀ ਦੇ ਤੌਰ 'ਤੇ ਤਾਂ ਅਜਮੇਰ ਸਿੰਘ, 'ਪਾਗਲ' ਹੋ ਹੀ ਗਿਆ ਸੀ, ਫਾਰਮ ਭਰਨ ਲੱਗੇ ਨੇ ਵੀ ਆਪਣੇ ਨਾਂ ਨਾਲ ਆਪਣਾ ਗੋਤ ਔਲਖ ਲਿਖਣ ਦੀ ਥਾਂ ਪਾਗਲ ਲਿਖ ਦਿੱਤਾ। ਦਸਵੀਂ ਦੇ ਇਮਤਿਹਾਨ ਤੋਂ ਬਾਅਦ ਗਿਆਨੀ ਤੇ ਬੀ. ਏ. ਦੇ ਇਮਤਿਹਾਨੀ ਫਾਰਮਾਂ ਵਿਚ ਵੀ ਪਾਗਲ ਚਲਦਾ ਗਿਆ। ਐਮ.ਏ. ਦਾ ਫਾਰਮ ਭਰਨ ਵੇਲੇ ਅਜਮੇਰ ਪਤਾ ਨਹੀਂ ਕਿਵੇਂ ਸਿਆਣਾ ਹੋ ਗਿਆ? ਉਹ ਨਾਂ ਨਾਲ 'ਪਾਗਲ' ਲਿਖਣਾ ਭੁੱਲ ਗਿਆ ਤੇ ਆਪਣਾ ਗੋਤ ਔਲਖ ਲਿਖ ਬੈਠਾ। ਇਉਂ 'ਭੁਲ-ਭੁਲੇਖੇ' ਹੀ ਉਹਦਾ 'ਪਾਗਲ' ਹੋਣ ਤੋਂ ਖਹਿੜਾ ਛੁੱਟ ਗਿਆ!

---

ਕਿੱਸਾ ਅੱਗੇ ਸੁਣੋ। ਮਾਸੀ ਭਾਨੋ ਅਜਮੇਰ ਨੂੰ ਚਪੜ-ਚਪੜ ਗੱਲਾਂ ਕਰਨੋਂ ਇਸ ਲਈ ਰੋਕਦੀ ਸੀ ਕਿ ਉਹ ਅੰਦਰਖਾਤੇ ਬੁਣਤੀ ਬੁਣ ਰਹੀ ਸੀ, ਬਈ ਦਰਸ਼ੋ ਦਾ ਰਿਸ਼ਤਾ ਅਜਮੇਰ ਨੂੰ ਹੋ ਜਾਵੇ ਤਾਂ ਚੰਗਾ ਹੀ ਰਹੂ। ਇਸ ਬਾਰੇ ਸ਼ਾਇਦ ਉਸ ਨੇ ਅਜਮੇਰ ਦੀ ਮਾਂ ਨਾਲ ਵੀ ਗੱਲ ਕੀਤੀ ਹੋਵੇ, ਤੇ ਮਾਂ ਨੇ ਕਹਿ ਦਿੱਤਾ ਹੋਵੇ, 'ਨੀ ਭੈਣੇ ਕਿਥੇ! ਸਾਨੂੰ ਬੁਝਿਆਂ-ਟੁੱਟਿਆਂ ਨੂੰ ਨੀ ਦੇਣਾ ਭਾਊਆਂ ਨੇ ਆਵਦੀ ਧੀ ਦਾ ਰਿਸ਼ਤਾ।' ਜਾਂ ਸੋਚਿਆ ਹੋਵੇ, 'ਮਝੈਲਣਾਂ ਤਾਂ ਭੈਣੇ ਬਾਹਲੀਆਂ ਈ ਚਲਾਕ ਹੁੰਦੀਆਂ। ਪੱਟਿਆ ਜਾਊ ਮੇਰਾ ਸਾਊ ਪੁੱਤ!'

ਇਸ ਗੱਲ ਦਾ ਪਤਾ ਅਜਮੇਰ ਨੂੰ ਉਦੋਂ ਲੱਗਾ ਜਦੋਂ ਉਨ੍ਹਾਂ ਦਾ ਗੁਆਂਢੀ 'ਈਸ਼ਰ ਰੋਡਾ' ਉਹਦੇ ਲਈ ਰਿਸ਼ਤੇ ਦੀ ਤਜਵੀਜ਼ ਲਿਆਇਆ। ਕੁੜੀ ਮਾਪਿਆਂ ਦੀ 'ਕੱਲੀਕਾਰੀ ਧੀ ਸੀ ਜਿਸ ਨਾਲ ਦਸ-ਬਾਰਾਂ ਕਿੱਲੇ ਜ਼ਮੀਨ ਦੇ ਵੀ ਆਉਂਦੇ ਸਨ, ਪਰ ਕੁੜੀ ਦੀ ਉਮਰ ਅਜਮੇਰ ਤੋਂ ਛੇ-ਸੱਤ ਸਾਲ ਵੱਡੀ ਸੀ। ਘਰ ਦਿਆਂ ਨੂੰ ਉਮਰ-ਅਮਰ ਦਾ ਕੋਈ ਫਰਕ ਨਹੀਂ ਸੀ ਦਿਸਦਾ, ਦਸ-ਬਾਰਾਂ ਕਿੱਲੇ ਈ ਦਿਸਦੇ ਸਨ। ਅਜਮੇਰ ਰਿਸ਼ਤੇ ਦੀ ਹਾਮੀ ਨਹੀਂ ਸੀ ਭਰ ਰਿਹਾ। ਬੇਬੇ ਨੇ ਨਾਰਾਜ਼ ਹੁੰਦਿਆਂ ਕਿਹਾ, "ਹੋਰ ਤੂੰ ਭਾਊਆਂ ਦੀ ਦਰਸ਼ੋ ਲਿਆਵੇਂਗਾ ਵਿਆਹ ਕੇ? ਭਾਊਆਂ ਨੇ ਨੀ ਵਿਆਹੁਣੀ ਆਵਦੀ ਕੁੜੀ ਆਪਣੇ ਘਰ। ਕਿਤੇ ਹੋਰ ਈ ਭੁਲੇਖਿਆਂ 'ਚ ਤੁਰਿਆ ਫਿਰੇਂ! ਆਪਾਂ ਨੂੰ ਤਾਂ ਉਈਂ ਡੰਗਰ-ਪਸੂ ਸਮਝਦੇ ਨੇ ਓਧਰ ਦੇ ਲੋਕ। ਬਹੁਤ ਚਲਾਕ ਹੁੰਦੇ ਨੇ ਇਹ।"

ਪਰ 'ਪਾਗਲ' ਕਹਾਉਂਦੇ ਅਜਮੇਰ ਦਾ ਇਹ ਹਾਲ ਸੀ ਕਿ ਉਹਦੀ ਹਰ ਕਾਪੀ-ਕਿਤਾਬ ਦੇ ਕਿਸੇ ਨਾ ਕਿਸੇ ਕੋਨੇ ਦਰਸ਼ਨ ਦਾ ਨਾਂ ਚੜ੍ਹਦਾ ਗਿਆ, ਪਰ ਪਾਗਲਪਨ ਕਾਪੀਆਂ 'ਤੇ ਚੜ੍ਹ ਕੇ ਵੀ ਨਾ ਉਤਰਿਆ। ਅਜਮੇਰ ਦੇ ਘਰਦਿਆਂ ਨੇ ਘਰ ਦੇ ਮੂਹਰਲੇ ਪਾਸੇ ਬੈਠਕ ਛੱਤੀ ਹੋਈ ਸੀ। ਤਿੰਨ ਕੰਧਾਂ ਗਾਰੇ ਨਾਲ ਚਿਣੀਆਂ ਪੱਕੀਆਂ ਇੱਟਾਂ ਦੀਆਂ ਸਨ ਤੇ ਗੁਆਂਢੀ ਚਾਚੇ ਨਾਲ ਸਾਂਝੀ ਕੰਧ ਕੱਚੇ ਗੁੰਮਿਆਂ ਦੀ ਸੀ। ਅਜਮੇਰ ਦੀ ਮਾਂ ਨੇ ਉਸ ਕੰਧ ਨੂੰ ਲਿਪ-ਪੋਚ ਕੇ, ਉਸ ਉਤੇ ਪਾਂਡੂ ਮਿੱਟੀ ਦਾ ਪੋਚਾ ਮਾਰ ਕੇ, ਬਾਕੀ ਤਿੰਨੇ ਕੰਧਾਂ ਵਰਗੀ ਬਣਾਉਣ ਦੀ ਕੋਸ਼ਿਸ਼ ਕੀਤੀ ਸੀ। ਅਜਮੇਰ ਨੇ ਹੱਟੀ ਤੋਂ ਗੁਲਾਬੀ ਰੰਗ ਲਿਆਂਦਾ ਤੇ ਪਾਣੀ ਵਿਚ ਘੋਲ ਕੇ ਉਸ ਕੰਧ ਉਤੇ ਗੁਲਾਬੀ ਅੱਖਰਾਂ ਵਿਚ ਲਿਖ ਦਿੱਤਾ: ਦਰਸ਼ਨ ਦੇਖਿ ਜੀਵਾਂ 'ਦਰਸ਼ਨ' ਤੇਰਾ। ਅਜਮੇਰ ਹੋਰਾਂ ਦੇ ਘਰ ਜਾਂ ਰਿਸ਼ਤੇਦਾਰੀ ਵਿਚ ਤਾਂ ਕੋਈ ਇੱਲ ਦਾ ਨਾਂ ਕੋਕੋ ਵੀ ਨਹੀਂ ਸੀ ਜਾਣਦਾ। ਗੁਰਬਾਣੀ ਦੀ ਅਸਲੀ ਨਕਲੀ ਤੁਕ ਦਾ ਕਿਸੇ ਨੂੰ ਕੀ ਪਤਾ ਲੱਗਣਾ ਸੀ? ਤਦ ਤਕ ਹਾਕਮ ਸਿੰਘ ਸਮਾਓਂ ਉਹਦਾ ਮਿੱਤਰ ਬਣ ਗਿਆ ਹੋਇਆ ਸੀ। ਇੱਕ ਦਿਨ ਹਾਕਮ ਦਾ ਬਾਪ ਉਸ ਬੈਠਕ ਵਿਚ ਆਇਆ। ਉਹ ਅਜਮੇਰ ਦੇ ਨਾਨਕਿਆਂ ਦਾ ਗੋਤੀ ਹੋਣ ਕਰ ਕੇ ਅਜਮੇਰ ਉਹਨੂੰ ਮਾਮਾ ਕਹਿੰਦਾ ਸੀ। ਉਹ ਗੁਰਮੁਖੀ ਅੱਖਰਾਂ ਦਾ ਜਾਣੂੰ ਸੀ ਤੇ ਗੁਰਬਾਣੀ ਵੱਲ ਵੀ ਝੁਕਾਅ ਰੱਖਦਾ ਸੀ। ਬੈਠਕ ਵਿਚ ਬੈਠਦਿਆਂ ਉਹਨੇ ਕੱਚੀ ਕੰਧ ਵੱਲ ਝਾਤ ਮਾਰੀ ਤੇ ਕਹਿਣ ਲੱਗਾ, "ਜਮੇਰ, ਤੂੰ ਬਾਣੀ ਦੀ ਇਹ ਤੁਕ ਗਲਤ ਤਾਂ ਨੀ ਲਿਖ ਰੱਖੀ? 'ਦਰਸ਼ਨ' ਦੇ ਨਾਲ 'ਗੁਰ' ਨੀ ਸੀ ਲਿਖਣਾ ਚਾਹੀਦਾ ਭਲਾ? ਕਿ ਮੈਨੂੰ ਈ ਭੁਲੇਖਾ ਐ?"

ਅਜਮੇਰ ਨੇ ਝੂਠ ਬੋਲ ਦਿੱਤਾ, "ਨਹੀਂ ਮਾਮਾ ਜੀ, ਇਸ ਤਰ੍ਹਾਂ ਈ ਐ। ਮੈਂ ਤਾਂ ਇਸ ਤਰ੍ਹਾਂ ਈ ਪੜ੍ਹੀ ਐ!"

ਸ਼ੁਕਰ ਐ ਮਾਮਾ 'ਕੱਟੜ' ਸਿੱਖ ਨਹੀਂ ਸੀ। ਹੁੰਦਾ ਤਾਂ ਆਸ਼ਕ ਬਣੇ ਅਜਮੇਰ ਨੂੰ ਕਰਾ ਦਿੰਦਾ ਦਰਸ਼ੋ ਦੇ ਚੰਗੀ ਤਰ੍ਹਾਂ ਦਰਸ਼ਨ! ਇਥੇ ਹੀ ਬੱਸ ਨਹੀਂ। ਪਾਗਲ ਬਣੇ ਅਜਮੇਰ ਨੇ ਅਜੇ ਅਸਲੀ ਪਾਗਲਪਨ ਅੱਗੇ ਚੱਲ ਕੇ ਵਿਖਾਉਣਾ ਸੀ।

ਉਦੋਂ ਉਹ ਦਸਵੀਂ ਵਿਚ ਪੜ੍ਹਦਾ ਸੀ। ਸਮਾਓਂ ਤੋਂ ਹਾਕਮ ਤੇ ਭੀਖੀ ਦਾ ਗੁਰਚਰਨ ਵੀ ਉਹਦੇ ਨਾਲ ਪੜ੍ਹਦੇ ਸਨ। ਤਿੰਨੇ ਦੋਸਤ ਬਣ ਗਏ। ਇਮਤਿਹਾਨ ਨੇੜੇ ਆਏ ਤਾਂ ਹਾਕਮ ਤੇ ਅਜਮੇਰ ਨੇ ਭੀਖੀ ਵਿਚ ਹੀ ਇੱਕ ਬਾਣੀਏ ਦਾ ਚੁਬਾਰਾ ਕਿਰਾਏ 'ਤੇ ਲੈ ਲਿਆ, ਬਈ 'ਕੱਠੇ ਰਹਿ ਕੇ ਇਮਤਿਹਾਨ ਦੀ ਵੱਧ ਤਿਆਰੀ ਕਰਾਂਗੇ। ਗੁਰਚਰਨ ਵੀ ਉਨ੍ਹਾਂ ਕੋਲ ਆ ਜਾਂਦਾ। ਗੁਰਚਰਨ ਨੂੰ ਪੜ੍ਹਨ ਨਾਲੋਂ ਕੁੜੀਆਂ ਕੱਤਰੀਆਂ ਦੀਆਂ ਗੱਲਾਂ ਕਰਨ ਵਿਚ ਵੱਧ ਸੁਆਦ ਆਉਂਦਾ। ਹਾਕਮ ਨੂੰ ਉਦੂੰ ਘੱਟ ਤੇ ਅਜਮੇਰ ਨੂੰ ਉਦੂੰ ਵੀ ਘੱਟ। ਅਜਮੇਰ ਨੇ ਤਾਂ ਆਪਣੇ ਸਭ ਤੋਂ ਨੇੜਲੇ ਮਿੱਤਰ ਹਾਕਮ ਕੋਲ ਅਜੇ ਤਕ ਕਦੇ ਦਰਸ਼ਨ ਦੀ ਵੀ ਗੱਲ ਨਹੀਂ ਸੀ ਕੀਤੀ। ਗੱਲ ਤਾਂ ਤਦ ਕਰਦਾ, ਜੇ ਹੁੰਦੀ। ਉਹ ਤਾਂ 'ਉਂਜ' ਈ ਬੈਠਕ ਦੀ ਕੰਧ 'ਤੇ ਗੁਲਾਬੀ ਰੰਗ ਨਾਲ 'ਦਰਸ਼ਨ' ਲਿਖ ਰੱਖਿਆ ਸੀ!

ਇੱਕ ਰਾਤ ਗੁਰਚਰਨ ਨੇ ਕੁੜੀਆਂ ਦੀਆਂ ਗੱਲਾਂ ਤੋਰਦਿਆਂ ਸ਼ਰਤ ਰੱਖ ਦਿੱਤੀ, ਬਈ ਅੱਜ ਆਪਾਂ ਆਪਣੀ-ਆਪਣੀ ਉਸ ਕੁੜੀ ਦੀ ਗੱਲ ਕਰਨੀ ਐਂ ਜਿਸ ਨੂੰ ਸਭ ਤੋਂ ਵੱਧ ਪਿਆਰ ਕਰਦੇ ਆਂ। ਗਾਲ੍ਹ ਪਾ ਦਿੱਤੀ, ਬਈ ਜਿਹੜਾ ਸੱਚ ਨਾ ਦੱਸੂ, ਉਹ ਹਰਾਮ ਦੀ ਔਲਾਦ ਹੋਊ। ਝੂਠੀ ਚਾਹੇ ਸੱਚੀ, ਪਹਿਲਾਂ ਗੁਰਚਰਨ ਨੇ ਆਪਣੀ ਪ੍ਰੇਮ ਪਿਆਰੀ ਦੀ ਗੱਲ ਕੀਤੀ ਤੇ ਫੇਰ ਹਾਕਮ ਨੇ। ਫਸ ਗਿਆ ਵਿਚਾਰਾ ਅਜਮੇਰ 'ਪਾਗਲ।' ਹਰਾਮ ਦੀ ਔਲਾਦ ਅਖਵਾਉਣਾ ਕਿਹੜਾ ਸੌਖਾ ਸੀ? ਪਰ ਪਰਵਾਹ ਕੀਤੇ ਬਿਨਾ ਉਸ ਨੇ ਵੀ ਆਪਣੀ ਪ੍ਰੇਮ ਪਿਆਰੀ ਦਰਸ਼ਨ ਨਾਲ 'ਝੂਠੀ ਤੇ ਕਲਪਿਤ' ਕਹਾਣੀ ਜੋੜ ਕੇ ਸੁਣਾ ਦਿੱਤੀ। ਉਸ ਨੇ ਉਹ-ਉਹ ਕਿੱਸੇ ਜੋੜ ਕੇ ਸੁਣਾਏ ਕਿ ਹਾਕਮ ਤੇ ਗੁਰਚਰਨ ਦੰਗ ਰਹਿ ਗਏ! ਕਿਥੇ ਉਨ੍ਹਾਂ ਦੇ

(ਬਾਕੀ ਅਗਲੇ ਸਫੇ 'ਤੇ)

# ਫੱਕਰਾਂ ਦੀ ਹੂਕ

ਸਿੰਮਦੇ ਸ਼ਬਦ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਪਿਛਲੇ ਇਕ ਅਰਸੇ ਤੋਂ ਪੰਜਾਬ ਟਾਈਮਜ਼ ਦੇ ਪਾਠਕ ਉਨ੍ਹਾਂ ਦੀਆਂ ਲਿਖਤਾਂ ਪੜ੍ਹਦੇ ਆ ਰਹੇ ਹਨ ਅਤੇ ਉਨ੍ਹਾਂ ਦੀ ਨਿਵੇਕਲੀ ਸ਼ੈਲੀ ਤੋਂ ਪ੍ਰਭਾਵਿਤ ਵੀ ਹੋਏ ਹਨ। ਹਥਲੇ ਲੇਖ ਵਿਚ ਉਨ੍ਹਾਂ ਕਿਹਾ ਹੈ ਕਿ ਹੂਕ ਨੂੰ ਆਪਣੇ ਸਾਹਾਂ ਵਿਚ ਜਜ਼ਬ ਕਰਨ ਵਾਲੇ ਅਸਲ ਵਿਚ ਕਰਮਯੋਗੀ ਹੁੰਦੇ ਜਿਨ੍ਹਾਂ ਦੇ ਹਰ ਕਰਮ ਵਿਚ ਮਾਨਵਤਾ ਦੇ ਹੰਝੂ ਪੂੰਝਣ ਦੀ ਤਮੰਨਾ ਹੁੰਦੀ ਹੈ। ਉਹ ਧਰਤ ਨੂੰ ਹਰ ਜੀਵ ਲਈ ਜਿਉਣ-ਜੋਗਾ ਕਰਨ ਦੇ ਆਹਰ ਵਿਚ ਹੀ ਆਪਣੇ ਸਾਹਾਂ ਦੀ ਪੂੰਜੀ ਖਰਚ ਕਰ ਦਿੰਦੇ। -ਸੰਪਾਦਕ***

ਹੂਕ ਮਨ ਦੀ ਵੇਦਨਾ, ਦਿਲ ਦੇ ਦਰਦ ਦਾ ਭਰ ਵਹਿੰਦਾ ਦਰਿਆ। ਸੂਲੀ 'ਤੇ ਟੰਗੀਆਂ ਭਾਵਨਾਵਾਂ ਦੇ ਨੈਣਾਂ ਵਿਚ ਉਗਿਆ ਤਰਲਾ। ਤਰਸ ਦਾ ਸਿੰਮਦਾ ਸੈਲਾਬ।

ਹੂਕ ਆਪਣੇ ਅੰਤਰੀਵ ਦਾ ਹੁੰਗਾਰਾ, ਦੀਦਿਆਂ 'ਚ ਹੰਗਾਲਣਾ ਇਕ ਸਾਗਰ-ਖਾਰਾ ਅਤੇ ਖਾਰੇਪਣ 'ਚ ਖੁਰ ਜਾਣਾ ਅੰਬਰ ਦਾ ਤਾਰਾ।

ਹੂਕ ਭਾਵਨਾਤਮਿਕ ਤਰੰਗਾਂ ਦੀ ਸੰਗੀਤਕਾ ਵਿਚ ਅਬਲਾ ਦੀ ਲੇਰ, ਪਿੰਡ 'ਤੇ ਉਤਰੀ ਧੁੱਖਦੀ ਸਵੇਰ ਅਤੇ ਖੇਤਾਂ ਵਿਚ ਪਸਰਦੀ ਖੁਦਕੁਸ਼ੀਆਂ ਦੀ ਚੰਗੇਰ।

ਹੂਕ ਆਪਣੇ ਆਪ 'ਚ ਨਿਤਾਣੇਪਣ ਦਾ ਅਹਿਸਾਸ, ਸਾਹ ਧਰੀਕਦੀ ਜਿਉਣ-ਆਸ ਅਤੇ ਜਿੰਦ ਦੇ ਖਾਲੀ ਕਟੋਰੇ ਵਿਚ ਸਵਾਂਤੀ ਬੂੰਦ ਪੈਣ ਦਾ ਧਰਵਾਸ।

ਹੂਕ ਕਿਸੇ ਦੀ ਦੁਖਦੀ ਅੱਖ ਦੇ ਦਰਦ ਨੂੰ ਮਹਿਸੂਸ ਕਰਨਾ, ਕਿਸੇ ਦੀ ਪੀੜਾ ਨੂੰ ਆਪਣੇ ਸਾਹੀਂ ਜ਼ਰਨਾ ਅਤੇ ਕਿਸੇ ਦੇ ਹਰੇ ਤੇ ਅੱਲੇ ਜ਼ਖਮਾਂ 'ਤੇ ਕੋਸੀ ਕੋਸੀ ਟਕੋਰ ਕਰਨਾ ਅਤੇ ਮਰਹਮ ਦਾ ਫੇਹਾ ਧਰਨਾ।

ਹੂਕ ਆਪਣੀ ਆਤਮਾ ਸੰਗ ਸੰਵਾਦ, ਲੋਕ-ਸੁਰ ਲਈ ਆਗਾਜ਼ ਅਤੇ ਆਪਣੇ ਆਪ ਬਗੈਰ ਲੋਕਾਈ ਲਈ ਜਿਉਣ-ਅੰਦਾਜ਼।

ਹੂਕ ਪਰਿੰਦੇ ਦੇ ਨੋਚੇ ਖੰਭਾਂ ਦੀ ਚੀਸ ਨੂੰ ਬੋਲਾਂ ਵਿਚ ਵਸਾਉਣਾ, ਪਿਆਸੇ ਜੀਵ ਦੇ ਬੁੱਲਾਂ 'ਤੇ ਬੂੰਦ ਕਟੋਰਾ ਲਾਉਣਾ ਜਾਂ ਕਿਸੇ ਬਿਰਖ ਦੀ ਠੰਢੀ ਆਹ ਨੂੰ ਆਪਣੇ ਨਾਮ ਲਾਉਣਾ।

ਹੂਕ ਕੁਝ ਕੁ ਭਲੇ ਲੋਕਾਂ ਦੀ ਆਤਮਿਕ ਉਡਾਣ, ਉਤਮ ਪੁਰਸ਼ਾਂ ਦੀ ਪਛਾਣ ਅਤੇ ਮਾਨਵਤਾ ਦੀ ਭਲਾਈ ਲੋਚਦੇ ਇਨਸਾਨਾਂ ਦੀ ਮਾਨਸਿਕ ਉਚਾਣ।

ਹੂਕ ਦਾ ਹੁੰਗਾਰਾ ਭਰਨ ਵਾਲੇ ਲੋਕ ਸਮਾਜ ਦਾ ਸੁਰਖ ਮੁਹਾਂਦਰਾ, ਤਹਿਜ਼ੀਬ ਦਾ ਸੰਜੀਵ ਵਰਕਾ ਅਤੇ ਹਵਾਵਾਂ 'ਤੇ ਲਿਖੇ ਜਾਣ ਵਾਲੇ ਹਰਫ, ਜੋ ਸਦਾ ਗਤੀਸ਼ੀਲ ਰਹਿੰਦੇ।

ਹੂਕ ਨੂੰ ਆਪਣੇ ਸਾਹਾਂ ਵਿਚ ਜਜ਼ਬ ਕਰਨ ਵਾਲੇ ਅਸਲ ਵਿਚ ਕਰਮਯੋਗੀ ਹੁੰਦੇ ਜਿਨ੍ਹਾਂ ਦੇ ਹਰ ਕਰਮ ਵਿਚ ਮਾਨਵਤਾ ਦੇ ਹੰਝੂ ਪੂੰਝਣ ਦੀ ਤਮੰਨਾ ਹੁੰਦੀ। ਉਹ ਧਰਤ ਨੂੰ ਹਰ ਜੀਵ ਲਈ ਜਿਉਣ-ਜੋਗਾ ਕਰਨ ਦੇ ਆਹਰ ਵਿਚ ਹੀ ਆਪਣੇ ਸਾਹਾਂ ਦੀ ਪੂੰਜੀ ਖਰਚ ਕਰ ਦਿੰਦੇ।

ਸਾਡੇ ਚਾਰੇ ਪਾਸੇ ਹੂਕਾਂ ਹੀ ਹੂਕਾਂ, ਕੰਨਾਂ ਵਿਚ ਪੈਂਦੀਆਂ ਕੂਕਾਂ ਹੀ ਕੂਕਾਂ ਪਰ ਵਿਰਲਿਆਂ ਨੂੰ ਹੀ ਸੁਣਦੇ ਨੇ ਤਰਲੇ, ਫਰਿਆਦਾਂ ਅਤੇ ਲਿੱਲਕੜੀਆਂ। ਬਹੁਤ ਵਿਰਲੇ ਭਰਦੇ ਨੇ ਇਨ੍ਹਾਂ ਦਾ ਹਾਂ-ਪੱਖੀ ਹੁੰਗਾਰਾ। ਬਹੁਤਿਆਂ ਲਈ ਤਾਂ ਇਹ ਮਹਿਜ ਸ਼ੁਗਲ ਅਤੇ ਇਸ 'ਚੋਂ ਭਾਲਦੇ ਨੇ ਆਪਣਾ ਲਾਹਾ।

**ਜਦ ਬਾਬਰ ਦੇ ਜ਼ੁਲਮ ਅਤੇ ਤਸ਼ੱਦਦ ਦੀਆਂ ਕੂਕਾਂ ਮਾਨਵਤਾ ਦੇ ਰਹਿਬਰ ਦੇ ਕੰਨੀਂ ਪੈਂਦੀਆਂ ਨੇ ਤਾਂ ਬਾਬਰਵਾਣੀ ਉਤਰਦੀ ਏ, ਜਦ ਸਿੱਦਕ ਨੂੰ ਤੱਤੀ ਤਵੀ 'ਤੇ ਬੈਠਾਇਆ ਜਾਂਦਾ ਏ ਤਾਂ 'ਤੇਰਾ ਭਾਣਾ ਮੀਠਾ ਲਾਗੇ' ਦਾ ਰੂਹਾਨੀ ਸੰਦੇਸ਼ ਹਰ ਆਤਮਾ ਵਿਚ ਸਮਾਉਂਦਾ ਏ, ਜਦ ਲਾਚਾਰ ਬ੍ਰਾਹਮਣਾਂ ਦੇ ਜਨੇਊਆਂ ਦੇ ਢੇਰ ਲੱਗਦੇ ਨੇ ਤਾਂ ਮਰਦ ਅਗੰਮੜਾ 'ਹਿੰਦ ਦੀ ਚਾਦਰ' ਦਾ ਮਾਣ ਹਾਸਲ ਕਰਦਾ ਏ, ਜਦ ਜ਼ੁਲਮ ਦੀ ਇੰਤਹਾ ਹੋ ਜਾਂਦੀ ਏ ਅਤੇ ਗਰੀਬਾਂ ਨੂੰ ਜ਼ੁਲਮ ਦੀ ਚੱਕੀ ਵਿਚ ਪੀਸਿਆ ਜਾਂਦਾ ਏ ਤਾਂ 'ਸਰਬੰਸਦਾਨੀ', 'ਆਪੇ ਗੁਰ ਚੇਲਾ' ਦੀ ਨਵੀਂ ਤਵਾਰੀਖ ਸਿਰਜਦਾ ਏ, ਜਦ ਗੁਲਾਮੀ ਦਾ ਜੂਲਾ ਭਾਰਤੀਆਂ ਦੇ ਸਾਹਾਂ 'ਚ ਸਿਸਕੀਆਂ ਬੀਜਣ ਲੱਗੇ ਤਾਂ ਫਾਂਸੀ ਨੂੰ ਚੁੰਮਣ ਵਾਲੇ ਸੂਰਬੀਰਾਂ ਦੀਆਂ ਕਹਾਣੀਆਂ ਹਰ ਪਿੰਡ ਦੀ ਫਿਜ਼ਾ ਵਿਚ ਗੇੜੇ ਲਾਉਣ ਲੱਗਦੀਆਂ ਹਨ।**

ਜਦ ਬਾਬਰ ਦੇ ਜ਼ੁਲਮ ਅਤੇ ਤਸ਼ੱਦਦ ਦੀਆਂ ਕੂਕਾਂ ਮਾਨਵਤਾ ਦੇ ਰਹਿਬਰ ਦੇ ਕੰਨੀਂ ਪੈਂਦੀਆਂ ਨੇ ਤਾਂ ਬਾਬਰਵਾਣੀ ਉਤਰਦੀ ਏ, ਜਦ ਸਿੱਦਕ ਨੂੰ ਤੱਤੀ ਤਵੀ 'ਤੇ ਬੈਠਾਇਆ ਜਾਂਦਾ ਏ ਤਾਂ 'ਤੇਰਾ ਭਾਣਾ ਮੀਠਾ ਲਾਗੇ' ਦਾ ਰੂਹਾਨੀ ਸੰਦੇਸ਼ ਹਰ ਆਤਮਾ ਵਿਚ ਸਮਾਉਂਦਾ ਏ, ਜਦ ਲਾਚਾਰ ਬ੍ਰਾਹਮਣਾਂ ਦੇ ਜਨੇਊਆਂ ਦੇ ਢੇਰ ਲੱਗਦੇ ਨੇ ਤਾਂ ਮਰਦ ਅਗੰਮੜਾ 'ਹਿੰਦ ਦੀ ਚਾਦਰ' ਦਾ ਮਾਣ ਹਾਸਲ ਕਰਦਾ ਏ, ਜਦ ਜ਼ੁਲਮ ਦੀ ਇੰਤਹਾ ਹੋ ਜਾਂਦੀ ਏ ਅਤੇ ਗਰੀਬਾਂ ਨੂੰ ਜ਼ੁਲਮ ਦੀ ਚੱਕੀ ਵਿਚ ਪੀਸਿਆ ਜਾਂਦਾ ਏ ਤਾਂ 'ਸਰਬੰਸਦਾਨੀ', 'ਆਪੇ ਗੁਰ ਚੇਲਾ' ਦੀ ਨਵੀਂ ਤਵਾਰੀਖ ਸਿਰਜਦਾ ਏ, ਜਦ ਗੁਲਾਮੀ ਦਾ ਜੂਲਾ ਭਾਰਤੀਆਂ ਦੇ ਸਾਹਾਂ 'ਚ ਸਿਸਕੀਆਂ ਬੀਜਣ ਲੱਗੇ ਤਾਂ ਫਾਂਸੀ ਨੂੰ ਚੁੰਮਣ ਵਾਲੇ ਸੂਰਬੀਰਾਂ ਦੀਆਂ ਕਹਾਣੀਆਂ ਹਰ ਪਿੰਡ ਦੀ ਫਿਜ਼ਾ ਵਿਚ ਗੇੜੇ ਲਾਉਣ ਲੱਗਦੀਆਂ ਹਨ।

ਜਦ ਇਹ ਹੂਕ ਕਿਸੇ ਦੀ ਸੋਚ 'ਚ ਛੋਕ ਕਰਦੀ ਏ ਤਾਂ ਅਲੋਕਾਰ ਵਰਤਾਰਿਆਂ 'ਚੋਂ ਨਵੇਂ ਵਿਅਕਤੀਤਵ ਦੀ ਸਿਰਜਣਾ ਹੁੰਦੀ ਏ ਜੋ ਸਮੇਂ ਨੂੰ ਨਵੀਨ ਨੁਹਾਰ ਦੇਣ ਦੇ ਉਪਰਾਲੇ 'ਚ ਆਪਣੇ ਆਪ ਨੂੰ ਗਲਤਾਨ ਕਰਦਿਆਂ ਆਪਣੇ ਧੰਨਭਾਗ ਸਮਝਦੀ ਏ।

ਜਦ ਬਿਰਖ ਵਿਹੂਣੀ ਧਰਤ ਦੀ ਪੁਕਾਰ ਅੰਤਰੀਵ ਵਿਚ ਲਹਿੰਦੀ ਏ ਤਾਂ ਖੜੂਰ ਸਾਹਿਬ ਦੀ ਜਰਖੇਜ਼ ਧਰਾਤਲ 'ਚੋਂ ਰੁੱਖਾਂ ਦੀਆਂ ਡਾਰਾਂ ਲਾਉਣ ਦੀ ਪਿਰਤ ਜਨਮਦੀ ਏ, ਦੂਰ ਪਰਵਾਸ ਕਰ ਗਏ ਪਰਿੰਦੇ ਵਾਪਸ ਪਰਤ ਆਉਂਦੇ ਨੇ ਅਤੇ ਪੰਛੀਆਂ ਦਾ ਸੁਗਮ-ਸੰਗੀਤ ਕਾਇਨਾਤ ਦੀ ਉਪਮਾ ਗਾਉਂਦਾ ਏ। ਜਦ ਕੋਈ ਪਲੀਤ ਪਾਣੀਆਂ ਦੀ ਗੁਹਾਰ ਸੁਣਦਾ ਏ ਤਾਂ ਸੁਲਤਾਨਪੁਰ ਲੋਧੀ 'ਚੋਂ ਇਕ ਲੇਰ ਉਭਰਦੀ ਏ ਜੋ ਪਾਣੀਆਂ ਦੇ ਦਰਦ ਨੂੰ ਆਪਣਾ ਦਰਦ ਸਮਝ, ਪਲੀਤਪੁਣੇ ਨੂੰ ਦੂਰ ਕਰਨ ਦਾ ਅਹਿਦ ਬਣ ਜਾਂਦੀ ਏ। ਜਦ ਰੋਂਦੀ ਕੁਰਲਾਉਂਦੀ, ਵਾਲ ਖਿਲਾਰੀ ਪੰਜਾਬੀਅਤ ਦੀਆਂ ਮੀਢੀਆਂ ਗੁੰਦਣ ਦੀ ਵਾਰੀ ਆਉਂਦੀ ਏ ਤਾਂ ਡਾਕਟਰੀ ਕਿੱਤੇ ਨੂੰ ਅਰਪਿਤ ਸ਼ਖਸ ਇਸ ਦੀ ਸਾਰ ਲੈਣ ਲਈ ਅੱਗੇ ਆਉਂਦਾ ਏ ਅਤੇ ਅਮੀਰ ਵਿਰਾਸਤ ਦੀ ਮਹਿਕ ਸੰਸਾਰ ਦੇ ਕੋਨੇ ਕੋਨੇ ਵਿਚ ਫੈਲਾਉਂਦਾ ਏ।

ਜਦ ਸ਼ਬਦ ਸਿਸਕਦੇ ਨੇ ਤਾਂ ਹਰਫਾਂ ਦੀ ਵੇਦਨਾ ਆਪਣੀ ਕਲਮ ਦੇ ਨਾਮ ਕਰਨ ਵਾਲਾ ਸੁਰਜੀਤ ਪਾਤਰ, ਅੰਮ੍ਰਿਤਾ ਪ੍ਰੀਤਮ, ਬੁੱਲੇਸ਼ਾਹ,




ਵਾਰਸ ਜਾਂ ਹਾਸ਼ਮ ਦਾ ਲਕਬ ਪ੍ਰਾਪਤ ਕਰਦਾ ਏ। ਜਦ ਕੋਈ ਜਾਗਦੀ ਸੋਚ ਵਾਲਾ ਕੈਂਸਰ ਬਣੇ ਪੰਜਾਬ ਵੰਨੀਂ ਸਵੱਲੀ ਨਜ਼ਰ ਕਰਦਾ ਏ ਤਾਂ 'ਰੋਕੋ ਕੈਂਸਰ' ਦਾ ਪਰਚਮ ਲਹਿਰਦਾ ਏ।

ਪਰਵਾਸੀਆਂ ਦੀ ਹੂਕ ਹੀ ਏ ਜਿਸ ਨੇ ਕਈ ਪਿੰਡਾਂ ਦੇ ਨਾਮ ਸੁੱਖ ਸਹੂਲਤਾਂ ਕੀਤੀਆਂ, ਕਈਆਂ ਦੇ ਨਾਵੇਂ ਅੱਖਰ ਜੋਤ ਕੀਤੀ ਹੈ ਅਤੇ ਕਈਆਂ ਦੇ ਨੈਣਾਂ ਵਿਚ ਲੋਅ ਭਰੀ। ਨਿਜ ਤੋਂ ਉਪਰ ਉਠ ਅਤੇ ਨਿਜੀ ਮੁਫਾਦ ਨੂੰ ਤਿਆਗ ਕੇ ਦਰਦਮੰਦਾਂ ਦੀਆਂ ਆਹਾਂ ਦਾ ਸਾਰਥਿਕ ਹੁੰਗਾਰਾ ਭਰਨਾ ਜੀਵਨ ਦਾ ਸੁੱਚਮ ਪਰ ਬਹੁਤ ਵਿਰਲਿਆਂ ਦੇ ਭਾਗੀਂ ਹੁੰਦਾ ਏ ਅਜਿਹਾ ਕਰਮ-ਧਰਮ।

ਇਹ ਹੂਕ ਹੀ ਹੁੰਦੀ ਏ ਜੋ ਕਦੇ ਬੋਲਾਂ ਵਿਚ ਸਿੰਮਦੀ, ਕਦੇ ਹਰਫਾਂ ਵਿਚ ਵਹਿੰਦੀ। ਕਦੇ ਲੇਰ ਮਾਰਦੀ ਏ ਪਰ ਕਦੇ ਚੁੱਪ ਦਾ ਲਿਬਾਸ ਵੀ ਪਾ ਲੈਂਦੀ। ਯਾਦ ਰੱਖਣਾ! ਜਦ ਕੋਈ ਲੇਰ ਹਿੱਕ ਵਿਚ ਜੰਮ ਜਾਵੇ ਅਤੇ ਮੂਕ-ਸੰਵਾਦ ਵਿਚ ਲੀਨ ਹੋ ਜਾਵੇ ਤਾਂ ਇਹ ਬਹੁਤ ਖਤਰਨਾਕ ਹੁੰਦਾ ਏ। ਇਨਕਲਾਬ, ਰਾਜ ਪਲਟੇ, ਨਵੀਂ ਸੋਚ ਦਾ ਪਰਚਮ, ਪੁਰਾਣੇ ਸੰਸਕਾਰਾਂ ਦਾ ਰਾਖ ਹੋਣਾ, ਨਵੇਂ ਰਾਹਾਂ ਦੀ ਨਿਸ਼ਾਨਦੇਹੀ, ਨਵੀਆਂ ਮੰਜ਼ਿਲਾਂ ਦਾ ਹਸਤਾਖਰ ਬਣਨਾ ਆਦਿ ਦਰਅਸਲ ਮਰਨਹਾਰੀ ਹੂਕ 'ਚੋਂ ਉਗੀ ਸੰਵੇਦਨਾ ਹੀ ਹੁੰਦਾ ਏ।

ਵਾਸਤਾ ਈ! ਹੂਕ ਨੂੰ ਅਣਸੁਣੀ ਨਾ ਕਰੋ, ਇਸ ਦਾ ਹੁੰਗਾਰਾ ਜ਼ਰੂਰ ਭਰੋ। ਬੜਾ ਖਤਰਨਾਕ ਹੁੰਦਾ ਏ ਅੰਦਰਾਂ ਨੂੰ ਗੰਢ ਪਾਉਣ ਵਾਲੀ ਚੀਸ ਦਾ ਗੁੰਗੀ ਹੋ ਜਾਣਾ ਅਤੇ ਆਪਣੇ ਸਮੁੱਚ ਨੂੰ ਕੋਹਣਾ। ਮੂਕ ਹੂਕ ਦੀ ਹਿੱਕ 'ਚੋਂ ਉਗੇ ਬੋਲ ਸਮਿਆਂ ਨੂੰ ਹੰਗਾਲ ਦਿੰਦੇ ਨੇ, ਜਿਸ ਦਾ ਉਬਾਲ ਗਲੀਜ਼ਤਾ ਨੂੰ ਗਾਲ ਦਿੰਦਾ ਏ।

ਤਰਲਾ ਈ! ਚੌਗਿਰਦੇ 'ਚ ਘਰ ਕਰੀ ਬੈਠੀਆਂ ਹੂਕਾਂ ਦਾ ਹੁੰਗਾਰਾ ਜ਼ਰੂਰ ਭਰੋ।

## ਕਿੱਸਾ ਅਜਮੇਰ ਔਲਖ ਦੀ 'ਆਸ਼ਕੀ' ਦਾ

(ਪਿਛਲੇ ਸਫੇ ਦੀ ਬਾਕੀ)

ਮੁਰਝਾਏ-ਜੇ ਮੁਹੱਬਤਨਾਮੇ ਤੇ ਕਿਥੇ ਅਜਮੇਰ ਦਾ ਖਿੜਿਆ-ਵਾ ਪ੍ਰੇਮ ਪ੍ਰਸੰਗ?

ਅਜਮੇਰ ਨੇ ਦੱਸਿਆ, "ਮੈਂ ਤੇ ਦਰਸ਼ਨ ਰੋਜ਼ ਵਾਂਗ ਹੀ ਭਾਨੋ ਮਾਸੀ ਦੇ ਘਰ 'ਮਿਲਦੇ' ਹਾਂ।"

ਮਿਲਦੇ ਉਹ ਜ਼ਰੂਰ ਸੀ। ਬਾਕੀ ਦਾ ਗੱਪ ਸੀ, "ਅਸੀਂ ਭਾਨੋ ਮਾਸੀ ਦੇ ਘਰ ਘੰਟਾ-ਘੰਟਾ ਬੈਠ ਕੇ ਗੱਲਾਂ ਕਰਦੇ ਹਾਂ। ਹੁਣ ਭਾਵੇਂ ਭੀਖੀ ਰਹਿਣ ਕਰ ਕੇ ਇਹ ਪ੍ਰੇਮ-ਮਿਲਣ ਕੁਛ ਘਟ ਗਿਐ, ਪਰ ਫੇਰ ਵੀ ਦਿਨੇ ਜਦੋਂ ਮੈਂ ਰੋਟੀ ਖਾਣ ਜਾਨਾਂ ਤਾਂ ਦਰਸ਼ਨ ਨੂੰ ਜ਼ਰੂਰ ਮਿਲ ਕੇ ਆਉਨਾਂ।"

ਉਹਨੇ ਇਹ ਗੱਪ ਵੀ ਜੋੜ ਦਿੱਤੀ, "ਮੇਲ-ਮਿਲਾਪ ਕਰਾਉਣ 'ਚ ਮਾਸੀ ਭਾਨੋ ਦਾ ਵੱਡਾ ਹੱਥ ਐ। ਮਾਸੀ ਭਾਨੋ ਕਹਿੰਦੀ ਐ ਕਿ ਉਹ ਮੇਰਾ ਤੇ ਦਰਸ਼ਨ ਦਾ ਰਿਸ਼ਤਾ ਜਲਦੀ ਹੀ ਕਰਵਾ ਦੇਵੇਗੀ।" ਅੱਗੇ ਉਸ ਨੇ ਗੱਪ ਮਾਰਨ ਦਾ ਇੱਕ ਹੋਰ ਅਨਾਰ ਚਲਾ ਦਿੱਤਾ, "ਅੱਜ ਅੱਧੀ ਰਾਤ ਨੂੰ ਮੈਂ ਤੇ ਦਰਸ਼ਨ ਨੇ ਭਾਨੋ ਮਾਸੀ ਦੇ ਘਰ ਮਿਲਣ ਦਾ ਵਾਇਦਾ ਕੀਤਾ ਹੈ।"

"ਫੇਰ ਅੱਜ ਜਾਏਂਗਾ ਆਵਦੇ ਪਿੰਡ ਦਰਸ਼ਨ ਨੂੰ ਮਿਲਣ?" ਗੁਰਚਰਨ ਨੇ ਅਜਮੇਰ ਦੀ ਆਸ਼ਕੀ ਦੇ ਜਾਦੂ-ਅਸਰ ਹੇਠ ਆਉਂਦਿਆਂ ਉਤਸੁਕਤਾ ਨਾਲ ਪੁੱਛਿਆ।

'ਹਾਂ' ਅਜਮੇਰ ਨੇ ਇਰਾਦੇ ਦੇ ਪੱਕੇ ਆਸ਼ਕਾਂ ਵਾਂਗ ਦ੍ਰਿੜਤਾ ਨਾਲ ਕਿਹਾ। ਉਹਨੂੰ ਖੁਸ਼ੀ ਸੀ ਕਿ ਉਹ ਝੂਠੀ ਕਹਾਣੀ ਸੱਚੀ ਬਣਾਉਣ ਵਿਚ ਕਾਮਯਾਬ ਹੋ ਗਿਆ, ਪਰ ਹਾਕਮ ਕਹਿਣ ਲੱਗਾ, "ਐਵੇਂ ਗੱਪ ਮਾਰਦੈ। ਕੋਈ ਮੁਹੱਬਤ-ਮਹੁੱਬਤ ਨੀ ਇਹਦੀ ਦਰਸ਼ੋ-ਪਰਸ਼ੋ ਨਾਲ। ਐਵੇਂ ਆਪਾਂ ਨੂੰ ਬੁੱਧੂ ਬਣਾਉਂਦੈ। ਹੁੰਦੀ ਤਾਂ ਮੈਨੂੰ ਨਾ ਦੱਸਦਾ? ਮੇਰੇ ਕੋਲੋਂ ਲੁਕੋਅ ਕਿਵੇਂ ਰੱਖਦਾ?"

ਇਹ ਗੱਲ ਸੀ ਵੀ ਸੱਚ, ਬਈ ਜੇ ਕੋਈ 'ਐਸੀ-ਵੈਸੀ' ਗੱਲ ਹੁੰਦੀ ਤਾਂ ਅਜਮੇਰ ਨੇ ਹਾਕਮ ਨੂੰ ਜ਼ਰੂਰ ਦੱਸੀ ਹੁੰਦੀ, ਪਰ ਅਜਮੇਰ ਤਾਂ ਆਪਣੇ ਹੀ ਢਿੱਡ ਵਿਚ ਲੱਡੂ ਭੋਰਨ ਵਾਲਾ 'ਆਸ਼ਕ' ਸੀ।

"ਹੈਂਏ ਉਇ?" ਗੁਰਚਰਨ ਦੇ ਮੂੰਹੋਂ ਆਪ-ਮੁਹਾਰੇ ਨਿਕਲਿਆ। ਉਹ ਚਾਹੁੰਦਾ ਸੀ ਕਿ ਕਹਾਣੀ ਰਾਈ-ਰਾਈ ਸੱਚ ਹੋਵੇ। ਨਹੀਂ ਤਾਂ ਸਾਰੀ ਪ੍ਰੇਮ ਕਹਾਣੀ ਦਾ ਸੱਤਿਆਨਾਸ ਹੋ ਜਾਵੇਗਾ।

"ਜਮਾਂ ਪੱਕੀ ਐ। ਪੱਕੀ ਨਾ ਹੁੰਦੀ ਤਾਂ ਮੈਂ ਅੱਜ ਸਾਈਕਲ ਨੂੰ ਗਰੀਸ ਦੁਆ ਕੇ ਕਿਉਂ ਲਿਆਉਂਦਾ? ਮੈਂ ਜਾਣੈਂ ਅੱਜ ਅੱਧੀ ਰਾਤ ਮਿਲਣ ਦਰਸ਼ਨ ਨੂੰ! ਭਾਵੇਂ ਦੁਨੀਆਂ ਏਧਰ ਤੋਂ ਏਧਰ ਹੋ-ਜੇ!"

"ਫੇਰ ਤੂੰ ਹੁਣ ਤਕ ਮੈਨੂੰ ਕਿਉਂ ਨਾ ਦੱਸਿਆ?" ਹਾਕਮ ਨੇ ਦੋਸਤੀ ਦੇ ਨਾਤੇ ਮਿਹਣਾ ਮਾਰਿਆ।

ਕਿੱਸਾ ਹੋਰ ਸੰਖੇਪ ਕਰਦੇ ਹਾਂ। ਅਜਮੇਰ, ਦਰਸ਼ਨ ਨੂੰ ਮਿਲਣ ਜਾਣ ਲਈ ਉਠ ਖੜ੍ਹਾ ਹੋਇਆ। ਹਾਕਮ ਨੇ ਰੋਕਿਆ। ਰੋਕਣ ਲਈ ਕੁੱਟਿਆ। ਅਜਮੇਰ ਬੁਹਕਣ ਲੱਗਾ, "ਹਾਏ ਦਰਸ਼ਨ! ਮੈਂ ਕੀ ਕਰਾਂ? ਆਪਣੇ ਪਿਆਰ ਦੇ ਦੁਸ਼ਮਣ ਮੈਨੂੰ ਤੇਰੇ ਕੋਲ ਆਉਣ ਨੀ ਦਿੰਦੇ! ਮੈਨੂੰ ਮੇਰਾ ਵਾਅਦਾ ਨੀ ਪੂਰਾ ਕਰਨ ਦਿੰਦੇ। ਮੈਨੂੰ ਮਾਫ ਕਰਦੀਂ। ਮੈਂ ਆਪਣਾ ਵਾਅਦਾ ਨਿਭਾ ਨੀ ਸਕਿਆ ਦਰਸ਼ਨ! ਮੈਨੂੰ ਮਾਫ ਕਰਦੀਂ!"

ਅਖੀਰ ਹਾਕਮ ਵੀ ਪਿਘਲ ਗਿਆ, "ਜਾਹ ਮਰ, ਜਿਥੇ ਮਰਨੈਂ! ਵੱਡਾ ਆਸ਼ਕ! ਉਦੋਂ ਪਤਾ ਲੱਗੂ ਜਦ ਅੱਧੀ ਰਾਤੀਂ ਰਾਹ ਵਿਚ ਤੇਰੇ ਪਿਓਆਂ ਨੇ ਤੇਰਾ ਡੰਡਾ ਡੁੱਕਿਆ!"

ਅਜਮੇਰ ਅੱਖਾਂ ਜੀਆਂ ਪੂੰਝਦਾ ਹੌਲੀ-ਹੌਲੀ ਪੈਰ ਪੁੱਟਦਿਆਂ ਚੁਬਾਰੇ 'ਚੋਂ ਬਾਹਰ ਨਿਕਲਣ ਲੱਗਾ। "ਕੋਈ ਖੇਸੀ-ਖੁਸੀ ਤਾਂ ਫੂਕ ਲੈ ਉਤੇ। ਸਿਆਲ ਦੀ ਰਾਤ ਐ। ਕਿਤੇ ਵੱਡੇ ਧੀਦੋ ਰਾਂਝੇ ਦੀਆਂ ਝੰਗ ਸਿਆਲ ਪਹੁੰਚਣ ਤੋਂ ਪਹਿਲਾਂ ਈ ਝਨਾਂ ਪਾਰ ਕਰਦੇ ਦੀਆਂ ਕੌਕੜਾਂ ਹੋਇਆਂ ਪਈਆ ਹੋਣ!" ਹਾਕਮ ਨੇ ਖੇਸੀ ਅਜਮੇਰ 'ਤੇ ਵਗਾਹ ਮਾਰੀ। ਗੁਰਚਰਨ ਨੇ ਚੁਬਾਰੇ ਦੀਆਂ ਪੌੜੀਆਂ 'ਚੋਂ ਉਹਦਾ ਸਾਈਕਲ ਹੇਠਾਂ ਲਾਹ ਦਿੱਤਾ। ਜਦੋਂ ਉਹ ਸਾਈਕਲ 'ਤੇ ਚੜ੍ਹਨ ਲੱਗਾ ਤਾਂ ਹਾਕਮ ਨੇ ਸਾਵਧਾਨ ਕੀਤਾ, "ਵੇਖਿਆ ਆਸ਼ਕੀ ਦਿਆ! ਕਿਤੇ ਦੋ ਸੌ ਰੁਪਏ ਦਾ ਸਾਈਕਲ ਨਾ ਖੁਹਾ ਆਈਂ!"

ਲਓ ਜੀ ਚੜ੍ਹ ਗਿਆ ਅਜਮੇਰ ਮਿਰਜ਼ੇ ਵਾਂਗ ਸਾਈਕਲ ਦੀ ਬੱਕੀ 'ਤੇ। ਜਾਂ ਇਉਂ ਸਮਝ ਲਓ ਰਾਂਝੇ ਵਾਂਗ ਖੇਸੀ ਦੀ ਬੁੱਕਲ ਮਾਰ ਪੈ ਗਿਆ ਝੰਗ-ਸਿਆਲਾਂ ਦੇ ਰਾਹ! ਉਤੋਂ ਸਿਆਲ ਦੀ ਸਾਂ-ਸਾਂ ਕਰਦੀ ਅੱਧੀ ਰਾਤ। ਝੂੰਮ-ਝੂੰਮ ਡਰਾਉਂਦੇ ਨਹਿਰ ਦੇ ਦਿਓਆਂ ਵਰਗੇ ਰੁੱਖ। ਡਰ ਨਾਲ ਧੜਕਦਾ ਕਾਲਜਾ। ਰਾਹ 'ਚ ਚੋਰਾਂ-ਡਾਕੂਆਂ ਦਾ ਡਰ। ਆਸ਼ਕ ਬਣਿਆ ਅਜਮੇਰ ਐਸੀ ਕਹਾਣੀ ਜੋੜ ਬੈਠਾ ਸੀ ਕਿ ਆਪ ਹੀ ਉਹਦੇ ਜਾਲ ਵਿਚ ਫਸ ਗਿਆ ਸੀ! ਉਹਦਾ ਤੇ ਰਾਂਝੇ ਦਾ ਫਰਕ ਸਿਰਫ ਏਨਾ ਸੀ ਕਿ ਰਾਂਝਾ ਪੈਦਲ ਸੀ ਤੇ ਉਸ ਨੇ ਆਪਣੀ ਜੁੱਤੀ ਆਪਣੇ ਹੱਥ ਵਿਚ ਫੜੀ ਹੋਈ ਸੀ ਜਦ ਕਿ ਅਜਮੇਰ ਦੀ ਜੁੱਤੀ ਉਹਦੇ ਪੈਰਾਂ ਵਿਚ ਸੀ ਤੇ ਹੱਥ ਸਾਈਕਲ ਦੇ ਹੈਂਡਲ 'ਤੇ ਸਨ। ਵਾਰਿਸ ਸ਼ਾਹ ਨੇ ਲਿਖਿਆ ਸੀ:

ਹੱਥ ਫੜ ਜੁੱਤੀ, ਮੋਢੇ ਮਾਰ ਬੁੱਕਲ,
ਰਾਂਝਾ ਹੋ ਤੁਰਿਆ ਵਾਰਿਸ ਸ਼ਾਹ ਜਿਹਾ।

ਅਜਮੇਰ ਬਾਰੇ ਕਿਹਾ ਜਾ ਸਕਦਾ ਸੀ:

ਚੁੱਕ ਸਾਈਕਲ ਖੇਸੀ ਦੀ ਮਾਰ ਬੁੱਕਲ,
ਔਲਖ ਹੋ ਤੁਰਿਆ ਰਾਂਝੇ ਯਾਰ ਜਿਹਾ!

ਰਾਤ ਚਾਨਣੀ ਸੀ। ਚਾਨਣੀ ਰਾਤ ਭਾਵੇਂ ਆਸ਼ਕਾਂ-ਮਾਸ਼ੂਕਾਂ ਤੇ ਚੋਰਾਂ-ਡਾਕੂਆਂ ਦੀ ਦੁਸ਼ਮਣ ਗਿਣੀ ਜਾਂਦੀ ਹੈ, ਪਰ ਅਜਮੇਰ ਦੇ ਸਾਈਕਲ ਨੂੰ ਰਾਹ ਵਿਖਾਉਣ ਵਾਲੀ ਸੀ। ਜਿਵੇਂ-ਜਿਵੇਂ ਦੁਨਾਲੇ ਦੀ ਲੁੱਟਾਂ-ਖੋਹਾਂ ਵਾਲੀ ਸੁੰਨੀ ਥਾਂ ਨੇੜੇ ਆਉਂਦੀ ਜਾਂਦੀ ਸੀ, ਅਜਮੇਰ ਦਾ ਡਰ ਵਧੀ ਜਾਂਦਾ ਸੀ। ਇੱਕ ਸੋਚ ਆਉਂਦੀ ਕਿ ਉਥੋਂ ਈ ਪਿੱਛੇ ਮੁੜ-ਜੇ ਤੇ ਭੀਖੀ ਨਹਿਰੀ ਕੋਠੀ ਦੇ ਪੁਲ 'ਤੇ ਸਮਾਂ ਗੁਜ਼ਾਰ ਕੇ ਚੁਬਾਰੇ 'ਚ ਚਲਾ ਜਾਵੇ ਅਤੇ ਆਖੇ 'ਕਰ ਆਇਆਂ ਦਰਸ਼ਨ ਦੇ ਦਰਸ਼ਨ।' ਦੂਜੀ ਸੋਚ ਆਉਂਦੀ, ਲੱਖ ਲਾਅਣਤ ਤੇਰੀ ਇਸ ਸੋਚ ਉਤੇ! ਕੁਝ ਵੀ ਹੋਵੇ, ਜਾਣਾ ਚਾਹੀਦੈ ਤੈਨੂੰ। ਕੀ ਪਤਾ ਦਰਸ਼ਨ ਦੇ ਦਿਲ ਵਿਚ ਵੀ ਪਿਆਰ ਦੀ ਘੰਟੀ ਖੜਕ ਗਈ ਹੋਵੇ? ਕਹਿੰਦੇ ਨੇ ਦਿਲਾਂ ਨੂੰ ਦਿਲਾਂ ਦੇ ਰਾਹ ਹੁੰਦੇ ਨੇ। ਜੇ ਉਹ ਸੱਚੀਂ ਹੀ ਤੇਰਾ ਇੰਤਜ਼ਾਰ ਕਰ ਰਹੀ ਹੋਵੇ, ਫਿਰ? ਲਓ ਜੀ 'ਦਰਸ਼ਨ-ਦਰਸ਼ਨ' ਕਰਦੇ ਨੇ ਦੁਨਾਲਾ ਲੰਘ ਲਿਆ। ਡਰ ਲੱਥ ਗਿਆ। ਆਲੇ-ਦੁਆਲੇ ਨਜ਼ਰ ਘੁੰਮਾਈ ਤਾਂ ਚੰਨ-ਚਾਨਣੀ ਰਾਤ ਸੋਹਣੀ-ਸੋਹਣੀ ਤੇ ਪਿਆਰੀ-ਪਿਆਰੀ ਲੱਗਣ ਲੱਗ ਪਈ। ਨਹਿਰ ਦੇ ਪਾਣੀ ਵਿਚ ਚੰਨ ਦੀਆਂ ਕਿਰਨਾਂ ਕਲੋਲਾਂ ਕਰਦੀਆਂ ਜਾਪੀਆਂ, ਜਿਵੇਂ ਕਹਿੰਦੀਆਂ ਹੋਣ, ਚੱਲ ਅਸੀਂ ਵੀ ਚੱਲਦੀਆਂ ਤੇਰੇ ਨਾਲ। ਵੇਖੀਂ ਕਿਤੇ ਇਸ਼ਕ ਨੂੰ ਲਾਜ ਨਾ ਲੱਗ-ਜੇ! ਅਜਮੇਰ ਨੂੰ ਲਹਿਰਾਂ 'ਚੋਂ ਦਰਸ਼ਨ ਦਾ ਚੰਨ-ਮੁਖੜਾ ਲਿਸ਼ਕਦਾ ਦਿਸਣ ਲੱਗਾ।

ਉਹ ਪਿੰਡ ਪਹੁੰਚ ਗਿਆ। ਇੱਕ-ਦੋ ਕੁੱਤੇ ਹੌਲੀ ਦੇਣੇ ਭੌਂਕੇ, ਪਰ ਆਪਣੇ ਹੀ ਅਜਮੇਰ ਨੂੰ ਸਿਆਣ ਕੇ ਚੁੱਪ ਕਰ ਗਏ। ਉਹ ਜਾਣਦੇ ਸਨ ਕਿ ਉਹ ਬੀਬਾ ਮੁੰਡਾ ਹੈ। ਉਨ੍ਹਾਂ ਨੂੰ ਕੀ ਪਤਾ ਸੀ ਕਿ ਅੱਜ ਬੀਬਾ ਮੁੰਡਾ ਆਸ਼ਕੀ ਦੀ ਮੰਜ਼ਿਲ ਵੱਲ ਵਧ ਰਿਹੈ! ਅਜਮੇਰ ਭਾਨੋ ਮਾਸੀ ਦੇ ਘਰ ਕੋਲ ਜਾ ਕੇ ਸਾਈਕਲ ਤੋਂ ਉਤਰ ਗਿਆ। ਸਾਈਕਲ ਭਾਨੋ ਮਾਸੀ ਦੇ ਘਰ ਦੀ ਕੰਧ ਨਾਲ ਲਾ ਦਿਤਾ। ਆਪ ਗਲੀ ਦੇ ਵਿਚਕਾਰ ਖੜ੍ਹ ਕੇ ਮੂੰਹ ਸਰਦਾਰਾਂ ਦੀ ਹਵੇਲੀ, ਨਾ ਸੱਚ ਦਰਸ਼ਨ ਦੇ ਟਿਕਾਣੇ ਵੱਲ ਕਰ ਲਿਆ। ਦੋਵੇਂ ਹੱਥ ਬੰਦਨਾ ਵਿਚ ਜੋੜ ਕੇ ਅੱਧ-ਮੀਟੀਆਂ ਅੱਖਾਂ ਨਾਲ, ਦੋ-ਤਿੰਨ ਮਿੰਟ ਉਦਾਂ ਹੀ ਚੁੱਪ-ਚਾਪ ਖੜ੍ਹਾ ਉਧਰ ਵੇਖਦਾ ਰਿਹਾ। ਲੱਗਾ ਜਿਵੇਂ ਦਰਸ਼ਨ ਹਵੇਲੀ ਦੇ ਉਪਰਲੇ ਚੁਬਾਰਿਆਂ ਦੀ ਬਾਰੀ ਖੋਲ੍ਹ ਕੇ ਹੁਣੇ ਆਪਣਾ ਸੁੰਦਰ ਚਿਹਰਾ ਬਾਹਰ ਕੱਢੇਗੀ ਤੇ ਮੁਸਕਰਾਉਂਦੀ ਹੋਈ ਆਖੇਗੀ, "ਸੱਚ-ਮੁੱਚ ਈ ਪਾਗਲ ਐਂ ਤੂੰ ਤਾਂ ਜਮੇਰ!"

ਖਾਸਾ ਚਿਰ ਅਜਮੇਰ ਉਵੇਂ ਦਾ ਉਵੇਂ ਉਥੇ ਖੜ੍ਹਾ ਰਿਹਾ। ਦਰਸ਼ਨ ਨੇ ਆਪਣਾ ਸੁੰਦਰ ਚਿਹਰਾ ਨਾ ਬਾਹਰ ਕੱਢਣਾ ਸੀ, ਨਾ ਕੱਢਿਆ। ਫਿਰ ਵੀ ਅਜਮੇਰ ਇਸ ਅਹਿਸਾਸ ਨਾਲ ਵਾਪਸ ਮੁੜਿਆ, ਜਿਵੇਂ ਉਹ ਸਚਮੁੱਚ ਹੀ ਦਰਸ਼ਨ ਨੂੰ ਮਿਲ ਲਿਆ ਹੋਵੇ ਤੇ ਮਿਲਣ ਦਾ ਵਾਅਦਾ ਨਿਭਾ ਦਿੱਤਾ ਹੋਵੇ। ਅਜਿਹਾ ਸੀ, ਸਾਡੇ ਲੋਕ ਨਾਟਕਕਾਰ ਔਲਖ ਦਾ ਚੜ੍ਹਦੀ ਵਰੇਸ ਦਾ ਨਾਟਕੀ ਇਸ਼ਕ!

ਮਿਲਣ ਆਉਣ ਲੱਗਾ ਉਹ ਡਰ ਰਿਹਾ ਸੀ, ਪਰ 'ਮਿਲਣ' ਮਗਰੋਂ ਉਹਦਾ ਡਰ ਭਉ ਕਫੂਰ ਹੋ ਚੁਕਾ ਸੀ। ਚੰਨ-ਚਾਨਣੀ ਮਨ ਨੂੰ ਹੋਰ ਵੀ ਖਿਚ ਪਾਉਣ ਲੱਗ ਪਈ। ਨਹਿਰ ਦਾ ਪਾਣੀ ਹੋਰ ਵੀ ਲਿਸ਼ਕਣ ਲੱਗ ਪਿਆ। ਵਣ-ਤ੍ਰਿਣ, ਰੁੱਖ-ਬੂਟੇ, ਕਰੀਰ ਤੇ ਮਲ੍ਹਿਆਂ-ਝਾੜੀਆਂ ਵਿਚੋਂ ਮਹਿਕਾਂ ਆਉਣ ਲੱਗ ਪਈਆਂ!

ਦਸਵੀਂ ਕਰ ਕੇ ਅਜਮੇਰ ਤੇ ਹਾਕਮ ਖਾਲਸਾ ਕਾਲਜ, ਅੰਮ੍ਰਿਤਸਰ ਐਗਰੀਕਲਚਰ ਦਾ ਦਾਖਲਾ ਲੈਣ ਗਏ ਤਾਂ ਐਗਰੀਕਲਚਰ ਦਾ ਕੋਰਸ ਨਾ ਮਿਲ ਸਕਿਆ। ਫਿਰ ਉਹ ਆਰਟਸ ਵਿਚ ਦਾਖਲਾ ਲੈ ਕੇ ਐਗਰੀਕਲਚਰ ਦੀਆਂ ਖਾਲੀ ਹੋਣ ਵਾਲੀਆਂ ਸੀਟਾਂ ਦੀ ਉਡੀਕ ਵਿਚ ਕੁਝ ਸਮਾਂ ਖਰਾਬ ਕਰਨ ਮਗਰੋਂ ਪਿੰਡ ਪਰਤ ਆਏ। ਮਹੀਨੇ ਮਗਰੋਂ ਘਰ ਮੁੜੇ ਅਜਮੇਰ ਨੂੰ ਉਹਦੀ ਮਾਂ ਨੇ ਦੱਸਿਆ, "ਜਮੇਰ ਸਿਆਂ ਪੁੱਤਾ, ਭਾਊ ਤਾਂ ਚਲੇ ਗਏ ਆਪਣਾ ਪਿੰਡ ਛੱਡ ਕੇ।"

ਮਾਂ ਨੇ ਕੇਵਲ 'ਭਾਊਆਂ ਦੇ ਜਾਣ' ਦੀ ਗੱਲ ਕੀਤੀ, ਬਾਕੀ ਪਰਿਵਾਰਾਂ ਦੀ ਨਹੀਂ।

ਅਜਮੇਰ ਨੇ ਕਿਹਾ, "ਕੱਲੇ ਭਾਊ ਈ ਤਾਂ ਨੀ ਗਏ, ਬਾਕੀ ਵੀ ਤਾਂ ਗਏ ਨੇ।"

ਮਾਂ ਦਾ ਕਹਿਣਾ ਸੀ, "ਬਾਕੀ ਦਿਆਂ ਦਾ ਤਾਂ ਕੀ ਐ। ਮੈਂ ਤਾਂ ਦਰਸ਼ਨ ਕਰ ਕੇ ਕਹਿਨੀਂ ਐਂ। ਜਾਣ ਪਿੱਛੋਂ ਮੈਨੂੰ ਤਾਂ ਬਾਹਲਾ ਈ ਮੋਹ ਆਉਣ ਲੱਗ ਪਿਐ ਚੰਦਰੀ ਦਾ! ਬਾਹਲੀ ਸਿਆਣੀ ਕੁੜੀ ਸੀ, ਜੇ ਕਿਤੇ...।"

ਮਾਂ ਦੀ ਗੱਲ ਸੁਣ ਕੇ ਬਿਨਾ ਹੁੰਗਾਰਾ ਭਰੇ ਅਜਮੇਰ ਮਾਂ ਕੋਲੋਂ ਉਠਿਆ ਤੇ ਜਿਧਰ ਨਹਿਰ ਦੇ ਪਾਣੀ ਦੀਆਂ ਲਹਿਰਾਂ 'ਚੋਂ ਚੰਨ-ਚਾਨਣੀ ਵਿਚ ਲਿਸ਼ਕਦਾ ਦਰਸ਼ਨ ਦਾ ਚਿਹਰਾ ਵੇਖਿਆ ਸੀ, ਉਧਰ ਚਲਾ ਗਿਆ।



**ਸ਼ੌਰਟ ਕੱਟ ਵਾਇਆ ਲੌਂਗ ਰੂਟ**

**11**

**ਅਮਰੀਕ ਸਿੰਘ ਬਲ**
ਫੋਨ: 34602835897

# ਕਠਪੁਤਲੀਆਂ

***ਅਮਰੀਕ ਸਿੰਘ ਬਲ ਅੱਜ ਕੱਲ੍ਹ ਸਪੇਨ ਵੱਸਦਾ ਹੈ, ਪਰ ਉਥੇ ਪੁੱਜਣ ਦੀ ਜਿਹੜੀ ਕਹਾਣੀ ਉਸ ਨੇ ਆਪਣੀ ਪੋਥੀ 'ਸ਼ੌਰਟ ਕੱਟ ਵਾਇਆ ਲੌਂਗ ਰੂਟ' ਰਾਹੀਂ ਸੁਣਾਈ ਹੈ, ਉਹ ਲੂੰ-ਕੰਡੇ ਖੜ੍ਹੇ ਕਰਨ ਵਾਲੀ ਹੈ। ਦੇਸ ਤੋਂ ਪਰਦੇਸ ਪੁੱਜਣ ਦੀ ਇਸ ਮਾਰਮਿਕ ਕਹਾਣੀ ਦੀ ਗਿਆਰਵੀਂ ਕਿਸ਼ਤ ਹਾਜ਼ਰ ਹੈ। -ਸੰਪਾਦਕ***

ਬਾਰਾਂ ਕੁ ਵਜੇ ਫਰੰਟੀਅਰ ਚੌਕੀ ਤੋਂ ਦੋ ਫੌਜੀ ਸਾਨੂੰ ਲੈ ਕੇ ਖੇਤਾਂ ਵੱਲ ਤੁਰ ਪਏ। ਹਨੇਰੇ ਵਿਚ ਡਿਗਦੇ-ਢਹਿੰਦੇ ਇੱਕ ਥਾਂ ਰੁਕੇ, ਜਿਥੇ 3 ਮੋਰੱਕੀ ਬੰਦੇ ਫੌਜੀਆਂ ਨਾਲ ਆ ਕੇ ਗਿੱਟ-ਮਿੱਟ ਕਰਨ ਲੱਗੇ। ਪਤਾ ਨਹੀਂ ਕੀ ਸਲਾਹਾਂ-ਸਮਝੌਤੇ ਪ੍ਰਵਾਨ ਚੜ੍ਹੇ, ਇੱਕ ਫੌਜੀ ਨੇ ਉਨ੍ਹਾਂ ਦੀਆਂ ਜੇਬਾਂ 'ਚੋਂ ਨਿਕਲੀ ਕੋਈ ਚੀਜ਼ ਫੜ ਕੇ ਆਪਣੀ ਜੇਬ ਦੇ ਹਵਾਲੇ ਕੀਤੀ ਤੇ ਹਨੇਰੇ ਵਿਚ ਉਧਰ ਹੀ ਪਰਤ ਗਏ ਜਿਧਰੋਂ ਅਸੀਂ ਆਏ ਸਾਂ। ਸਾਡੀ ਖਰੀਦੋ-ਫਰੋਖਤ ਹੋ ਗਈ ਸੀ!

ਸ਼ਾਇਦ ਹੁਣ ਅਸੀਂ ਮਹਿਫੂਜ਼ ਹੱਥਾਂ 'ਚ ਸਾਂ। ਉਨ੍ਹਾਂ ਨੇ ਸਾਡੀ ਗੱਲ ਕਿਸੇ ਪਾਕਿਸਤਾਨੀ ਉਮਰ ਖਾਨ ਨਾਲ ਕਰਵਾਈ ਜਿਸ ਦੇ ਦਿਲਾਸਾ ਦਿੰਦੇ ਬੋਲਾਂ ਅਨੁਸਾਰ, ਉਹ ਸਤਨਾਮ ਦਾ ਦੋਸਤ ਸੀ ਤੇ ਉਸ ਨੇ ਹੀ ਸਾਨੂੰ ਸਪੇਨ ਦਾਖਲ ਕਰਵਾਉਣਾ ਸੀ। ਬਾਕੀ 25 ਜਣਿਆਂ ਬਾਰੇ ਪੁੱਛਿਆ ਤਾਂ ਅਸੀਂ ਮੋਟੇ-ਮੋਟੇ ਹਾਲਾਤ ਦੱਸਦਿਆਂ ਅਲਜ਼ੀਰੀਆ ਭੇਜ ਦਿੱਤੇ ਜਾਣ ਦਾ ਖਦਸ਼ਾ ਜ਼ਾਹਰ ਕੀਤਾ। ਉਮਰ ਖਾਨ ਨੇ ਗੱਲ ਮੁਕਾਈ, "ਤੁਮ ਲੋਗ ਇਨ ਕੇ ਸਾਥ ਜਾਓ, ਯੇ ਤੁਮਹੇਂ ਕਹੀਂ ਪਹੁੰਚਾ ਦੇਂਗੇ, ਉਧਰ ਕੁਛ ਦਿਨ ਰਹਿਨਾ, ਫਿਰ ਤੁਮ੍ਹੇਂ ਆਗੇ ਭੇਜ ਦੇਂਗੇ।"

ਅਸੀਂ ਬੇਅਵਾਜ਼ ਉਨ੍ਹਾਂ ਡੌਂਕਰਾਂ (ਮੁਖੀ ਮੁਹੰਮਦ) ਪਿੱਛੇ ਤੁਰਦੇ ਗਏ। ਇੱਕ ਉਜਾੜ ਡੇਰੇ 'ਤੇ ਬਿਠਾ, ਵਾਪਿਸ ਆਉਣ ਦਾ ਸਮਝਾ ਕੇ ਉਹ ਚਲੇ ਗਏ। ਸਾਡੇ ਵਿਚੋਂ ਚਾਰ 'ਅਮੀਰ ਮੁੰਡਿਆਂ' ਨੇ ਬੋਰੇ ਵਿਚੋਂ ਬਰੈਡ ਕੱਢ ਕੇ ਖਾਧੇ ਤੇ ਤਰਸ ਖਾ ਕੇ ਬਾਕੀਆਂ ਨੂੰ ਵੀ ਟੁਕੜੇ ਤਕਸੀਮ ਕੀਤੇ। ਠੰਢੀ ਹਵਾ ਚੱਲ ਰਹੀ ਸੀ। ਜੇਲ੍ਹ 'ਚੋਂ ਖਿਸਕਾ ਕੇ ਲਿਆਂਦੇ ਦੋ ਕੰਬਲਾਂ 'ਚ ਸਾਰੇ ਗੁੱਛ-ਮੁੱਛ ਹੋ ਬਹਿ ਗਏ।

ਘੰਟੇ ਕੁ ਪਿਛੋਂ ਰਸ਼ੀਦ ਉਨ੍ਹਾਂ ਨੂੰ ਕੁਝ ਦਰ੍ਹਾਮ ਦੇ ਕੇ ਸਾਨੂੰ ਨਾਲ ਲੈ ਤੁਰਿਆ। 13 ਗਰੀਬ ਗਊਆਂ ਸਿਰ ਸੁੱਟੀ ਤੇਜ਼ ਕਦਮੀਂ ਉਸ ਦੇ ਪਿੱਛੇ ਖੇਤੋ-ਖੇਤ ਚਲਦੀਆਂ ਗਈਆਂ। ਢਾਈ-ਤਿੰਨ ਕਿਲੋਮੀਟਰ ਪੈਦਲ ਮਾਰਚ ਪਿਛੋਂ ਖੇਤਾਂ ਦੇ ਸੀਨੇ ਵਿਚ ਗੱਡੇ ਤਿੰਨ-ਚਾਰ ਮਕਾਨਾਂ ਵਿਚੋਂ ਇੱਕ ਅੰਦਰ ਜਾ ਘੁਸੇ। ਖੁੱਲ੍ਹੇ-ਡੁੱਲ੍ਹੇ ਵਿਹੜੇ ਅਤੇ ਚਾਰ-ਪੰਜ ਕਮਰਿਆਂ ਵਾਲੇ ਇੱਕ-ਮੰਜ਼ਿਲਾ ਵੱਡੇ ਘਰ ਦਾ ਪਹਿਲਾ ਵੱਡਾ ਕਮਰਾ ਸਾਡੀ ਰਿਹਾਇਸ਼ਗਾਹ ਬਣ ਗਿਆ। ਦੋ-ਤਿੰਨ ਕੰਬਲ ਹੋਰ ਮਿਲ ਗਏ ਸਨ।

ਸਵੇਰੇ ਰਸ਼ੀਦ ਚਾਹ (ਕਾਹਵਾ) ਅਤੇ ਮੱਖਣ ਲੱਗੇ ਬਰੈਡ ਲਈ ਸਾਡੇ ਸਿਰ 'ਤੇ ਖੜ੍ਹਾ ਸੀ। ਪੇਟ ਅਤੇ ਮਨ ਤ੍ਰਿਪਤੀ ਦਾ ਅਨੰਦ ਲੈਣ ਲੱਗੇ। ਦੁਪਹਿਰੋਂ ਬਾਅਦ ਚੌਲ, ਗੰਢੇ, ਆਲੂ, ਮਿਰਚ-ਮਸਾਲਾ ਵੀ ਮਿਲ ਗਏ। ਰਸ਼ੀਦ ਨੇ ਉਮਰ ਖਾਨ ਨਾਲ ਫੋਨ 'ਤੇ ਸੰਪਰਕ ਕਰਵਾਇਆ। ਪਤਾ ਲੱਗਾ, ਕੁਝ ਦਿਨਾਂ ਵਿਚ ਅਗਲੇ ਡੌਂਕਰ ਇਥੋਂ ਲੈ ਜਾਣਗੇ। ਕਦੋਂ? ਕਿਵੇਂ? ਕਿਥੇ? ਕੁਝ ਪਤਾ ਨਹੀਂ।

ਰਸ਼ੀਦ ਦੇ ਘਰ ਜਿੰਨਾ ਵਕਤ ਅਸੀਂ ਕਿਆਮ ਕੀਤਾ, ਕੁਲ ਮਿਲਾ ਕੇ ਖਾਣਾ-ਪੀਣਾ, ਰਿਹਾਇਸ਼ ਸਭ ਠੀਕ ਸੀ। ਸਟੋਵ 'ਤੇ ਚੌਲ ਬਣਦੇ ਤੇ ਚਾਰ-ਚਾਰ ਜਣੇ 3 ਮੰਡਲੀਆਂ ਬਣਾ ਕੇ ਭੋਜਨ ਛਕਦੇ। ਦੁਪਹਿਰ ਨੂੰ ਕਮਰਾ ਕਾਫੀ ਹੁੰਮਸ ਭਰਿਆ ਹੋ ਜਾਂਦਾ। ਇੱਕੋ-ਇੱਕ ਖਿੜਕੀ ਸੀ ਤੇ ਦਰਵਾਜ਼ਾ ਗੁਆਂਢੀਆਂ ਦੀ ਆਵਾਜਾਈ ਕਰ ਕੇ ਬੰਦ ਰੱਖਿਆ ਜਾਂਦਾ ਸੀ। ਕਮਰੇ ਅਤੇ ਬਾਹਰੀ ਮੁੱਖ ਦਰਵਾਜ਼ੇ ਦੇ ਦਰਮਿਆਨ ਦੇਸੀ ਟੌਇਲਟ ਸੀ। ਰਸ਼ੀਦ ਦੇ ਕੁਟੰਬ ਵਿਚ ਬਜ਼ੁਰਗ ਮਾਂ-ਬਾਪ, ਦੋ ਭਰਾ ਤੇ ਇੱਕ ਭੈਣ ਸਨ। ਰਸ਼ੀਦ ਦੀ ਗੈਰ ਮੌਜੂਦਗੀ 'ਚ ਸਾਡੀ ਛੋਟੀ-ਮੋਟੀ ਜ਼ਿੰਮੇਵਾਰੀ ਭਰਾ ਜਾਂ ਬਜ਼ੁਰਗ ਮਾਂ-ਬਾਪ ਨਿਭਾਉਂਦੇ। ਰਸ਼ੀਦ ਦੇ ਫੋਨ 'ਤੇ ਦੋ-ਚਹੁੰ ਜਣਿਆਂ ਦੀ ਇੰਡੀਆ ਗੱਲਬਾਤ ਵੀ ਹੋ ਗਈ ਸੀ। ਮੇਰੀ ਵੀ ਮੰਮੀ ਨਾਲ ਗੱਲ ਹੋਈ। ਜਜ਼ਬਾਤੀ ਲਫਜ਼ਾਂ ਵਿਚ ਹੌਸਲਾ-ਅਫਜ਼ਾਈ ਹੋਈ। ਮੈਨੂੰ ਪਤਾ ਲੱਗਾ ਕਿ ਬਾਕੀ 25 ਮੁੰਡੇ ਅਲਜ਼ੀਰੀਆ ਜੇਲ੍ਹ 'ਚ ਸਨ। ਅਸੀਂ ਸੋਚ ਰਹੇ ਸਾਂ, ਖੁਸ਼ਕਿਸਮਤੀ ਨਾਲ ਬਚ ਗਏ ਤੇ ਉਨ੍ਹਾਂ ਤੋਂ ਪਹਿਲਾਂ ਸਪੇਨ ਪਹੁੰਚ ਜਾਵਾਂਗੇ।

ਪ੍ਰਤਾਪ ਸਰੀਰਕ ਪੱਖੋਂ ਸਾਡੇ 'ਚੋਂ ਸਭ ਤੋਂ ਪਤਲਾ ਤੇ ਖਾਣ ਪੱਖੋਂ ਸਭ ਤੋਂ ਵੱਡਾ ਭੁੱਖੜ ਸੀ। ਆਪਣਾ ਹਿੱਸਾ ਸਭ ਤੋਂ ਪਹਿਲਾਂ ਨਿਗਲ ਕੇ ਦੂਜਿਆਂ ਦੀਆਂ ਬੁਰਕੀਆਂ ਵੱਲ ਲਾਲਚੀ ਨਜ਼ਰਾਂ ਗੱਡੀ ਰੱਖਦਾ। ਛਿੰਦਾ ਵੀ ਉਸ ਤੋਂ 19-21 ਦੇ ਫਰਕ ਨਾਲ ਥੋੜ੍ਹਾ ਹੀ ਘੱਟ ਸੀ। ਬੰਟੀ ਅਰਬੀ ਕਦੀ ਖਾਣਾ ਬਣਾਉਣ 'ਚ ਮਦਦ ਨਾ ਕਰਦਾ, ਉਪਰੋਂ ਖਾਣ ਅਤੇ ਵੰਡ ਵੇਲੇ ਹਿੱਸੇ ਤੋਂ ਵੱਧ ਮੰਗਦਾ। ਕੰਧ ਨਾਲ ਢੋਹ ਲਾ ਕੇ ਮੱਥਾ ਫੜੀ ਸੋਚੀਂ ਪਿਆ ਰਹਿੰਦਾ। ਕਈ ਵਾਰ ਉਸ ਦੀ ਮੱਥਾ ਪਿੱਟਣ ਤੇ ਸਿਰ ਪਿੱਛੇ ਕੰਧ ਨਾਲ ਟਕਰਾਉਣ ਦੀ ਹਰਕਤ ਤੇਜ਼ ਹੋ ਜਾਣ ਨਾਲ ਬਾਕੀ ਵੀ ਅਸਹਿਜ ਹੋ ਜਾਂਦੇ। ਛਿਆਸੀ ਤਕਰੀਬਨ ਬੰਟੀ ਅਰਬੀ ਦੀਆਂ ਹਰਕਤਾਂ ਦੀਆਂ ਹਸਾਉਣੀਆਂ ਨਕਲਾਂ ਲਾ-ਲਾ ਕੇ ਸਭ ਦੇ ਚਿਹਰਿਆਂ 'ਤੇ ਹਾਸਾ ਲੈ ਆਉਂਦਾ।

ਰਸ਼ੀਦ ਤੋਂ ਮਿਲਦੀਆਂ ਸਿਗਰਟਾਂ ਛਿਆਸੀ, ਸਤਾਸੀ, ਨੀਲਾ ਤੇ ਬੰਟੀ-2 ਫੂਕਦੇ ਰਹਿੰਦੇ। ਰਣਜੀਤ, ਮਾਣਕ, ਪ੍ਰਤਾਪ ਤੇ ਛਿੰਦਾ ਅਮੂਮਨ ਬਾਰਾਂ ਟਹਿਣੀ ਖੇਡਦੇ। ਮੈਂ ਉਥੇ ਪਈ ਕਾਪੀ ਦੇ ਵਰਕੇ ਪਾੜ ਕੇ ਤਾਸ਼ ਬਣਾ ਲਈ ਤੇ ਭਾਬੀ ਦਿਓਰ, ਸੀਪ ਵਗੈਰਾ ਖੇਡਣ ਲਈ ਬੰਦੇ ਰਲਾ ਲਏ। ਤਾਸ਼ ਦੇ ਸ਼ੌਕੀਨ ਹੋਣ ਕਰ ਕੇ ਜ਼ਿੰਦਗੀ ਦੀ ਸਟੀਕ ਪਰਿਭਾਸ਼ਾ ਇਸ ਜ਼ਰੀਏ ਵੀ ਘੜ ਲਈ ਕਿ ਜ਼ਿੰਦਗੀ ਤਾਸ਼ ਦੀ ਫਲੈਸ਼ ਗੇਮ ਵਾਂਗ ਹੈ ਜਿਸ ਵਿਚ ਹਰ ਕੋਈ ਬਲਾਈਂਡ ਚਾਲਾਂ ਖੇਲਦਾ ਹੈ। ਕਿਸੇ ਨੂੰ ਅਹਿਸਾਸ ਨਹੀਂ ਕਿ ਬੰਦ ਪੱਤਿਆਂ ਵਿਚ ਕੀ ਏ। ਸ਼ਾਇਦ, ਜ਼ਿੰਦਗੀ ਇੰਜ ਹੀ ਚਲਦੀ ਹੈ।

ਕਦੇ-ਕਦੇ ਬੱਚਿਆਂ ਵਾਲੀ ਖੇਡ ਪਰਚੀਆਂ ਪਾ ਕੇ ਚੋਰ-ਸਿਪਾਹੀ ਖੇਡਣ ਲੱਗ ਪੈਂਦੇ। ਵਕਤ ਗੁਜ਼ਾਰੀ ਲਈ ਜੋ ਕਰ ਸਕਦੇ, ਕਰਦੇ। ਟੈਪੂ ਕਦੇ ਕਿਸੇ ਟੋਲੀ ਦਾ ਹਿੱਸਾ ਬਣ ਜਾਂਦਾ, ਕਦੇ ਕਿਸੇ ਦਾ। ਚਮਕੀਲਾ, ਬਹੁਤਾ ਲੰਮਾ ਪਿਆ ਸੋਚਦਾ ਰਹਿੰਦਾ, ਜਾਂ ਬੀਤੇ ਕੱਲ੍ਹ ਜਾਂ ਆਉਣ ਵਾਲੇ ਕੱਲ੍ਹ ਬਾਰੇ ਜੋ ਹਰ ਸੂਰਤ ਵਿਚ ਸਾਡੇ ਵੱਸੋਂ ਬਾਹਰ ਸੀ।

ਮੋਹਕਮ ਨਾਲ ਮੇਰਾ ਦੋਸਤੀ ਤੇ ਅਪਣੱਤ ਦਾ ਰਿਸ਼ਤਾ ਬਣ ਰਿਹਾ ਸੀ। ਉਹ ਖਾਮੋਸ਼ੀ ਧਾਰੀ ਰੱਖਦਾ, ਪਰ ਜਦੋਂ ਬੋਲਣ ਲਗਦਾ ਤਾਂ ਕਾਫੀ ਉਚੀ ਬੋਲਦਾ। ਅਸੀਂ ਘਬਰਾ ਕੇ ਉਸ ਨੂੰ ਸ਼ਾਂਤ ਕਰਦੇ। ਉਹ ਵੀ ਡੂੰਘੀਆਂ ਸੋਚਾਂ ਨਾਲ ਘੁਲਦਾ ਰਹਿੰਦਾ। ਖਾਣ-ਪੀਣ ਦੇ ਮਾਮਲੇ 'ਚ ਬੜਾ ਸਬਰ-ਸੰਤੋਖ ਵਾਲਾ ਸੀ। ਜੋ ਮਿਲ ਗਿਆ, ਜਿੰਨਾ ਮਿਲ ਗਿਆ, ਖਾ ਲੈਣਾ; ਨਾ ਮਿਲਿਆ, ਨਾ ਸਹੀ। ਕਦੇ ਕੋਈ ਸ਼ਿਕਵਾ-ਸ਼ਿਕਾਇਤ ਨਹੀਂ। ਬਾਅਦ 'ਚ ਉਸ ਨੇ ਮੈਨੂੰ ਦੱਸਿਆ ਕਿ ਉਸ ਕੋਲ 2000 ਡਾਲਰ ਸਨ। ਉਹ ਮੈਂ ਚੁੱਪ-ਚਾਪ ਉਸ ਦੀ ਕਮੀਜ਼ ਤੇ ਪੈਂਟ ਵਿਚ ਗੁਪਤ ਟਿਕਾਣੇ ਬਣਾ ਕੇ ਸੀਂ ਦਿੱਤੇ।



*ਮੋਰੱਕੋ ਦੇ ਸ਼ਹਿਰ ਨਾਦੌਰ ਦੀ ਇਕ ਸੈਰ-ਸਪਾਟੇ ਵਾਲੀ ਥਾਂ ਦੀ ਝਲਕ।*

ਤਕਰੀਬਨ ਸਾਰੇ ਖਾਮੋਸ਼ ਰਹਿੰਦੇ, ਜੇ ਬੋਲਦੇ ਤਾਂ ਬਹੁਤ ਧੀਮੀ ਆਵਾਜ਼ ਵਿਚ। ਸੱਤ ਦਿਨ ਆਲੇ-ਦੁਆਲੇ ਵਿਚਰਦੀ ਖਲਕਤ ਨੂੰ ਅਹਿਸਾਸ ਨਾ ਹੋਣ ਦਿੱਤਾ ਕਿ ਇਸ ਘਰ 'ਚ 13 ਗੈਰ ਕਾਨੂੰਨੀ ਘੁਸਪੈਠੀਏ ਹਨ। ਅੱਠਵੀਂ ਰਾਤ ਸਾਨੂੰ ਸੁੱਤਿਆਂ ਨੂੰ ਉਠਾ ਕੇ ਮਕਾਨਾਂ ਤੋਂ ਪਰੇ ਖੜ੍ਹੀ ਕਾਰ 'ਚ ਲਿਜਾ ਤੁੰਨਿਆ। ਤਿੰਨ ਜਣੇ ਪਿੱਛੇ ਡਿੱਗੀ ਵਿਚ ਵਾੜ ਦਿੱਤੇ। ਇੱਕ ਜਣਾ ਅੱਗੇ ਦੋ ਡੌਂਕਰਾਂ ਨਾਲ ਤੇ ਬਾਕੀ ਨੌਂ ਪਿਛਲੀ ਸੀਟ ਉਖਾੜ ਕੇ ਬਣਾਈ ਖਾਲੀ ਜਗ੍ਹਾ 'ਚ ਫਸ ਕੇ ਬੈਠ ਗਏ। ਇੱਕ ਦੂਜੇ ਨੂੰ ਬੋਲ-ਕਬੋਲ, ਹਾਏ-ਹਾਏ ਦੀਆਂ ਚੀਕਾਂ, ਮੇਰੀ ਲੱਤ, ਮੇਰਾ ਪੈਰ, ਮੇਰੀ ਪਿੱਠ ਜਿਹੇ ਸ਼ਬਦਾਂ ਨਾਲ ਰੋਂਦੀਆਂ ਆਵਾਜ਼ਾਂ ਗੂੰਜਦੀਆਂ। ਡੌਂਕਰ ਲਾਲ ਅੱਖਾਂ ਕੱਢ ਕੇ, ਭਿਅੰਕਰ ਕਿਸਮ ਦੀ ਅਰਬੀ ਉਗਲਦੇ ਹੱਥੋ-ਪਾਈ ਕਰਦੇ। ਡਿੱਕੀ ਵਾਲਿਆਂ ਦਾ ਤਾਂ ਹੋਰ ਵੀ ਬੁਰਾ ਹਾਲ ਸੀ। ਇੱਕ ਥਾਂ ਪੁਲ ਪਾਰ ਕਰਨ ਲਈ ਪਹਿਰਾ ਦਿੰਦੇ ਪੁਲਿਸ ਵਾਲਿਆਂ ਨੂੰ ਰਿਸ਼ਵਤ ਵੀ ਦੇਣੀ ਪਈ।

ਅੱਧੀ ਰਾਤ ਦੀ ਚੱਲੀ ਕਾਰ ਤੜਕੇ 5 ਕੁ ਵਜੇ ਉਜਾੜ ਜਿਹੀ ਜਗ੍ਹਾ 'ਤੇ ਅੱਪੜੀ। ਦੂਰ ਤਕ ਛੋਟੀਆਂ-ਛੋਟੀਆਂ ਪਹਾੜੀਆਂ ਨਜ਼ਰ ਪੈਂਦੀਆਂ ਸਨ। ਦੂਰ ਤਕ ਰਿਹਾਇਸ਼ੀ ਜਗ੍ਹਾ ਦਾ ਨਾਮੋ-ਨਿਸ਼ਾਨ ਨਹੀਂ ਸੀ। ਸਾਡੇ ਸਾਹਮਣੇ ਛੋਟੀ ਕੱਚੀ ਚਾਰਦੀਵਾਰੀ ਦੀ ਖੁੱਲ੍ਹੀ-ਡੁੱਲ੍ਹੀ ਵਲਗਣ ਵਿਚ ਢਹਿੰਦੇ-ਡਿੱਗਦੇ ਕੱਚੇ ਕਮਰਿਆਂ ਵਾਲੀ ਥਾਂ ਸੀ। ਬਹੁਤ ਖਸਤਾ-ਹਾਲ ਕਮਰਿਆਂ ਵਿਚੋਂ ਇੱਕ ਥੋੜ੍ਹੀ ਬਿਹਤਰ ਹਾਲਤ ਵਾਲੇ ਕੱਚੇ ਕਮਰੇ ਵਿਚ ਸਾਨੂੰ ਰਹਿਣ ਲਈ ਕਿਹਾ ਗਿਆ ਤੇ ਬਾਹਰ ਨਾ ਨਿਕਲਣ ਦੀ ਸਖਤ ਹਦਾਇਤ ਵੀ ਮਿਲੀ। ਖਾਣੇ-ਪਾਣੀ ਬਾਰੇ ਸਵਾਲ ਦੇ ਜਵਾਬ 'ਚ ਸ਼ਾਮ ਦਾ ਦਿਲਾਸਾ ਦੇ ਕੇ ਉਹ ਬਾਹਰ ਨਿਕਲ ਗਏ। ਮਿਲਿਆ ਪਾਣੀ ਪੀ ਕੇ ਸਭ ਲਿਟ ਗਏ। ਪੱਕਾ ਸੀ, ਕੁਝ ਦਿਨ ਇਥੇ ਰਹਿਣਾ ਪੈਣਾ ਸੀ। ਸਾਰੇ ਦਿਨ ਵਿਚ ਥੋੜ੍ਹਾ ਪਰੇ ਬਣੇ ਕੱਚੇ ਰਾਹ 'ਤੇ ਦੋ-ਤਿੰਨ ਗੱਡੀਆਂ, ਇੱਕ ਦੋ-ਵਾਰ ਦੋਪਹੀਆ ਵਾਹਨ ਤੇ ਦੋ ਵਾਰ ਆਜੜੀਆਂ ਦੇ ਭੇਡਾਂ-ਬੱਕਰੀਆਂ ਦੇ ਇੱਜੜ ਲੰਘੇ। ਅਸੀਂ ਸਾਵਧਾਨੀ ਨਾਲ ਖਾਮੋਸ਼ ਦਿਨ ਗੁਜ਼ਾਰਿਆ।

ਸ਼ਾਮ ਨੂੰ ਇੱਕ-ਇੱਕ ਬਰੈਡ ਇੱਕ-ਇੱਕ ਛੋਟੀ ਡੱਬੀ ਮੱਛੀ ਦੀ ਤੇ ਪਾਣੀ ਦੀ ਕੈਨੀ ਮਿਲ ਗਏ। ਡੌਂਕਰਾਂ ਦੀ ਅਰਬੀ, ਬੰਟੀ ਅਰਬੀ ਦੇ ਵੀ ਸਿਰ ਤੋਂ ਲੰਘ ਜਾਂਦੀ। ਉਹ ਸਫਾਈ ਦਿੰਦਾ, "ਇਥੇ ਦੀ ਅਰਬੀ ਦਾ ਤੇ ਡੁਬਈ ਦੀ ਅਰਬੀ ਦਾ ਬੜਾ ਫਰਕ ਏ।" ਫਿਰ ਵੀ ਉਹ ਗੰਭੀਰਤਾ ਨਾਲ ਟੁੱਟੇ-ਫੁੱਟੇ ਲਫਜ਼ ਡੌਂਕਰਾਂ ਨੂੰ ਸਮਝਾਉਂਦਾ, ਫਿਰ ਬੜੇ ਯਤਨ ਨਾਲ ਉਨ੍ਹਾਂ ਦੀ ਅਰਬੀ ਬੋਚਦਾ ਅਤੇ ਅਖੀਰ ਉਲਝੀ ਜਿਹੀ ਟਰਾਂਸਲੇਸ਼ਨ ਸਾਡੇ ਅੱਗੇ ਖਿਲਾਰ ਦਿੰਦਾ। ਮੋਰੱਕੀ ਕੁਝ ਸਮਝਾਉਂਦੇ, ਬੰਟੀ ਕੁਝ ਸਮਝਦਾ ਤੇ ਸਾਨੂੰ ਕੁਝ ਸਮਝਾਉਂਦਾ। ਅਖੀਰ ਅਸੀਂ ਸਮਝ ਜਾਂਦੇ ਕਿ ਕੋਈ ਵੀ ਕੁਝ ਨਹੀਂ ਸਮਝਿਆ।

ਬਸ ਮੋਟੀ-ਮੋਟੀ ਗੱਲ ਪਤਾ ਲੱਗੀ ਕਿ ਉਮਰ ਖਾਨ ਦਾ ਫੋਨ ਆਏਗਾ। 'ਨੋ ਮਨੀ' ਤੋਂ ਪਤਾ ਲੱਗਾ ਕਿ ਪੈਸੇ ਨਹੀਂ ਪਹੁੰਚੇ ਤੇ 'ਰਬਾਤ-ਰਬਾਤ' ਦੋਹਰਾਉਂਦੇ ਸਾਡੇ ਇੰਡੀਅਨ ਹਬੀਬਾਂ-ਦੋਸਤਾਂ ਦਾ ਜ਼ਿਕਰ ਕਰਦੇ (ਸਾਨੂੰ ਉਦੋਂ ਰਬਾਤ ਸ਼ਹਿਰ ਬਾਰੇ ਨਹੀਂ ਪਤਾ ਸੀ)। ਕੁਝ ਖਬਰ ਨਹੀਂ ਸੀ, ਕਿਥੇ ਜਾਣਾ ਏ? ਕਿਸ ਕੋਲ ਜਾਣਾ ਏ? ਕਦੋਂ ਤੇ ਕਿਸ ਨੇ ਲੈ ਜਾਣਾ ਏ? ਚਾਰ ਦਿਨ ਸਸ਼ੋਪੰਜ ਵਿਚ ਬੇਸਬਰੀ ਨਾਲ ਗੁਜ਼ਾਰੇ। ਪੰਜਵੇਂ ਦਿਨ ਡੌਂਕਰ ਗੁੱਸੇ ਨਾਲ ਉਮਰ ਖਾਨ ਨੂੰ ਗਾਲ੍ਹਾਂ ਕੱਢਦੇ ਅੰਦਰ ਵੜੇ। ਸਾਨੂੰ ਸਮਝ ਆ ਗਈ ਸੀ, ਉਮਰ ਖਾਨ ਸਾਡੇ ਇਥੇ ਲਿਆਉਣ ਦੇ ਪੈਸੇ ਨਹੀਂ ਸੀ ਪਹੁੰਚਾ ਰਿਹਾ ਤੇ ਪੈਸੇ ਤੋਂ ਬਿਨਾ ਇਨ੍ਹਾਂ ਸਾਨੂੰ ਨਹੀਂ ਸੀ ਛੱਡਣਾ। ਡੌਂਕਰਾਂ ਦੀਆਂ ਗਾਲ੍ਹਾਂ ਵਿਚ ਅਸੀਂ ਵੀ ਜ਼ੋਰ-ਸ਼ੋਰ ਨਾਲ ਸਾਥ ਦਿੱਤਾ ਕਿ ਸਾਨੂੰ ਕਿਉਂ ਫਸਾ ਛੱਡਿਆ ਸੀ!

ਉਸੇ ਸ਼ਾਮ ਤਿੰਨ ਆਜੜੀ ਬੱਕਰੀਆਂ ਦੇ ਇੱਜੜ ਨਾਲ ਮਕਾਨ ਦੀ ਵਲਗਣ 'ਚ ਆ ਵੜੇ। ਅਸੀਂ ਬੌਂਦਲੇ-ਘਬਰਾਏ ਲੁਕਣ ਦੀ ਕੋਸ਼ਿਸ਼ ਕੀਤੀ, ਪਰ ਉਹ ਹੈਰਾਨ ਹੁੰਦੇ ਸਾਡੇ ਸਾਹਮਣੇ ਆ ਖਲੋਏ। ਸਾਡੇ ਨਾਲ ਅਰਬੀ ਤੇ ਇਸ਼ਾਰਿਆਂ ਨਾਲ ਸਵਾਲ-ਜਵਾਬ ਕਰਨ ਲੱਗੇ, ਇਸਪਾਨੀਆ ਗੋ, ਮਲੀਲੀਆ। ਤੇ ਹੋਰ ਅਸਪਸ਼ਟ ਉਲਝੇ ਲਫਜ਼ਾਂ ਨੂੰ ਗੌਰ ਨਾਲ ਸੁਣਿਆ ਤੇ ਸਮਝਿਆ ਕਿ ਅਸੀਂ ਨਾਦੌਰ ਸ਼ਹਿਰ ਤੋਂ ਥੋੜ੍ਹਾ ਪਿੱਛੇ ਬੈਠੇ ਸਾਂ। ਉਸ ਤੋਂ ਅੱਗੇ ਮਲੀਲੀਆ ਹੈ, ਜੋ ਇਸਪਾਨੀਆ (ਸਪੇਨ) ਦੇ ਕਬਜ਼ੇ ਵਾਲਾ ਇਲਾਕਾ ਸੀ। ਅਸੀਂ ਉਥੇ ਹੀ ਦਾਖਲ ਹੋਣਾ ਸੀ।

ਇੱਕ ਮੋਰੱਕੀ ਨੇ ਆਪਣੀ ਫੋਟੋ ਵਾਲਾ ਪਛਾਣ ਪੱਤਰ ਦਿਖਾਇਆ ਜੋ ਉਸ ਦੇ 'ਮਲੀਲੀਆ-ਇਸਪਾਨੀਆ' ਵਿਚ ਕਰਮਚਾਰੀ ਜਾਂ ਕੁਝ ਹੋਰ ਹੋਣ ਦਾ ਸਬੂਤ ਸੀ। ਸਾਨੂੰ ਲੱਗਾ, ਉਨ੍ਹਾਂ ਤੋਂ ਘਬਰਾਉਣ ਵਾਲੀ ਕੋਈ ਗੱਲ ਨਹੀਂ। ਫਿਰ ਅਸੀਂ ਭੁੱਖ ਦਾ ਵਾਸਤਾ ਪਾਉਂਦਿਆਂ ਬੱਕਰੀਆਂ ਵੱਲ ਇਸ਼ਾਰਾ ਕਰਨ ਲੱਗੇ। ਦੁੱਧ ਵਾਲੀ ਗੱਲ ਸਮਝ ਕੇ ਉਨ੍ਹਾਂ ਹੱਸ ਕੇ ਸਿਰ ਹਿਲਾ ਦਿੱਤਾ। ਬਸ, ਫਿਰ ਕੀ ਸੀ, ਸਾਰੇ ਜਣੇ ਸ਼ਿਕਾਰੀ ਕੁੱਤਿਆਂ ਵਾਂਗ ਬਾਹਰ ਘਾਹ ਚਰਦੀਆਂ ਬੱਕਰੀਆਂ ਵੱਲ ਝਪਟੇ। ਪੰਜ-ਸੱਤ ਬੱਕਰੀਆਂ ਅਸੀਂ ਦੌੜ-ਦੌੜ ਕੇ ਫੜੀਆਂ ਤੇ ਚੋਈਆਂ। ਬਦਕਿਸਮਤੀ ਨਾਲ ਬੱਕਰੀਆਂ ਥੋੜ੍ਹਾ ਚਿਰ ਪਹਿਲਾਂ ਹੀ ਚੋਈਆਂ ਸਨ, ਫਿਰ ਵੀ ਘੁੱਟਾਂ ਦੇ ਹਿਸਾਬ ਨਾਲ ਵਾਰੀ-ਵਾਰੀ ਸਭ ਨੇ ਦੁੱਧ ਪੀ ਲਿਆ। ਇਹ ਲੋਕ ਬਾਹਰ ਬਣਾਏ ਖਾਤੇ ਵਿਚੋਂ (ਜਿਸ ਦੇ ਲੋਹੇ ਦੇ ਢੱਕਣ ਨੂੰ ਜਿੰਦਾ ਲਾ ਦਿੱਤਾ ਸੀ) ਪਾਣੀ ਦੀਆਂ ਦੋ ਕੈਨੀਆਂ ਭਰ ਕੇ ਅਤੇ ਆਪਣੇ ਖੋਤੇ 'ਤੇ ਲੱਦ ਕੇ ਤੁਰਦੇ ਬਣੇ।

ਦੁਪਹਿਰ ਨੂੰ ਕਿਸੇ ਖੁਸ਼ਖਬਰੀ ਵਾਂਗ ਡੌਂਕਰ ਪੁਰਾਣੀ ਮਿਕਦਾਰ ਵਿਚ ਖਾਣਾ-ਪਾਣੀ ਲੈ ਕੇ ਆ ਗਏ। ਉਨ੍ਹਾਂ ਸਾਨੂੰ ਵਾਇਰਲੈਸ ਵਰਗਾ ਫੋਨ ਦੇ ਕੇ ਕਿਹਾ, ਉਮਰ ਖਾਨ ਦਾ ਫੋਨ ਆਏਗਾ। ਉਮਰ ਖਾਨ ਦਾ ਫੋਨ ਆਇਆ ਤਾਂ ਅਸੀਂ ਰੋਟੀ-ਪਾਣੀ ਵਾਲਾ ਦਰਦ ਦੱਸਿਆ। ਉਸ ਨੇ ਕਿਹਾ, ਰਾਤ ਨੂੰ 12-1 ਵਜੇ ਅਹਿਮਦ ਆਏਗਾ, ਅਸੀਂ ਉਸ ਨਾਲ ਜਾਣਾ ਹੈ। ਸਾਨੂੰ ਕੁਝ ਰਾਹਤ ਮਹਿਸੂਸ ਹੋਈ।

12 ਕੁ ਵਜੇ ਫਿਰ ਫੋਨ ਆਇਆ, "ਬਤਾਓ ਤੁਮ ਕਿਸ ਜਗਹ ਹੋ, ਕੌਨ ਸਾ ਸ਼ਹਿਰ ਹੈ ਜਾਂ ਪਾਸ ਮੇਂ ਕੋਈ ਸੜਕ ਹੈ?" ਸਾਨੂੰ ਭਲਾ ਕੀ ਪਤਾ ਸੀ, ਖੇਹ ਤੇ ਸੁਆਹ। ਮੈਂ ਤੇ ਛਿਆਸੀ ਫੁਰਤੀ ਨਾਲ ਫੋਨ ਚੁੱਕ ਕੇ ਦੂਰ ਚਮਕਦੀਆਂ ਲਾਈਟਾਂ ਵਾਲੇ ਪਾਸੇ ਤੁਰ ਪਏ। ਪਹਾੜੀਆਂ 'ਚੋਂ ਹੁੰਦੇ ਹੋਏ ਖੇਤਾਂ ਵਿਚ ਦੀ ਲੰਘਦੇ, ਟਾਂਵੇਂ-ਟਾਂਵੇਂ ਘਰਾਂ ਅਤੇ ਭੌਂਕਦੇ ਕੁੱਤਿਆਂ ਤੋਂ ਦੂਰ-ਦੂਰ ਹੁੰਦੇ, ਇੱਕ ਸੜਕ 'ਤੇ ਜਾ ਪਹੁੰਚੇ। ਨੇੜੇ-ਤੇੜੇ ਕੋਈ ਮੀਲ-ਪੱਥਰ ਨਹੀਂ ਸੀ। ਸੜਕ ਪਾਰ ਰਿਹਾਇਸ਼ੀ ਇਲਾਕਿਆਂ ਵਿਚ ਜਾਣ ਦਾ ਜੋਖਮ ਨਹੀਂ ਸੀ ਸਹੇੜ ਸਕਦੇ। ਕਦੇ-ਕਦਾਈਂ ਕੋਈ ਵਾਹਨ ਗੁਜ਼ਰ ਜਾਂਦਾ ਸੀ। ਵਾਰ-ਵਾਰ ਫੋਨ ਖੜਕ ਪੈਂਦਾ, "ਪਤਾ ਚਲਾ ਕਹਾਂ ਪਰ ਹੋ?" ਜਲਦਬਾਜ਼ੀ ਵਿਚ ਇੱਕ ਥਾਂ ਬੁਰੀ ਤਰ੍ਹਾਂ ਡਿੱਗ ਕੇ ਮੇਰੀਆਂ ਦੋਵੇਂ ਤਲੀਆਂ ਵੀ ਛਿੱਲੀਆਂ ਗਈਆਂ, ਲਹੂ-ਲੁਹਾਣ ਹੋ ਗਈਆਂ।

ਥੋੜ੍ਹਾ ਤੇਜ਼ ਤੁਰਨ ਨਾਲ ਮੈਂ ਸਾਹੋ-ਸਾਹੀ ਹੁੰਦਾ ਗਿਆ। ਕਮਜ਼ੋਰੀ ਕਾਰਨ ਦੌੜਨਾ ਮੁਹਾਲ ਸੀ। ਭੁੱਖ-ਪਿਆਸ ਦੇ ਸਹਾਰੇ ਕਮਜ਼ੋਰੀ ਨੇ ਮੇਰੇ ਧੁਰ ਅੰਦਰ ਡੇਰੇ ਲਾ ਲਏ ਸਨ। ਗੁਜ਼ਰੇ ਬੇਰਹਿਮ ਮਹੀਨੇ ਦੀ ਕੱਟੀ ਭੁੱਖਮਰੀ ਤੇ ਗਰਮੀ ਨੇ ਜਿਵੇਂ ਜਿਸਮ ਨੂੰ ਅੰਦਰੋਂ ਘੁਣ ਬਣ ਕੇ ਚੂਸ ਲਿਆ ਸੀ।

ਡਿੱਗਦੇ-ਢਹਿੰਦੇ ਇੱਕ ਉਚੀ ਮੀਨਾਰ ਵਾਲੀ ਇਮਾਰਤ ਦਾ ਦਰਵਾਜ਼ਾ ਖੜਕਾ ਦਿੱਤਾ। ਖਾਨ ਦਾ ਫਿਰ ਫੋਨ ਆ ਗਿਆ ਸੀ। ਸਾਡੀ ਬੇਵਕਤੀ, ਬੇਤਕੱਲੁਫ ਦਸਤਕਾਂ ਦੇ ਜਵਾਬ ਵਿਚ ਅੰਦਰੋਂ ਚਿੜਚਿੜੀ, ਗੁਸੈਲ ਅਰਬੀ ਦਹਾੜੀ। ਮੈਂ ਅੱਡੀਆਂ ਚੁੱਕ ਕੇ ਗੇਟ ਉਪਰੋਂ ਫੋਨ ਦਿਖਾਇਆ। ਕੋਈ ਸ਼ਖਸ ਅੰਦਰੋਂ ਹੋਰ ਉਚੀ ਬੋਲਦਾ ਗਿਆ, ਭੜਕਦਾ ਗਿਆ। ਅੱਧੀ ਰਾਤ ਦਾ ਵਕਤ ਸੀ, ਉਪਰੋਂ ਉਸ ਨੂੰ ਸਾਡੀ ਕੋਈ ਸਮਝ ਨਹੀਂ ਸੀ ਆ ਰਹੀ, ਉਸ ਦਾ ਕਰੋਧ ਜਾਇਜ਼ ਸੀ। ਕੁਝ ਪਲ ਦੋ ਜੁਦਾ ਬੋਲੀਆਂ ਆਪਸ ਵਿਚ ਖਹਿਬੜਦੀਆਂ ਰਹੀਆਂ। ਇੱਕ ਦੂਜੇ ਤੋਂ ਬੇਗਾਨੇ ਲਫਜ਼ ਭਿੜਦੇ ਰਹੇ, ਪਰ ਨਤੀਜਾ ਕੁਝ ਨਾ ਨਿਕਲਿਆ।

ਅਚਾਨਕ ਛਿਆਸੀ ਨੇ ਫੋਨ ਮੇਰੇ ਹੱਥੋਂ ਫੜਿਆ ਤੇ ਕੰਧ ਵਿਚ ਬਣੇ ਮੋਘੇ ਰਾਹੀਂ ਹੱਥ ਵਧਾ ਕੇ ਫੜਾਉਣਾ ਚਾਹਿਆ ਕਿ ਉਹ ਖਾਨ ਨੂੰ ਦੱਸੇ, ਇਹ ਕਿਹੜੀ ਜਗ੍ਹਾ ਹੈ, ਪਰ ਤੇਜ਼ੀ ਨਾਲ ਫੌਰਨ ਹੀ ਹੱਥ ਖਿੱਚ ਕੇ ਪਿਛਾਂਹ ਹਟ ਗਿਆ। ਘਬਰਾਏ ਬੋਲਾਂ ਨੇ ਦੱਸਿਆ, "ਓ ਭਰਾਵਾ! ਉਹ ਤਾਂ ਹੱਥ 'ਚ ਤਲਵਾਰ ਲਈ ਖੜ੍ਹਾ ਏ, ਸ਼ੁਕਰ ਕਰ ਕਿਤੇ ਮੋਬਾਇਲ ਨੂੰ ਪਿਸਤੌਲ ਸਮਝ ਕੇ ਮੇਰਾ ਹੱਥ ਈ ਨਹੀਂ ਗੁੱਟ ਨਾਲੋਂ ਲਾਹ ਕੇ ਰੱਖ ਦਿੱਤਾ।"

ਖਾਨ ਦਾ ਫੋਨ ਲਗਾਤਾਰ ਆ ਰਿਹਾ ਸੀ। ਮੈਂ ਫੋਨ-ਫੋਨ ਦਾ ਰੌਲਾ ਪਾ ਕੇ, ਹਿੰਮਤ ਕਰ ਕੇ ਗੇਟ ਉਪਰੋਂ ਮੋਬਾਇਲ ਉਸ ਨੂੰ ਫੜਾ ਦਿੱਤਾ। ਖਾਨ ਨਾਲ ਅਰਬੀ ਅਜਨਬੀ ਨੇ ਗੱਲ ਕੀਤੀ। ਖਾਨ ਨੇ ਪਤਾ ਟਿਕਾਣਾ ਸਮਝ ਕੇ, ਫਿਰ ਨਵੇਂ ਡੌਂਕਰ ਨਾਲ ਸੰਪਰਕ ਕਰ ਕੇ ਦੁਬਾਰਾ ਸਾਨੂੰ ਕਿਹਾ, "ਨਯਾ ਡੌਂਕਰ ਅਹਿਮਦ ਏਕ ਘੰਟੇ ਮੇਂ ਤੁਮ ਤਕ ਪਹੁੰਚ ਜਾਏਗਾ, ਕਹੀਂ ਪਾਸ ਹੀ ਛੁਪ ਜਾਓ।" ਅਸੀਂ ਗੇਟ ਤੋਂ ਪਾਰ ਖੜ੍ਹੇ ਮਦਦਗਾਰ ਦਾ ਸ਼ੁਕਰੀਆ ਅਦਾ ਕਰ ਕੇ ਨੇੜੇ ਹੀ ਝਾੜੀਆਂ ਵਿਚ ਬਹਿ ਗਏ।

ਸੜਕ 'ਤੇ ਵਿਰਲਾ ਹੀ ਕੋਈ ਵਾਹਨ ਗੁਜ਼ਰਦਾ ਸੀ। ਘੰਟੇ ਕੁ ਪਿਛੋਂ ਅਸੀਂ ਇਮਾਰਤ ਤੋਂ ਥੋੜ੍ਹਾ ਹਟਵਾਂ, ਸੜਕ ਕੰਢੇ ਆ ਖਲੋਏ ਤਾਂ ਕਿ ਡੌਂਕਰ ਸਾਨੂੰ ਦੇਖ ਲਵੇ। ਅਖੀਰ ਤੇਜ਼ ਆਉਂਦੀ ਕਾਰ ਸਾਡੇ ਨੇੜੇ ਆਣ ਰੁਕੀ। ਇਸ਼ਾਰਾ ਹੋਇਆ, ਅਸੀਂ ਵਿਚ ਜਾ ਬੈਠੇ। ਡਰਾਇਵਰ ਸਾਧਾਰਨ ਕੱਦ ਦਾ ਮੋਟਾ ਮੋਰੱਕੀ ਸੀ ਜਿਸ ਦੇ ਸੱਜੇ ਹੱਥ 'ਤੇ ਪਲਸਤਰ ਕੀਤਾ ਸੀ।

ਅੰਦਾਜ਼ਨ ਅਸੀਂ ਟਿਕਾਣੇ ਤੋਂ ਦੋ-ਢਾਈ ਕੁ ਕਿਲੋਮੀਟਰ ਦੂਰ ਹੋਵਾਂਗੇ। ਡੌਂਕਰ ਕਾਰ ਹਨੇਰੀ ਦੀ ਚਾਲੇ ਭਜਾ ਰਿਹਾ ਸੀ। ਸੜਕੋਂ ਉਤਰੇ, ਆਪਣੇ ਕੱਚੇ ਰਾਹ 'ਤੇ ਕਾਫੀ ਅਗਾਂਹ ਆਏ ਤਾਂ ਕਾਰ ਦੀ ਰੌਸ਼ਨੀ 'ਚ ਅੱਗੇ ਤਿੰਨ ਰਾਹ ਅਲੱਗ-ਅਲੱਗ ਜਾਂਦੇ ਦਿਖੇ। ਅਸੀਂ ਚਕਰਾ ਗਏ, ਅੰਦਾਜ਼ਾ ਲਾਉਣਾ ਮੁਸ਼ਕਿਲ ਹੋ ਗਿਆ ਕਿ ਹਨੇਰੇ 'ਚ ਕਿਸ ਰਸਤਿਓਂ ਆਏ ਸਾਂ। ਡੌਂਕਰ ਦਿਸ਼ਾ ਪੁੱਛਦਾ ਹੋਇਆ ਗੁੱਸੇ ਨਾਲ ਵਿਫਰ ਗਿਆ। ਮੈਂ ਘਬਰਾ ਕੇ ਥੱਲੇ ਉਤਰਿਆ ਤੇ ਅੰਦਾਜ਼ਨ ਇੱਕ ਰਸਤੇ ਨੂੰ ਪਛਾਣਨ ਲਈ ਦੌੜ ਪਿਆ, ਪਰ ਇਹ ਰਸਤਾ ਉਹ ਨਹੀਂ ਸੀ। ਮੈਂ ਮੁੜਿਆ, ਕਾਰ ਵੀ ਪਿੱਛੇ ਆ ਰਹੀ ਸੀ। ਮੈਂ ਹੱਥ ਮਾਰ ਕੇ ਇਸ਼ਾਰਾ ਕੀਤਾ ਕਿ ਇਹ ਰਸਤਾ ਨਹੀਂ, ਪਰ ਕਾਰ ਦੀ ਗਤੀ ਨਾ ਘਟੀ। ਮੈਂ ਫੁਰਤੀ ਨਾਲ ਇੱਕ ਪਾਸੇ ਹੋ ਗਿਆ। ਫਿਰ ਵੀ ਕਾਰ ਦੀ ਇੱਕ ਸਾਇਡ ਮੇਰੀ ਲੱਤ ਨਾਲ ਘਿਸੜ ਗਈ, ਮੈਂ ਲੜਖੜਾ ਕੇ ਡਿੱਗ ਪਿਆ।

ਮੋਰੱਕੀ ਬਾਹਰ ਨਿਕਲ ਕੇ ਕਰੋਧ ਨਾਲ ਮੋਟੀ-ਗਾੜ੍ਹੀ ਅਰਬੀ ਉਗਲਣ ਲੱਗ ਪਿਆ। ਮੈਂ ਉਠਿਆ, ਸੱਟ ਜ਼ਿਆਦਾ ਨਹੀਂ ਸੀ, ਹਲਕਾ ਦਰਦ ਸੀ। ਮੈਂ ਉਸ ਦੇ ਨਿਰਦਈਪੁਣੇ 'ਤੇ ਹੱਕਾ-ਬੱਕਾ ਸੋਚ ਰਿਹਾ ਸਾਂ, ਇਸ ਜੱਲਾਦ ਡੌਂਕਰ ਦੀਆਂ ਨਜ਼ਰਾਂ 'ਚ ਇਨਸਾਨ ਦੀ ਜ਼ਿੰਦਗੀ ਦੀ ਕੋਈ ਕੀਮਤ ਨਹੀਂ। ਸੱਚ ਸੀ, ਕਾਰ ਦੀ ਟੱਕਰ ਨਾਲ ਮੈਂ ਮਰ ਵੀ ਜਾਂਦਾ ਤਾਂ ਕੌਣ ਸੀ ਕਿਸੇ ਨੂੰ ਪੁੱਛਣ ਵਾਲਾ! ਇੱਕ ਪਲ ਮੇਰੇ ਦਿਲ 'ਚੋਂ ਗੁੱਸੇ ਤੇ ਨਫਰਤ ਦਾ ਗੁਬਾਰ ਉਠਿਆ ਤੇ ਫਿਰ ਵਿਚੇ ਹੀ ਕਿਧਰੇ ਗੁੰਮ ਹੋ ਗਿਆ।

ਉਸ ਨੇ ਫਿਰ ਗੁਸੈਲ ਇਸ਼ਾਰੇ ਨਾਲ ਰਸਤਾ ਲੱਭਣ ਲਈ ਕਿਹਾ। ਬੜੇ ਸਬਰ ਤੇ ਨਮੋਸ਼ੀ ਨਾਲ ਮੈਂ ਖੇਤਾਂ-ਝਾੜੀਆਂ 'ਚ ਦੌੜਦਾ ਦੂਰ ਨਿਕਲ ਗਿਆ। ਇੱਕ ਡੰਡੀ ਤੋਂ ਅੱਗੇ ਹੋਰ ਡੰਡੀਆਂ ਨਿਕਲ ਆਉਂਦੀਆਂ ਸਨ। ਹਰ ਪਾਸੇ ਪਹਾੜੀ-ਟਿੱਲੇ ਸਨ, ਕੋਈ ਖਾਸ ਨਿਸ਼ਾਨੀ ਨਹੀਂ ਸੀ। ਕਿਸੇ ਰਾਹ ਭੱਜਦਾ ਫਿਰ ਅਨਜਾਣ, ਗਲਤ ਮਹਿਸੂਸ ਕਰ ਕੇ ਵਾਪਸ ਮੁੜ ਆਉਂਦਾ। ਥੋੜ੍ਹੇ ਚਿਰ ਬਾਅਦ ਨਿਰਾਸ਼ ਹੋ ਕੇ ਵਾਪਸ ਕਾਰ ਵਾਲੀ ਥਾਂ 'ਤੇ ਪਹੁੰਚਿਆ। ਨਾ ਮੋਰੱਕੀ ਸੀ, ਨਾ ਕਾਰ ਸੀ ਤੇ ਨਾ ਹੀ ਛਿਆਸੀ। ਮੈਂ ਘਬਰਾ ਕੇ ਫਿਰ ਗੂੜ੍ਹੀਆਂ ਘਸਮੈਲੀਆਂ ਰਾਹਾਂ 'ਤੇ ਦੌੜ ਪਿਆ-ਕਦੇ ਇਧਰ, ਕਦੇ ਉਧਰ। ਗਗਤੀ ਸਾਡੀ ਸੀ ਪਰ ਹਾਲਾਤ, ਹਨੇਰੇ, ਰਾਹ-ਡੰਡੀਆਂ, ਖੇਤ-ਪਹਾੜੀਆਂ 'ਚ ਉਲਝ ਕੇ ਮੁੜਨ ਵਾਲਾ ਰਸਤਾ ਗੁਆ ਬੈਠੇ ਸਾਂ। ਅੰਦਾਜ਼ਨ ਕਦੇ ਕਿਸੇ ਪਹਾੜੀ 'ਤੇ ਚੜ੍ਹਦਾ, ਕਦੇ ਕਿਸੇ 'ਤੇ। ਪਾਗਲਾਂ ਵਾਂਗ ਛਿਆਸੀ, ਬੰਟੀ, ਸਤਾਸੀ ਨੂੰ ਪੁਕਾਰਦਾ ਦੌੜਦਾ ਰਿਹਾ। ਠੋਕਰਾਂ ਖਾਂਦਾ, ਡਿਗਦਾ-ਸੰਭਲਦਾ ਰਿਹਾ। ਖਾਨ ਦਾ ਫੋਨ ਆਈ ਜਾਂਦਾ, "ਰਾਸਤਾ ਮਿਲ ਗਿਆ?" ਮੈਂ ਝੂਠਾ ਜਿਹਾ ਹੋਇਆ 'ਨਹੀਂ' ਆਖ ਇੱਕ ਪਾਸੇ ਦੌੜ ਪੈਂਦਾ।

ਪਹੁ ਫਟਣੀ ਸ਼ੁਰੂ ਹੋ ਗਈ ਸੀ। ਹਲਕੀ-ਹਲਕੀ ਸੱਜਰੀ ਲੋਅ ਨੇ ਸ੍ਰਿਸ਼ਟੀ ਦੇ ਕੈਨਵਸ ਦੇ ਰੰਗ ਉਘਾੜਨੇ ਸ਼ੁਰੂ ਕਰ ਦਿੱਤੇ। ਦੌੜ-ਭੱਜ ਕਾਰਨ, ਪਿਆਸ ਨਾਲ ਮੇਰਾ ਬੁਰਾ ਹਾਲ ਹੋ ਗਿਆ ਸੀ। ਆਖਰ ਖਾਨ ਦਾ ਆਖਰੀ ਫੋਨ ਆਇਆ, "ਰਾਤ ਕੋ ਅਹਿਮਦ ਤੁਮਹੇਂ ਫਿਰ ਲੇਨੇ ਆਏਗਾ, ਪੁਰਾਨੇ ਡੌਂਕਰੋਂ ਕੋ ਕਾਨੋਂ-ਕਾਨ ਖਬਰ ਨਹੀਂ ਹੋਨੀ ਚਾਹੀਏ ਕਿ ਤੁਮ ਯਹਾਂ ਸੇ ਜਾਨੇ ਵਾਲੇ ਹੋ।"


ਅਚਾਨਕ ਦੇਖਿਆ, ਖੂਹ ਦੇ ਕੰਢੇ ਲੋਹੇ ਦਾ ਪਾੜਛਾ ਡੰਗਰਾਂ ਨੂੰ ਪਾਣੀ ਪਿਲਾਉਣ ਲਈ ਰੱਖਿਆ ਸੀ। ਉਸ ਵਿਚ ਥੋੜ੍ਹਾ ਗੰਧਲਾ ਪਾਣੀ ਸੀ ਤੇ ਵਿਚ ਸੀ ਬੱਕਰੀਆਂ ਦੀਆਂ ਮੀਂਗਣਾਂ। ਖੂਹ ਵਿਚ ਦੇਖਿਆ, ਪਾਣੀ ਕੱਢਣ ਦਾ ਕੋਈ ਸਾਧਨ ਨਹੀਂ ਸੀ। ਪਾਣੀ ਤੋਂ ਬਿਨਾ ਲੱਗਦਾ ਸੀ, ਮੈਂ ਹੁਣੇ ਡਿੱਗਿਆ ਕਿ ਡਿੱਗਿਆ। ਜ਼ਿਆਦਾ ਸੋਚਣ ਨਾਲੋਂ ਮੈਂ ਅੱਖਾਂ ਮੀਟ ਕੇ ਉਹ ਗੰਦਾ ਪਾਣੀ ਬੁੱਕ ਭਰ ਕੇ ਪੀਤਾ। ਫਿਰ ਤੇਜ਼ੀ ਨਾਲ ਉਥੋਂ ਦੂਰ ਨਿਕਲ ਗਿਆ।

ਕੋਈ ਅਜਨਬੀ ਨਜ਼ਰੀਂ ਪਿਆ ਤਾਂ ਟੁੱਟੇ-ਫੁੱਟੇ ਸ਼ਬਦਾਂ ਤੇ ਇਸ਼ਾਰਿਆਂ ਨਾਲ ਜਿੰਨਾ ਹੋ ਸਕਿਆ, ਉਸ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ। 'ਹਬੀਬ ਹਬੀਬ' ਕਹਿ ਕੇ ਉਸ ਨੂੰ ਸਮਝਾਇਆ, ਮੇਰੇ ਦੋਸਤ ਇਥੇ ਕਿਤੇ ਹਨ, ਪਰ ਮੈਂ ਭੁੱਲ ਗਿਆ ਹਾਂ। ਉਹਨੂੰ ਸ਼ਾਇਦ ਪਤਾ ਸੀ, ਇਨ੍ਹਾਂ ਉਜਾੜਾਂ 'ਚ ਮੋਰੱਕੀ ਲੋਕ ਇੰਡੀਅਨ, ਪਾਕਿਸਤਾਨੀ, ਬੰਗਲਾਦੇਸ਼ੀ ਲੋਕਾਂ ਨੂੰ ਛੁਪਾ ਦਿੰਦੇ ਹਨ। ਉਹ ਉਜੜਿਆ ਮਕਾਨ ਵੀ ਕਿਸੇ ਤੋਂ ਛੁਪਿਆ ਨਹੀਂ ਸੀ। ਉਹ ਭਲਾਮਾਣਸ

*(ਬਾਕੀ ਅਗਲੇ ਸਫੇ 'ਤੇ)*

# ਵੱਤਰ ਅਤੇ ਵਾਟਰ


## ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353


'ਪੰਜਾਬੀ ਸਭਿਆਚਾਰਕ ਸ਼ਬਦਾਵਲੀ ਕੋਸ਼' ਅਨੁਸਾਰ ਵੱਤਰ ਸ਼ਬਦ ਦੀ ਪਰਿਭਾਸ਼ਾ ਹੈ, 'ਪਾਣੀ ਦੇਣ ਜਾਂ ਮੀਂਹ ਪੈਣ ਪਿੱਛੋਂ ਭੋਂ ਦੀ ਵਾਹੁਣ-ਬੀਜਣਯੋਗ ਨਮੀ ਦੀ ਹਾਲਤ।' ਗੁਰੂ ਗ੍ਰੰਥ ਸਾਹਿਬ ਵਿਚ ਇਹ ਸ਼ਬਦ ਵਤੁ ਦੇ ਸ਼ਬਦਜੋੜਾਂ ਵਿਚ ਆਉਂਦਾ ਹੈ, 'ਰੇ ਮਨ ਵਤੁ ਬੀਜਣ ਨਾਉ॥' (ਗੁਰੂ ਅਰਜਨ ਦੇਵ); 'ਲਬੁ ਵਤੁ ਦਰੋਗੁ ਬੀਉ ਹਾਲੀ ਰਾਹਕੁ ਹੇਤ॥', 'ਹਲੁ ਹਲੇਮੀ ਹਾਲੀ ਚਿਤੁ ਚੇਤਾ ਵਤੁ ਵਖਤ ਸੰਜੋਗੁ॥' (ਗੁਰੂ ਨਾਨਕ ਦੇਵ)

ਜਵਾਨੀ ਵਿਚ ਹੀ ਮੌਤ ਦੇ ਮੂੰਹ ਪੈ ਗਏ ਦੋ ਪ੍ਰਤਿਭਾਸ਼ਾਲੀ ਪੰਜਾਬੀ ਕਵੀਆਂ-ਪਾਸ਼ ਅਤੇ ਅਮਿਤੋਜ ਨੇ ਇਹ ਸ਼ਬਦ ਵਰਤੇ ਹਨ,

ਜੇ ਤੁਸੀਂ ਮਾਣੀ ਹੋਵੇ
ਗੰਡ 'ਚ ਜੰਮਦੇ ਤੱਤੇ ਗੁੜ ਦੀ ਮਹਿਕ
ਅਤੇ ਤੱਕਿਆ ਹੋਵੇ
ਸੁਹਾਗੀ ਹੋਈ ਵੱਤਰ ਭੋਂ ਦਾ
ਚੰਨ ਦੀ ਚਾਨਣੀ ਵਿਚ ਚਮਕਣਾ
ਤਾਂ ਤੁਸੀਂ ਜਰੂਰ ਕੋਈ ਚਾਰਾ ਕਰੋਗੇ
ਹਾਬੜੀ ਹੋਈ ਵੋਟ ਦੀ ਉਸ ਪਰਚੀ ਦਾ
ਜੋ ਲਾਲਾਂ ਸਿੱਟ ਰਹੀ ਹੈ
ਸਾਡੇ ਖੂਹਾਂ ਦੀ ਹਰਿਆਵਲ 'ਤੇ। (ਪਾਸ਼)

ਤੈਨੂੰ ਚਿੱਠੀ ਲਿਖਣ ਲੱਗਿਆਂ
ਮੇਰੇ ਮਨ 'ਚ ਇੱਕ ਸੰਸਾ ਸੀ।
ਜਿਵੇਂ ਮਾੜੇ ਵੱਤਰ ਵਿਚ ਬੀਜੀ ਕਣਕ ਦੇ
ਢੰਗੂਰ ਮਾਰਨ ਤੱਕ ਤੌਖਲਾ ਲੱਗਾ ਰਹੇ।
(ਅਮਿਤੋਜ)

ਵੱਤਰੇ ਦਾਣੇ ਦੇ ਫੁੱਟੇ ਅੰਗੂਰ ਨੂੰ ਢੰਗੂਰ ਆਖਦੇ ਹਨ, ਇਸ ਸ਼ਬਦ ਵਿਚ ਅੰਕੁਰ ਤੋਂ ਵਿਕਸਿਤ ਅੰਗੂਰ ਸ਼ਬਦ ਬੋਲਦਾ ਹੈ।

ਵੱਤਰ ਸ਼ਬਦ ਦਾ ਹੋਰ ਵਿਸਤ੍ਰਿਤ ਅਰਥ ਹੈ-ਕਿਸੇ ਕੰਮ ਲਈ ਮੁਆਫਕ ਵੇਲਾ ਜਾਂ ਸਹੀ ਮੌਕਾ। ਪੋਠੋਹਾਰੀ ਕਹਾਵਤ ਹੈ, "ਵੱਤਰ ਆਈ ਕੀ ਵਾਹਣਾ" ਅਰਥਾਤ ਮੁਆਫਕ ਹਾਲਤ ਨੂੰ ਵਰਤਣਾ। 'ਵੱਤਰ ਵਾਹ ਜਾਣਾ' ਦਾ ਮਤਲਬ ਹੈ-ਚਲਾਕੀਆਂ ਕਰ ਜਾਣਾ ਅਤੇ 'ਵੱਤਰ ਲੱਗੀ ਜਾਣਾ' ਥੁੱਕ ਲੱਗ ਜਾਣਾ ਹੁੰਦਾ ਹੈ। ਟਾਕਰੇ ਵਜੋਂ ਦੱਸ ਦੇਵਾਂ ਕਿ ਸਾਜ਼ਗਾਰ, ਮੁਆਫਕ, ਢੁਕਦਾ ਦੇ ਅਰਥਾਂ ਵਾਲਾ ਅੰਗਰੇਜ਼ੀ ਸ਼ਬਦ Opportune ਇਕ ਲਾਤੀਨੀ ਉਕਤੀ Ob portum veniens ਤੋਂ ਅਪਨਾਇਆ ਗਿਆ ਹੈ ਜਿਸ ਦਾ ਅਰਥ ਹੈ, 'ਬੰਦਰਗਾਹ ਵੱਲ ਨੂੰ ਆਉਂਦੀ (ਹਵਾ)।' ਅਜਿਹੀ ਹਵਾ ਜਹਾਜ਼ ਨੂੰ ਛੇਤੀ ਬੰਦਰਗਾਹ ਪਹੁੰਚਾਉਂਦੀ ਹੈ, ਇਸ ਲਈ ਸਾਜ਼ਗਾਰ ਹੈ। ਵੱਤਰ ਸ਼ਬਦ ਬਾਰੇ ਏਨੀ ਕੁ ਚਰਚਾ ਤੋਂ ਇਸ ਸ਼ਬਦ ਵਿਚ ਨਮੀ, ਗਿੱਲ ਦੇ ਅਰਥ ਝਲਕ ਰਹੇ ਦਿਸਦੇ ਹਨ। ਇਕ ਪੋਠੋਹਾਰੀ ਕੋਸ਼ ਨੇ ਇਸ ਸ਼ਬਦ ਦਾ ਅਰਥ ਨਮੀ ਹੀ ਦਿੱਤਾ ਹੈ।

ਵੱਤਰ ਦਾ ਇਕ ਰੁਪਾਂਤਰ ਵੱਤ ਕਈ ਖੇਤਰਾਂ ਵਿਚ ਬੋਲਿਆ ਜਾਂਦਾ ਹੈ, ਇਥੋਂ ਤੱਕ ਕਿ ਗੁਰਬਾਣੀ ਵਿਚ ਵੀ ਇਹ ਸ਼ਬਦ ਮੌਜੂਦ ਹੈ, 'ਵਤ ਲਗੀ ਸਚੇ ਨਾਮ ਕੀ ਜੋ ਬੀਜੇ ਸੋ ਖਾਇ॥' (ਗੁਰੂ ਅਰਜਨ ਦੇਵ)। ਦੁਆਬੀ ਵਿਚ 'ਵ' ਧੁਨੀ ਅਕਸਰ 'ਬ' ਵਿਚ ਵਟ ਜਾਂਦੀ ਹੈ, ਇਸ ਲਈ ਵੱਤ ਨੂੰ ਇਥੇ ਬੱਤ ਕਿਹਾ ਜਾਂਦਾ ਹੈ। 'ਵੱਤੇ ਈ ਆ' ਉਕਤੀ ਦਾ ਅਰਥ ਹੈ-ਠੀਕ ਠੀਕ ਹੀ ਹੈ, 'ਵਿਚਾਰੀ ਪੜ੍ਹਨ ਨੂੰ ਵੀ ਵੱਤੇ ਈ ਸੀ।' ਇੱਥੇ ਇਸ ਸ਼ਬਦ ਦਾ ਅਰਥ ਕੁਝ ਸੁੰਗੜ ਗਿਆ ਹੈ, ਜਿਵੇਂ ਸ਼ਬਦ 'ਸਾਵਾਂ' ਦਾ ਉਜ ਤਾਂ ਅਰਥ ਬਰਾਬਰ ਹੈ ਪਰ ਕਈ ਪ੍ਰਸੰਗਾਂ ਵਿਚ 'ਮਸਾਂ ਬਰਾਬਰ' ਬਣਦਾ ਹੈ। ਵੱਤ-ਕੁਵੱਤ ਸ਼ਬਦ ਜੁੱਟ ਦਾ ਅਰਥ ਹੈ, ਯੋਗ-ਅਯੋਗ। ਰਾਤ ਨੂੰ ਦੁੱਧ ਦਕਣ ਸਮੇਂ ਦੁੱਧ ਦੀ ਵੱਤ-ਕੁਵੱਤ ਵੀ ਪਰਖੀ ਜਾਂਦੀ ਹੈ। ਦਕਣ ਵੇਲੇ ਦੁੱਧ ਨਾ ਹੀ ਜ਼ਿਆਦਾ ਗਰਮ ਅਤੇ ਨਾ ਹੀ ਜ਼ਿਆਦਾ ਠੰਢਾ ਹੋਣਾ ਚਾਹੀਦਾ।

ਗ.ਸ. ਰਿਆਲ ਨੇ ਆਪਣੇ ਨਿਰੁਕਤ ਕੋਸ਼ ਵਿਚ ਵੱਤਰ ਜਾਂ ਵੱਤ ਸ਼ਬਦ ਦਾ ਅੰਤ੍ਰੀਵ ਭਾਵ 'ਮੁੜ ਉਚਿਤ ਹਾਲਤ ਵਿਚ ਆਉਣਾ' ਦੱਸਿਆ ਹੈ। ਸ਼ਾਇਦ ਉਨ੍ਹਾਂ ਦੀ ਮੁਰਾਦ ਹੈ, ਸਿੰਜੀ ਧਰਤੀ ਨੂੰ ਮੁੜ ਅਜਿਹੀ ਹਾਲਤ ਵਿਚ ਲਿਆਉਣਾ ਕਿ ਇਸ ਦੀ ਗਿੱਲ ਬੀਜ ਬੀਜਣ ਦੇ ਯੋਗ ਹੋ ਸਕੇ। ਉਨ੍ਹਾਂ ਇਸ ਨੂੰ ਸੰਸਕ੍ਰਿਤ ਧਾਤੂ ਵ੍ਰਤ ਨਾਲ ਜੋੜਿਆ ਹੈ ਜਿਸ ਵਿਚ ਘੁੰਮਣਾ, ਫਿਰਨਾ, ਮੁੜ ਉਸੇ ਹਾਲਤ ਆਉਣ ਦਾ ਭਾਵ ਹੈ। ਸੰਸਕ੍ਰਿਤ ਦਾ ਇਹ ਧਾਤੂ ਬਹੁਤ ਉਪਜਾਊ ਹੈ। ਅਸਲ ਵਿਚ ਹਿੰਦੀ-ਪੰਜਾਬੀ ਦੇ ਇਕ ਹੋਰ ਇਸੇ ਹਮਨਾਮ ਸ਼ਬਦ 'ਵੱਤ' ਵਿਚ ਮੁੜਨ, ਘੁੰਮਣ, ਫਿਰਨ ਦੇ ਭਾਵ ਸਪੱਸ਼ਟ ਹਨ। ਲਹਿੰਦੀ ਵਿਚ ਤਾਂ ਇਹ ਸ਼ਬਦ ਇਕ ਤਰ੍ਹਾਂ ਫਿਕਰਾ ਸ਼ੁਰੂ ਕਰਨ ਦਾ ਤਕੀਆ ਕਲਾਮ ਹੀ ਬਣ ਗਿਆ ਹੈ, "ਵੱਤ ਕੀ ਕਰੇਂਦਾ ਪਿਐਂ?" ਮਤਲਬ, ਮੁੜ ਕੀ ਕਰਦਾ ਏਂ? "ਪਹਿਲਾਂ ਕੰਮ ਖਤਮ ਕਰੀਦਾ, ਵੱਤ ਆਰਾਮ ਕਰੀਦਾ।"

ਕਿੱਸਿਆਂ ਤੇ ਸੂਫੀ ਕਲਾਮਾਂ ਵਿਚ ਇਹ ਸ਼ਬਦ ਆਮ ਹੀ ਮਿਲਦਾ ਏ,

ਤੂੰ ਹੀ ਜੀਂਵਦਾ ਦੀਦਨਾ ਦਏਂ ਸਾਨੂੰ
ਅਸਾਂ ਵੱਤ ਨਾ ਜਿਉਂਦਿਆਂ ਆਵਣਾ ਈ।
(ਹੀਰ ਵਾਰਿਸ)

ਰਾਤੀਂ ਸਵੇਂ ਦਿਹੇਂ ਫਿਰਦੀ ਤੂੰ ਵੱਤੇ,
ਤੇਰਾ ਖੇਡਣਿ ਨਾਲ ਬਪਾਰ, ਜਿੰਦੂ,
ਕਦੀ ਉਠ ਰਾਮ ਰਾਮ ਸਮਾਰ, ਜਿੰਦੂ।
(ਸ਼ਾਹ ਹੁਸੈਨ)

ਗੁਰੂ ਸਾਹਿਬਾਨ ਨੇ ਫੇਰਨ, ਮੁੜਨ ਆਦਿ ਦੇ ਅਰਥਾਂ ਵਿਚ ਇਸ ਦੇ ਕ੍ਰਿਆ ਰੂਪ ਵਰਤੇ ਹਨ, 'ਮਾਗਰਮਛੁ ਫਹਾਈਐ ਕੁੰਡੀ ਜਾਲੁ ਵਤਾਇ॥' ਹੋਰ ਦੇਖੋ, 'ਮਨਿ ਸਾਂਈ ਮੁਖਿ ਉਚਰਾ ਵਤਾ ਹਭੇ ਲੋਅ॥' (ਗੁਰੂ ਅਰਜਨ ਦੇਵ); 'ਹਰਿ ਕੇ ਸਖਾ ਸਾਧ ਜਨ ਨੀਕੇ ਤਿਨ ਊਪਰਿ ਹਾਥੁ ਵਤਾਵੈ॥' (ਗੁਰੂ ਰਾਮ ਦਾਸ)

ਇਸ ਤਰ੍ਹਾਂ ਰਿਆਲ ਦੇ ਤਰਕ ਨੇ (ਬਿਜਾਈ ਲਈ) ਢੁਕਵੀਂ ਗਿੱਲ ਜਾਂ ਸਮੇਂ ਨੂੰ ਮੁੜ ਉਸੇ ਹਾਲਤ ਵਿਚ ਆਉਣ ਦੇ ਭਾਵਾਂ ਨਾਲ ਜੋੜ ਕੇ ਦੋਹਾਂ ਹਮਨਾਮ ਸ਼ਬਦਾਂ ਨੂੰ ਸਜਾਤੀ ਬਣਾ ਦਿੱਤਾ ਹੈ। ਰਿਆਲ ਦਾ ਕੋਸ਼ ਮੁੱਖ ਤੌਰ 'ਤੇ ਰਾਲਫ ਲਿਲੀ ਟਰਨਰ ਦੇ ਪ੍ਰਸਿਧ 'ਹਿੰਦ-ਆਰੀਆਈ ਭਾਸ਼ਾਵਾਂ ਦਾ ਤੁਲਨਾਤਮਕ ਕੋਸ਼' ਉਤੇ ਆਧਾਰਤ ਹੈ। ਫਿਰ ਵੀ ਕਈ ਇੰਦਰਾਜਾਂ ਵਿਚ ਮਤਭੇਦ ਪ੍ਰਗਟ ਕਰਕੇ ਮੁਤਬਾਦਲ ਵਿਉਤਪਤੀਆਂ ਦਰਜ ਕੀਤੀਆਂ ਹਨ।



ਵੱਤਰ ਸ਼ਬਦ ਦੇ ਪ੍ਰਸੰਗ ਵਿਚ ਕਿਹਾ ਜਾ ਸਕਦਾ ਹੈ ਕਿ ਜਾਂ ਤਾਂ ਟਰਨਰ ਵਲੋਂ ਪੇਸ਼ ਕੀਤੀ ਨਿਰੁਕਤੀ ਉਨ੍ਹਾਂ ਦੀਆਂ ਨਜ਼ਰਾਂ ਵਿਚੋਂ ਨਹੀਂ ਗੁਜ਼ਰੀ ਜਾਂ ਉਨ੍ਹਾਂ ਨਜ਼ਰਅੰਦਾਜ਼ ਕਰ ਦਿੱਤੀ। ਦੂਸਰੀ ਹਾਲਤ ਵਿਚ ਉਹ ਅਕਸਰ ਆਪਣੇ ਕਾਰਨ ਦੱਸਦੇ ਹਨ ਪਰ ਅਜਿਹਾ ਨਹੀਂ ਕੀਤਾ।

ਮੈਂ ਟਰਨਰ ਦੀ ਵਿਆਖਿਆ ਨਾਲ ਸਹਿਮਤ ਹੁੰਦਿਆਂ ਇਸੇ ਨੂੰ ਪੇਸ਼ ਕਰਨ ਜਾ ਰਿਹਾ ਹਾਂ। ਸ਼ਿਆਮ ਦੇਵ ਪਰਾਸ਼ਰ ਨੇ ਵੀ ਇਧਰ ਹੀ ਸੰਕੇਤ ਕੀਤਾ ਹੈ। ਟਰਨਰ ਨੇ ਪੰਜਾਬੀ ਵੱਤਰ ਨੂੰ ਸੰਸਕ੍ਰਿਤ 'ਵਪਤਰ' ਤੋਂ ਵਿਉਤਪਤ ਹੋਇਆ ਦੱਸਿਆ ਹੈ। ਸੰਸਕ੍ਰਿਤ ਵਿਚ ਇਸ ਸ਼ਬਦ ਦੇ ਅਰਥ ਹਨ-ਬੀਜਣਾ, ਬੀਜੀ ਧਰਤੀ। ਸਿੰਧੀ ਵਤਰਣੁ ਸ਼ਬਦ ਦੇ ਅਰਥ ਹਨ-ਪਾਣੀ ਛਿੜਕ ਕੇ ਗਿੱਲਾ ਜਾਂ ਨਮ ਕਰਨਾ। ਲਹਿੰਦਾ ਵਤਰ ਦਾ ਅਰਥ ਹੈ-ਜ਼ਮੀਨ ਦੀ ਗਿੱਲ ਅਤੇ ਵਤਰੀ ਦਾ ਅਰਥ ਹੈ-ਗਿੱਲ। ਪੱਛਮੀ ਪਹਾੜੀ ਦੇ ਸ਼ਬਦ 'ਬਟਲ' ਦਾ ਵੀ ਇਹੋ ਅਰਥ ਹੈ। ਇੱਥੇ ਧੁੜ-ਬਟਲ ਦਾ ਮਤਲਬ ਹੈ-ਮਿੱਟੀ ਵਿਚ ਗਿਲ ਦੀ ਕਮੀ ਅਰਥਾਤ ਧੂੜ ਵਿਚ ਬੀਜਣਾ।

ਸਹਿਜੇ ਹੀ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਵਪਤਰ ਸ਼ਬਦ ਵਿਚੋਂ ਪਹਿਲਾਂ 'ਪ' ਧੁਨੀ ਲੋਪ ਹੋ ਕੇ ਵੱਤਰ ਸ਼ਬਦ ਬਣਿਆ ਤੇ ਫਿਰ 'ਰ' ਧੁਨੀ ਲੋਪ ਹੋ ਕੇ ਵੱਤ। ਭਾਵੇਂ ਹਰ ਤਰ੍ਹਾਂ ਦੀ ਵਿਆਖਿਆ ਵਿਚ ਗਿੱਲ, ਨਮੀ ਆਦਿ ਦੇ ਭਾਵ ਸਪੱਸ਼ਟ ਸਾਹਮਣੇ ਆਉਂਦੇ ਹਨ ਪਰ 'ਵਪਤਰ' ਸ਼ਬਦ ਵਿਚ ਕਾਰਜਸ਼ੀਲ 'ਵਪ' ਧਾਤੂ ਦੇ ਅਰਥ ਹਨ-ਖਿਲਾਰਨਾ, ਛਿੜਕਣਾ (ਖਾਸ ਤੌਰ 'ਤੇ ਬੀਜ)। ਇਸੇ ਤੋਂ ਇਸ ਦੇ ਬੀਜਣ ਦੇ ਅਰਥ ਵਿਕਸਿਤ ਹੁੰਦੇ ਹਨ ਕਿਉਂਕਿ ਬੀਜ ਖਿਲਾਰ ਕੇ ਹੀ ਬੀਜੇ ਜਾਂਦੇ ਹਨ। ਇਹ ਵੀ ਧਿਆਨਯੋਗ ਹੈ ਕਿ ਛਿੜਕਣਾ ਦੀ ਤਰ੍ਹਾਂ ਸ਼ਬਦ 'ਵਪ' ਤਰਲ ਲਈ ਵੀ ਅਤੇ ਦਾਣੇਦਾਰ ਵਸਤੂ ਲਈ ਵੀ ਵਰਤਿਆ ਜਾਂਦਾ ਹੈ। ਇਸ ਤੋਂ ਅੱਗੇ ਇਸ ਦੇ ਅਰਥ ਹਨ-ਸੁੱਟਣਾ (ਪਾਸਾ ਆਦਿ), (ਸੰਤਾਨ) ਪੈਦਾ ਕਰਨਾ। ਬੀਜ ਖਿਲਾਰ ਕੇ ਜਾਂ ਛਿੜਕ ਕੇ ਹੀ ਸੰਤਾਨ ਪੈਦਾ ਕੀਤੀ ਜਾਂਦੀ ਹੈ। ਦਿਲਚਸਪ ਗੱਲ ਹੈ ਕਿ ਕਈ ਸ੍ਰੋਤਾਂ ਅਨੁਸਾਰ ਇਸੇ ਭਾਵ ਤੋਂ ਬਾਪ, ਅੱਪਾ, ਅੱਬਾ, ਬਾਬਾ, ਬਾਬੂ, ਬਾਊ, ਬਾਬਲ, ਬੱਪਾ, ਬਾਪੂ ਸ਼ਬਦ ਬਣੇ ਹਨ ਜੋ ਸੰਤਾਨ ਉਤਪਤੀ ਲਈ (ਵੀਰਜ) ਛਿੜਕਣ ਦਾ ਇਹ ਕਾਰਜ ਨਿਭਾਉਂਦੇ ਹਨ! ਖੈਰ, ਇਸ ਨਿਰਣੇ ਦੀ ਪਰਖ ਫਿਰ ਕਰਾਂਗੇ। ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ ਇਸ ਵਿਆਖਿਆ ਅਨੁਸਾਰ ਵੱਤਰ 'ਬੀਜ ਖਿਲਾਰੇ ਜਾਣ ਯੋਗ ਹੋਣ ਦੀ ਹਾਲਤ' ਹੈ।

ਹਰਭਜਨ ਸਿੰਘ ਦੇਹਰਾਦੂਨ ਤੇ ਹੋਰਨਾਂ ਦੀ ਮੁੱਖ ਸੰਪਾਦਕੀ ਹੇਠ ਪ੍ਰਕਾਸ਼ਿਤ ਪੰਡਤ ਗਿਆਨੀ ਹਜ਼ਾਰਾ ਸਿੰਘ ਦੀ ਕ੍ਰਿਤ 'ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼' ਅਨੁਸਾਰ "ਪਹਿਲਾਂ ਵੱਤਰ ਪਾਣੀ ਦਾ ਨਾਮ ਸੀ ਫੇਰ ਨਮੀ ਦਾ ਹੋਇਆ। ਮੁਕਾਬਲਾ ਕਰੋ, ਅੰਗਰੇਜ਼ੀ ਦਾ ਪਦ ਵਾਟਰ=ਪਾਣੀ, ਜਰਮਨੀ ਵਬਰ=ਪਾਣੀ।" ਵੱਤਰ ਸ਼ਬਦ ਨੂੰ ਅੰਗਰੇਜ਼ੀ, ਜਰਮਨ ਦੇ ਇਨ੍ਹਾਂ ਸ਼ਬਦਾਂ ਨਾਲ ਜੋੜਨਾ ਨਿਰੀ ਕਿਆਸਅਰਾਈ ਹੈ। ਸੰਸਕ੍ਰਿਤ ਵਿਚ ਵੱਤਰ ਸ਼ਬਦ ਪਾਣੀ ਵਜੋਂ ਕਿੱਥੇ ਵਰਤਿਆ ਗਿਆ ਹੈ? ਸ਼ਬਦਾਂ ਦੇ ਇਤਿਹਾਸ ਫੋਲੇ ਬਿਨਾ ਨਿਰੀ ਧੁਨੀ ਤੇ ਅਰਥ ਦੀ ਕੁਝ ਸਮਾਨਤਾ ਦੇਖ ਕੇ ਨਤੀਜੇ ਕੱਢਣਾ ਮਨਘੜਤ ਵਿਉਤਪਤੀ ਹੈ।

ਹਾਂ, ਅੰਗਰੇਜ਼ੀ ਵਾਟਰ ਸ਼ਬਦ ਜ਼ਰੂਰ ਭਾਰੋਪੀ ਹੈ ਤੇ ਇਸ ਦੇ ਸਜਾਤੀ ਸ਼ਬਦ ਹੋਰ ਭਾਸ਼ਾਵਾਂ ਤੋਂ ਬਿਨਾ ਸੰਸਕ੍ਰਿਤ ਵਿਚ ਵੀ ਮਿਲਦੇ ਹਨ। ਇਸ ਦਾ ਭਾਰੋਪੀ ਮੂਲ Wod ਜਾਂ Wed ਕਲਪਿਆ ਗਿਆ ਹੈ। ਇਸ ਵਿਚ ਪਾਣੀ, ਨਮੀ, ਗਿੱਲ ਦੇ ਭਾਵ ਹਨ। ਅੰਗਰੇਜ਼ੀ ਤੋਂ ਬਿਨਾ ਕਈ ਜਰਮੈਨਿਕ ਭਾਸ਼ਾਵਾਂ ਵਿਚ ਇਸ ਨਾਲ ਮਿਲਦੇ-ਜੁਲਦੇ ਸ਼ਬਦ ਹਨ। ਮਿਸਾਲ ਵਜੋਂ ਜਰਮਨ ਵਾਸਾ, ਗੌਥਿਕ ਵਾਟੋ, ਡੱਚ ਵਾਟਰ, ਰੂਸੀ ਵਾਦੀ, ਕਰੋਸ਼ੀਅਨ ਭਾਸ਼ਾਵਾਂ ਵੋਦਾ, ਲਿਥੂਏਨੀਅਨ ਵੰਦੁਓ, ਗਰੀਕ ਹਾਈਡਰੋ ਆਦਿ।

ਸੰਸਕ੍ਰਿਤ ਵਿਚ ਇਸ ਦਾ ਸਜਾਤੀ ਧਾਤੂ ਹੈ, 'ਉਦ' ਜਿਸ ਵਿਚ ਪਾਣੀ ਦੇ ਭਾਵ ਹਨ। ਉਦ ਦਾ ਇਕ ਅਨੁਨਾਸਕ ਰੂਪ ਉਂਦ ਵੀ ਹੈ। ਉਦ ਕ੍ਰਿਆ ਦੇ ਅਰਥ ਹਨ-ਵਹਿਣਾ, ਚਸ਼ਮੇ ਦਾ ਫੁੱਟਣਾ, ਗਿੱਲਾ ਹੋਣਾ, ਨਹਾਉਣਾ ਆਦਿ। ਇਸ ਸ਼ਬਦ ਨੂੰ ਸਮਾਸ ਬਣਾਉਣ ਵਿਚ ਵਰਤਿਆ ਗਿਆ ਹੈ ਜਿਵੇਂ ਉਦ-ਪਾਤਰ ਅਰਥਾਤ ਜਲਪਾਤਰ; ਕੁਝ ਕੋਸ਼ਾਂ ਵਿਚ ਇਸ ਨੂੰ ਗਲਾਸ ਦੇ ਅਰਥਾਂ ਵਿਚ ਲਿਆ ਗਿਆ ਹੈ। ਉਦਕ ਦਾ ਅਰਥ ਪਾਣੀ ਹੈ, 'ਆਠ ਪਹਰ ਉਦਕ ਇਸਨਾਨੀ॥' (ਗੁਰੂ ਅਰਜਨ ਦੇਵ); 'ਰਾਮ ਉਦਕਿ ਤਨੁ ਜਲਤ ਬੁਝਾਇਆ॥' (ਭਗਤ ਕਬੀਰ)। ਉਦਧ ਦਾ ਅਰਥ ਹੈ-ਸਮੁੰਦਰ, 'ਉਦਧਿ ਗੁਰੁ ਗਹਿਰ ਗੰਭੀਰ ਬੇਅੰਤੁ ਹਰਿ॥' (ਗੁਰੂ ਰਾਮ ਦਾਸ)। ਸਮੁੰਦਰ (ਸਮ+ਉਂਦ) ਸ਼ਬਦ ਵਿਚ ਵੀ ਉਂਦ ਬੋਲਦਾ ਹੈ। ਉਦਬਿਲਾਊ (ਇਕ ਮੱਛਖੋਰ ਜਾਨਵਰ) ਦਾ ਸ਼ਾਬਦਿਕ ਅਰਥ ਹੈ-ਪਾਣੀ ਦਾ ਬਿੱਲਾ। ਅੰਗਰੇਜ਼ੀ ਵਿਚ ਇਸ ਜਾਨਵਰ ਨੂੰ Otter ਆਖਦੇ ਹਨ। ਇਸ ਦੇ ਪ੍ਰਾਚੀਨ ਰੂਪ Udros ਵਿਚ ਵੀ Udro, ਇਹੋ ਪਾਣੀ ਦੇ ਅਰਥਾਂ ਵਾਲਾ ਸ਼ਬਦ ਹੈ। ਸੰਸਕ੍ਰਿਤ ਉਦਰ ਅਤੇ ਹਿੰਦੀ ਉਦ ਦਾ ਅਰਥ ਵੀ ਊਦਬਿਲਾਊ ਹੈ।

ਪਲੈਟਸ ਦਾ ਅਨੁਮਾਨ ਹੈ ਕਿ ਉਤ ਸ਼ਬਦ ਇਸੇ ਉਦ ਦਾ ਵਿਗਾੜ ਹੋ ਸਕਦਾ ਹੈ ਕਿਉਂਕਿ ਉਦ ਦਾ ਇਕ ਅਰਥ ਸਿੱਧੜ, ਮੂਰਖ ਹੈ। ਅਵੇਸਤਾ ਵਿਚ ਵੀ ਇਨ੍ਹਾਂ ਹੀ ਅਰਥਾਂ ਵਿਚ ਉਦਰਾ ਸ਼ਬਦ ਮਿਲਦਾ ਹੈ ਪਰ ਇਸ ਦਾ ਅਜੋਕਾ ਫਾਰਸੀ ਰੂਪ ਮੈਨੂੰ ਨਹੀਂ ਮਿਲਿਆ। ਰੂਸੀ ਆਦਿ ਭਾਸ਼ਾਵਾਂ ਵਿਚ ਪਾਣੀ ਲਈ ਵੋਦਾ ਸ਼ਬਦ ਹੈ। ਇਕ ਤਰ੍ਹਾਂ ਦੀ ਸ਼ਰਾਬ ਵੋਦਕਾ ਸ਼ਬਦ ਵੋਦਾ ਦੇ ਪਿਛੇ ਲਘੂਤਾਸੂਚਕ ਪਿਛੇਤਰ 'ਕਾ' ਲਗ ਕੇ ਬਣਿਆ ਹੈ। ਇਸ ਦਾ ਸ਼ਾਬਦਿਕ ਅਰਥ ਬਣਦਾ ਹੈ-ਥੋੜਾ ਪਾਣੀ। ਵਿਸਕੀ ਸ਼ਬਦ ਵਿਚ ਵੀ ਪਾਣੀ ਮਿਲਾਇਆ ਗਿਆ ਹੈ। ਇਸ ਦਾ ਪੁਰਾਣਾ ਰੂਪ ਸੀ, Ud-skio ਜਿਸ ਦਾ ਸ਼ਾਬਦਿਕ ਅਰਥ ਹੈ-ਜ਼ਿੰਦਗੀ ਦਾ ਪਾਣੀ, ਅੰਮ੍ਰਿਤ। ਇਹ ਜਾਣ ਕੇ ਕੌਣ ਨਹੀਂ ਵਿਸਕੀ ਪੀਏਗਾ?

ਉਪਰੋਕਤ ਧਾਤੂ ਤੋਂ ਜਰਮੈਨਿਕ, ਗਰੀਕ, ਲਾਤੀਨੀ ਅਤੇ ਸਲਾਵਿਕ ਭਾਸ਼ਾਵਾਂ ਵਲੋਂ ਵਿਕਸਿਤ ਹੋ ਕੇ ਅੰਗਰੇਜ਼ੀ ਵਿਚ ਆਏ ਕੁਝ ਹੋਰ ਸ਼ਬਦ ਹਨ: Abound, Dropsy, Hydra, Hydrangea, Hydraulic, Hydrogen, Inundate, Redound, Redundant, Surround, Undulate, Wash, Wet, Winter.

# ਕਠਪੁਤਲੀਆਂ

*(ਪਿਛਲੇ ਸਫੇ ਦੀ ਬਾਕੀ)*

ਕਾਫੀ ਦੂਰ ਤਕ ਨਾਲ ਲਿਜਾ ਕੇ ਮੈਨੂੰ ਰਸਤੇ ਪਾ ਆਇਆ। ਅੱਗੇ ਰਸਤਾ ਯਾਦ ਆ ਗਿਆ ਸੀ। ਟਿਕਾਣੇ ਪਹੁੰਚ ਕੇ ਆਪ-ਬੀਤੀ ਮੁੰਡਿਆਂ ਨੂੰ ਸੁਣਾਈ। ਛਿਆਸੀ ਬਾਰੇ ਫਿਕਰਮੰਦੀ ਜ਼ਾਹਰ ਕੀਤੀ ਤਾਂ ਉਹ ਇੱਕ ਪਾਸੇ ਲੁਕਿਆ ਬੈਠਾ ਸੀ। ਹੱਸਦਾ ਹੋਇਆ ਬਾਹਰ ਨਿਕਲਦਾ ਬੋਲਿਆ, "ਮੈਂ ਵੀ ਹੁਣੇ ਪਹੁੰਚਾਂ, ਰਾਹ ਮਸੀਂ ਲੱਭਿਆ।"

ਫਿਲਹਾਲ ਸਾਹਮਣੇ ਪੂਰੇ ਦਿਨ ਦਾ ਇੰਤਜ਼ਾਰ ਪਸਰਿਆ ਪਿਆ ਸੀ। ਸ਼ਾਮ ਨੂੰ ਡੌਂਕਰ ਰਾਸ਼ਨ ਪਾਣੀ ਲੈ ਆਏ ਤਾਂ ਅਸੀਂ ਉਦਾਸ ਤੇ ਫਿਕਰਮੰਦ ਲਹਿਜੇ ਵਿਚ ਪੁੱਛਿਆ ਕਿ ਖਾਨ ਦਾ ਕੋਈ ਫੋਨ ਨਹੀਂ ਆਇਆ? ਉਹ ਫਿਰ ਗੁੱਸੇ 'ਚ ਫਟ ਪਏ ਤੇ ਉਮਰ ਖਾਨ ਨੂੰ ਗਾਲ੍ਹਾਂ ਕੱਢਦੇ ਬਾਹਰ ਨਿਕਲ ਗਏ। ਸਾਡੇ ਚਿਹਰਿਆਂ 'ਤੇ ਗੁੱਝੀ ਮੁਸਕਣੀ ਸੀ।

ਰਾਤ ਦਾ ਹਨੇਰਾ ਸ਼ਾਮ ਦੀ ਡਿਓੜੀ 'ਤੇ ਦਸਤਕ ਦੇ ਰਿਹਾ ਸੀ। ਪਾਣੀ ਦੀਆਂ ਚਾਰ-ਪੰਜ ਬੋਤਲਾਂ ਭਰ ਲਈਆਂ, ਕੰਬਲ ਵਗੈਰਾ ਬੰਨ੍ਹ ਲਏ। ਕੈਨੀ ਵਿਚੋਂ ਬਚਿਆ ਪਾਣੀ ਜਿੰਨਾ ਕੋਈ ਪੀ ਸਕਦਾ ਸੀ, ਪੀ ਲਿਆ। ਛਿਆਸੀ ਨੂੰ ਅਹਿਮਦ 10 ਵਜੇ ਦਾ ਵਕਤ ਅਤੇ ਨਿਸ਼ਚਿਤ ਜਗ੍ਹਾ ਦੱਸ ਗਿਆ ਸੀ। ਅਸੀਂ ਨੌਂ ਵਜੇ ਖਾਮੋਸ਼ੀ ਨਾਲ ਤੈਅਸ਼ੁਦਾ ਟਿਕਾਣੇ ਵੱਲ ਚਾਲੇ ਪਾ ਦਿੱਤੇ। ਸਾਰਾ ਆਲਮ ਸਨਸਨਾਉਂਦੀ ਚੁੱਪ ਵਿਚ ਰੁਝਿਆ ਠੰਢੀ ਹਵਾ ਦੇ ਬੁੱਲਿਆਂ ਵਿਚ ਸਰੋਬਾਰ ਸੀ ਜਦੋਂ 26-26 ਕਦਮਾਂ ਦੀ ਹਲਚਲ ਨੇ ਉਸ ਮਗਨਤਾ ਵਿਚ ਵਿਘਨ ਪਾ ਦਿੱਤਾ। ਰਸਤਾ ਕੱਲੂ ਵਾਲਾ ਹੀ ਸੀ। ਸਾਵਧਾਨੀ ਨਾਲ ਤੁਰਦੇ ਅੱਧੇ ਕੁ ਘੰਟੇ ਵਿਚ ਅਸੀਂ ਨਿਸ਼ਚਤ ਥਾਂ 'ਤੇ ਜਾ ਛੁਪੇ।

ਕਾਰ ਕਾਫੀ ਦੇਰ ਪਿੱਛੋਂ ਪਹੁੰਚੀ। ਅੱਜ ਅਹਿਮਦ ਨਾਲ ਮਧਰੇ ਕੱਦ ਦਾ ਬੰਦਾ ਅਲੀ ਵੀ ਸੀ। ਇਸ਼ਾਰਾ ਹੋਇਆ, ਇੱਕ-ਦੂਜੇ ਤੋਂ ਅੱਗੇ ਦੌੜ ਕੇ ਸਾਰੇ ਕਾਰ 'ਚ ਘੁਸਣ ਦੀ ਕੋਸ਼ਿਸ਼ ਕਰਨ ਲੱਗੇ। ਅਹਿਮਦ ਬਿਫਰੇ ਸਾਨ੍ਹ ਵਾਂਗ ਲੱਤਾਂ ਠੁੱਡੇ ਮਾਰ-ਮਾਰ ਕੇ ਆਪਣੇ ਢੰਗ ਨਾਲ ਮੁੰਡਿਆਂ ਨੂੰ ਵਿਚ ਸੁੱਟਣ ਲੱਗ ਪਿਆ। ਦੋ ਜਣੇ ਫੁਰਤੀ ਨਾਲ ਪਿੱਛੇ ਡਿੱਕੀ ਵਿਚ ਖੁਦ ਹੀ ਜਾ ਪਏ ਸਨ। ਤੀਜੇ ਨਗ, ਯਾਨਿ ਬੰਟੀ ਅਰਬੀ ਨੂੰ ਅਲੀ ਬੜੇ ਪਿਆਰ ਨਾਲ ਪੁਚਕਾਰਦਾ ਵਿਚ ਵਾੜਨ ਦਾ ਯਤਨ ਕਰ ਰਿਹਾ ਸੀ, ਪਰ ਉਹ ਤੰਗ ਜਗ੍ਹਾ ਦਾ ਦੱਸ ਕੇ ਸਿਰ ਮਾਰ ਰਿਹਾ ਸੀ। ਅਹਿਮਦ ਦੌੜਦਾ ਗਿਆ, ਇੱਕ ਲੱਤ ਹਵਾ ਵਿਚ ਚਲਾਈ ਤੇ ਦੂਜੀ ਚਪੇੜ, ਬੰਟੀ ਅਰਬੀ ਨੇ ਡਿੱਕੀ 'ਚ ਛਾਲ ਮਾਰ ਕੇ ਖੁਦ ਹੀ ਡਿੱਕੀ ਬੰਦ ਕਰ ਲਈ। ਇੰਨੇ ਗੰਭੀਰ ਹਾਲਾਤ ਦੇ ਬਾਵਜੂਦ ਪਤਾ ਨਹੀਂ ਕਿਵੇਂ ਸਭ ਦਾ ਹਾਸਾ ਨਿਕਲ ਗਿਆ।

ਇੱਕ ਜਣਾ ਅੱਗੇ ਤੇ ਬਾਕੀ ਨੌਂ ਜਣੇ ਫਿਰ ਪੁਰਾਣੀ ਦੋਹਰੇ-ਤੀਹਰੇ ਹੋ ਕੇ ਬਹਿਣ ਵਾਲੀ ਹਾਲਤ ਵਿਚ ਫਸੇ ਬੈਠ ਗਏ। ਕਾਰ ਖਤਰਨਾਕ ਢੰਗ ਨਾਲ ਮੁੜੀ ਤੇ ਪੂਰੀ ਸਪੀਡ ਨਾਲ ਦੌੜ ਪਈ। ਅਸੀਂ ਦਰਦ ਨਾਲ ਇੱਕ-ਦੂਜੇ 'ਤੇ ਵਰ੍ਹਦੇ ਤਾਂ ਅਹਿਮਦ ਗਾਲ੍ਹਾਂ ਕੱਢਦਾ ਪਲੱਸਤਰ ਲੱਗੇ ਹੱਥ ਨਾਲ ਘਸੁੰਨ ਮਾਰਦਾ। ਪਲੱਸਤਰ ਕੀਤੇ ਹੱਥ ਦੀ ਮਾਰ ਹੇਠ ਜਿਹੜਾ ਚਿਹਰਾ ਆ ਜਾਂਦਾ, ਉਹ ਦਰਦ ਨਾਲ ਤੜਫਦਾ ਚੁੱਪ ਹੋ ਜਾਂਦਾ। ਹੋਰ ਤਾਂ ਹੋਰ, ਉਸ ਨੇ ਨੇੜੇ ਪੈਂਦੇ ਚਮਕੀਲੇ ਦੇ ਮੂੰਹ 'ਤੇ ਥੁੱਕ ਵੀ ਦਿੱਤਾ। ਪੌਣੇ ਕੁ ਘੰਟੇ ਦੇ ਬੇਹੂਦਾ, ਜ਼ਲੀਲ ਸਫਰ ਤੋਂ ਬਾਅਦ ਕਿਸੇ ਸ਼ਹਿਰ ਦੇ ਬਾਹਰੋ-ਬਾਹਰ ਹੀ ਕਾਰ ਕਾਫੀ ਦੂਰ ਤਕ ਫੈਲੇ ਉਜਾੜ 'ਚ ਜਾ ਖੜ੍ਹੀ ਹੋਈ।

ਸਭ ਅਹਿਮਦ ਦੇ ਅੱਗੜ-ਪਿੱਛੜ ਤੁਰਦੇ ਗਏ। ਹਲਕੀ ਜਿਹੀ ਬੋਲਚਾਲ ਜਾਂ ਆਵਾਜ਼ ਹੋਣ 'ਤੇ ਡੌਂਕਰ ਲੱਤਾਂ ਮਾਰਨ ਲੱਗ ਪੈਂਦਾ, ਰੋੜੇ-ਵੱਟੇ ਚਲਾਉਣ ਲੱਗ ਪੈਂਦਾ। ਹਰ ਕੋਈ ਉਸ ਤੋਂ ਫਾਸਲਾ ਬਣਾ ਕੇ ਤੁਰਨ ਦੀ ਕੋਸ਼ਿਸ਼ ਕਰ ਰਿਹਾ ਸੀ।

ਸਾਹਮਣੇ 8-9 ਫੁੱਟ ਉਚੀ ਚਾਰਦੀਵਾਰੀ ਸੀ ਜੋ ਅੰਦਾਜ਼ਨ 100-120 ਮੀਟਰ ਲੰਮੀ ਤੇ 25-30 ਮੀਟਰ ਚੌੜੀ ਹੋਵੇਗੀ। ਉਸ ਦੇ ਪਰਲੇ ਸਿਰੇ 'ਤੇ ਸੜਕ ਸੀ। ਸਾਡੇ ਵਾਲੇ ਪਾਸੇ ਕੰਧ ਦੇ ਹੇਠਲੇ ਹਿੱਸੇ 'ਚ ਇੱਕ ਜਣੇ ਦੇ ਲੰਘਣ ਜੋਗਾ ਮਘੋਰਾ ਬਣਿਆ ਹੋਇਆ ਸੀ। ਸੰਕੇਤ ਦਾ ਅਨੁਸਰਨ ਕਰਦੇ ਸਾਰੇ ਜਣੇ ਵਾਰੋ-ਵਾਰੀ ਗੋਡਿਆਂ ਭਾਰ ਹੋ ਕੇ ਅੰਦਰ ਦਾਖਲ ਹੋਣ ਲੱਗੇ। ਜਿਸ ਨੂੰ ਇੱਕ ਵੀ ਪਲ ਫਾਲਤੂ ਲੱਗਦਾ, ਅਹਿਮਦ ਉਸ ਦੇ ਪਿਛਵਾੜੇ 'ਤੇ ਠੁੱਡ ਮਾਰ ਕੇ ਅੰਦਰ ਸੁੱਟ ਦਿੰਦਾ।

ਅੰਦਰਵਾਰ ਦੂਰ ਤਕ ਵੱਡੇ-ਵੱਡੇ ਘਾਹ ਤੇ ਝਾੜੀਆਂ ਦਾ ਨਜ਼ਾਰਾ ਸੀ। ਵਿਚਕਾਰ ਬਣੀ ਪਗਡੰਡੀ ਤੋਂ ਗੁਜ਼ਰ ਗਏ ਤਾਂ ਅਗਾਂਹ ਡਿੰਗਦੀਆਂ-ਢਹਿੰਦੀਆਂ ਕੰਧਾਂ ਤੇ ਬਿਨਾ ਛੱਤਾਂ ਦੇ ਕਾਫੀ ਕਮਰੇ ਨਜ਼ਰੀਂ ਪਏ। ਸਿਰਫ ਦੋ ਛੋਟੇ-ਛੋਟੇ ਕਮਰੇ ਹੀ ਕੁਝ ਸਾਬਤ ਹਾਲਤ ਵਿਚ ਸਨ। ਜਾਪਦਾ ਸੀ ਵਰ੍ਹਿਆਂ ਤੋਂ ਉਜਾੜ ਪਈ, ਬੰਦ ਹੋ ਚੁਕੀ ਛੋਟੀ-ਮੋਟੀ ਫੈਕਟਰੀ ਸੀ। ਪਰਲੀ ਬਾਹਰੀ ਉਚੀ ਦੀਵਾਰ ਵਿਚ ਲੋਹੇ ਦਾ ਵਿਸ਼ਾਲ ਗੇਟ ਸੀ ਜਿਸ ਤੋਂ ਪਾਰ ਗੁਜ਼ਰਦੇ ਵਾਹਨ ਸੜਕ ਦੇ ਵਜੂਦ ਦੀ ਚੁਗਲੀ ਕਰਦੇ ਸਨ। ਖੱਬੇ ਪਾਸੇ ਦੀ ਬਾਹਰੀ ਦੀਵਾਰ ਵਿਚੋਂ ਲੰਘਣ ਜੋਗਾ ਰਾਹ ਨਜ਼ਰ ਆਉਂਦਾ ਸੀ ਜੋ ਇਸ ਤੋਂ ਵੀ ਜ਼ਿਆਦਾ ਖਸਤਾ-ਹਾਲ ਦੂਜੀ ਇਮਾਰਤ ਦੀ ਵਲਗਣ ਵਿਚ ਪਰਵੇਸ਼ ਕਰਦਾ ਸੀ।

ਲਾਈਟਰ ਦੀ ਲੋਅ ਵਿਚ ਅਹਿਮਦ ਉਰਫ 'ਮੋਟਾ ਟੁੰਡਾ' ਨੇ ਇੱਕ ਖੂੰਜਿਓਂ ਕੰਬਲਾਂ ਦੇ ਢੇਰ ਚੁਕਵਾ ਕੇ ਕਮਰੇ 'ਚ ਵਿਛਾਉਣ ਦਾ ਇਸ਼ਾਰਾ ਕੀਤਾ। ਮੈਂ ਉਸ ਤੋਂ ਪਰੇ-ਪਰੇ ਰਹਿਣ ਦੀ ਕੋਸ਼ਿਸ਼ ਵਿਚ ਸਾਂ, ਕਿਉਂਕਿ ਉਸ ਦੇ ਗੁੱਸੇ ਦਾ ਗੁਬਾਰ ਸਭ ਤੋਂ ਨੇੜੇ ਪੈਂਦੇ ਬੰਦੇ 'ਤੇ ਹੀ ਨਿਕਲਦਾ। ਉਹ ਅਰਬੀ 'ਚ ਕੁਝ ਕਹਿੰਦਾ, ਅਸੀਂ ਨਾ ਸਮਝਣ ਦੇ ਭਾਵ ਲਈ ਮੂੰਹ ਬਿਟ-ਬਿਟ ਤੱਕਦੇ ਚੁੱਪ ਰਹਿੰਦੇ ਤਾਂ ਉਹ ਕਰੋਧ ਨਾਲ ਗਾਲ੍ਹਾਂ ਕੱਢਦਾ ਲੱਤਾਂ-ਹੱਥ ਚਲਾਉਣ ਲੱਗਦਾ। ਮਜਬੂਰੀਵਸ ਲੱਗੇ ਹੱਥ 'ਤੇ ਪਲੱਸਤਰ ਦਾ ਇਸਤੇਮਾਲ ਵੀ ਉਹ ਬਾਖੂਬੀ ਤਰੀਕੇ ਨਾਲ ਕਰਦਾ ਸੀ।

ਕਮਰੇ 'ਚ ਅੱਗੇ-ਅੱਗੇ ਹੱਥਾਂ 'ਚ ਕੰਬਲ-ਬੋਤਲਾਂ ਫੜੀ ਅਸੀਂ ਭੱਜਦੇ ਰਹੇ ਤੇ ਪਿੱਛੇ-ਪਿੱਛੇ ਲੱਤਾਂ ਵਰ੍ਹਾਉਂਦਾ 'ਮੋਟਾ ਟੁੰਡਾ'। ਇੱਕ ਦੋ ਜਣਿਆਂ ਦੇ ਮੂੰਹਾਂ 'ਤੇ ਉਸ ਨੇ ਫਿਰ ਥੁੱਕਿਆ। ਹਾਲਾਤ ਭਾਵੇਂ ਗੰਭੀਰ ਸਨ, ਪਰ ਮਜ਼ਾਹੀਆ ਜਿਹਾ ਮਾਹੌਲ ਵੀ ਬਣਦਾ ਜਾਂਦਾ। ਉਸ ਦੀਆਂ ਦੁਲੱਤੀਆਂ ਤੋਂ ਮੈਂ ਤੇ ਮੋਹਕਮ ਹੀ ਬਚੇ ਸਾਂ। ਖੈਰ! ਕੰਬਲ ਵਿਛਾ ਦਿੱਤੇ ਗਏ, ਬਦਕਿਸਮਤੀ ਨਾਲ ਪ੍ਰਤਾਪ ਬੂਟਾਂ ਸਣੇ ਜਾ ਬੈਠਾ। ਮੋਟਾ ਟੁੰਡਾ ਦੌੜ ਕੇ ਉਸ ਦੁਆਲੇ ਜਾ ਜੁੜਿਆ, ਲੱਤਾਂ ਖਾਂਦਾ ਪ੍ਰਤਾਪ ਵਾਪਸ ਭੱਜਿਆ। ਸਭ ਸਾਵਧਾਨੀ ਨਾਲ ਡਰਦੇ-ਡਰਦੇ ਬੂਟ-ਜੁੱਤੀਆਂ ਲਾਹ ਕੇ ਕੰਬਲਾਂ 'ਤੇ ਜਾ ਬੈਠੇ।

ਇਸ ਸੰਘਰਸ਼ ਵਿਚ ਸਾਡਾ ਕੀਮਤੀ ਨੁਕਸਾਨ ਇਹ ਹੋਇਆ ਸੀ ਕਿ 5 ਬੋਤਲਾਂ ਵਿਚੋਂ 3 ਬੋਤਲਾਂ ਦਾ ਪਾਣੀ ਅਹਿਮਦ ਟੁੰਡੇ ਨੇ ਖੋਹ ਕੇ ਰੋੜ੍ਹ ਦਿੱਤਾ ਸੀ। ਫਿਰ ਅਰਬੀ ਅਤੇ ਸੰਕੇਤਾਂ ਦੇ ਸੁਮੇਲ ਨਾਲ ਸਾਨੂੰ ਸਮਝਾਇਆ ਕਿ ਬਾਹਰ ਨਹੀਂ ਨਿਕਲਣਾ, ਪੁਲਿਸ ਫਿਰਦੀ ਏ। ਬੰਟੀ ਅਰਬੀ ਨੇ ਫੁਰਤੀ ਨਾਲ ਮੌਕਾ ਸੰਭਾਲਿਆ ਤੇ ਅਰਬੀ ਵਿਚ ਗੱਲਬਾਤ ਕਰਨ ਲੱਗਾ। ਅਹਿਮਦ ਮੋਟੇ ਨੇ ਪ੍ਰਸੰਨ ਭਾਵ ਨਾਲ ਉਸ ਬਹੁਤ ਲਾਇਕ-ਹੁਸ਼ਿਆਰ ਬੱਚੇ ਨੂੰ ਕੁਝ ਸਮਝਾਇਆ। ਬੰਟੀ ਅਰਬੀ ਨੇ ਆਪਣੇ ਗਿਆਨ-ਪ੍ਰਕਾਸ਼ ਨਾਲ ਸਾਨੂੰ ਚਕਾਚੌਂਧ ਕੀਤਾ, "ਹੋਰ ਮੁੰਡਿਆਂ ਦੇ ਨਾਲ ਥੋੜ੍ਹੇ ਦਿਨਾਂ ਵਿਚ ਇਥੋਂ ਅੱਗੇ ਚੱਲ ਪੈਣਾ ਹੈ ਸ਼ਾਇਦ...।" ਮੋਮਬੱਤੀ ਦੀ ਲੋਅ ਵਿਚ ਅਗਲੇ ਦਿਨ ਅਕਿਲ (ਭੋਜਨ) ਲਿਆਉਣ ਦਾ ਕਹਿ ਕੇ ਕੁਝ ਧਮਕਾਉਂਦਾ, ਫਿਰ ਆਖਰੀ ਵਾਰ ਗੁੱਸੇ ਨਾਲ ਆਪਣੇ ਜਾਹੋ-ਜਲਾਲ ਦਾ ਪ੍ਰਦਰਸ਼ਨ ਕਰਦਿਆਂ, ਅੱਖਾਂ ਦੇ ਡੇਲੇ ਬਾਹਰ ਕੱਢਦਾ ਉਹ ਕਮਰੇ 'ਚੋਂ ਬਾਹਰ ਨਿਕਲ ਗਿਆ।

ਹਨੇਰੇ 'ਚ ਘੂਰਦਿਆਂ, ਕੁਝ ਲੱਭਦਿਆਂ ਅਚਾਨਕ ਮੈਨੂੰ ਖਿਆਲ ਆਇਆ, ਸਾਡੀ ਗਿਣਤੀ 13 ਸੀ ਜੋ ਅੰਕ ਈਸਾਈਆਂ 'ਚ ਮਨਹੂਸ ਮੰਨਿਆ ਜਾਂਦਾ ਸੀ। ਸੁਣੀ-ਸੁਣਾਈ ਗੱਲ ਤਹਿਤ ਈਸਾ ਮਸੀਹ ਨੂੰ ਸੱਚ ਦੇ ਮਾਰਗ 'ਤੇ ਚਲਦਿਆਂ ਜਦੋਂ ਜਾਬਰਾਂ ਨੇ ਸਲੀਬ 'ਤੇ ਚਾੜ੍ਹਿਆ ਸੀ ਤਾਂ 13 ਸਾਥੀ ਪਹਿਲਾਂ ਹੀ ਪਿੱਠ ਦਿਖਾ ਗਏ ਸਨ। ਸ਼ਾਇਦ ਇਸੇ ਕਾਰਨ 13 ਸ਼ਬਦ ਨੂੰ ਅਸ਼ੁਭ ਆਖਿਆ ਜਾਂਦਾ ਸੀ। ਫਿਰ ਸੋਚਿਆ, ਅੰਕ ਤਾਂ ਸਿਰਫ ਅੰਕ ਹੀ ਹਨ, ਸਾਡੀ ਜ਼ਿੰਦਗੀ ਦੇ ਮਾਲਕ ਤਾਂ ਨਹੀਂ! ਫਿਲਹਾਲ ਅਸੀਂ ਸਿਰਫ ਕਠਪੁਤਲੀਆਂ ਸਾਂ ਜੋ ਡੌਂਕਰਾਂ ਦੇ ਇਸ਼ਾਰੇ 'ਤੇ ਨੱਚਦੀਆਂ ਸਨ। ਸਾਡਾ ਆਪਣਾ ਕੋਈ ਵਜੂਦ ਨਹੀਂ ਸੀ। ਅਸੀਂ ਸਿਰਫ ਸਿਫਰ ਸਾਂ...ਜ਼ੀਰੋ!

(ਚਲਦਾ)

# ਬੇਬੇ ਦਾ ਇਨਕਲਾਬ

**ਬੀਬੀ ਕਿਰਪਾਲ ਕੌਰ ਦੀ ਰਚਨਾ 'ਬੇਬੇ ਦਾ ਇਨਕਲਾਬ' ਵਿਚ ਉਸ ਸੁਨੇਹੇ ਦਾ ਬਿਆਨ ਹੈ ਜਿਸ ਨੂੰ ਅਸੀਂ ਸਾਰੇ ਜਾਣਦੇ-ਬੁੱਝਦੇ ਹੋਏ ਵੀ ਅਕਸਰ ਭੁਲਾ ਦਿੰਦੇ ਹਾਂ ਅਤੇ ਫਿਰ ਇਸ ਦਾ ਬਹੁਤ ਵੱਡਾ ਮੁੱਲ ਤਾਰਦੇ ਹਾਂ। ਕਈ ਵਾਰ ਤਾਂ ਹਾਲਾਤ ਬੇਹੱਦ ਭਿਅੰਕਰ ਹੋ ਕੇ ਟੱਕਰਦੇ ਹਨ। ਇਹ ਰਚਨਾ ਸੰਕਟਾਂ ਦੀ ਮਾਰ ਹੇਠ ਆਏ ਬੰਦੇ ਦਾ ਹੰਭਲਾ ਹੈ ਅਤੇ ਇਸ ਵਿਚੋਂ ਆਸਾਂ ਦੀਆਂ ਕਿਰਨਾਂ ਝਾਤੀ ਮਾਰਦੀਆਂ ਦਿਸਦੀਆਂ ਹਨ। -ਸੰਪਾਦਕ**

ਕਿਰਪਾਲ ਕੌਰ
ਫੋਨ: 815-356-9535

ਦਲੀਪ ਸਿੰਘ ਨੇ ਤਿੰਨ ਮਹੀਨੇ ਪਹਿਲਾਂ ਆਤਮ-ਹੱਤਿਆ ਕਰ ਲਈ ਸੀ। ਅਫਸੋਸ ਵਾਲੇ ਆਉਂਦੇ ਰਹੇ। ਦੋ-ਚਾਰ ਵਾਰ ਪੁਲਿਸ ਆਈ। ਕਈ ਆਪਣੇ ਆਪ ਨੂੰ ਨੇਤਾ ਕਹਾਉਣ ਵਾਲੇ ਆਏ, ਪਰ ਹੋਣਾ ਕੀ ਸੀ! ਅਸਲੀ ਗੱਲ ਉਥੇ ਦੀ ਉਥੇ ਰਹੀ। ਨਾ ਕੋਈ ਕਰਜ਼ਾ ਮੁਆਫ ਹੋਇਆ, ਨਾ ਕੋਈ ਹੋਰ ਮਦਦ ਮਿਲੀ। ਹਾਂ! ਹੁਣ ਹੱਟੀ ਵਾਲੇ ਦਾ ਉਧਾਰ ਹੋਰ ਵਧ ਗਿਆ, ਆਏ-ਗਏ ਨੂੰ ਚਾਹ-ਪਾਣੀ ਪਿਲਾਉਣ ਅਤੇ ਭੋਗ 'ਤੇ ਹੋਏ ਖਰਚੇ ਕਰ ਕੇ।

ਮੁੰਡਾ ਹੁਣ ਕਈ ਕਈ ਦਿਨ ਘਰ ਨਹੀਂ ਆਉਂਦਾ। ਮਾਂ ਸਵਰਨ ਕੌਰ ਨੂੰ ਗਮ ਹੋਰ ਖਾਣ ਲੱਗ ਪਿਆ-ਮੁੰਡਾ ਕਿਥੇ ਜਾਂਦਾ? ਪਸ਼ੂ ਭੁੱਖੇ-ਪਿਆਸੇ ਖੜ੍ਹੇ ਰਹਿੰਦੇ। ਉਸ ਪਾਸ ਤਾਂ ਆਪ ਪਾਣੀ ਪੀਣ ਦੀ ਹਿੰਮਤ ਨਹੀਂ ਸੀ, ਪਸ਼ੂਆਂ ਨੂੰ ਪੱਠੇ ਕਿਵੇਂ ਪਾਵੇ, ਤੇ ਕਿਵੇਂ ਪਾਣੀ ਪਿਲਾਵੇ? ਰੋ ਕੇ ਆਪਣਾ ਬੁਰਾ ਹਾਲ ਕਰੀ ਬੈਠੀ ਸੀ।

ਜਗਜੀਤ ਸਿੰਘ ਨੇ ਵਿਹੜੇ ਵੜਦਿਆਂ ਆਵਾਜ਼ ਦਿੱਤੀ, "ਚਰਨਜੀਤ ਘਰੇ ਆ?"

"ਲੰਘ ਆ ਵੀਰਾ।" ਸਵਰਨ ਕੌਰ ਨੇ ਕਿਹਾ।

"ਕਿਉਂ ਭਾਬੀ, ਚਰਨਜੀਤ ਕਿਤੇ ਗਿਆ?... ਪਸ਼ੂ ਤੁਹਾਡੇ ਧੁੱਪੇ ਖੜ੍ਹੇ ਆ।"

ਸਵਰਨ ਕੌਰ ਰੋਣ ਲੱਗ ਪਈ।

"ਭਾਬੀ ਸਬਰ ਕਰ। ਰੋਇਆਂ ਕੁਝ ਨਹੀਂ ਬਣਨਾ।"

"ਰੋਣ ਤੋਂ ਬਿਨਾ ਮੇਰੇ ਪੱਲੇ ਹੈ ਵੀ ਕੁਝ ਨਹੀਂ। ਮੁੰਡਾ ਪਤਾ ਨਹੀਂ ਕਿਥੇ ਜਾਂਦਾ! ਮੇਰੇ ਕੋਲੋਂ ਤਾਂ ਤੁਰਿਆ ਵੀ ਨਹੀਂ ਜਾਂਦਾ। ਜੇ ਤੁਰ ਹੁੰਦਾ, ਤਾਂ ਜਾ ਕੇ ਪਸ਼ੂਆਂ ਦੇ ਰੱਸੇ ਖੋਲ੍ਹ ਆਉਂਦੀ। ਚਰਨਜੀਤ ਕੀ ਕਰਦਾ, ਕਿਥੇ ਜਾਂਦਾ? ਨਾ ਦੱਸ ਕੇ ਜਾਂਦਾ, ਨਾ ਆ ਕੇ ਦੱਸਦਾ। ਮੈਨੂੰ ਸਾਡੇ ਖੂਹ ਤੱਕ ਛੱਡ ਆ, ਬਸ ਸਭ ਠੀਕ ਹੋ ਜਾਊ।"

"ਭਾਬੀ ਕੀ ਠੀਕ ਹੋ ਜਾਊ?" ਜਗਜੀਤ ਸਿੰਘ ਨੇ ਕਿਹਾ।

"ਮੈਂ ਵੀ ਮਾਰ ਦੇਵਾਂਗੀ ਖੂਹ ਵਿਚ ਛਾਲ।"

"ਵਾਹਿਗੁਰੂ ਕਹੁ। ਘਰ ਦਾ ਇਕ ਜੀਅ ਮੂਰਖਤਾ ਕਰ ਲਵੇ, ਸਭ ਨੇ ਮੂਰਖ ਨਹੀਂ ਬਣ ਜਾਣਾ ਹੁੰਦਾ।" ਇਹ ਕਹਿੰਦਿਆਂ ਜਗਜੀਤ ਸਿੰਘ ਨੇ ਜੇਬ ਵਿਚੋਂ ਆਪਣਾ ਫੋਨ ਕੱਢ ਕੇ ਆਪਣੇ ਲੜਕੇ ਨਾਲ ਗੱਲ ਕੀਤੀ। ਉਸ ਨੂੰ ਕਿਹਾ ਕਿ ਆਪਣੇ ਕਾਮੇ ਨੂੰ ਭੇਜ ਕੇ ਚਰਨਜੀਤ ਦੇ ਪਸ਼ੂਆਂ ਨੂੰ ਪੱਠੇ ਪਾ ਕੇ ਪਾਣੀ ਪਿਲਾ ਦੇਵੇ, ਨਾਲੇ ਛਾਂਵੇਂ ਬੰਨ੍ਹ ਦੇਵੇ।

ਸਵਰਨ ਕੌਰ ਪੀੜ੍ਹੀ 'ਤੇ ਬੈਠੀ ਸੀ। ਕੋਲ ਪਏ ਮੰਜੇ ਦੀ ਬਾਹੀ 'ਤੇ ਹੱਥ ਮਾਰ ਕੇ ਬੋਲੀ, "ਬਹਿ ਜਾ ਵੀਰਾ।"

"ਅੱਜ ਤਾਂ ਤੂੰ ਕੰਮ ਕਰਵਾ ਦਿੱਤਾ, ਰੋਜ਼ ਕੌਣ ਕਰੂ! ਉਸ ਦਾ ਪਤਾ ਕਰਵਾ-ਕਿਥੇ ਜਾਂਦਾ ਬਿਨਾ ਦੱਸੇ।"

"ਭਾਬੀ ਮੈਂ ਦੇਖਦਾਂ, ਉਸ ਨਾਲ ਕਰੂੰਗਾ ਗੱਲ। ਉਹ ਧੰਨਾ ਭਗਤ ਤਾਂ ਨਹੀਂ ਜਿਸ ਦਾ ਕੰਮ ਰੱਬ ਨੇ ਕਰ ਜਾਣਾ।" ਜਗਜੀਤ ਸਿੰਘ ਨੇ ਕਿਹਾ। ਫਿਰ ਬੋਲਿਆ, "ਭਾਬੀ ਮੈਂ ਆਪਣੇ ਭਰਾ ਨੂੰ ਵੀ ਬਹੁਤ ਸਮਝਾਉਂਦਾ ਰਿਹਾ ਕਿ ਹਿੰਮਤ ਨਾ ਹਾਰ। ਜੇ ਲੱਕ ਬੰਨ੍ਹ ਕੇ ਖੜ੍ਹੇ ਰਹੋ, ਕੋਈ ਨਾ ਕੋਈ ਓਟ ਆਸਰਾ ਮਿਲ ਜਾਂਦਾ। ਅਸੀਂ ਤਾਂ ਮੁੱਛਾਂ 'ਤੇ ਐਵੇਂ ਤਾਓ ਦਿੰਦੇ ਰਹਿੰਦੇ ਹਾਂ।"

ਦੋ ਮਿੰਟ ਰੁਕ ਕੇ ਫਿਰ ਬੋਲਿਆ, "ਵਾਹ! ਹਿੰਮਤ ਦੇਖੀ ਉਨ੍ਹਾਂ ਦੀ, ਜਿਨ੍ਹਾਂ ਨੂੰ ਅਸੀਂ ਰੋੜੇ ਭਾਪੇ ਕਹਿੰਦੇ ਹਾਂ। ਜਦ ਪਾਕਿਸਤਾਨ ਬਣਿਆ, ਹੈ ਤਾਂ ਉਦੋਂ ਮੈਂ ਛੋਟਾ ਸੀ, ਜਿਹੜੇ ਉਧਰੋਂ ਬੜੇ ਵਪਾਰੀ ਆਏ, ਸਭ ਕੁਝ ਛੱਡ ਕੇ ਬੇਘਰ ਹੋ ਆ ਬੈਠੇ ਰਹੇ ਕੈਂਪਾਂ ਵਿਚ। ਭਾਬੀ, ਜੋ ਕੰਮ ਜਿਸ ਨੂੰ ਮਿਲ ਗਿਆ, ਅਗਲਿਆਂ ਕੀਤਾ। ਛੇ-ਛੇ ਸਾਲ ਦੇ ਬੱਚਿਆਂ ਨੇ ਮੂੰਗਫਲੀ, ਗੋਲੀਆਂ ਬੱਸ ਅੱਡਿਆਂ 'ਤੇ ਖੜ੍ਹ ਕੇ ਤੇ ਬੱਸਾਂ ਅੰਦਰ ਵੜ ਕੇ ਵੇਚੀਆਂ। ਮਾਂਵਾਂ ਨੇ ਲੋਕਾਂ ਦੇ ਘਰਾਂ ਵਿਚ ਭਾਂਡੇ ਮਾਂਜੇ। ਅਖਬਾਰਾਂ ਦੇ ਲਿਫਾਫੇ ਬਣਾਏ।"

ਥੋੜ੍ਹਾ ਰੁਕ ਕੇ ਜਗਜੀਤ ਸਿੰਘ ਫਿਰ ਬੋਲਿਆ, "ਅੱਜ ਜਿਹੜੇ ਸਭ ਬੜੇ ਬਜਾਜ ਜਾਂ ਵਪਾਰੀ ਨੇ, ਕਿਸੇ ਨੂੰ ਪੁੱਛ ਲਓ, ਉਨ੍ਹਾਂ ਦੇ ਬਜ਼ੁਰਗਾਂ ਦੀ ਕਹਾਣੀ ਧਰਤੀ ਤੋਂ ਸ਼ੁਰੂ ਹੁੰਦੀ ਹੈ, ਪਰ ਕਿਸੇ ਨੇ ਆਤਮ ਹੱਤਿਆ ਨਹੀਂ ਕੀਤੀ। ਸਾਡੇ ਕੋਲ ਘਰ-ਬਾਰ, ਮਾਲ-ਪਸ਼ੂ ਸਭ ਕੁਝ ਹੈ। ਕਰਜ਼ਾ ਆਪ ਲੈ ਕੇ ਲਾਹ ਨਹੀਂ ਹੁੰਦਾ, ਫਿਰ ਮਰ ਜਾਓ! ਪਿਛਲਿਆਂ ਨੂੰ ਉਪਰੋਂ ਜਗੀਰਾਂ ਭੇਜਣਗੇ!"

ਸਵਰਨ ਕੌਰ ਬੈਠੀ ਰੋਈ ਗਈ।

"ਰੋਣ ਨਾਲ ਕਦੀ ਕੋਈ ਕੰਮ ਨਹੀਂ ਹੁੰਦਾ। ਕੰਮ ਤਾਂ ਮਿਹਨਤ ਕੀਤੇ ਹੁੰਦਾ। ਮੇਰੀ ਸਲਾਹ ਮੰਨੋ, ਮਾਂ-ਪੁੱਤ ਲੱਕ ਬੰਨ੍ਹ ਕੇ ਖੜ੍ਹੇ ਜਾਵੋ। ਹੌਲੀ-ਹੌਲੀ ਸਭ ਠੀਕ ਹੋ ਜਾਵੇਗਾ। ਵੰਡ ਵੇਲੇ ਦੇ ਮਿਹਨਤੀ ਲੋਕ ਉਜੜ ਕੇ ਆ ਕੇ ਸੜਕਾਂ 'ਤੇ ਰੁਲਦੇ ਫਿਰਦੇ ਸਨ, ਤੇ ਅੱਜ ਕਰੋੜਪਤੀ ਹਨ। ਆਹ ਲੁਧਿਆਣੇ ਦੇ 'ਕਰੋੜੀ ਮੱਲ ਤੇ ਕ੍ਰਿਸ਼ਨ ਲਾਲ' ਜਿਨ੍ਹਾਂ ਦੇ ਤਿੰਨ ਤਿੰਨ ਮੰਜ਼ਲੇ ਸੋਨੇ ਤੇ ਹੀਰਿਆਂ-ਗਹਿਣਿਆਂ ਦੇ ਸਟੋਰ ਹਨ, ਇਨ੍ਹਾਂ ਦੇ ਬਜ਼ੁਰਗਾਂ ਨੇ ਸਟੇਸ਼ਨ 'ਤੇ ਬੈਠ ਕੇ ਬੂਟ ਪਾਲਸ਼ ਕੀਤੇ। ਫਿਰ ਮੋਢੇ 'ਤੇ ਕੱਪੜਿਆਂ ਦੀ ਡਿੱਗੀ ਬੰਨ੍ਹ ਪਿੰਡ-ਪਿੰਡ ਜਾਂਦੇ। ਕੱਪੜੇ ਤੇ ਸ਼ਾਲਾਂ ਵੇਚੀਆਂ। ਇਕ ਤੋਂ ਮਗਰੋਂ ਦੂਜਾ ਕੰਮ ਕਰੀ ਗਏ। ਜਿੰਨੇ ਘਰ ਦੇ ਜੀਅ ਸਨ, ਸਾਰੇ ਕੰਮ ਕਰਦੇ। ਅੱਜ ਆਪਣੀ ਤੀਜੀ ਚੌਥੀ ਪੀੜ੍ਹੀ ਨੂੰ ਕਿਥੇ ਪਹੁੰਚਾ ਦਿੱਤਾ। ਅਸੀਂ ਘਰ ਦੇ ਮਾਲਕ ਹਾਂ। ਸਿਆੜ ਵੀ ਕੁਝ ਪੱਲੇ ਹੈਗੇ। ਕੁਝ ਹੋਰ ਕੰਮ ਕਰ ਲਵੋ। ਇਹ ਨਹੀਂ ਕਿ ਕਰਜ਼ਾ ਚੁੱਕ ਕੇ ਮੋਟਰ ਸਾਈਕਲ ਤੇ ਕਾਰ ਖਰੀਦੀ, ਮੌਜ ਕੀਤੀ। ਬੜੇ ਬਣ ਕੇ ਵਿਆਹ ਪੈਲੇਸਾਂ ਵਿਚ ਕੀਤੇ। ਬਜ਼ੁਰਗ ਕਹਿੰਦੇ ਹੁੰਦੇ ਸੀ, ਜੇ ਧੀ ਨਾ ਹੋਵੇ, ਘਰ ਦੀ ਦਹਿਲੀਜ਼ ਕੁਆਰੀ ਰਹਿੰਦੀ। ਜਿਸ ਘਰੋਂ ਧੀ ਚਹੁੰ ਖੂੰਜੀ ਚੌਲ ਛਿੜਕਦੀ ਵਿਦਾ ਨਹੀਂ ਹੁੰਦੀ, ਘਰ ਵਿਚ ਬਰਕਤ ਨਹੀਂ ਆਉਂਦੀ। ਗੱਲ ਤਾਂ ਠੀਕ ਨਿਕਲੀ। ਡੋਲੀਆਂ ਤੁਰੀਆਂ ਪੈਲੇਸਾਂ ਵਿਚੋਂ, ਲਾਸ਼ਾਂ ਨਿਕਲਦੀਆਂ ਖੂਹਾਂ ਵਿਚੋਂ, ਜਾਂ ਛੱਤਾਂ ਨਾਲ ਲਟਕਦੀਆਂ। ਭਾਬੀ ਗੁੱਸਾ ਨਾ ਮੰਨੀਂ! ਨਾ ਤਾਂ ਖਾਦ ਲਈ ਐਨੇ ਕਰਜ਼ੇ ਦੀ ਲੋੜ ਸੀ, ਨਾ ਬੀਜ ਲਈ। ਹੁਣ ਉਹ ਤਾਂ ਆਪਣੀ ਜੀਵਨ ਲੀਲ੍ਹਾ ਖਤਮ ਕਰ ਗਿਆ, ਉਸ ਨੂੰ ਅਸੀਂ ਮੋੜ ਕੇ ਲਿਆ ਨਹੀਂ ਸਕਦੇ, ਪਰ ਚੰਗੇ ਦਿਨ ਜ਼ਰੂਰ ਆ ਸਕਦੇ ਆ-ਸੋਚ ਨਾਲ ਚੱਲ ਕੇ, ਮਿਹਨਤ ਕਰ ਕੇ।"

**ਸਵਰਨ ਕੌਰ ਉਥੇ ਖੜ੍ਹੀ ਹੋ ਗਈ, "ਭਰਾਵਾ! ਮੈਂ ਤਾਂ ਇਕ ਗੱਲ ਸਮਝ ਲਈ, ਤੇ ਆਪਣੇ ਮੁੰਡੇ ਨੂੰ ਵੀ ਸਮਝਾ ਦਿੱਤੀ, ਮਿਹਨਤ ਕਰ ਦਬ ਕੇ, ਚਾਦਰ ਦੇਖ ਕੇ ਪੈਰ ਪਸਾਰੋ, ਸਾਰੇ ਕਾਰਜ ਰਾਸ। ਜੇ ਹੱਥ ਹਿਲਾਵੋ ਨਾ, ਤੇ ਖਰਚ ਕਰੋ ਬੇਹਿਸਾਬ, ਸਾਰੇ ਕਾਰਜ ਨਾਸ। ਹੁਣ ਇਸੇ ਮੰਤਰ ਨੂੰ ਗਲ ਪਾ ਲਿਆ। ਜੋ ਉਸ ਸਤਿਗੁਰੂ ਨੇ ਦਿਖਾਉਣਾ, ਖਿੜੇ ਮੱਥੇ ਦੇਖਣਾ।"**

ਸਵਰਨ ਕੌਰ ਰੋਂਦੀ-ਰੋਂਦੀ ਹੱਥ ਜੋੜ ਕੇ ਬੋਲੀ, "ਵੇ ਜੀਣ ਜੋਗਿਆ! ਮੇਰੇ ਦਿਨਾਂ ਦੀ ਤਾਂ ਗੱਲ ਨਾ ਕਰੀਂ। ਮੁੰਡੇ ਦਾ ਸਵਾਰ ਜੇ ਕੁਝ ਸਵਾਰ ਸਕਦਾ ਤੂੰ।"

"ਭਾਬੀ, ਸਵਰਨ ਦਾ ਰਾਹ ਆਪਾਂ ਨੂੰ ਤਾਂ ਮਿਲਣਾ, ਜੇ ਤੂੰ ਮੁੰਡੇ ਨੂੰ ਤਕੜੀ ਹੋ ਕੇ ਵਿਖਾਵੇਂਗੀ। ਤੇਰੇ ਓਹਲੇ ਖੜ੍ਹ ਕੇ ਅਸੀਂ, ਕਹਿਣ ਦਾ ਭਾਵ ਮੈਂ ਤੇ ਮੇਰਾ ਪਰਿਵਾਰ, ਪੂਰਾ ਤਾਣ ਲਾਵਾਂਗੇ।" ਜਗਜੀਤ ਸਿੰਘ ਨੇ ਕਿਹਾ ਤੇ ਆਪ ਚਲਾ ਗਿਆ।

ਵਾਪਸ ਆ ਕੇ ਚਰਨਜੀਤ ਆਪਣੀ ਬੇਬੇ ਕੋਲ ਬੈਠ ਕੇ ਬੋਲਿਆ, "ਬੇਬੇ ਮੈਨੂੰ ਪਤਾ ਤੈਨੂੰ ਕਿੰਨਾ ਫਿਕਰ ਹੋਵੇਗਾ। ਮੈਨੂੰ ਸ਼ੂਗਰ ਮਿੱਲ ਦੇ ਇਕ ਆਦਮੀ ਨੇ ਕਿਹਾ ਸੀ, ਕੰਮ ਲਗਵਾ ਦੇਵੇਗਾ। ਕੱਲ੍ਹ ਦਾ ਉਥੇ ਬੈਠਾ ਉਸ ਨੂੰ ਉਡੀਕਦਾ ਰਿਹਾ।"

ਫਿਰ ਦੋਹਾਂ ਨੇ ਨਹਾ ਕੇ ਰੋਟੀ ਖਾਧੀ, ਆਰਾਮ ਕੀਤਾ ਅਤੇ ਇਕ ਦੂਜੇ ਨੂੰ ਦਿਲਾਸੇ ਦਿੰਦੇ ਰਹੇ।

ਚਰਨਜੀਤ ਨੇ ਆਪਣੀ ਬੇਬੇ ਨੂੰ ਕਿਹਾ, "ਬੇਬੇ ਜੋ ਹੋ ਗਿਆ, ਓਹ ਮੁਆਫ ਕਰ ਦੇ। ਮੈਂ ਕਦੀ ਤੈਨੂੰ ਬਿਨਾ ਦੱਸੇ ਨਹੀਂ ਜਾਵਾਂਗਾ। ਪਰਸੋਂ ਭੈਣ ਦਾ ਫੋਨ ਆਇਆ ਸੀ ਕਿ ਜਲਦੀ ਆਪਣੇ ਜੀਜਾ ਜੀ ਹਰਦਿਆਲ ਸਿੰਘ ਕੋਲ ਜਲੰਧਰ ਪਹੁੰਚ। ਉਥੇ ਜਾਣਾ ਪਿਆ।"

"ਅੱਛਾ ਪੁੱਤਰਾ, ਗੁਰੂ ਤੇਰੇ ਸੰਕਟ ਕੱਟੇ।" ਬੇਬੇ ਨੇ ਕਿਹਾ।

ਉਦੋਂ ਹੀ ਦਰਵਾਜ਼ਾ ਖੁੱਲ੍ਹਿਆ ਅਤੇ ਜਗਜੀਤ ਸਿੰਘ ਤੇ ਗੁਰਬਚਨ ਕੌਰ ਅੰਦਰ ਆਏ। ਚਰਨਜੀਤ ਨੇ ਉਠ ਕੇ ਸਤਿ ਸ੍ਰੀ ਅਕਾਲ ਬੁਲਾਈ, ਚਾਚੀ ਦੇ ਪੈਰਾਂ ਨੂੰ ਹੱਥ ਲਾਇਆ। ਚਰਨਜੀਤ ਨੇ ਵਰਾਂਡੇ ਦੀ ਲਾਈਟ ਜਗਾਈ। ਮੰਜਾ ਸਿੱਧਾ ਕਰ ਕੇ ਦਰੀ ਵਿਛਾਉਣ ਲੱਗਾ। ਦੋਨੋਂ ਬੋਲ ਪਏ, "ਗਰਮੀ ਬਹੁਤ ਐ, ਤੂੰ ਦਰੀ ਵਿਛਾਉਣ ਲੱਗਾਂ, ਰਹਿਣ ਦੇਹ।"

ਦਰੀ ਛੱਡ, ਉਸ ਪੱਖਾ ਵੀ ਚਲਾ ਦਿੱਤਾ। ਉਹ ਦੋਨੋਂ ਬੈਠ ਗਏ।

ਚਰਨਜੀਤ ਹੱਥ ਜੋੜ ਕੇ ਬੋਲਿਆ, "ਚਾਚਾ ਜੀ, ਮੈਂ ਬਹੁਤ ਸ਼ਰਮਿੰਦਾ ਹਾਂ। ਤੁਸੀਂ ਐਨੀ ਤਕਲੀਫ ਕੀਤੀ। ਮੈਂ ਮੁੰਡੇ ਨੂੰ ਦੱਸ ਗਿਆ ਸੀ। ਉਹ ਮੱਸਿਆ ਨਹਾਉਣ ਫਿਲੌਰ ਚਲਾ ਗਿਆ।" ਸਾਰੀ ਮਜਬੂਰੀ ਦੱਸੀ। ਨਾਲੇ ਕਿਹਾ ਕਿ ਉਹਨੇ ਬੇਜੀ ਨੂੰ ਦੱਸ ਦਿੱਤਾ ਹੈ, ਅੱਗੇ ਤੋਂ ਕਦੀ ਬਿਨਾ ਦੱਸੇ ਨਹੀਂ ਜਾਵੇਗਾ।

"ਸ਼ਾਬਾਸ਼।" ਉਹ ਦੋਵੇਂ 'ਕੱਠੇ ਬੋਲੇ।

ਚਰਨਜੀਤ ਸਿੰਘ ਨੇ ਕਿਹਾ, "ਦੁੱਧ ਗਰਮ ਹੈ, ਕਹੋ ਤਾਂ ਪੱਤੀ ਪਾ ਲਿਆਵਾਂ।"

"ਨਾ ਕਾਕਾ, ਅਸੀਂ ਓਪਰੇ ਆਂ ਕਿਤੇ! ਤੂੰ ਬੈਠ ਸਾਡੇ ਕੋਲ, ਤੇਰੇ ਚਾਚੇ ਨੇ ਗੱਲ ਕਰਨੀ ਤੇਰੇ ਨਾਲ।"

ਉਹ ਵੀ ਪੀੜ੍ਹੀ 'ਤੇ ਬੈਠ ਗਿਆ।

ਚਾਚਾ ਬੋਲਿਆ, "ਦੇਖ ਜਵਾਨਾ, ਹੈ ਤਾਂ ਤੂੰ ਪੜ੍ਹਿਆ ਲਿਖਿਆ, ਤੇ ਮੈਂ ਅਨਪੜ੍ਹ। ਮੈਂ ਸੋਚਦਾ ਹਾਂ, ਮੇਰੀ ਗੱਲ ਮੇਰੇ ਵਰਗੇ ਅਨਪੜ੍ਹ ਨੇ ਨਹੀਂ ਮੰਨੀ, ਕੀ ਪਤਾ ਤੂੰ ਪੜ੍ਹਿਆ ਲਿਖਿਆ ਮੰਨ ਜਾਵੇਂ।"

ਚਰਨਜੀਤ ਨੇ ਹੱਥ ਜੋੜ ਕੇ ਕਿਹਾ, "ਚਾਚਾ ਜੀ, ਦੱਸੋ, ਜ਼ਰੂਰ ਮੰਨਾਂਗਾ। ਬਾਪੂ ਜੀ ਨੇ ਤਾਂ ਆਪਣੇ ਦਿਲ ਦੀ ਗੱਲ ਮੈਨੂੰ ਕਦੀ ਨਹੀਂ ਦੱਸੀ ਸੀ। ਘਰ ਦੀ ਹਾਲਤ ਕਦੀ ਨਹੀਂ ਦੱਸੀ। 'ਸਭ ਕੁਝ ਠੀਕ ਹੈ' ਮੈਂ ਤਾਂ ਇਹੀ ਸੁਣਦਾ ਰਿਹਾ। ਤੁਹਾਡੇ ਨਾਲ ਹੀ ਗੱਲ ਕਰ ਲੈਂਦੇ।" ਚਰਨਜੀਤ ਹਉਕੇ ਲੈਂਦਾ ਰੋਣ ਲੱਗ ਪਿਆ।

ਸਵਰਨ ਕੌਰ ਨੇ ਕਿਹਾ, "ਹੁਣ ਰੋ ਕੇ ਕੁਝ ਬਣਨਾ? ਗੱਲ ਸੁਣ ਧਿਆਨ ਨਾਲ ਤੇ ਅਮਲ ਕਰ। ਨਾਲੇ ਮਨ ਵਿਚ ਇਕ ਗੱਲ ਗੰਠ ਦੇ ਕੇ ਰੱਖ ਲੈ। ਦੁੱਖ-ਸੁੱਖ ਜੋ ਹੋਵੇ, ਕਿਸੇ ਨਾਲ ਜ਼ਰੂਰ ਸਾਂਝਾ ਕਰੀਦਾ ਹੈ। ਤੇਰੇ ਦੁੱਖ-ਸੁੱਖ ਦਾ ਸਾਂਝੀ ਤੇਰਾ ਚਾਚਾ ਹੈ, ਜੀਹਨੇ ਇਸ ਵੇਲੇ ਤੇਰੀ ਬਾਂਹ ਫੜੀ ਹੈ।"

ਕੁਝ ਦੇਰ ਸਾਰੇ ਚੁੱਪ ਰਹੇ। ਫਿਰ ਚਾਚਾ ਬੋਲਿਆ, "ਕੱਲ੍ਹ ਮੈਂ ਸ਼ਹਿਰ ਗਿਆ ਸੀ। ਹਰਦਿਆਲ ਸਿੰਘ ਨੇ ਹੀ ਬੁਲਾਇਆ ਸੀ। ਅਸੀਂ ਉਥੇ ਦੋ ਘੰਟੇ ਬੈਠੇ ਸੋਚ-ਵਿਚਾਰ ਕਰਦੇ ਰਹੇ। ਦੋਹਾਂ ਦੀ ਸੋਚ ਇਕ ਗੱਲ 'ਤੇ ਮਿਲਦੀ ਹੈ। ਤੂੰ ਖੇਤੀ ਤਾਂ ਕੀ ਕਰੇਂਗਾ! ਦੁੱਧ ਦਾ ਕੰਮ ਸ਼ੁਰੂ ਕਰ। ਮੇਰੀ ਮੰਨ, ਸਵੇਰ ਤੋਂ ਹੀ ਇਹ ਕੰਮ ਸ਼ੁਰੂ ਕਰ। ਸਵੇਰੇ ਹੀ ਆਪਣੇ ਲਈ ਕਿਲੋ ਦੋ ਕਿਲੋ ਦੁੱਧ ਰੱਖ ਕੇ ਬਾਕੀ ਸੈਂਟਰ 'ਤੇ ਦੇ ਆਵੀਂ। ਦੂਜੀ ਮੱਝ ਨੇ ਦੋ ਚਾਰ ਦਿਨ ਤੱਕ ਸੂ ਪੈਣਾ, ਦਸਾਂ ਦਿਨਾਂ ਤੱਕ ਹੋਰ ਦੁੱਧ ਹੋ ਜਾਵੇਗਾ। ਹਰਦਿਆਲ ਕਹਿੰਦਾ ਸੀ, ਉਨ੍ਹਾਂ ਦੇ ਤਿੰਨ ਮੱਝਾਂ ਦੁੱਧ ਦਿੰਦੀਆਂ, ਇਕ ਉਸ ਭੇਜ ਦੇਣੀ ਹੈ। ਤੇਰੇ ਖੇਤਾਂ ਵਿਚ ਚਾਰਾ ਬੀਜ ਦੇਵਾਂਗੇ। ਤੂੜੀ ਤਾਂ ਅਸੀਂ ਵੀ ਖੇਤਾਂ ਵਿਚ ਉਡੋਂਦੇ ਹਾਂ ਤੇ ਹਰਦਿਆਲ ਵੀ। ਐਨਾ ਬੜਾ ਵਿਹੜਾ ਤੇਰੇ ਇਥੇ, ਇਕ ਪਾਸੇ ਮੱਝਾਂ ਬੰਨ੍ਹਣ ਦਾ ਇੰਤਜ਼ਾਮ ਕਰ। ਭਾਬੀ ਦੇਖ ਭਾਲ ਕਰੂ। ਸੈਂਟਰ ਵਾਲਿਆਂ ਨੂੰ ਕਹਿ ਦੇਵਾਂਗੇ, ਇਥੋਂ ਦੁੱਧ ਲੈ ਜਾਇਆ ਕਰਨਗੇ। ਦੂਜੀ ਗੱਲ, ਤੂੰ ਨੌਕਰੀ ਭਾਲਦਾ ਸੀ। ਸਾਡੇ ਪਿੰਡ ਦੇ ਬੱਚੇ ਜਿਹੜੇ ਅੰਗਰੇਜ਼ੀ ਸਕੂਲ ਪੜ੍ਹਨ ਜਾਂਦੇ ਹਨ, ਸਕੂਲ ਤੋਂ ਆ ਕੇ ਮੁੜ ਟਿਊਸ਼ਨਾਂ ਲਈ ਸ਼ਹਿਰ ਜਾਂਦੇ ਹਨ, ਉਨ੍ਹਾਂ ਨੂੰ ਟਿਊਸ਼ਨਾਂ ਪੜ੍ਹਾ। ਉਹ ਸਾਰੀਆਂ ਕੁੜੀਆਂ ਤੇਰੇ ਦੇ ਟੱਬਰ ਦੀਆਂ ਹਨ। ਮੈਂ ਉਨ੍ਹਾਂ ਨਾਲ ਗੱਲ ਕੀਤੀ, ਨਾਲੇ ਕਿਹਾ, ਤੁਹਾਡੇ ਘਰ ਆ ਕੇ ਪੜ੍ਹਾਵੇਗਾ। ਉਹ ਤਾਂ ਖੁਸ਼ ਹੋ ਗਈ।"

ਚਰਨਜੀਤ ਦੀਆਂ ਅੱਖਾਂ ਵਿਚੋਂ ਹੰਝੂ ਕਿਰਨ ਲੱਗੇ। ਉਹਨੇ ਚਾਚੇ ਦੇ ਪੈਰਾਂ 'ਤੇ ਸਿਰ ਰੱਖ ਦਿੱਤਾ। ਚਾਚਾ-ਚਾਚੀ ਨੇ ਉਸ ਦੇ ਸਿਰ 'ਤੇ ਹੱਥ ਰੱਖੇ, "ਉਠ ਕਮਲਾ ਪੁੱਤ! ਸਭ ਠੀਕ ਹੋ ਜਾਵੇਗਾ।" ਨਾਲੇ ਆਪ ਉਠ ਕੇ ਖੜ੍ਹੇ ਹੋ ਗਏ।

ਤੁਰਨ ਵੇਲੇ ਜਗਜੀਤ ਸਿੰਘ ਫਿਰ ਬੋਲਿਆ, "ਭਾਬੀ ਸਵੇਰੇ ਪੂਰੇ ਦਿਨ ਲਈ ਦੁੱਧ ਰੱਖ ਲਵੀਂ। ਸ਼ਾਮ ਦਾ ਸਾਰਾ ਪਾ ਦੇਵੀਂ।"

ਚਰਨਜੀਤ ਉਨ੍ਹਾਂ ਨਾਲ ਬਾਹਰ ਤੱਕ ਗਿਆ। ਸਤਿ ਸ੍ਰੀ ਅਕਾਲ ਬੁਲਾ ਕੇ ਜਦ ਮੁੜਿਆ, ਉਸ ਨੂੰ ਇਉਂ ਲੱਗਾ, ਜਿਵੇਂ ਉਸ ਦੀਆਂ ਲੱਤਾਂ ਵਿਚ ਤਾਕਤ ਆ ਗਈ ਹੋਵੇ। ਮਾਂ ਦੇ ਮੰਜੇ 'ਤੇ ਦਰੀ ਚਾਦਰ ਵਿਛਾ ਕੇ ਉਸ ਨੇ ਆਪਣਾ ਬਿਸਤਰਾ ਵੀ ਵਿਛਾ ਲਿਆ। ਦੋਵੇਂ ਸੌਂ ਗਏ।

ਸਵੇਰ ਤੋਂ ਚਾਚੇ ਦੇ ਆਦੇਸ਼ ਦੀ ਪਾਲਣਾ ਸ਼ੁਰੂ ਹੋ ਗਈ।

ਸਵੇਰੇ 9 ਵਜੇ ਚਰਨਜੀਤ ਦੀ ਭੈਣ ਚੰਨੋ, ਭਣੋਈਆ ਹਰਦਿਆਲ ਸਿੰਘ ਟਰੈਕਟਰ ਟਰਾਲੀ ਵਿਚ ਚਾਰ ਕਾਮੇ ਲੈ ਕੇ ਆ ਗਏ। ਹਰਦਿਆਲ ਨੇ ਚਰਨਜੀਤ ਨੂੰ ਕਿਹਾ, "ਟਰਾਲੀ ਵਿਚੋਂ ਸੀਮਿੰਟ ਤੇ ਰੇਤੇ ਦੇ ਬੋਰੇ ਉਤਰਵਾ ਕੇ ਵਿਹੜੇ ਵਿਚ ਰੱਖਵਾ ਲਵੇ। ਇਨ੍ਹਾਂ ਦੇ ਨਾਲ ਜਾ ਕੇ ਜਿਹੜਾ ਮੋਟਰ ਵਾਲਾ ਕਮਰਾ ਖਾਲੀ ਰੱਖਿਆ, ਉਸ ਦੀਆਂ ਇੱਟਾਂ ਪੁਟਵਾ ਲਿਆ, ਵਿਹੜੇ ਵਿਚ ਖੁਰਲੀ ਬਣਾ ਦੇਣਗੇ।"

ਚਰਨਜੀਤ ਚੁਪ-ਚਾਪ ਉਸੇ ਤਰ੍ਹਾਂ ਕਰਨ ਲੱਗ ਪਿਆ। ਦੋ ਘੰਟੇ ਵਿਚ ਟਰਾਲੀ ਇੱਟਾਂ ਦੀ ਆ ਗਈ। ਦੋ ਆਦਮੀ ਵਰਾਂਡੇ ਵਿਚ ਖੁਰਲੀ ਬਣਾਉਣ ਲੱਗ ਪਏ। ਚਰਨਜੀਤ ਦੋ ਆਦਮੀਆਂ ਦੇ ਨਾਲ ਮੁੜ ਬਾਕੀ ਬਚਿਆ ਕੰਮ ਕਰਨ ਚਲਾ ਗਿਆ। ਸ਼ਾਮ ਤੱਕ ਖੁਰਲੀ ਤਿਆਰ ਹੋ ਗਈ।

ਚਾਚਾ ਜੀ ਵੀ ਆ ਗਏ। ਚੰਨੋ ਨੇ ਚਾਹ ਬਣਾਈ। ਚਾਹ ਪੀਂਦੇ ਹਰਦਿਆਲ ਸਿੰਘ ਨੇ ਕਿਹਾ, "ਚਾਚਾ ਜੀ, ਮੈਂ ਇਕ ਹੋਰ ਸਲਾਹ ਦੇਣੀ ਚਾਹੁੰਦਾਂ, ਜੇ ਤੁਹਾਡੇ ਮਨ ਨੂੰ ਭਾਵੇ, ਤੇ ਸਾਡੇ 'ਤੇ ਭਰੋਸਾ ਹੋਵੇ।"

"ਇਹ ਕਿਹੋ ਜਿਹੀ ਗੱਲ ਕੀਤੀ ਤੂੰ ਹਰਦਿਆਲ ਬੇਟਾ, ਤੇਰੇ 'ਤੇ ਭਰੋਸਾ ਨਹੀਂ ਹੋਵੇਗਾ, ਤਾਂ ਹੋਰ ਕਿਸ 'ਤੇ ਹੋਵੇਗਾ!" ਚਾਚਾ ਜੀ ਨੇ ਕਿਹਾ।

ਚਰਨਜੀਤ ਨੇ ਤਾਂ ਹਰਦਿਆਲ ਦੇ ਪੈਰਾਂ 'ਤੇ ਹੱਥ ਰੱਖ ਕੇ ਕਿਹਾ, "ਭਾਈਆ ਜੀ, ਮੇਰੇ ਡੁਬਦੇ ਦੀ ਬੇੜੀ ਦੇ ਚੱਪੂ ਤੇ ਮਲਾਹ ਹੁਣ ਤੁਸੀਂ ਤੇ ਚਾਚਾ ਜੀ ਹੋ।"

ਹਰਦਿਆਲ ਬੋਲਿਆ, "ਫਿਰ ਸੁਣੋ, ਮੈਂ ਤੇ ਚੰਨੋ ਨੇ ਸਲਾਹ ਕੀਤੀ ਹੈ ਕਿ ਦੋ ਖੇਤ ਫਿਰਨੀ ਉਪਰ ਬਾਣੀਏ ਨੇ ਚਾਰ ਲੱਖ ਵਿਚ ਬਾਪੂ ਜੀ ਤੋਂ ਲਿਖਵਾ ਲਏ। ਮੈਂ ਚੰਨੋ ਵੱਲੋਂ ਖੇਤ ਛੁਡਵਾ ਲੈਂਦਾ ਹਾਂ। ਉਸ ਵਿਚੋਂ ਦੋ ਸੌ ਗਜ਼ ਦਾ ਪਲਾਟ ਕੱਟ ਕੇ ਚਾਰ ਲੱਖ ਵਿਚ ਵਿਕ ਜਾਣਾ। ਬਾਕੀ ਪੌਣੇ ਦੋ ਖੇਤ ਚਰਨਜੀਤ ਕੋਲ ਆ ਜਾਣਗੇ। ਚੰਨੋ ਨਾਲ ਹੀ ਲਿਖ ਕੇ ਦੇ ਦੇਵੇਗੀ ਕਿ ਇਕ ਇੰਚ ਦੀ ਵੀ ਮਾਲਕ ਨਹੀਂ।"

"ਵਾਹ ਪੁੱਤਰਾ! ਇਸ ਨੂੰ ਕਹਿੰਦੇ ਦਿਮਾਗ।" ਚਾਚਾ ਜੀ ਬੋਲੇ।

"ਜੇ ਮਨਜ਼ੂਰ ਹੈ, ਆਪਾਂ ਹੁਣੇ ਜਾ ਕੇ ਬਾਣੀਏ ਨੂੰ ਕਹਿੰਦੇ ਹਾਂ ਕਿ ਸੋਮਵਾਰ ਗਿਆਰਾਂ ਵਜੇ ਤਹਿਸੀਲ ਪਹੁੰਚ ਜਾਵੇ। ਅਸੀਂ ਲਿਖਤ ਪੜ੍ਹਤ ਕਰ ਕੇ ਪੈਸੇ ਦੇਵਾਂਗੇ।" ਹਰਦਿਆਲ ਨੇ ਕਿਹਾ।

ਸਾਰੇ ਕੰਮ ਯੋਜਨਾ ਅਨੁਸਾਰ ਸ਼ੁਰੂ ਹੋ ਗਏ। ਚਰਨਜੀਤ ਆਪ ਟਿਊਸ਼ਨਾਂ ਪੜ੍ਹਾਉਂਦਾ, ਰੋਜ਼ ਪੱਚੀ ਕਿਲੋ ਦੁੱਧ ਸੈਂਟਰ 'ਤੇ ਪਾਉਂਦਾ। ਚਾਰ ਖੇਤ ਵੀ ਉਸ ਦੇ ਆਪਣੇ ਹੋ ਗਏ। ਉਸ ਦੀ ਬੇਬੇ ਜਿਸ ਕੋਲੋਂ ਘੜੇ ਵਿਚੋਂ ਪਾ ਕੇ ਪਾਣੀ ਪੀਣ ਦੀ ਹਿੰਮਤ ਨਹੀਂ ਸੀ, ਸਾਰਾ ਦਿਨ ਘਰ ਦਾ ਕੰਮ ਦੇਖਦੀ ਫਿਰਦੀ। ਕਈ ਵਾਰ ਰੋਂਦੀ ਵੀ ਬਹੁਤ। ਹਮੇਸ਼ਾ ਸੋਚਦੀ, ਜੇ ਪਹਿਲਾਂ ਉਸ ਕਿਸੇ ਨਾਲ ਗੱਲ ਕੀਤੀ ਹੁੰਦੀ, ਰਾਹ ਲੱਭ ਜਾਣਾ ਸੀ! ਹੁਣ ਪਿੰਡ ਦੀ ਕਿਸੇ ਔਰਤ ਨੂੰ ਮਿਲਦੀ, ਉਸ ਨੂੰ ਇਹੀ ਕਹਿੰਦੀ, ਆਪਣੇ ਆਦਮੀ ਦੇ ਦਿਲ ਦੀ ਗੱਲ ਜਾਣਨ ਦੀ ਕੋਸ਼ਿਸ਼ ਜ਼ਰੂਰ ਕਰਨਾ ਭੈਣੇ! ਘਰ ਦੇ ਖਰਚੇ-ਆਮਦਨ ਦਾ ਖਿਆਲ ਰੱਖਣਾ। ਵਿਤੋਂ ਬਾਹਰਾ ਖਰਚ ਹੋਵੇ, ਤਾਂ ਜਾਣੋ ਕਿਵੇਂ ਹੁੰਦਾ ਹੈ! ਆਪਣਾ ਦੁੱਖ ਤਕਲੀਫ ਜ਼ਰੂਰ ਕਿਸੇ ਨਾਲ ਸਾਂਝੀ ਕਰੋ। ਜੇ ਦਸ ਬੰਦੇ ਤੁਹਾਡੇ ਦੁੱਖ ਦੇ ਸਾਂਝੀ ਨਹੀਂ ਬਣਨਗੇ, ਗਿਆਰਾਂਵਾਂ ਬਣ ਜਾਊ। ਦੁੱਖ ਵੇਲੇ ਕੋਠੇ ਚੜ੍ਹ ਕੇ ਦੁਹਾਈ ਦੇਵੋ। ਦਿਲ ਵਿਚ ਨਾ ਛੁਪਾਓ ਕੋਈ ਵੀ ਦੁੱਖ। ਆਤਮ-ਹੱਤਿਆ ਕਰਨ ਵਾਲੇ ਕਾਇਰ ਹੁੰਦੇ ਨੇ। ਪਹਿਲਾਂ ਉਨ੍ਹਾਂ ਵਿਚ ਹਿੰਮਤ ਨਹੀਂ ਹੁੰਦੀ ਆਪਣਾ ਦੁੱਖ ਸਾਂਝਾ ਕਰਨ ਦੀ, ਫੇਰ ਜੀਵਨ ਵਿਚ ਆਈਆਂ ਮੁਸ਼ਕਿਲਾਂ ਦਾ ਸਾਹਮਣਾ ਕਰਨ ਦੀ ਹਿੰਮਤ ਨਹੀਂ ਹੁੰਦੀ। ਮੂੰਹ ਛੁਪਾ ਕੇ ਪਰਿਵਾਰ ਦੇ ਦੁੱਖ ਦਾ ਖਿਆਲ ਨਾ ਕਰ ਕੇ ਮੌਤ ਨੂੰ ਗਲੇ ਲਾ ਲੈਂਦੇ ਹਨ। ਸਾਡੇ ਵੱਲ ਹੀ ਦੇਖੋ। ਮੌਕੇ 'ਤੇ ਮੁੰਡੇ ਦਾ ਕੰਮ ਤੁਰ ਪਿਆ। ਸਰਕਾਰ ਵਲ ਹੁਣ ਨਹੀਂ ਦੇਖਦਾ, ਹੌਲੀ ਹੌਲੀ ਕਰਜ਼ਾ ਲਾਹ ਦੇਣਾ ਹੁਣ ਜੀਣ ਜੋਗੇ ਚਰਨਜੀਤ ਨੇ। ਸੁੱਖ ਭੋਗਣ, ਜਿਨ੍ਹਾਂ ਰਾਹੇ ਪਾਇਆ, ਮਦਦ ਕੀਤੀ। ਰੱਬ ਉਨ੍ਹਾਂ ਦਾ ਸਦਾ ਭਲਾ ਕਰੇ।"

ਉਸ ਨੂੰ ਬੋਲਦੀ ਦੇਖ ਆਸੇ-ਪਾਸੇ ਦੇ ਘਰਾਂ ਵਾਲੀਆਂ ਬਾਹਰ ਆ ਕੇ ਉਸ ਦੀਆਂ ਗੱਲਾਂ ਸੁਣਨ ਲੱਗ ਪੈਂਦੀਆਂ। ਕਈ ਕਹਿ ਦਿੰਦੀਆਂ, "ਮੈਨੂੰ ਇਉਂ ਲਗਦਾ, ਜਿਵੇਂ ਇਸ ਅੰਦਰ ਕੋਈ ਹੋਰ ਬੋਲ ਰਿਹਾ ਹੈ।"

ਕੋਈ ਕਹਿੰਦੀ, "ਭਾਵੇਂ ਕੁਝ ਵੀ ਕਹੋ, ਗੱਲਾਂ ਸਾਰੀਆਂ ਪੂਰੀਆਂ ਸੱਚੀਆਂ ਹਨ।"

ਕੱਲ੍ਹ ਗੁਰਦੁਆਰੇ ਮੱਥਾ ਟੇਕ ਕੇ ਬਾਹਰ ਨਿਕਲੀਆਂ ਸਵਰਨ ਕੌਰ ਤੇ ਦੋ-ਤਿੰਨ ਹੋਰ ਸਨ। ਪੰਚ ਅਮਰੀਕ ਸਿੰਘ ਨੇ ਪੁਛਿਆ, "ਬੀਬੀ ਕੀ ਹਾਲ ਚਾਲ ਐ?"

ਸਵਰਨ ਕੌਰ ਨੇ ਹੱਥ ਜੋੜ ਕੇ ਕਿਹਾ, "ਵੀਰਾ ਸਭ ਭਲਾ।" ਉਹ ਸੁਣ ਕੇ ਹੈਰਾਨ ਹੋ ਗਿਆ। ਉਸ ਸੋਚਿਆ ਸੀ, ਦੁਖੜੇ ਰੋਵੇਗੀ। ਕੁਝ ਸਰਕਾਰ ਨੂੰ ਬੁਰਾ ਭਲਾ ਕਹੂ, ਕੁਝ ਪੰਚਾਇਤ ਨੂੰ। ਕਿਸੇ ਕੋਈ ਮਦਦ ਜੁ ਨਹੀਂ ਸੀ ਕੀਤੀ। ਇਸ 'ਤੇ ਉਸ ਦੇ ਬੋਲਣ ਲਈ ਵੀ ਰਾਹ ਨਹੀਂ ਛੱਡਿਆ। ਫਿਰ ਆਪੇ ਬੋਲਿਆ, "ਭੈਣੇ ਭਲਾ ਤਾਂ ਸਾਨੂੰ ਪਤਾ ਹੈ। ਸਾਡੀ ਵਾਹ ਕਿਸੇ ਅੱਗੇ ਨਹੀਂ ਚਲਦੀ। ਨਾ ਸਰਕਾਰ ਅੱਗੇ, ਨਾ ਹੀ ਬੰਦਿਆਂ ਅੱਗੇ।"

ਸਵਰਨ ਕੌਰ ਉਥੇ ਖੜ੍ਹੀ ਹੋ ਗਈ, "ਭਰਾਵਾ! ਮੈਂ ਤਾਂ ਇਕ ਗੱਲ ਸਮਝ ਲਈ, ਤੇ ਆਪਣੇ ਮੁੰਡੇ ਨੂੰ ਵੀ ਸਮਝਾ ਦਿੱਤੀ, ਮਿਹਨਤ ਕਰ ਦਬ ਕੇ, ਚਾਦਰ ਦੇਖ ਕੇ ਪੈਰ ਪਸਾਰੋ, ਸਾਰੇ ਕਾਰਜ ਰਾਸ। ਜੇ ਹੱਥ ਹਿਲਾਵੋ ਨਾ, ਤੇ ਖਰਚ ਕਰੋ ਬੇਹਿਸਾਬ, ਸਾਰੇ ਕਾਰਜ ਨਾਸ। ਹੁਣ ਇਸੇ ਮੰਤਰ ਨੂੰ ਗਲ ਪਾ ਲਿਆ। ਜੋ ਉਸ ਸਤਿਗੁਰੂ ਨੇ ਦਿਖਾਉਣਾ, ਖਿੜੇ ਮੱਥੇ ਦੇਖਣਾ।"

ਕੁਝ ਮੁੰਡੇ ਵੀ ਉਥੇ ਖੜ੍ਹੇ ਸਨ, ਉਹ ਬੋਲੇ, "ਬੇਬੇ ਜੀ! ਤੁਸੀਂ ਤਾਂ ਸਾਡੀਆਂ ਅੱਖਾਂ ਖੋਲ੍ਹ ਦਿੱਤੀਆਂ।"

ਹੋਰ ਵੀ ਜੋ ਅੰਦਰੋਂ ਆਇਆ, ਉਥੇ ਖੜ੍ਹ ਗਿਆ। ਪੰਚ ਤਾਂ ਉਸ ਦੀਆਂ ਗੱਲਾਂ ਸੁਣ ਕੇ ਐਨਾ ਹੈਰਾਨ ਹੋਇਆ ਕਿ ਉਸ ਨੂੰ ਪਤਾ ਨਹੀਂ ਸੀ ਲੱਗ ਰਿਹਾ, ਖੜ੍ਹਾ ਰਹੇ ਜਾਂ ਚਲਾ ਜਾਵੇ।

ਸਵਰਨ ਕੌਰ ਤਾਂ ਜਿਵੇਂ ਕਿਸੇ ਰੈਲੀ ਨੂੰ ਸੰਬੋਧਨ ਕਰ ਰਹੀ ਸੀ, "ਤੁਸੀਂ ਸੁਣਿਆ ਹੋਵੇਗਾ, ਬਾਰ ਦਾ ਇਲਾਕਾ ਜੋ ਹੁਣ ਪਾਕਿਸਤਾਨ ਹੈ, ਅੰਗਰੇਜ਼ਾਂ ਆਬਾਦ ਕਰਵਾਇਆ ਸੀ। ਸਾਡੇ ਹੀ ਬਜ਼ੁਰਗਾਂ ਪੰਜਾਬੀ ਜੱਟਾਂ ਦੇ ਡੌਲਿਆਂ ਨੇ ਜੰਗਲ ਵੱਢ ਕੇ ਉਸ ਧਰਤੀ 'ਤੇ ਨਹਿਰਾਂ ਪੁੱਟੀਆਂ, ਉਸ ਧਰਤੀ ਨੂੰ ਵਾਹ-ਸੁਹਾਗ ਕੇ ਫਸਲਾਂ ਉਗਾਈਆਂ। ਉਹ ਜ਼ਮੀਨ ਸੱਚ-ਮੁੱਚ ਸੋਨੇ ਜਿਹੀ ਕਣਕ ਉਗਣ ਲੱਗ ਪਈ। ਆਹ ਤਾਂ ਥੋੜ੍ਹੇ ਸਮੇਂ ਪਹਿਲਾਂ ਦੀ ਗੱਲ ਆ, ਜਦ ਯੂ.ਪੀ. ਵਾਲਿਆਂ ਆਪਣਾ ਤਰਾਈ ਦਾ ਬੰਜਰ, ਜੰਗਲੀ ਪਹਾੜਾਂ ਦੇ ਪੈਰਾਂ ਥੱਲੇ ਦੇ ਇਲਾਕੇ ਨੂੰ ਆਬਾਦ ਕਰਨ ਦੀ ਸੋਚੀ। ਉਥੇ ਵੀ ਪਹੁੰਚੇ ਪੰਜਾਬੀ। ਕਿਹੜੀ ਮੁਸ਼ਕਿਲ ਨਹੀਂ ਸੀ ਉਥੇ-ਸ਼ੇਰ, ਚੀਤੇ, ਧਰਤੀ 'ਤੇ ਖੜ੍ਹੋਂਦੇ ਤਾਂ ਸੱਪ ਜੀਭਾਂ ਕੱਢਦੇ। ਮੱਛਰ ਐਸੇ ਕਿ ਸਿਰ 'ਤੇ ਲੜ ਜਾਵੇ, ਐਸਾ ਬੁਖਾਰ ਚੜ੍ਹਦਾ, ਨਾਲ ਲੈ ਕੇ ਜਾਂਦਾ, ਪਰ ਉਸ ਧਰਤੀ ਨੂੰ ਮੱਖਣ ਵਰਗੀ ਕਰ ਦਿੱਤਾ। ਹੁਣ ਪੰਜਾਬੀਆਂ ਨੂੰ ਕੱਢ ਦਿੱਤਾ ਬਾਹਰ। ਸਾਡੀ ਹੋਣੀ ਇਹੀ ਲਿਖੀ ਹੈ। ਹੁਣ ਬੰਦਿਆਂ ਕਿਹੜਾ ਘੱਟ ਕੀਤੀ। ਜਦ ਫਸਲ ਹੋ ਜਾਂਦੀ, ਮੁੱਲ ਨਹੀਂ ਪੈਂਦਾ। ਕੋਈ ਬਿਮਾਰੀ ਲੱਗ ਜਾਂਦੀ। ਅਸੀਂ ਫਸਲ ਮੰਡੀ ਵਿਚ ਵਿਕਣ ਤੋਂ ਪਹਿਲਾਂ ਕਰਜ਼ੇ ਲੈ ਲੈਂਦੇ। ਇਹੀ ਗਲਤੀ ਕੀਤੀ। ਹੁਣ ਤਾਂ ਪੁੱਤਰੋ, ਆਪੇ ਆਪਣੀਆਂ ਨਹਿਰਾਂ ਤੇ ਸੂਏ ਸੰਭਾਲੋ, 'ਕੱਠੇ ਹੋ ਕੇ ਸਮੇਂ ਸਿਰ ਸਫਾਈ ਸੰਭਾਲ ਕਰ ਲਵੋ।"

ਉਸ ਦੀ ਆਵਾਜ਼ ਟੁੱਟਦੀ ਪਈ ਸੀ। ਲੱਤਾਂ ਕੰਬਦੀਆਂ, ਪਰ ਬੋਲੀ ਗਈ, "ਪਿੰਡ ਦੀ ਧੀ-ਭੈਣ ਨੂੰ ਆਪਣੀ ਸਮਝੋ। ਰਲ ਕੇ ਕੰਮ ਕਰੋ। ਨਸ਼ੇ ਛੱਡ ਦਿਓ। ਉਜੜਦੇ ਵਸ ਜਾਵਾਂਗੇ। ਸਾਨੂੰ ਕੀ ਲੋੜ ਪੁੱਤਾਂ ਦੇ ਹੁੰਦਿਆਂ, ਸਰਕਾਰ ਅੱਗੇ ਪੱਲੇ ਵਿਛਾਈਏ, ਬੱ...ਸ!"

ਭਾਈ ਜੀ ਵੀ ਸਰੋਤਿਆਂ ਵਿਚ ਖੜ੍ਹੇ ਸਨ। ਮੁੰਡਿਆਂ ਨੇ ਉਸ ਨੂੰ ਚੁੱਕ ਕੇ ਬੋਹੜ ਦੇ ਥੜ੍ਹੇ 'ਤੇ ਬਿਠਾ ਦਿੱਤਾ।

ਭਾਈ ਜੀ ਬੋਲੇ, "ਹੁਣ ਜਵਾਨੋ ਲੱਕ ਬੰਨ੍ਹ ਲਵੋ। ਬੇਬੇ ਨੇ ਤੁਹਾਨੂੰ ਨਵੇਂ ਇਨਕਲਾਬ ਦਾ ਸੁਨੇਹਾ ਦਿੱਤਾ ਹੈ। ਹੁਣ ਬੇਬੇ ਦਾ ਇਨਕਲਾਬ ਆ ਕੇ ਰਹੇਗਾ।"

# ਪੰਜਾਬ ਕੌਰ, ਪੰਜੋ ਰਫੂਜਣ ਤੇ ਭੱਠਲਾਂ ਦਾ ਗੁੰਮਨਾਮ ਕਵੀ

*ਸ਼ਾਇਰ ਮਿੰਦਰਪਾਲ ਭੱਠਲ ਬਹੁਤਾ ਮਸ਼ਹੂਰ ਹੋਇਆ ਸ਼ਾਇਰ ਨਹੀਂ, ਪਰ ਜਿਸ ਕਿਸੇ ਨੇ ਵੀ ਉਸ ਦਾ ਕਾਵਿ ਸੰਗ੍ਰਹਿ 'ਦਿੱਲੀ ਦਾ ਰੰਗ' (1979) ਪੜ੍ਹਿਆ ਹੋਇਆ ਹੈ, ਉਹ ਜਾਣਦਾ ਹੈ ਕਿ ਇਹ ਸ਼ਖਸ ਕੌਣ ਹੈ। ਉਹ ਜਿਸ ਢੰਗ ਨਾਲ ਸ਼ਬਦਾਂ ਦੀ ਧੂਣੀ ਬਾਲਦਾ ਹੈ, ਉਹ ਲਾਜਵਾਬ ਹੈ। ਉਸ ਦੇ ਦੂਜੇ ਕਾਵਿ ਸੰਗ੍ਰਹਿ 'ਖੇਤਾਂ ਦੀ ਬੁੱਕਲ' (2006) ਵਿਚ ਵੀ ਇਹ ਜਲੌਅ ਦੇਖਿਆ ਜਾ ਸਕਦਾ ਹੈ। ਇਸ ਲੇਖ ਵਿਚ ਪੱਤਰਕਾਰ/ਡਾਕਟਰ ਅਮਨਿੰਦਰ ਪਾਲ ਨੇ ਸ਼ਾਇਰ ਦੀ ਚਰਚਿਤ ਕਵਿਤਾ 'ਪੰਜੋ ਰਫੂਜਣ' ਬਾਰੇ ਦਿਲ ਨੂੰ ਧੂਹ ਪਾਉਣ ਵਾਲੀਆਂ ਗੱਲਾਂ ਕੀਤੀਆਂ ਹਨ। ਜਾਪਦਾ ਹੈ, ਇਸ ਲਿਖਤ ਵਿਚ ਕੁੱਲ ਲੋਕਾਈ ਦਾ ਦਰਦ ਜਾਗ ਉਠਿਆ ਹੈ। -ਸੰਪਾਦਕ*

ਨਾ ਇਹ ਕਵਿਤਾ ਕਵੀ ਦਰਬਾਰ ਪੁੱਜੀ, ਤੇ ਨਾ ਇਸ ਦਾ ਰਚਣਹਾਰ ਕਿਸੇ ਇਨਾਮ ਸਮਾਰੋਹ ਦੀ ਸਟੇਜ ਤਕ ਅੱਪੜਿਆ। ਕੁਝ ਸਾਲ ਸਕੂਲਾਂ, ਕਾਲਜਾਂ ਦੇ ਕਵਿਤਾ ਮੁਕਾਬਲਿਆਂ ਤੇ ਨਾਟਕ ਮੇਲਿਆਂ ਵਿਚ ਗੂੰਜੀ। ਫਿਰ ਚੁੱਪ ਹੋ ਗਈ। ਹੁਣ ਤਾਂ ਕਈ-ਕਈ ਸਾਲ ਲੰਘ ਜਾਂਦੇ ਹਨ, ਇਸ ਦਾ ਪਾਠ ਸੁਣਿਆਂ!

ਅਸਲ ਵਿਚ ਇਹ ਕਵਿਤਾ ਹੈ ਹੀ ਨਹੀਂ ਸੀ, ਸਗੋਂ ਸਿਰਫ਼ 37 ਸਾਲਾਂ ਦੇ ਫਾਸਲੇ ਨਾਲ ਵਾਪਰੇ ਮਹਾਂਨਾਸ਼ ਦਾ ਅਜਿਹਾ ਬਿਰਤਾਂਤ ਸੀ ਜਿਸ ਵਿਚ ਹਰ ਧਿਰ ਜਿੱਤ ਗਈ ਸੀ, ਸਿਵਾਏ ਪਾਗਲ ਪੰਜੋ ਵਿਚ ਤਬਦੀਲ ਹੋਈ ਪੰਜਾਬ ਕੌਰ ਦੇ...।

1984 ਦੀ ਦਿੱਲੀ ਹਾਲੇ ਸੁਲਗ ਰਹੀ ਸੀ। ਸੜਦੇ ਟਾਇਰਾਂ ਵਿਚੋਂ ਨਿਕਲਦੇ ਧੂੰਏਂ ਦੀ ਕਾਲਖ ਨਾਲ ਅਸਮਾਨ ਹਾਲੇ ਗੰਧਲਾ ਸੀ। ਉਨ੍ਹਾਂ ਦਿਨਾਂ ਵਿਚ ਦਿੱਲੀ ਤੋਂ ਆਉਂਦੀਆਂ ਗਰਮ ਹਵਾਵਾਂ ਨਾਲ ਸਹਿਮ ਕੇ ਬਰਨਾਲੇ ਜ਼ਿਲ੍ਹੇ ਦੇ ਪਿੰਡ ਭੱਠਲਾਂ ਦੇ ਮਿੰਦਰਪਾਲ ਨੇ ਇਹ ਕਵਿਤਾ ਲਿਖੀ ਸੀ। ਉਨਵਾਨ ਸੀ: ਪੰਜੋ ਰਫੂਜਣ। ਮੈਂ ਇਹ ਕਵਿਤਾ ਪੰਜਵੀਂ ਜਮਾਤ ਵਿਚ ਸਕੂਲ ਵਿਚ ਪੜ੍ਹੀ ਸੀ। ਸਕੂਲ ਦੀ ਇਕ ਅਧਿਆਪਕਾ ਲਾਇਲਪੁਰ (ਪਾਕਿਸਤਾਨ) ਤੋਂ ਉਜੜ ਕੇ ਆਏ ਪਰਿਵਾਰ ਵਿਚੋਂ ਸੀ। ਕਵਿਤਾ ਖ਼ਤਮ ਹੁੰਦੇ ਸਾਰ ਅਧਿਆਪਕਾ ਫੁੱਟ ਪਈ। ਰੋਂਦੀ-ਰੋਂਦੀ ਨੇ ਪੰਜਾਹ ਦਾ ਨੋਟ ਇਨਾਮ ਦਿੱਤਾ ਤੇ ਘੁੱਟ-ਘੁੱਟ ਪਾਗਲਾਂ ਵਾਂਗ ਪਿਆਰ ਦੇਣ ਲੱਗੀ। ਉਦੋਂ ਮੈਂ ਹੈਰਾਨ ਹੋਇਆ ਉਸ ਵੱਲ ਤੱਕਦਾ ਰਿਹਾ ਸੀ, ਪਰ ਅੱਜ ਕੱਲ੍ਹ ਜਦੋਂ 70 ਸਾਲ ਪੁਰਾਣੀਆਂ, ਹੱਲਿਆਂ ਵੇਲੇ ਆਪਣਾ ਸਭ ਕੁਝ ਲੁਟਾ ਕੇ ਤੁਰੇ ਆ ਰਹੇ ਕਾਫ਼ਲਿਆਂ ਦੀਆਂ ਤਸਵੀਰਾਂ ਨਜ਼ਰੀਂ ਪੈਂਦੀਆਂ ਹਨ ਤਾਂ ਪੰਜੋ ਰਫੂਜਣ ਦੇ ਵੈਣ ਕਤਲੋਗਾਰਤ ਦੇ ਉਨ੍ਹਾਂ ਪਲਾਂ ਦੀ ਤਸਵੀਰ ਸਾਹਮਣੇ ਲੈ ਆਉਂਦੇ ਹਨ ਜਿਨ੍ਹਾਂ ਪਲਾਂ ਦੌਰਾਨ ਧਾਰਮਿਕ ਬੁਰਛਾਗਰਦੀ ਦੇ ਦੋ ਨਵੇਂ ਅਧਿਆਇ ਰਚੇ ਗਏ ਸਨ; ਤੇ ਕਵਿਤਾ ਪੜ੍ਹਨ ਤੋਂ ਤਕਰੀਬਨ ਵੀਹ ਵਰ੍ਹਿਆਂ ਬਾਅਦ ਮੈਨੂੰ ਅਹਿਸਾਸ ਹੁੰਦਾ ਹੈ ਕਿ ਲਾਇਲਪੁਰ ਦੀ ਉਸ 'ਰਫੂਜਣ' ਅਧਿਆਪਕਾ ਦੀ ਪੰਜੋ ਰਫੂਜਣ ਨਾਲ ਸਾਂਝ ਕਿੰਨੀ ਡੂੰਘੀ ਸੀ!



**ਅਮਨਿੰਦਰ ਪਾਲ**
**ਫੋਨ: +91-94178-65797**

ਮਿੰਦਰਪਾਲ ਦੱਸਦਾ ਹੈ ਕਿ ਦਿੱਲੀ ਦੰਗਿਆਂ ਤੋਂ ਕਈ ਦਿਨ ਬਾਅਦ ਤਕ ਇਸ ਕਵਿਤਾ ਅੰਦਰਲੀ ਕਹਾਣੀ ਉਸ ਅੰਦਰ ਰੜਕਦੀ ਰਹੀ, ਪਰ ਜਦੋਂ ਉਹ ਲਿਖਣ ਬੈਠਦਾ ਤਾਂ ਉਸ ਅੰਦਰਲਾ ਕਵੀ ਦਿੱਲੀ ਨਾ ਰੁਕਦਾ, ਸਗੋਂ ਲਾਇਲਪੁਰ ਚਲਿਆ ਜਾਂਦਾ। ਉਹ 1984 ਦੀ ਥਾਂ 1947 ਜਾ ਪਹੁੰਚਦਾ, ਸਗੋਂ 1947 ਤੋਂ ਵੀ ਪਿਛਾਂਹ ਜਾਂਦਾ ਤੇ ਲਾਇਲਪੁਰ ਟੱਪ ਪਹੁੰਚ ਜਾਂਦਾ ਉਸ ਪੰਜਾਬ ਕੌਰ ਦੇ ਪਿੰਡ, ਜਿਸ ਦਾ ਜਲੌਅ ਉਸ ਨੂੰ ਵੰਡ ਤੋਂ ਪਹਿਲਾਂ ਦੇ ਪੰਜਾਬ ਵਰਗਾ ਜਾਪਦਾ। ਪੰਜ ਦਰਿਆਵਾਂ ਦੀ ਲਾਡਲੀ ਉਸ ਧਰਤੀ ਦੀ ਪਛਾਣ ਉਹ ਪੰਜਾਬ ਕੌਰ ਦੇ ਰੂਪ ਵਿਚ ਕੁਝ ਇਸ ਤਰ੍ਹਾਂ ਕਰਵਾਉਂਦਾ:

ਅਸਲ ਵਿਚ ਉਸ ਦਾ ਨਾਂ ਪੰਜਾਬ ਕੌਰ ਸੀ,
ਜਦ ਉਹ ਨੂਰਾਂ ਤੇ ਪਾਰਬਤੀ ਸੰਗ ਮਿਲ ਕੇ ਉਚੀ ਹੇਕ ਲਾਉਂਦੀ,
ਗਿੱਧਿਆਂ ਵਿਚ ਧਮਾਲ ਪਾਉਂਦੀ,
ਤਾਂ ਕਾਬਲ-ਕੰਧਾਰ ਤੱਕ ਧਰਤੀ ਹਿਲਦੀ,
ਤੇ ਮਹਾਰਾਣੀ ਵਿਕਟੋਰੀਆ ਦੇ ਦਰਬਾਰ ਵਿਚ ਸ਼ਿਕਾਇਤਾਂ ਜੁੜਦੀਆਂ।
...
ਜਦ ਉਹ ਤੜਕੇ ਉਠ ਕੇ ਦੁੱਧ ਰਿੜਕਦੀ,
ਤਾਂ ਰਿੜਕੀ ਜਾਂਦੀ ਹਿੱਕ ਜ਼ੈਲਦਾਰ ਦੀ,
ਜਦੋਂ ਉਹ ਖੇਤੋਂ ਭੱਤਾ ਦੇ ਕੇ ਪਰਤਦੀ,
ਤਾਂ ਪਰੇਡ ਕਰਦੇ ਫ਼ੌਜੀਆਂ ਨੂੰ ਉਹਦੀ ਤੋਰ ਰੜਕਦੀ।

ਕਿਸੇ ਨੇ ਪੁੱਛਿਆ, "ਨੂਰਾਂ ਕਿਉਂ? ਪਾਰਬਤੀ ਕਿਉਂ?" ਤਾਂ ਮਿੰਦਰਪਾਲ ਦਾ ਜਵਾਬ ਸੀ: ਮੈਂ ਪੰਜਾਬ ਦੀ ਕਵਿਤਾ ਲਿਖਣ ਬੈਠਾ ਸਾਂ। ਪੰਜਾਬ ਕੌਰ ਦੇ ਬਲਾਤਕਾਰਾਂ ਦੀ ਕਹਾਣੀ ਤਾਂ ਸੁਣਾ ਜਾਂਦਾ, ਪਰ ਨੂਰਾਂ ਦੇ ਵੱਢੇ ਹੋਏ ਸਿਰ ਦੇ ਸਾਈਂ ਦਾ ਫ਼ਿਕਰ ਤਕ ਨਾ ਕਰਦਾ? ਇਹ ਮੈਥੋਂ ਕਿਵੇਂ ਹੋ ਸਕਣਾ ਸੀ?

ਇਸੇ ਲਈ ਜਦੋਂ 'ਅੱਲ੍ਹਾ-ਹੂ-ਅਕਬਰ' ਦੀ ਉਚੀ ਹੋ ਰਹੀ ਆਵਾਜ਼ ਪਹਿਲੀ ਵਾਰ ਪੰਜਾਬ ਕੌਰ ਦੇ ਝੁਮਕਿਆਂ ਨੂੰ ਪਾਸੇ ਕਰ ਉਹਦੇ ਕੰਨੀਂ ਪੈਂਦੀ ਹੈ ਤਾਂ ਕਵਿਤਾ ਅਗਲਾ ਕਦਮ ਕੁਝ ਇਸ ਤਰ੍ਹਾਂ ਰੱਖਦੀ ਹੈ:

ਦਰਵਾਜ਼ਾ ਖੁੱਲ੍ਹਦੇ ਹੀ ਉਹਦੇ ਸੰਧੂਰ 'ਚ ਲਿਬੜ ਗਈ,
ਮਿਸਟਰ ਜਿਨਾਹ ਦੀ ਤਾਜ਼ੀ ਤਕਰੀਰ।
ਤੇ ਨੂਰਾਂ ਦਾ ਵੱਢਿਆ ਹੋਇਆ ਸਿਰ ਦਾ ਸਾਈਂ,
ਬੱਦਲਾਂ 'ਚੋਂ ਲੱਭ ਰਿਹਾ ਸੀ
ਮਾਸਟਰ ਤਾਰਾ ਸਿੰਘ ਦੀ ਤਸਵੀਰ।

ਖ਼ੈਰ! ਵੰਡ ਹੁੰਦੀ ਹੈ। ਪੰਜਾਬ ਕੌਰ ਬਚ ਤਾਂ ਜਾਂਦੀ ਹੈ, ਪਰ ਸਿਰਫ਼ ਪੰਜਾਬੋ ਰਹਿ ਜਾਂਦੀ ਹੈ। ਨਹਿਰ ਲਾਗਲੀਆਂ ਬਟੇਰਾਂ ਵਿਚ ਜਾ ਲੁਕਦੀ ਹੈ ਤੇ ਇਨ੍ਹਾਂ ਬਟੇਰਾਂ ਵਿਚੋਂ ਕਵੀ ਉਹ ਸਤਰਾਂ ਲੱਭ ਲਿਆਉਂਦਾ ਹੈ, ਜਿਨ੍ਹਾਂ ਤਿੰਨੇ ਧਰਮਾਂ ਦੇ ਅਲੰਬਰਦਾਰਾਂ ਨੂੰ ਰਹਿੰਦੇ ਵਰ੍ਹਿਆਂ ਤਕ ਸ਼ਰਮਸਾਰ ਕਰੀ ਜਾਣਾ ਹੈ:

ਉਹਦੇ ਪੇਟ ਅੰਦਰਲਾ ਬੱਚਾ
ਹੱਥ ਬੰਨ੍ਹ-ਬੰਨ੍ਹ ਕੇ ਮਿੰਨਤਾਂ ਕਰਦਾ ਰਿਹਾ,
ਬਦਲ-ਬਦਲ ਕੇ ਆ ਰਹੇ ਬਲਾਤਕਾਰੀਆਂ ਦੇ ਸਾਹਮਣੇ,
ਕਿ ਓ ਆਦਮੀ ਦੇ ਪੁੱਤੋ
ਜੇ ਇਹਦਾ ਨਹੀਂ,
ਤਾਂ ਮੇਰਾ ਤਾਂ ਕੁਝ ਤਰਸ ਕਰੋ,
ਪਰ ਓਸ ਵੇਲੇ ਉਥੇ ਆਦਮੀ ਦਾ ਪੁੱਤ ਕੋਈ ਵੀ ਨਹੀਂ ਸੀ
ਬਸ ਸ਼ੈਤਾਨ ਹੀ ਸ਼ੈਤਾਨ ਸਨ
ਜਾਂ ਹਿੰਦੂ ਸਨ
ਜਾਂ ਸਿੱਖ ਸਨ
ਤੇ ਜਾਂ ਫਿਰ ਮੁਸਲਮਾਨ ਸਨ।

ਅਗਲੇ ਵਰ੍ਹਿਆਂ ਵਿਚ ਪੰਜਾਬੋ ਨਾਲ ਚੰਗੀ-ਮਾੜੀ ਜੋ ਬੀਤੀ, ਉਹ ਇਕ ਪਾਸੇ, ਕਵਿਤਾ ਇਥੇ ਮੁੱਕਦੀ ਹੈ ਕਿ ਲਾਡ-ਚਾਵਾਂ ਨਾਲ ਪਾਲਿਆ ਪੰਜਾਬੋ ਦਾ ਕਰਤਾਰਾ ਪੁੱਤ ਜਵਾਨ ਹੋ ਕੇ ਟਰੱਕ ਡਰਾਈਵਰ ਬਣ ਜਾਂਦਾ ਹੈ। ਪੰਜਾਬੋ ਨੂੰ ਇਕ ਵਾਰ ਫਿਰ ਲਾਇਲਪੁਰ ਵਿਚ ਵਗੀਆਂ ਹਵਾਵਾਂ ਦੀ ਹਮਕ ਆਉਂਦੀ ਹੈ। ਮਾਸਟਰ ਤਾਰਾ ਸਿੰਘ ਤੇ ਮਿਸਟਰ ਜਿਨਾਹ ਵਰਗੇ ਭੂਤ ਭਾਂਤ-ਸੁਭਾਂਤੇ ਲੀਡਰ ਬਣ-ਬਣ ਧਮਕਣ ਲੱਗਦੇ ਹਨ। 1984 ਵਾਪਰਦਾ ਹੈ। ਕਰਤਾਰਾ ਪੁੱਤ ਅੱਗ ਲੱਗੇ ਟਰੱਕ ਵਿਚ ਹੀ ਸੜ ਜਾਂਦਾ ਹੈ। ਪੰਜਾਬੋ ਮਹਿਜ਼ ਪੰਜੋ ਰਫੂਜਣ ਰਹਿ ਜਾਂਦੀ ਹੈ, ਤੇ ਪੁੱਤ ਦੇ ਕਤਲ ਦੀ ਖ਼ਬਰ ਸੁਣ ਪਾਗਲ ਹੋ ਜਾਂਦੀ ਹੈ।

ਮੇਰਾ ਇਹ ਵਿਸ਼ਵਾਸ ਹੈ ਕਿ ਕੋਈ ਵਿਰਲਾ ਹੀ ਪੰਜਾਬੀ ਹੋਵੇਗਾ, ਜੀਹਨੇ ਆਪਣੇ ਵਡੇਰਿਆਂ ਤੋਂ ਵੰਡ ਵਿਚ ਹੋਈ ਵੱਢ-ਟੁੱਕ ਦੇ ਵਾਕਿਆਤ ਤਾਂ ਸੁਣੇ ਹੋਣ, ਪਰ ਜਿਹਦਾ ਪੰਜੋ ਰਫੂਜਣ ਸੁਣ ਕੇ ਗੱਚ ਨਾ ਭਰੇ। ਇਸ ਕਵਿਤਾ ਦੀ ਹਰ ਸਤਰ ਪੜ੍ਹਨ ਵਾਲੇ ਨੂੰ ਖ਼ੌਫ਼ਜ਼ਦਾ ਕਰਦੀ ਹੈ। ਇੰਜ ਲੱਗਦਾ ਹੈ ਕਿ ਬਲਾਤਕਾਰ ਤੇ ਕਤਲ ਤੁਹਾਡੇ ਸਾਹਮਣੇ ਵਾਪਰ ਰਹੇ ਹੋਣ; ਤੇ ਜੇ ਕਿਧਰੇ ਕੋਈ ਸ਼ਿੱਦਤ ਨਾਲ ਹੋ ਰਿਹਾ ਇਸ ਦਾ ਪਾਠ ਸੁਣ ਲਵੇ ਤਾਂ ਸੁਣਨ ਵਾਲਾ ਭਰੀ ਭੀੜ ਵਿਚ ਡੁਸਕਣ ਲੱਗ ਸਕਦਾ ਹੈ। ਲਾਇਲਪੁਰੋਂ ਆਈ ਮੇਰੇ ਸਕੂਲ ਦੀ ਉਸ ਅਧਿਆਪਕਾ ਵਾਂਗ।

ਪੰਜਾਬ ਕੌਰ ਦੀ ਕਹਾਣੀ ਦਾ 'ਮਿਆਣਾ ਗੋਂਦਲ ਦਾ ਢੋਲਾ' ਵਾਲੀ ਜੰਨਤ ਬੀਬੀ, ਆਪਣੀ ਫਾਤਿਮਾ ਤੋਂ ਵਿਛੜ ਜਾਣ ਤੋਂ ਬਾਅਦ ਸੱਜਣ ਸਿੰਘ ਵਿਚ ਤਬਦੀਲ ਹੋਏ ਮੁਨਸ਼ੀ ਖਾਨ ਜਾਂ ਵੰਡ ਤੋਂ ਬਾਅਦ ਵਾਰਿਸ ਸ਼ਾਹ ਨੂੰ ਦੁਹਾਈਆਂ ਪਾ ਰਹੀ ਹੀਰ ਨਾਲ ਕੀ ਮੇਲ ਹੈ, ਇਹ ਤਾਂ ਪੜ੍ਹਨ ਵਾਲੇ ਖ਼ੁਦ ਆਪ ਸਮਝਣ, ਪਰ ਉਸ ਦੀ ਤ੍ਰਾਸਦੀ ਵੱਖਰੀ ਜ਼ਰੂਰ ਹੈ, ਕਿਉਂਕਿ ਕਵਿਤਾ ਦਾ ਅੰਤ ਕੁਝ ਇਸ ਤਰ੍ਹਾਂ ਹੁੰਦਾ ਹੈ:

ਭੈਣੋਂ ਨੀਂ! ਅੱਜ ਤੋਂ ਮੈਂ ਪੰਜਾਬ ਕੌਰ ਤੋਂ
ਸਿਰਫ਼ ਪੰਜੋ ਰਹਿ ਗਈ,
ਮੇਰਾ ਪਿਛਲਾ 'ਸਭ'
ਪਿਛਲੀ ਉਮਰੇ ਰਾਜਧਾਨੀ ਲੈ ਗਈ,
ਹੋ ਸਕੇ ਤਾਂ ਮੇਰੇ ਲਈ ਐਨਾ ਹੀ
ਬਸ ਕਰ ਦਿਓ,
ਉਸ ਸ਼ੈਤਾਨ ਦੀ ਟੂਟੀ ਦਾ
ਜ਼ਰਾ ਕੁ ਪਤਾ ਕਰ ਦਿਓ,
ਜਿਸ ਵਿਚੋਂ ਨਿਕਲਦੇ ਖ਼ੂਨ ਨੇ
ਮੈਨੂੰ ਲੂਣ ਵਾਂਗ ਖੋਰ ਕੇ,
ਪੰਜਾਬ ਕੌਰ ਤੋਂ ਪੰਜੋ ਬਣਾ ਛੱਡਿਆ ਹੈ,
ਤੇ ਮੇਰਾ ਦੋ ਪੁਸ਼ਤਾਂ ਦਾ ਲਹੂ
ਪਾਣੀ ਵਾਂਗ ਵਹਾ ਛੱਡਿਆ ਹੈ,
ਫਿਰ ਮੈਂ ਜਾਣਾ, ਸੋ ਮੈਂ ਜਾਣਾ
ਪਿੰਡ ਵਿਚ ਖ਼ਬਰ ਇਹ ਫੈਲ ਗਈ ਹੈ
ਕਿ ਪੰਜੋ ਰਫੂਜਣ ਪਾਗਲ ਹੋ ਗਈ ਹੈ,
ਕਿ ਪੰਜੋ ਰਫੂਜਣ ਪਾਗਲ ਹੋ ਗਈ ਹੈ।

ਪੰਜਾਬ ਕੌਰ ਦੀ ਕਹਾਣੀ ਵੱਖਰੀ ਸੀ, ਕਿਉਂ ਜੋ ਉਸ ਦਾ ਅੰਤ 1947 ਵਿਚ ਨਹੀਂ ਹੁੰਦਾ। ਤਾਰਾ ਸਿੰਘ ਤੇ ਜਿਨਾਹ ਦੀ ਪਛਾਣ ਉਹ ਨਾਮ ਲੈ-ਲੈ ਕਰਦੀ ਹੈ। ਉਹ ਬੇਖ਼ੌਫ਼ ਹੋ ਕੇ ਆਖਦੀ ਹੈ ਕਿ ਇਹ ਲੀਡਰ 1984 ਵਿਚ ਵੀ ਦੁਬਾਰਾ ਦਿਖਾਈ ਦਿੱਤੇ ਸਨ। ਹੋਰ ਤਾਂ ਹੋਰ, ਵਿਅਕਤੀਗਤ ਸਦਮੇ ਤੋਂ ਪਾਰ ਹੁੰਦੀ ਹੋਈ, ਉਹ ਆਪਣਾ ਸਭ ਕੁਝ ਲੁਟਾ ਲੈਣ ਤੋਂ ਬਾਅਦ ਵੀ ਉਸ ਸ਼ੈਅ ਦੀ ਭਾਲ ਵਿਚ ਹੈ ਜਿਸ ਨੇ ਉਸ ਦੀ ਹੋਣੀ ਦਾ ਫੈਸਲਾ ਕੀਤਾ ਹੈ। ਉਹਨੂੰ ਕੌਮੀ ਰਾਜਧਾਨੀ ਆਪਣੀ ਦੁਸ਼ਮਣ ਲੱਗਦੀ ਹੈ।

ਮਿੰਦਰਪਾਲ ਮੁਤਾਬਿਕ, ਅੰਮ੍ਰਿਤਾ ਪ੍ਰੀਤਮ ਦੀ 'ਅੱਜ ਆਖਾਂ ਵਾਰਿਸ ਸ਼ਾਹ ਨੂੰ' ਵੰਡ ਦੇ ਦੁਖਾਂਤ ਨੂੰ ਬਿਆਨਦੀ ਸਭ ਤੋਂ ਪਿਆਰੀ ਰਚਨਾ ਹੈ। ਉਹ ਆਖਦਾ ਹੈ, "ਇਹ ਇਕ ਔਰਤ ਦੀ ਵਾਰਿਸ ਸ਼ਾਹ ਨੂੰ ਦਿੱਤੀ ਦੁਹਾਈ ਸੀ। ਔਰਤ ਦੀ ਹੂਕ ਵਿਚਲਾ ਦਰਦ ਰਹਿੰਦੇ ਵਰ੍ਹਿਆਂ ਤਕ ਸਤਾਉਂਦੈ।" ਪਰ ਜਦ 'ਵਾਰਿਸ ਦੀ ਹੀਰ' 1984 ਵਿਚ ਚੁੱਪ ਧਾਰ ਗਈ ਤਾਂ ਮਿੰਦਰਪਾਲ ਨੇ ਆਪ ਇਕ ਦੁਹਾਈ ਵਾਰਿਸ ਸ਼ਾਹ ਨੂੰ ਦਿੱਤੀ ਸੀ। ਪੰਜੋ ਰਫੂਜਣ ਲਿਖਣ ਤੋਂ 1-2 ਸਾਲ ਬਾਅਦ, ਜਦ ਹਰ ਰੋਜ਼ ਕੋਈ ਕਰਤਾਰਾ ਪੁੱਤ ਕਤਲ ਹੁੰਦਾ ਸੀ ਤਾਂ ਉਸ ਨੇ ਲਿਖਿਆ:

ਯਾਰ ਵਾਰਿਸ ਸ਼ਾਹਾ
ਅੱਜ ਤੈਨੂੰ ਕਿਹੜੇ ਮੂੰਹ ਨਾਲ ਆਖਾਂ
ਕਿ ਤੂੰ ਕਬਰਾਂ ਵਿਚੋਂ ਬੋਲ।
ਤਖ਼ਤ ਹਜ਼ਾਰੇ 'ਚ ਮੋਟਰਸਾਈਕਲ
ਇੰਜ ਘੁੰਮਦੇ ਨੇ
ਕਰੰਗਾਵਾਰਤੀ 'ਚ ਜਿਉਂ ਕੁੱਤੇ।
ਸੈਦਾ ਖੇੜਾ ਸੀ.ਆਰ.ਪੀ 'ਚ
ਭਰਤੀ ਹੋ ਗਿਆ ਹੈ,
ਹੀਰ ਬਲਾਤਕਾਰੀਆਂ ਤੋਂ ਡਰਦੀ
ਚੂਚਕ ਦੇ ਘਰੋਂ ਬਾਹਰ ਨਾ ਨਿਕਲੇ
ਤੇ ਧੀਦੋ ਰਾਂਝਾ ਭੁੱਖਣ ਭਾਣਾ
ਬੇਲਿਆਂ 'ਚ ਭੌਂਦਾ ਫਿਰਦੈ।

ਪੰਜੋ ਰਫੂਜਣ ਦੀ ਖ਼ੌਫ਼ਨਾਕ ਕਹਾਣੀ ਨੂੰ ਕਵਿਤਾ ਦਾ ਰੂਪ ਦੇਣ ਵਾਲਾ ਕਵੀ ਇਸ ਹੱਦ ਤਕ ਅਣਗੌਲਿਆ, ਸਿੱਧਾ-ਸਾਦਾ, ਚੁੱਪ-ਚੁਪੀਤਾ ਤੇ ਸੰਗਾਊ ਹੈ ਕਿ ਕਵਿਤਾ ਲਿਖੇ ਜਾਣ ਤੋਂ ਲਗਪਗ ਵੀਹ ਸਾਲ ਬਾਅਦ ਤਕ ਵੀ ਨਾ ਤਾਂ ਉਹਨੇ ਆਪ ਇਸ ਕਵਿਤਾ ਨੂੰ ਕਿਸੇ ਕਿਤਾਬ 'ਚ ਛਪਵਾਉਣ ਦਾ ਤਹੱਈਆ ਕੀਤਾ ਤੇ ਨਾ ਕਿਸੇ ਪ੍ਰਕਾਸ਼ਕ ਨੇ ਉਹਦੇ ਦਰਾਂ 'ਤੇ ਪੈਰ ਰੱਖਿਆ। ਉਹ ਦੱਸਦਾ ਹੈ ਕਿ ਕਵਿਤਾ ਸ਼ਾਇਦ ਇਕ-ਅੱਧ ਰਾਜਨੀਤਕ ਰਸਾਲੇ ਵਿਚ ਕਿਸੇ ਵੇਲੇ ਛਪੀ ਸੀ। 1990ਵਿਆਂ ਦੇ ਨੇੜੇ-ਤੇੜੇ, ਪਰ ਕਿਸੇ ਕਿਤਾਬ ਦਾ ਹਿੱਸਾ ਨਾ ਬਣੀ। ਅਖੀਰ 2006 ਵਿਚ ਪੰਜੋ ਰਫੂਜਣ ਉਹਦੇ ਦੂਜੇ ਕਾਵਿ ਸੰਗ੍ਰਹਿ 'ਖੇਤਾਂ ਦੀ ਬੁੱਕਲ' ਵਿਚ ਸ਼ਾਮਲ ਹੋਈ।

ਇਸ ਤੋਂ ਪਹਿਲਾਂ ਉਹਦਾ ਪਹਿਲਾ ਕਵਿਤਾ ਸੰਗ੍ਰਹਿ 'ਦਿੱਲੀ ਦਾ ਰੰਗ' 1979 ਵਿਚ ਛਪਿਆ ਸੀ ਜਿਸ ਵਿਚ 'ਪੁਰਜੇ' ਨਾਂ ਦੀ ਮਕਬੂਲ ਕਵਿਤਾ ਸ਼ਾਮਲ ਸੀ। ਇਹ ਕਵਿਤਾ ਭਾਰਤੀ ਸਿਖਿਆ ਪ੍ਰਣਾਲੀ 'ਤੇ ਵਿਅੰਗਾਤਮਕ ਚੋਟ ਸੀ ਜਿਸ ਵਿਚ ਮਿੰਦਰਪਾਲ ਨੇ ਕਾਲਜਾਂ, ਯੂਨੀਵਰਸਿਟੀਆਂ ਵਿਚੋਂ ਪਾਸ ਹੁੰਦੇ ਵਿਦਿਆਰਥੀਆਂ ਦੀ ਤੁਲਨਾ ਉਨ੍ਹਾਂ ਅਨਫਿੱਟ ਪੁਰਜ਼ਿਆਂ ਨਾਲ ਕੀਤੀ ਸੀ ਜੋ ਕਿਸੇ ਚੰਗੀ ਮਸ਼ੀਨ ਵਿਚ ਫਿੱਟ ਨਹੀ ਹੁੰਦੇ ਤੇ ਜਿਨ੍ਹਾਂ ਨੂੰ ਸਿਕਲੀਗਰ ਖਰੀਦ ਕੇ ਅਖੀਰ ਬੱਠਲਾਂ ਵਿਚ ਢਾਲ ਲੈਂਦੇ ਹਨ। ਉਹ ਬੜੀ ਹਲੀਮੀ ਨਾਲ ਸਵੀਕਾਰਦਾ ਹੈ ਕਿ ਪੰਜੋ ਰਫੂਜਣ ਕੋਈ ਬਹੁਤਾ ਵੱਡਾ ਰੁਤਬਾ ਹਾਸਲ ਨਾ ਕਰ ਸਕੀ। ਕਾਰਨ ਉਸ ਨੂੰ ਆਪ ਨੂੰ ਵੀ ਨਹੀ ਪਤਾ। ਉਹ ਅੰਦਾਜ਼ੇ ਲਾਉਣ ਦੀ ਕੋਸ਼ਿਸ਼ ਕਰਦਾ ਹੈ, ਸ਼ਾਇਦ ਮੈਂ ਵੱਡਾ ਕਵੀ ਨਹੀਂ ਸਾਂ।

ਮਿੰਦਰਪਾਲ ਅੱਜ ਕੱਲ੍ਹ ਧਨੌਲੇ ਦੇ ਬਾਜ਼ਾਰ ਵਿਚ ਆਪਣੇ ਪਿਤਾ ਵੱਲੋਂ ਬੱਝੀ ਉਸੇ ਦੁਕਾਨ ਵਿਚ ਹੋਮਿਓਪੈਥੀ ਦੀ ਪ੍ਰੈਕਟਿਸ ਕਰਦਾ ਹੈ ਜਿਥੇ ਬੈਠ ਉਸ ਨੇ ਕਈ ਕਵਿਤਾਵਾਂ ਲਿਖੀਆਂ, ਪਰ ਹੁਣ ਉਹ ਕੁਝ ਨਹੀਂ ਲਿਖਦਾ।





*ਸ਼ਾਇਰ ਮਿੰਦਰਪਾਲ ਭੱਠਲ ਅਤੇ (ਸੱਜੇ) ਵੰਡ ਵੇਲੇ ਦੇ ਰਫਿਊਜੀਆਂ ਦੇ ਹਾਲਾਤ ਦੀ ਇਕ ਝਲਕ।*

## ਕਾਵਿ-ਜਗਤ

### ਕੈਸੀ ਚੱਲੀ ਏ ਹਨੇਰੀ

ਅਸੀਂ ਮਿੱਟੀ ਵਿਚ ਬੀਜੀਆਂ ਸਨ ਫਸਲਾਂ
ਏ ਡਰੱਗ ਉਘ ਕਿੱਥੋਂ ਹਰਾ ਹੋ ਗਿਆ।
ਦੁਨੀਆਂ ਰਜਾਉਣ ਵਾਲਾ ਬਾਦਸ਼ਾਹ
ਖ਼ੁਦ ਕਿਹੜੇ ਮੋੜ ਉਤੇ ਖੜ੍ਹਾ ਹੋ ਗਿਆ।
ਲੋਹਾ ਲੱਕੜਾਂ ਨਾਲ ਸੁਣਿਆ ਸੀ ਤਰਦਾ
ਏਥੇ ਬੁਢਾਪੇ ਨਾਲ ਜਵਾਨੀ ਮਰ ਗਈ।
ਕੈਸੀ ਚੱਲੀ ਏ ਹਨੇਰੀ ਰੰਗਲੇ ਪੰਜਾਬ 'ਚ
ਕਿ ਰੰਗ ਚੁੰਨੀਆਂ ਦੇ ਚਿੱਟੇ ਕਰ ਗਈ।

ਧੀ ਘੱਲੀ ਸੀ ਕਾਲਜ ਨੂੰ ਪੜ੍ਹਨੇ
ਓ ਘਰ ਵਾਪਿਸ ਨਾ ਆਈ ਸਾਲਾਂ ਤੋਂ।
ਰੱਸਾ ਬਾਪੂ ਜੀ ਦੇ ਗਲ ਵਿਚ ਪੈ ਗਿਆ
ਅੱਕ ਗਿਆ ਆਪਣੇ ਹੀ ਜੰਮੇ ਬਾਲਾਂ ਤੋਂ।
ਡਾਕੇ ਇੱਜਤਾਂ 'ਤੇ ਜਿਉਂਦੇ ਜੀਅ ਹੀ ਪੈਂਦੇ ਨੇ
ਮਾਂ ਤਾਂਹੀਂ ਤਾਂ ਜੰਮਣੇ ਤੋਂ ਧੀ ਡਰ ਗਈ।
ਕੈਸੀ ਚੱਲੀ ਏ ਹਨੇਰੀ ਰੰਗਲੇ ਪੰਜਾਬ 'ਚ
ਕਿ ਰੰਗ ਚੁੰਨੀਆਂ ਦੇ ਚਿੱਟੇ ਕਰ ਗਈ।

ਜਿਹੜਾ ਖੌਲਦਾ ਸੀ ਕਦੇ ਦੇਸ਼ ਕੌਮ ਲਈ
ਖ਼ੂਨ ਹੁਣ ਨਾ ਉਬਾਲੇ ਮਾਰਦਾ।
ਚਾਲਾਂ ਸਮਝ 'ਚੋਂ ਹੋਈਆਂ ਸਾਡੇ ਬਾਹਰ ਨੇ
ਵਿਚ ਹੱਥ ਮਿਲ ਗਿਆ ਸਰਕਾਰ ਦਾ।
ਅਖੀਰ ਡੁੱਬ ਜਾਣਾ ਆਪਣੇ ਹੀ ਭਾਰ ਨਾਲ
ਬੇੜੀ ਜਿਹੜੀ ਪਾਪਾ ਨਾਲ ਭਰ ਗਈ।
ਕੈਸੀ ਚੱਲੀ ਏ ਹਨੇਰੀ ਰੰਗਲੇ ਪੰਜਾਬ 'ਚ
ਕਿ ਰੰਗ ਚੁੰਨੀਆਂ ਦੇ ਚਿੱਟੇ ਕਰ ਗਈ।

*-ਬਲਜਿੰਦਰ ਆਲੀਕੇ*
*ਫੋਨ: 91-94645-62678*

---


### ਘਰਵਾਲੀ

ਮਾਂ ਦਾ ਕਿਹਾ, ਸਿਰ ਮੱਥੇ
ਘਰਵਾਲੀ ਨੂੰ, ਹੱਟ ਪਿੱਛੇ।
ਭੈਣ ਨੂੰ ਕਹਿਣਾ, ਹਾਂ ਜੀ, ਹਾਂ ਜੀ
ਘਰਵਾਲੀ ਨੂੰ ਨਾਂਹ ਜੀ, ਨਾਂਹ ਜੀ।
ਬੱਚਿਆਂ 'ਤੇ ਜੇ ਗੁੱਸਾ ਆਵੇ
ਘਰਵਾਲੀ ਦੇ ਭਾਅ ਦੀ ਬਣ ਜਾਵੇ।
ਕਾਰ ਦੀ ਜੇਕਰ ਚਾਬੀ ਖੋ ਗਈ
ਘਰਵਾਲੀ ਤੋਂ ਗਲਤੀ ਹੋ ਗਈ।
ਕੰਮ ਤੋਂ ਜੇਕਰ ਹੋ ਗਿਆ ਲੇਟ
ਬੱਚੇ ਕਰ ਸਕਦੇ ਸੀ ਵੇਟ।
ਕੱਛਾ-ਬੁਨੈਨ ਜੇ ਲੱਭਦੀ ਨਾਹੀਂ
ਘਰਵਾਲੀ ਦੀ ਗਲਤੀ ਆਹੀ।
ਕੱਲ੍ਹ ਜਦ ਮੈਂ ਚਿਕਨ ਬਣਾਇਆ
ਘੱਟ ਲੂਣ ਦਾ, ਉਸ ਤਵਾ ਲਾਇਆ।
ਭੁੱਖੇ ਯਾਰ ਆ ਬੂਹਾ ਖੜਕਾਇਆ
ਘਰਵਾਲੀ ਨੇ ਭੜਥੂ ਪਾਇਆ।
ਘਰਵਾਲੀ ਜੇ ਘਰੇ ਨਾ ਹੋਵੇ
ਕੱਪੜੇ-ਭਾਂਡੇ ਫਿਰ ਕਿਹੜਾ ਧੋਵੇ!
ਜੇਕਰ ਕਿਧਰੇ ਤਾਪ ਜਿਹਾ ਚੜ੍ਹ'ਜੇ
ਪਾਰਾ ਥੱਲੇ, ਜਾਂ ਬਹੁਤਾ ਚੜ੍ਹ'ਜੇ।
ਜਾਂ ਕਿਧਰੇ ਦਿਲ ਜ਼ਿਆਦਾ ਧੜਕੇ
ਉਹਦੀ ਤਾਂ ਫਿਰ ਨਬਜ਼ ਹੀ ਖੜ੍ਹ'ਜੇ।
ਜਿੰਦ ਵਿਚ ਦੁੱਖ-ਸੁੱਖ ਬੜੇ ਹੀ ਆਏ
ਉਸ ਨੇ ਸਾਰੇ ਨਾਲ ਹੰਢਾਏ।
ਬੱਚੇ ਪਲ ਕੇ ਮਾਪੇ ਹੋ ਗਏ
ਉਹਦੇ ਪਲ ਕੁਝ ਸੌਖੇ ਹੋ ਗਏ।
ਜੇ ਕਿਧਰੇ ਉਹਨੂੰ ਕੁਝ ਹੋਇਆ
ਮੇਰਾ ਤਾਂ ਫਿਰ ਜੱਗ ਜਾਊ ਖੋਇਆ।

*-ਠਾਕਰ ਸਿੰਘ ਬਸਾਤੀ, ਸ਼ਿਕਾਗੋ*

# ਜਮਹੂਰੀਅਤ ਤੇ ਮਾਓਵਾਦ ਦੀ 'ਨਿਊਟਨ' ਵਿਆਖਿਆ






ਫਿਲਮ 'ਨਿਊਟਨ' ਦਾ ਨੌਜਵਾਨ ਫਿਲਮਸਾਜ਼ ਅਮਿਤ ਮਸਰਕਰ ਅਤੇ (ਹੇਠਾਂ) ਫਿਲਮ ਦਾ ਪੋਸਟਰ।

ਅਦਾਕਾਰ ਰਾਜ ਕੁਮਾਰ ਰਾਓ ਇਕ ਵਾਰ ਫਿਰ ਫਿਲਮ ਸਨਅਤ ਦੀ ਚਰਚਾ ਦੇ ਕੇਂਦਰ ਵਿਚ ਆ ਗਿਆ ਹੈ। ਉਸ ਦੀ ਫਿਲਮ 'ਨਿਊਟਨ' ਲੰਘੇ ਸ਼ੁੱਕਰਵਾਰ ਦੀ ਸਿਨੇਮਿਆਂ ਵਿਚ ਆਈ ਹੈ ਅਤੇ ਇਸ ਨੇ ਆਉਂਦਿਆਂ ਸਾਰ ਧਮਾਲਾਂ ਪਾ ਦਿੱਤੀਆਂ ਹਨ। ਇਕ ਤਾਂ ਇਸ ਫਿਲਮ ਦੀ ਉਂਝ ਹੀ ਬੜੀ ਤਾਰੀਫ਼ ਹੋਈ ਹੈ; ਦੂਜੇ, ਇਹ ਫਿਲਮ ਸੰਸਾਰ ਦੇ ਸਭ ਤੋਂ ਵੱਕਾਰੀ ਆਸਕਰ ਫਿਲਮ ਮੇਲੇ ਦੇ ਵਿਦੇਸ਼ੀ ਵਰਗ ਵਿਚ ਚੁਣੀ ਗਈ ਹੈ। ਇਹੀ ਨਹੀਂ, ਇਸ ਫਿਲਮ ਨੇ ਬਾਕਸ ਆਫਿਸ ਉਤੇ ਵੀ ਚੰਗੀ ਕਾਰਗੁਜ਼ਾਰੀ ਦਿਖਾਈ ਹੈ। ਕੁੱਲ 106 ਮਿੰਟਾਂ ਦੀ ਇਸ ਫਿਲਮ ਉਤੇ 8 ਕਰੋੜ ਰੁਪਏ ਖਰਚ ਆਇਆ

**ਜਗਜੀਤ ਸਿੰਘ ਸੇਖੋਂ**

ਸੀ ਅਤੇ ਪਹਿਲੇ ਪੰਜਾਂ ਦਿਨਾਂ ਦੌਰਾਨ ਹੀ ਇਸ ਫਿਲਮ ਨੇ ਆਪਣਾ ਇਹ ਖਰਚ ਕੱਢ ਲਿਆ ਹੈ ਅਤੇ ਹੁਣ ਮੁਨਾਫ਼ੇ ਵਿਚ ਜਾ ਰਹੀ ਹੈ।

ਫਿਲਮ ਦੀ ਕਹਾਣੀ ਨੌਜਵਾਨ ਨਿਊਟਨ ਕੁਮਾਰ ਉਰਫ ਨੂਤਨ ਕੁਮਾਰ ਦੁਆਲੇ ਘੁੰਮਦੀ ਹੈ ਜਿਸ ਦੀ ਚੋਣ ਡਿਊਟੀ, ਮਾਓਵਾਦੀਆਂ ਦੇ ਗੜ੍ਹ ਵਿਚ ਲੱਗ ਜਾਂਦੀ ਹੈ। ਉਥੇ ਉਸ ਨੂੰ ਮਾਓਵਾਦੀ ਗੁਰੀਲਿਆਂ ਅਤੇ ਸੁਰੱਖਿਆ ਬਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਹ ਆਪਣੇ ਹਿਸਾਬ ਨਾਲ ਨਿਰਪੱਖ ਚੋਣਾਂ ਕਰਵਾਉਣ ਦਾ ਯਤਨ ਕਰਦਾ ਹੈ ਪਰ ਨਿਰਾਸ਼ ਹੋ ਜਾਂਦਾ ਹੈ ਜਦੋਂ ਉਸ ਵਾਲੇ ਬੂਥ ਵਿਚ ਕੋਈ ਵੋਟ ਪਾਉਣ ਹੀ ਨਹੀਂ ਆਉਂਦਾ। ਉਸ ਨੂੰ ਤੁਰੰਤ ਪਤਾ ਲੱਗ ਜਾਂਦਾ ਹੈ ਕਿ ਲੋਕਾਂ ਨੂੰ ਤਾਂ ਚੋਣਾਂ ਦਾ ਮਤਲਬ ਹੀ ਨਹੀਂ ਪਤਾ ਹੈ। ਉਹ ਲੋਕਾਂ ਨੂੰ ਇਸ ਬਾਰੇ ਸਮਝਾਉਣ ਦਾ ਯਤਨ ਕਰਦਾ ਹੈ ਪਰ ਉਹ ਦੰਗ ਰਹਿ ਜਾਂਦਾ ਹੈ ਜਦੋਂ ਸੁਰੱਖਿਆ ਮੁਲਾਜ਼ਮ ਉਸ ਦੇ ਵਿਰੋਧ ਵਿਚ ਉਠ ਖਲੋਂਦੇ ਹਨ।

ਨੌਜਵਾਨ ਫਿਲਮਸਾਜ਼ ਅਮਿਤ ਮਸਰਕਰ ਨੇ ਇਸ ਕਹਾਣੀ ਦੁਆਲੇ ਆਪਣੀ ਪੂਰੀ ਫਿਲਮ ਬੁਣੀ ਹੈ ਅਤੇ ਆਪਣੀ ਕਲਾ ਦਾ ਲੋਹਾ ਮੰਨਵਾਇਆ ਹੈ। ਇਸ ਫਿਲਮ ਵਿਚ ਰਾਜ ਕੁਮਾਰ ਰਾਓ ਨੇ ਵੀ ਆਪਣੀਆਂ ਪਹਿਲੀਆਂ ਫਿਲਮਾਂ ਵਾਂਗ ਹੀ ਉਮਦਾ ਅਦਾਕਾਰੀ ਕੀਤੀ ਹੈ। ਫਿਲਮ ਵਿਚ ਉਸ ਦੀ ਇਲਾਵਾ ਪੰਕਜ ਤ੍ਰਿਪਾਠੀ, ਅੰਜਲੀ ਪਾਠਕ, ਰਘੁਵੀਰ ਯਾਦਵ ਅਤੇ ਸੰਜੇ ਮਿਸ਼ਰਾ ਨੇ ਵੀ ਬੜੀਆਂ ਜਾਨਦਾਰ ਭੂਮਿਕਾਵਾਂ ਨਿਭਾਈਆਂ ਹਨ। ਉਂਝ ਇਸ ਫਿਲਮ ਬਾਰੇ ਇਕ ਨਾਂਹਪੱਖੀ ਚਰਚਾ ਇਹ ਵੀ ਚੱਲੀ ਹੈ ਕਿ ਇਹ ਫਿਲਮ ਇਰਾਨ ਦੀ ਮਸ਼ਹੂਰ ਫਿਲਮ 'ਸੀਕਰਟ ਬੈਲੇਟ' ਦੀ ਨਕਲ ਹਨ। ਰਾਜ ਕੁਮਾਰ ਰਾਓ ਅਤੇ ਫਿਲਮਸਾਜ਼ ਅਮਿਤ ਮਸਰਕਰ ਨੇ ਇਨ੍ਹਾਂ ਦੋਸ਼ਾਂ ਨੂੰ ਰੱਦ ਕਰਦਿਆਂ ਕਿਹਾ ਹੈ ਕਿ ਇਸ ਫਿਲਮ ਦਾ ਵਿਸ਼ਾ ਕਿਤੇ ਕਿਤੇ 'ਸੀਕਰਟ ਬੈਲੇਟ' ਨਾਲ ਕੁਝ ਮਿਲਦਾ ਜ਼ਰੂਰ ਹੈ, ਪਰ ਉਨ੍ਹਾਂ ਦੀ ਫਿਲਮ 'ਨਿਊਟਨ' ਦਾ ਇਸ ਫਿਲਮ ਨਾਲ ਕੋਈ ਲੈਣਾ ਦੇਣਾ ਨਹੀਂ ਹੈ। ਫਿਲਮ ਅਲੋਚਕਾਂ ਨੇ ਵੀ ਇਸ ਮਾਮਲੇ ਵਿਚ ਅਮਿਤ ਮਸਰਕਰ ਵਾਲੀ ਗੱਲ ਹੀ ਆਖੀ ਹੈ। ਇਹ ਫਿਲਮ ਕਈ ਫਿਲਮ ਮੇਲਿਆਂ ਵਿਚ ਪਹਿਲਾਂ ਹੀ ਆਪਣੀ ਚਰਚਾ ਕਰਵਾ ਚੁੱਕੀ ਹੈ। ਇਸੇ ਸਾਲ ਹੋਏ ਬਰਲਿਨ ਕੌਮਾਂਤਰੀ ਫਿਲਮ ਮੇਲੇ ਅਤੇ ਹਾਂਗਕਾਂਗ ਕੌਮਾਂਤਰੀ ਫਿਲਮ ਮੇਲੇ ਵਿਚ ਇਹ ਫਿਲਮ ਇਨਾਮ ਜਿੱਤ ਚੁੱਕੀ ਹੈ। ਇਸ ਫਿਲਮ ਲਈ ਰਾਜ ਕੁਮਾਰ ਰਾਓ ਨੇ ਮਿਹਨਤ ਵੀ ਬਹੁਤ ਕੀਤੀ ਸੀ। 31 ਅਗਸਤ 1984 ਨੂੰ ਜਨਮੇ ਰਾਜ ਕੁਮਾਰ ਰਾਓ ਦਾ ਅਸਲ ਨਾਮ ਰਾਜ ਕੁਮਾਰ ਯਾਦਵ ਹੈ। ਉਸ ਦਾ ਪਰਿਵਾਰ ਗੁੜਗਾਉਂ ਵਿਚ ਵਸਦਾ ਹੈ ਅਤੇ ਗ੍ਰੈਜੂਏਸ਼ਨ ਉਸ ਨੇ ਦਿੱਲੀ ਯੂਨੀਵਰਸਿਟੀ ਤੋਂ ਕੀਤੀ ਹੈ।


ਰਾਜ ਕੁਮਾਰ ਰਾਓ ਨੇ ਫਿਲਮ ਕਰੀਅਰ ਦੀ ਸ਼ੁਰੂਆਤ 2010 ਵਿਚ 'ਲਵ ਸੈਕਸ ਔਰ ਧੋਖਾ' ਫਿਲਮ ਨਾਲ ਕੀਤੀ ਸੀ ਅਤੇ ਆਪਣੀ ਪਹਿਲੀ ਹੀ ਫਿਲਮ ਨਾਲ ਉਹ ਚਰਚਾ ਵਿਚ ਆ ਗਿਆ ਸੀ। ਨਵੀਂ ਫਿਲਮ 'ਨਿਊਟਨ' ਨੇ ਮਾਓਵਾਦੀਆਂ ਦੀ ਵਿਚਾਰਧਾਰਾ ਲੜਾਈ ਬਾਰੇ ਮੀਡੀਆ ਅੰਦਰ ਨਵੀਂ ਬਹਿਸ ਤੋਰੀ ਹੈ।





# ਗੁਲਾਮੀ

# ਹਿੰਸਾ ਵਿਚਕਾਰ ਪਲਦੀ ਮੁਹੱਬਤ




**ਕੁਲਦੀਪ ਕੌਰ**
**ਫੋਨ: +91-98554-04330**

ਤੁਮਹਾਰੇ ਸੀਨੇ ਸੇ ਉਠਤਾ ਧੂੰਆਂ,
ਹਮਾਰੇ ਦਿਲ ਸੇ ਗੁਜ਼ਰ ਰਹਾ ਹੈ...

ਫਿਲਮ 'ਗੁਲਾਮੀ' ਵਿਚ ਮਿਥੁਨ ਚੱਕਰਵਰਤੀ ਅਤੇ ਅਨੀਤਾ ਰਾਜ ਉਤੇ ਫਿਲਮਾਇਆ ਗਿਆ ਇਹ ਗਾਣਾ ਆਪਣੀ ਕਸ਼ਿਸ਼ ਨਾਲ ਦਰਸ਼ਕਾਂ ਨੂੰ ਫਿਲਮ ਵਿਚਲੀ ਹਿੰਸਾ ਤੋਂ ਵਕਤੀ ਨਿਜਾਤ ਦਿੰਦਾ ਹੈ। ਫਿਲਮ ਦੇਖਦਿਆਂ ਇਸ ਰਮਜ਼ ਦੀ ਸਮਝ ਵੀ ਆਉਂਦੀ ਹੈ ਕਿ ਨਿਰਦੇਸ਼ਕ ਦੇ ਦਿਲ ਨੂੰ ਵੀ ਜਾਤੀ ਤੁਅੱਸਬ ਦੀ ਜ਼ੱਦ ਵਿਚ ਆਏ ਆਵਾਮ ਦਾ ਧੂੰਆਂ ਪਰੇਸ਼ਾਨ ਕਰਦਾ ਹੈ।

ਇਸ ਫਿਲਮ ਦੀ ਪਟਕਥਾ ਰਾਜਸਥਾਨ ਦੇ ਮਾਰੂਥਲਾਂ ਵਿਚਕਾਰ ਜਾਤ ਦੀ ਤਰਾਸਦੀ ਭੁਗਤਦੇ ਅਤੇ ਸਾਮੰਤੀ ਪ੍ਰਬੰਧ ਦੇ ਜਬਾੜਿਆਂ ਹੇਠ ਆਏ ਪੇਂਡੂਆਂ ਦੀ ਨਿੱਤ ਦਿਨ ਹੁੰਦੀ ਜ਼ਲਾਲਤ ਨੂੰ ਪਰਦੇ ਤੇ ਸਾਕਾਰ ਕਰਦੀ ਹੈ। ਫਿਲਮ 'ਗੁਲਾਮੀ' ਭਾਰਤੀ ਲੋਕਤੰਤਰ ਦੇ ਸਮਾਂਨਤਰ ਜਾਤ ਅਤੇ ਕਬੀਲਾਈ ਸਿਆਸਤ ਦੁਆਰਾ ਚਲਾਈਆਂ 'ਸਰਕਾਰਾਂ' ਦੁਆਰਾ ਆਵਾਮ ਦੀ ਜ਼ਿੰਦਗੀ ਨਾਲ ਖਿਲਵਾੜ ਨੂੰ ਕੈਮਰੇ ਦੇ ਮਾਧਿਅਮ ਦੁਆਰਾ ਦਰਸਾਉਂਦੀ ਹੈ।

ਇਸ ਫਿਲਮ ਦੀ ਕਹਾਣੀ ਅਨੁਸਾਰ ਰਾਜਸਥਾਨ ਦੇ ਇੱਕ ਪਿੰਡ ਦਾ ਜ਼ਿੰਮੀਦਾਰ ਪਿੰਡ ਵਾਸੀਆਂ ਨੂੰ ਆਪਣੀ ਨਿੱਜੀ ਜਾਇਦਾਦ ਸਮਝਦਾ ਹੈ। ਉਹ ਉਹਨਾਂ ਦੀ ਅਨਪੜ੍ਹਤਾ ਅਤੇ ਗਰੀਬੀ ਦਾ ਫਾਇਦਾ ਉਠਾਉਂਦਿਆਂ ਆਪਣੇ ਵਹੀ-ਖਾਤਿਆਂ ਦੀ ਮਦਦ ਰਾਹੀਂ ਉਹਨਾਂ ਦਾ ਪੀੜ੍ਹੀ ਦਰ ਪੀੜ੍ਹੀ ਸ਼ੋਸ਼ਣ ਕਰਦਾ ਰਹਿੰਦਾ ਹੈ। ਪਿੰਡ ਦਾ ਇੱਕ ਮੁੰਡਾ ਰਣਜੀਤ ਉਸ ਦੀ ਇਸ ਧੱਕੇਸ਼ਾਹੀ ਨੂੰ ਜਦੋਂ ਸਿੱਧਾ ਹੋ ਕੇ ਟੱਕਰਦਾ ਹੈ ਤਾਂ ਜ਼ਿੰਮੀਦਾਰ ਉਸ ਦੇ ਘਰ ਵਾਲਿਆਂ 'ਤੇ ਬਰਸ ਜਾਂਦਾ ਹੈ। ਹਾਲਾਤ ਦਾ ਮਾਰਿਆ ਰਣਜੀਤ (ਧਰਮਿੰਦਰ) ਪੜ੍ਹਾਈ ਕਰਨ ਸ਼ਹਿਰ ਭੱਜ ਜਾਂਦਾ ਹੈ। ਸਕੂਲ ਦੇ ਅਧਿਆਪਕ ਦੀ ਬੇਟੀ ਮੋਰਾਂ (ਰੀਨਾ ਰਾਏ) ਅਤੇ ਜ਼ਿੰਮੀਦਾਰ ਦੀ ਬੇਟੀ ਸੁਮਿਤਾ (ਸਮਿਤਾ ਪਾਟਿਲ) ਉਸ ਨੂੰ ਦੋਵੇਂ ਪਿਆਰ ਕਰਦੀਆਂ ਹਨ। ਕਈ ਸਾਲ ਬਾਅਦ ਆਪਣੇ ਪਿਤਾ ਦੀ ਮੌਤ ਤੇ ਵਾਪਿਸ ਆਇਆ ਰਣਜੀਤ ਇਹ ਮਹਿਸੂਸ ਕਰਦਾ ਹੈ ਕਿ ਜ਼ਿੰਮੀਦਾਰ ਅਤੇ ਉਸ ਦੇ ਮੁੰਡਿਆਂ ਠਾਕਰ ਸ਼ਕਤੀ ਸਿੰਘ (ਭਰਤ ਕਪੂਰ) ਅਤੇ ਠਾਕੁਰ ਜਸਵੰਤ ਸਿੰਘ ਨੇ ਮਿਲ ਕੇ ਪਿੰਡ ਦੇ ਬਾਸ਼ਿੰਦਿਆਂ ਦਾ ਜਿਉਣਾ ਮੁਹਾਲ ਕਰ ਰੱਖਿਆ ਹੈ। ਠਾਕੁਰ ਦਾ ਮੁਨਸ਼ੀ ਉਸ ਨੂੰ ਦੱਸਦਾ ਹੈ ਕਿ ਉਸ ਦੇ ਪਿਤਾ ਨੇ ਵੀ ਆਪਣੀ ਬਿਮਾਰੀ ਅਤੇ ਘਰੇਲੂ ਖਰਚਿਆਂ ਲਈ ਪੈਸੇ ਵਿਆਜ 'ਤੇ ਲਏ ਸਨ ਜਿਸ ਕਾਰਣ ਹੁਣ ਉਸ ਨੂੰ ਆਪਣੀ ਜ਼ਮੀਨ ਤੋਂ ਹੱਥ ਧੋਣੇ ਪੈਣਗੇ। ਰਣਜੀਤ ਹੁਣ ਜ਼ਿੰਮੀਦਾਰ ਨੂੰ ਸਿੱਧੇ ਤੌਰ 'ਤੇ ਚਣੌਤੀ ਦਿੰਦਾ ਹੈ ਕਿ ਉਹ ਪਿੰਡ ਦੇ ਕਿਸੇ ਵੀ ਕਿਸਾਨ ਦੀ ਜ਼ਮੀਨ ਨਹੀਂ ਖੋਹਣ ਦੇਵੇਗਾ। ਇਸ ਤੋਂ ਖਿਝ ਕੇ ਜ਼ਿੰਮੀਦਾਰ ਅਤੇ ਮੁੰਡੇ ਸਕੂਲ ਮਾਸਟਰ ਦੀ ਬੇਟੀ ਦਾ ਬਲਾਤਕਾਰ ਕਰਣ ਦੀ ਕੋਸ਼ਿਸ਼ ਕਰਦੇ ਹਨ ਜਿਸ ਨੂੰ ਰਣਜੀਤ ਨਾਕਾਮਯਾਬ ਕਰ ਦਿੰਦਾ ਹੈ। ਇਸ ਸਾਰੀ ਸਥਿਤੀ ਵਿਚਲੇ ਖਤਰੇ ਨੂੰ ਦੇਖਦਿਆਂ ਸਕੂਲ ਮਾਸਟਰ ਆਪਣੀ ਬੇਟੀ ਦਾ ਵਿਆਹ ਰਣਜੀਤ ਨਾਲ ਕਰ ਦਿੰਦਾ ਹੈ। ਉਧਰ ਉਸ ਦੀ ਹਮਦਰਦ, ਪਰ ਆਪਣੇ ਪਿਤਾ ਅੱਗੇ ਬੇਵਸ ਸੁਮਿਤਾ (ਸਮਿਤਾ ਪਾਟਿਲ) ਇਕ ਪੁਲਿਸ ਅਫਸਰ (ਨਸੀਰੂਦੀਨ ਸ਼ਾਹ) ਨਾਲ ਵਿਆਹ ਕਰਵਾ ਲੈਂਦੀ ਹੈ। ਪੁਲਿਸ ਅਫਸਰ ਕੁਝ ਦਿਨਾਂ ਵਿਚ ਹੀ ਉਸ ਦੀ ਇਸ ਹਮਦਰਦੀ ਨੂੰ ਆਪਣੀ ਅਣਖ ਦਾ ਮੁੱਦਾ ਬਣਾ ਲੈਂਦਾ ਹੈ ਅਤੇ ਜ਼ਿੰਮੀਦਾਰ ਦੇ ਮੁੰਡਿਆਂ ਨਾਲ ਮਿਲ ਕੇ ਰਣਜੀਤ ਨੂੰ ਸਬਕ ਸਿਖਾਉਣ ਦਾ ਠਾਣ ਲੈਂਦਾ ਹੈ। ਜ਼ਿੰਮੀਦਾਰ ਦੇ ਪਾਲੇ ਲਠੈਤਾਂ ਨਾਲ ਹੋਈ ਝੜਪ ਤੋਂ ਬਾਅਦ ਰਣਜੀਤ ਪੁਲਿਸ ਨਾਲ ਟਕਰਾ ਜਾਂਦਾ ਹੈ ਅਤੇ ਭਗੌੜਾ ਹੋ ਜਾਂਦਾ ਹੈ। ਇਸ ਦੌਰਾਨ ਹੀ ਉਸ ਦੀ ਮੁਲਾਕਾਤ ਇਕ ਫੌਜੀ ਜਬਰ ਪ੍ਰਤਾਪ (ਮਿਥੁਨ ਚੱਕਰਵਰਤੀ) ਨਾਲ ਹੁੰਦੀ ਹੈ ਜੋ ਉਸ ਦੀ ਮਦਦ ਕਰਨ ਦਾ ਵਾਅਦਾ ਕਰਦਾ ਹੈ। ਕਈ ਪਿੰਡ ਵਾਲੇ ਵੀ ਉਸ ਨਾਲ ਸਹਿਮਤ ਹੋ ਕੇ ਉਸ ਦੀ ਮਦਦ ਕਰਨ ਦੀ ਕੋਸ਼ਿਸ਼ ਕਰਦੇ ਹਨ। ਇਸ ਦੇ ਬਾਵਜੂਦ ਹਿੰਸਾ ਜਰਵਾਣਿਆਂ ਦੇ ਨਾਲ-ਨਾਲ ਸ਼ੋਸ਼ਤਾਂ ਨੂੰ ਵੀ ਨਿਗਲ ਜਾਂਦੀ ਹੈ ਅਤੇ ਰਣਜੀਤ ਦੀ ਵੀ ਮੌਤ ਹੋ ਜਾਂਦੀ ਹੈ, ਪਰ ਉਸ ਦੀ ਮੌਤ ਪਿੰਡ ਦੀ ਚੇਤਨਾ ਨੂੰ ਜਗਾ ਜਾਂਦੀ ਹੈ।






ਫਿਲਮ ਗੁਲਾਮੀ' ਦਾ ਪੋਸਟਰ ਅਤੇ (ਸੱਜੇ) ਫਿਲਮਸਾਜ਼ ਜੇ.ਪੀ. ਦੱਤਾ।

ਇਹ ਫਿਲਮ ਜੇ.ਪੀ.ਦੱਤਾ ਦੀ ਪਹਿਲੀ ਵੱਡੀ ਫਿਲਮ ਸੀ ਤੇ ਇਸ ਵਿਚ ਉਹਨਾਂ ਉਸ ਸਮੇਂ ਦੇ ਸਾਰੇ ਮਹਤੱਵਪੂਰਨ ਅਦਾਕਾਰਾਂ ਤੋਂ ਅਦਾਕਾਰੀ ਕਰਵਾਈ। 1980 ਦੇ ਦਹਾਕਿਆਂ ਦੇ ਸਿਨੇਮਾ ਦਾ ਆਪਣਾ ਜਾਦੂ ਸੀ। ਇਹ ਦੌਰ ਮਾੜੀਆਂ ਪਟਕਥਾਵਾਂ ਅਤੇ ਸਮਾਂਨਤਰ ਸਿਨੇਮਾ ਦੇ ਜਾਦੂ ਦੇ ਘੱਟ ਹੋਣ ਦਾ ਦੌਰ ਸੀ। ਪ੍ਰੋਡਕਸ਼ਨ ਡਿਜ਼ਾਇਨ ਤੇ ਨਾਮਾਤਰ ਹੀ ਤਵੱਜੋਂ ਦਿੱਤੀ ਜਾਂਦੀ ਸੀ ਅਤੇ ਹਰ ਫਿਲਮ ਵਿਚ 'ਡਿਸ਼ੂਮ-ਡਿਸ਼ੂਮ' ਦਾ ਬੋਲਬਾਲਾ ਸੀ। ਜੇ.ਪੀ. ਦੱਤਾ ਦੀ 'ਗੁਲਾਮੀ' ਤੋਂ ਪਹਿਲਾ ਰਿਲੀਜ਼ ਹੋਈ ਫਿਲਮ 'ਹਥਿਆਰ' ਨੇ ਹਿੰਸਾ ਦੀ ਮਾਦੁਕਤਾ ਨੂੰ ਆਪਣਾ ਕੇਂਦਰੀ ਨੁਕਤਾ ਬਣਾਇਆ ਜੋ ਅੱਗੇ ਜਾ ਕੇ ਫਿਲਮ 'ਬਾਰਡਰ' ਵਿੱਚ 'ਸ਼ਹਾਦਤ ਦੀ ਜ਼ਿੱਦ' ਤੱਕ ਪਹੁੰਚ ਜਾਂਦਾ ਹੈ। ਫਿਲਮ ਦੀ ਖੂਬਸੂਰਤੀ ਰੇਤ ਦੇ ਸਦੀਆਂ ਤੱਕ ਫੈਲੇ ਟਿੱਬਿਆਂ ਦਾ ਮਾਨਵੀਕਰਨ ਕਰਨ ਵਿਚ ਹੈ ਜਿਥੇ ਓਹ ਕਿਰਦਾਰਾਂ ਦੀ ਹੋਣੀ ਤੇ ਝੂਰਦੇ ਅਤੇ ਉਹਨਾਂ ਦੇ ਹਾਸਿਆਂ ਵਿਚ ਹੱਸਦੇ ਨਜ਼ਰ ਆਉਂਦੇ ਹਨ। ਇਸ ਫਿਲਮ ਦਾ ਸੰਗੀਤ ਝਰਦੇ ਰੇਤਿਆਂ ਦਾ ਗੀਤ ਹੈ। 'ਮੇਰੇ ਪੀ ਕੋ ਪਵਨ ਕਹਾਂ ਲੇ ਚਲੀ' ਅਤੇ 'ਜ਼ਿਹਾਲ-ਏ-ਮਸਤੀ' ਗੀਤਾਂ ਵਿਚ ਉਦਾਸੀ ਹੈ, ਹੂਕ ਹੈ, ਤੜਫ ਹੈ ਅਤੇ ਹਿੰਸਾ ਦੀ ਅੰਨ੍ਹੀ ਗਲੀ ਵਿਚੋਂ ਮੁਹੱਬਤਾਂ ਬਚਾ ਕੇ ਲੈ ਜਾਣ ਦੀ ਜ਼ਿੱਦ ਹੈ। ਇਹੀ ਨਿਰਦੇਸ਼ਕ ਦੇ ਤੌਰ 'ਤੇ ਜੇ.ਪੀ. ਦੱਤਾ ਦੀ ਤਾਕਤ ਹੈ।

# Bombay

## Wedding Events Inc.

# Grand Opening

of our new location at

21300 Coolidge Hwy.

Oak Park, Michigan

## Sunday, October 15, 2017

11am to 6pm







Grand Opening Savings!

Up to

20% OFF

Select Packages

EXPIRES 11/19/17

Restrictions apply

Come see the Largest Showroom in Michigan!

bombayweddingevents.com

# ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ



## ਸਿੱਖ ਸੁਸਾਇਟੀ ਆਫ ਇੰਡੀਆਨਾ
ਅਤੇ
## ਗੁਰਦੁਆਰਾ ਸਿੱਖ ਸਤ ਸੰਗਤ ਵਲੋਂ

ਮਿਡਵੈਸਟ ਦੀ ਸਮੂਹ ਸਾਧ ਸੰਗਤ, ਗੁਰਦੁਆਰਾ ਸਾਹਿਬਾਨ ਅਤੇ ਪੰਥਕ ਜਥੇਬੰਦੀਆਂ ਦੇ ਸਹਿਯੋਗ ਨਾਲ

**ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਥਮ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ**

# ਤੀਜਾ ਮਹਾਨ ਨਗਰ ਕੀਰਤਨ
## (Sikh Day Parade)
## 7 ਅਕਤੂਬਰ 2017, ਸਨਿਚਰਵਾਰ ਨੂੰ

ਸਵੇਰੇ 10 ਵਜੇ ਤੋਂ 12 ਵਜੇ ਤੱਕ ਅਤੇ ਲੰਗਰ ਤੇ ਪੰਥਕ ਵਿਚਾਰਾਂ: ਦੁਪਹਿਰ 12 ਵਜੇ ਤੋਂ 3 ਵਜੇ ਤੱਕ

ਵੈਟਰਨਜ਼ ਮੈਮੋਰੀਅਲ ਪਾਰਕ, ਡਾਊਨ ਟਾਊਨ, ਇੰਡੀਅਨਐਪੋਲਿਸ ਵਿਖੇ ਸਜਾਇਆ ਜਾ ਰਿਹਾ ਹੈ। ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਨਗਰ ਕੀਰਤਨ ਵਿਚ ਹਾਜ਼ਰ ਹੋ ਕੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ ਅਤੇ ਦੇਸ਼-ਵਿਦੇਸ਼ ਤੋਂ ਆਏ ਪੰਥਕ ਬੁਲਾਰਿਆਂ-ਡਾ. ਸੁਖਪ੍ਰੀਤ ਸਿੰਘ ਉਦੋਕੇ (ਪੰਜਾਬ), ਡਾ. ਅਮਰਜੀਤ ਸਿੰਘ (ਵਾਸ਼ਿੰਗਟਨ) ਅਤੇ ਭਾਈ ਸੁਰਿੰਦਰ ਸਿੰਘ (ਪੱਤਰਕਾਰ, ਪੰਜਾਬ) ਦੇ ਵਿਚਾਰ ਸੁਣੀਏ।

**ਬੇਨਤੀਕਰਤਾ**

ਮੁੱਖ ਸੇਵਾਦਾਰ ਭਾਈ ਤਰਲੋਕ ਸਿੰਘ (ਸਿੱਖ ਸੁਸਾਇਟੀ ਆਫ ਇੰਡੀਆਨਾ)
ਮੁੱਖ ਸੇਵਾਦਾਰ ਭਾਈ ਪਰਮਜੀਤ ਸਿੰਘ (ਗੁਰਦੁਆਰਾ ਸਿੱਖ ਸਤ ਸੰਗਤ)
ਚੇਅਰਮੈਨ ਭਾਈ ਜਰਨੈਲ ਸਿੰਘ (ਸਿੱਖ ਸੁਸਾਇਟੀ ਆਫ ਇੰਡੀਆਨਾ)

ਹੋਰ ਜਾਣਕਾਰੀ ਲਈ ਸੰਪਰਕ ਕਰੋ: 855-921-6660, 317-702-5541 ਜਾਂ 317-650-4420

www.sikhsocietyofindiana.com - email: sikhsocietyofindiana@gmail.com - facebook.com/sikhsociety